Golden State Realty
JASSI GILL
Broker/Owner
Listing and Selling Homes
From San Jose to Sacramento
Ph:510-304-9292
Refinance Now
@ZERO COST
Call Sukhi Gill:510-207-9067
CA DRE Lic.#01180969
CA DRE# 00966763

Law Office of M Vivek Malik
Toll free no 866-424-4000
www.usa.immigrationlaw.com
ACCOMPLISHED
IMMIGRATION Attorneys
Help FAMILIES REUNITE in the US
Our Global & Nationwide Services in the field of U.S. Immigration & Nationality law
M Vivek Malik
Business immigration & worksite compliance
Family & general immigration
Naturalization & citizenship
Removal defense & waivers
ਪੰਜਾਬੀ, ਹਿੰਦੀ ਅਤੇ ਉਰਦੂ ਵਿੱਚ ਗੱਲ ਕਰੋ

COVERED CALIFORNIA
Certified Insurance Agent
Global Green INSURANCE AGENCY
ਹੈਲਥ ਇੰਸ਼ੋਰੈਂਸ ਕਰਵਾਉਣ ਲਈ ਸੰਪਰਕ ਕਰੋ
ਫੋਨ:510-487-1000
Gurdawar Singh Mann
Gurcharan Singh Mann
MANN@GGIABA.COM
Mann Insurance Brokers Inc.
4123 Dyer St., #230, Union City, CA 94587

Twenty-Third Year of Publication
ਕੈਲੀਫੋਰਨੀਆ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 23, Issue 26, June 25, 2022
20451 N. Plum Grove Rd., Palatine, IL 60074
Ph:847-359-0746, Fax:847-705-9388

# ਮੋਦੀ ਸਰਕਾਰ ਖਿਲਾਫ ਪਿੜ ਬੱਝਣ ਲੱਗਾ

## ਫੌਜ ਵਿਚ ਭਰਤੀ ਵਾਲੀ ਅਗਨੀਪਥ ਯੋਜਨਾ ਬਣੀ ਮੁਸੀਬਤ

**ਨਵੀਂ ਦਿੱਲੀ:** ਮੋਦੀ ਸਰਕਾਰ ਦੀ ਅੜੀ ਨੇ ਮੁਲਕ ਵਿਚ ਇਕ ਵਾਰ ਫਿਰ ਵੱਡਾ ਸੰਘਰਸ਼ ਖੜ੍ਹਾ ਕਰਨ ਦਾ ਰਾਹ ਪੱਧਰ ਕਰ ਦਿੱਤਾ ਹੈ। ਭਾਰਤ ਸਰਕਾਰ ਨੇ ਪੂਰੇ ਮੁਲਕ ਵਿਚ ਫੈਲੇ ਰੋਹ ਦੇ ਬਾਵਜੂਦ ਫੌਜ ਵਿਚ ਭਰਤੀ ਲਈ ਲਿਆਂਦੀ ਅਗਨੀਪਥ ਯੋਜਨਾ ਵਾਪਸ ਲੈਣ ਤੋਂ ਕੋਰੀ ਨਾਂਹ ਕਰ ਦਿੱਤੀ ਹੈ। ਉਧਰ, ਅਗਨੀਪਥ ਖਿਲਾਫ ਨੌਜਵਾਨਾਂ ਦੇ ਸੰਘਰਸ਼ ਵਿਚ ਕਿਸਾਨ ਜਥੇਬੰਦੀਆਂ ਵੀ ਨਿੱਤਰ ਆਈਆਂ ਹਨ। ਸੰਯੁਕਤ ਕਿਸਾਨ ਮੋਰਚੇ ਨੇ ਸੰਘਰਸ਼ ਤਿੱਖਾ ਕਰਨ ਲਈ ਜ਼ੋਰ-ਸ਼ੋਰ ਨਾਲ ਸਰਗਰਮੀਆਂ ਵਿੱਢ ਦਿੱਤੀਆਂ ਹਨ। ਹਰਿਆਣਾ ਦੀਆਂ ਖਾਪ ਪੰਚਾਇਤਾਂ ਨੇ ਇਸ ਸਬੰਧੀ ਚਾਰ ਸੂਬਿਆਂ ਦੇ ਨੁਮਾਇੰਦਿਆਂ ਦੀ ਮੀਟਿੰਗ ਸੱਦ ਕੇ ਨੌਜਵਾਨਾਂ ਦਾ ਡਟ ਕੇ ਸਾਥ ਦੇਣ ਲਈ ਮਤਾ ਪਾਸ ਕਰ ਦਿੱਤਾ ਹੈ। ਵੱਡੀ ਗਿਣਤੀ ਸੂਬੇ ਇਸ ਯੋਜਨਾ ਖਿਲਾਫ ਵਿਧਾਨ ਸਭਾ ਵਿਚ ਮਤੇ ਪਾਸ ਕਰ ਰਹੇ ਹਨ।

ਖੇਤੀ ਕਾਨੂੰਨ ਰੱਦ ਕਰਵਾਉਣ ਲਈ ਮੋਦੀ ਸਰਕਾਰ ਖਿਲਾਫ ਤਕਰੀਬਨ ਪੌਣੇ ਦੋ ਸਾਲ ਚੱਲੇ ਦੇਸ਼ ਵਿਆਪੀ ਅੰਦੋਲਨ ਪਿੱਛੋਂ ਇਕ ਵਾਰ ਫਿਰ ਲੋਕ ਲਹਿਰ ਖੜ੍ਹੀ ਹੋ ਰਹੀ ਹੈ। ਯਾਦ ਰਹੇ ਕਿ ਖੇਤੀ ਕਾਨੂੰਨਾਂ ਵੇਲੇ ਸੰਘਰਸ਼ ਸਿਰਫ ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਨੇ ਸ਼ੁਰੂ ਕੀਤਾ ਸੀ ਪਰ ਕੁਝ ਸਮੇਂ ਵਿਚ ਹੀ ਇਹ ਪੂਰੇ ਮੁਲਕ ਵਿਚ ਫੈਲ ਗਿਆ ਤੇ ਕਾਨੂੰਨ ਵਿਚ ਸੋਧਾਂ ਕਰਨ ਤੋਂ ਵੀ ਮੁਨਕਰ ਹੋਈ ਮੋਦੀ ਸਰਕਾਰ ਨੂੰ ਗੋਡਿਆਂ ਭਾਰ ਹੋ ਕੇ ਤਿੰਨੇ ਕਾਨੂੰਨ ਵਾਪਸ ਲੈਣੇ ਪਏ ਸਨ ਪਰ ਇਸ ਵਾਰ ਮਸਲਾ ਨੌਜਵਾਨਾਂ ਦਾ ਹੈ। ਜੋਸ਼ ਤੇ ਰੋਹ ਵਿਚ ਨੌਜਵਾਨਾਂ ਵੱਲੋਂ ਵੱਡੀ ਗਿਣਤੀ ਸੂਬਿਆਂ ਵਿਚ ਹਿੰਸਕ ਪ੍ਰਦਰਸ਼ਨ ਕੀਤੇ ਜਾ ਰਹੇ ਹਨ। ਰੇਲਾਂ ਸਣੇ ਹੋਰ ਵਾਹਨਾਂ ਨੂੰ ਅੱਗ ਹਵਾਲੇ ਕੀਤਾ ਜਾ ਰਿਹਾ ਹੈ। ਕਾਂਗਰਸ ਨੇ ਦਿੱਲੀ ਦੇ ਜੰਤਰ ਮੰਤਰ ਵਿਚ ਸੱਤਿਆਗ੍ਰਹਿ ਸ਼ੁਰੂ ਕਰ ਦਿੱਤਾ ਹੈ। ਕਈ ਸੂਬਿਆਂ ਵਿਚ ਕਰਫਿਊ ਵਰਗੇ ਹਾਲਾਤ ਬਣੇ ਹੋਏ ਹਨ। ਹਾਲਾਂਕਿ ਮੋਦੀ ਸਰਕਾਰ ਨਵੀਂ ਯੋਜਨਾਂ ਵਿਚ ਕੁਝ ਰਿਆਇਤਾਂ ਦਾ ਚੋਗਾ ਪਾ ਕੇ ਮਾਹੌਲ ਸ਼ਾਂਤ ਕਰਨਾ ਚਾਹੁੰਦੀ ਹੈ ਪਰ ਹਾਲਾਤ ਲਗਾਤਾਰ ਬੇਕਾਬੂ ਹੋ ਰਹੇ ਹਨ।



ਨੌਜਵਾਨਾਂ ਦੇ ਇਸ ਰੋਹ ਨੂੰ ਸ਼ਾਂਤਮਈ ਸੰਘਰਸ਼ ਵਿਚ ਬਦਲਣ ਲਈ ਕਿਸਾਨ ਜਥੇਬੰਦੀਆਂ ਮੈਦਾਨ ਵਿਚ ਕੁੱਦ ਪਈਆਂ ਹਨ। ਸੰਯੁਕਤ ਮੋਰਚੇ ਨੇ 24 ਜੂਨ ਨੂੰ ਦੇਸ਼ ਵਿਆਪੀ ਵਿਰੋਧ ਤੋਂ ਬਾਅਦ ਅਗਲੀ ਰਣਨੀਤੀ ਬਣਾਉਣ ਲਈ ਮੀਟਿੰਗ ਸੱਦੀ ਹੈ। ਅਜਿਹੇ ਵਿਚ ਸਰਕਾਰ ਨੂੰ ਇਕ ਹੋਰ ਵੱਡੀ ਸੰਘਰਸ਼ੀ ਲਹਿਰ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਅਗਨੀਪਥ ਖਿਲਾਫ ਹੋ ਰਹੀ ਲਾਮਬੰਦੀ ਤੋਂ ਮੋਦੀ ਸਰਕਾਰ ਇੰਨੀ ਘਬਰਾਈ ਜਾਪ ਰਹੀ ਹੈ ਕਿ ਇਸ ਯੋਜਨਾ ਵਿਚ ਰਿਆਇਤਾਂ ਦੇ ਨਾਲ-ਨਾਲ ਆਪਣੀ ਲੀਡਰਸ਼ਿੱਪ ਤੋਂ ਇਲਾਵਾ ਸੈਨਾ ਮੁਖੀਆਂ ਨੂੰ ਸਰਕਾਰ ਦੇ ਫੈਸਲੇ ਦੀ ਹਮਾਇਤ ਲਈ ਅੱਗੇ ਕਰ ਦਿੱਤਾ ਹੈ। ਤਿੰਨੇ ਭਾਰਤੀ ਸੈਨਾਵਾਂ ਦੇ ਮੁਖੀ ਜਿਥੇ ਇਸ ਯੋਜਨਾਂ ਦੇ ਫਾਇਦੇ ਗਿਣਵਾ ਰਹੇ ਹਨ, ਉਥੇ ਇਸ ਨੂੰ ਵਾਪਸ ਲੈਣ ਤੋਂ ਕੋਰੀ ਨਾਂਹ ਵੀ ਕਰ ਰਹੇ ਹਨ। ਰਾਜ ਸਭਾ 'ਚ ਵਿਰੋਧੀ ਧਿਰ ਦੇ ਆਗੂ ਮਲਿਕਾਰਜੁਨ ਖੜਗੇ ਨੇ ਆਖਿਆ ਕਿ 75 ਸਾਲਾਂ ਦੇ ਇਤਿਹਾਸ 'ਚ ਪਹਿਲੀ ਵਾਰ ਹੈ ਜਦੋਂ ਸੈਨਾ ਮੁਖੀਆਂ ਨੂੰ ਸਰਕਾਰ ਦੇ ਫੈਸਲੇ ਦੇ ਬਚਾਅ ਖਾਤਰ ਅੱਗੇ ਆਉਣਾ ਪਿਆ ਹੋਵੇ।

ਸੈਨਾ ਨੇ ਵਿਰੋਧ ਦੇ ਬਾਵਜੂਦ ਅਗਨੀਪਥ ਯੋਜਨਾ ਤਹਿਤ ਫੌਜੀ ਭਰਤੀ ਲਈ ਨੋਟੀਫਿਕੇਸ਼ਨ ਵੀ ਜਾਰੀ ਕਰ ਦਿੱਤਾ ਹੈ। ਪਹਿਲੀ ਜੁਲਾਈ ਤੋਂ ਇਸ ਯੋਜਨਾ ਤਹਿਤ ਭਰਤੀ ਲਈ ਰਜਿਸਟ੍ਰੇਸ਼ਨ ਸ਼ੁਰੂ ਕਰ ਦਿੱਤੀ ਜਾਵੇਗੀ। ਅਗਸਤ, ਸਤੰਬਰ ਅਤੇ ਅਕਤੂਬਰ ਵਿਚ ਦੇਸ਼ ਭਰ ਵਿਚ ਭਰਤੀ ਰੈਲੀਆਂ ਹੋਣਗੀਆਂ। ਫੌਜੀ ਅਧਿਕਾਰੀਆਂ ਨੇ ਨੌਜਵਾਨਾਂ ਨੂੰ ਚਿਤਾਵਨੀ ਭਰੇ ਲਹਿਜੇ ਵਿਚ ਕਿਹਾ ਹੈ ਕਿ ਯੋਜਨਾ

(ਬਾਕੀ ਸਫਾ 6 'ਤੇ)

## ਭਾਜਪਾ ਆਪਣਾ ਹਥਿਆਰਬੰਦ ਕਾਡਰ ਤਿਆਰ ਕਰ ਰਹੀ...

**ਕੋਲਕਾਤਾ:** ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਸੈਨਾ 'ਚ ਭਰਤੀ ਦੀ ਨਵੀਂ 'ਅਗਨੀਪਥ' ਯੋਜਨਾ ਨੂੰ ਲੈ ਕੇ ਕੇਂਦਰ ਸਰਕਾਰ ਨੂੰ ਨਿਸ਼ਾਨੇ 'ਤੇ ਲੈਂਦਿਆਂ ਦੋਸ਼ ਲਾਇਆ ਕਿ ਭਾਰਤੀ ਜਨਤਾ ਪਾਰਟੀ (ਭਾਜਪਾ) ਨਵੀਂ ਰੱਖਿਆ ਭਰਤੀ ਰਾਹੀਂ ਆਪਣਾ 'ਹਥਿਆਰਬੰਦ' ਕਾਡਰ ਆਧਾਰ ਬਣਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਇਸ ਯੋਜਨਾ ਨੂੰ ਹਥਿਆਰਬੰਦ ਬਲਾਂ ਦਾ ਅਪਮਾਨ ਕਰਾਰ ਦਿੰਦਿਆਂ ਮਮਤਾ ਬੈਨਰਜੀ ਨੇ ਇਸ ਗੱਲ 'ਤੇ ਹੈਰਾਨੀ ਵੀ ਜ਼ਾਹਿਰ ਕੀਤੀ ਕਿ ਕੀ ਭਾਜਪਾ ਦੀ ਯੋਜਨਾ ਚਾਰ ਦੇ ਸੇਵਾਕਾਲ ਤੋਂ ਬਾਅਦ ਇਨ੍ਹਾਂ 'ਅਗਨੀਵੀਰ' ਸੈਨਿਕਾਂ ਨੂੰ ਆਪਣੇ ਪਾਰਟੀ ਦਫਤਰਾਂ 'ਚ 'ਚੌਕੀਦਾਰ' ਵਜੋਂ ਤਾਇਨਾਤ ਕਰਨ ਦੀ ਹੈ। ਟੀ.ਐਮ.ਸੀ. ਮੁਖੀ ਨੇ ਵਿਧਾਨ ਸਭਾ 'ਚ ਕਿਹਾ, "ਭਾਜਪਾ ਇਸ ਯੋਜਨਾ ਤਹਿਤ ਆਪਣਾ ਹਥਿਆਰਬੰਦ ਕਾਡਰ ਆਧਾਰ ਬਣਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਉਹ ਚਾਰ ਸਾਲ ਬਾਅਦ ਕੀ ਕਰਨਗੇ? ਪਾਰਟੀ ਨੌਜਵਾਨਾਂ ਦੇ ਹੱਥ 'ਚ ਹਥਿਆਰ ਦੇਣਾ ਚਾਹੁੰਦੀ ਹੈ।"

# ਸ਼੍ਰੋਮਣੀ ਕਮੇਟੀ ਅਫਗਾਨ ਸਿੱਖਾਂ ਨੂੰ ਭਾਰਤ ਲਿਆਉਣ ਦਾ ਖਰਚਾ ਚੁੱਕੇਗੀ

**ਅੰਮ੍ਰਿਤਸਰ:** ਅਫਗਾਨਿਸਤਾਨ ਵਿਚ ਫਸੇ ਸਿੱਖਾਂ ਨੂੰ ਭਾਰਤ ਲਿਆਉਣ ਲਈ ਸ਼੍ਰੋਮਣੀ ਕਮੇਟੀ ਨੇ ਉਨ੍ਹਾਂ ਦੇ ਹਵਾਈ ਖਰਚ ਦਾ ਪ੍ਰਬੰਧ ਕਰਨ ਦਾ ਐਲਾਨ ਕੀਤਾ ਹੈ। ਅਫਗਾਨਿਸਤਾਨ 'ਚ ਫਸੇ ਸਿੱਖ ਅਫਗਾਨਿਸਤਾਨ ਛੱਡ ਕੇ ਭਾਰਤ ਆਉਣ ਦੇ ਇੱਛੁਕ ਹਨ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਅਫਗਾਨਿਸਤਾਨ ਦੇ ਸਿੱਖਾਂ ਲਈ ਮਦਦ ਕਰਨ ਦਾ ਐਲਾਨ ਕਰਦਿਆਂ ਕਿਹਾ ਹੈ ਕਿ ਮੌਜੂਦਾ ਹਾਲਾਤ ਦੇ ਚੱਲਦਿਆਂ ਜਿਹੜੇ ਸਿੱਖ ਅਫਗਾਨਿਸਤਾਨ ਤੋਂ ਭਾਰਤ ਆਉਣਾ ਚਾਹੁੰਦੇ ਹਨ, ਉਨ੍ਹਾਂ ਦੀਆਂ ਹਵਾਈ ਟਿਕਟਾਂ ਦਾ ਪ੍ਰਬੰਧ ਸ਼੍ਰੋਮਣੀ ਕਮੇਟੀ ਵੱਲੋਂ ਕੀਤਾ ਜਾਵੇਗਾ। ਉਨ੍ਹਾਂ ਨੇ ਇਸ ਸਬੰਧੀ ਭਾਰਤ ਸਰਕਾਰ ਨੂੰ ਵੀ ਅਪੀਲ ਕੀਤੀ ਹੈ ਕਿ ਉਹ ਰਹਿ ਰਹੇ ਸਿੱਖਾਂ ਨੂੰ ਸੁਰੱਖਿਅਤ ਭਾਰਤ ਲਿਆਉਣ ਦੀ ਤੁਰਤ ਮਨਜ਼ੂਰੀ ਦੇਵੇ ਤਾਂ ਕਿ ਉਹ ਡਰ ਭਰੇ ਮਾਹੌਲ 'ਚੋਂ ਨਿਕਲ ਸਕਣ। ਉਨ੍ਹਾਂ ਕਿਹਾ ਕਿ ਅਫਗਾਨਿਸਤਾਨ


(ਬਾਕੀ ਸਫਾ 6 'ਤੇ)

Harmit Toor
Your Realtor® For Life!
Help you Buy or Sell:
♦Residential Property
♦Commercial property
♦Business Opportunity
Financing:
♦Residential Loans
♦Commercial Loans
♦SBA Loans
Commercial Leasing
Broker Associate
BRE Lic.# 01462579
NMLS ID 358820
2015-19 Awarded Grand Master Achievement Club Certificate
BEB BAY EAST BROKERS
EQUAL HOUSING OPPORTUNITY
Ph: 925-202-7027
HDtoor@gmail.com
WWW.BayEastBrokers.Com



Raja SWEETS & CATERING
AUTHORIZED CATERER FOR MAJOR 5-STAR HOTELS
Toll Free 1-866-FOR-RAJA
www.rajasweets.com
msbains@rajasweets.com
ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets
Items Serving: All kinds of Sweets, Snacks & Food, Chaat & Tikki Stall, Pani Poori Stall, Bhel Poori / Pav Bhaji, Falooda Kulfi
Catering Services: Wedding Ceremonies, Receptions, Birthday Parties, Religious Gatherings, Corporate Events, Picnics / Bar-b-que
Additional Services: Warmers, Chaffing Dishes, China & Silverware, Linen Rental, Waiters & Bartenders
Raja Sweets & Indian Cuisine
Raja Indian Cuisine & Bar
Call Makhan Bains or Ravinder Singh For Your Next Party
1-866-FOR-RAJA (367-7252)
www.RajaSweets.com

GLOBAL TRUCK PERMITS
17 years of experience



Services
-We do Same day IRP Plates
-Truck Permits
-New company
-Truck ELD
-Trucking compliance
Rajinder Singh
159 D'Arcy Pkwy, Lathrop, CA 95330
Phone: 209 636 0880



Tel.: 317-426-5410
Ext. 2001 & 2403
XPressCargo
100% ਓਨਰ ਆਪਰੇਟਰ ਕੰਪਨੀ
Pay Every Week
Pay Single 60 Cent + Team 70 Cent
100% OWNER OPERATOR COMPANY
IN TO MI BACK TO IN OR IN TO OH TO LOUISVILLE KY/BOWLING KY BACK TO IN ( EVERYDAY HOME)
ਸਾਰਾ ਸਾਲ ਸਾਡੇ ਕੋਲ ਪੱਕੇ ਰੀਫਰ ਅਤੇ ਡਰਾਈ ਵੈਨ ਦੇ ਲੋਡ ਹਨ ਅਤੇ ਲੋਡ Same Location ਤੇ ਜਾਂਦੇ ਹਨ ।
• ਫਿਊਲ ਐਡਵਾਂਸ ਤੇ ਕੋਈ ਵਾਧੂ ਚਾਰਜ ਨਹੀਂ
• ਸਾਰੇ ਲੰਪਰ ਫੀਸ ਕੰਪਨੀ ਪੇ ਕਰੇਗੀ ।
• ਟਰੱਕ ਦੀ ਲਾਇਸੈਂਸ ਪਲੇਟ
• ਟਰੱਕ ਫਿਜ਼ੀਕਲ ਡੈਮੇਜ ਇੰਸ਼ੋਰੈਂਸ
• ਟਰੱਕ ਅਤੇ ਟਰੇਲਰ ਰੈਂਟਲ ਜਾਂ ਲੀਜ਼ ਲੈ ਸਕਦੇ ਹੋ
• ਟਾਇਰਾਂ ਅਤੇ Oil Change ਤੇ ਸਪੈਸ਼ਲ ਡਿਸਕਾਊਂਟ
ਅਸੀਂ ਵੇਅਰ ਹਾਊਸ ਅਤੇ ਲੋਡ ਸਟੋਰਿੰਗ ਕਰਦੇ ਹਾਂ
CA >> IN, OH, KY, PA, MD, VA
IN >> KS, TN, WI, MI, KY, IL, GA
ਸਾਡੇ ਕੋਲ ਸਾਰੀਆਂ ਲੋਕੇਸ਼ਨਾਂ ਤੋਂ ਵਾਪਸੀ ਕੈਲੀਫੋਰਨੀਆ ਤਾਂਕ ਪੱਕੇ ਲੋਡ ਹਨ
ਅਸੀਂ 2016 ਅਤੇ 2017 ਦੇ USED ਟਰੱਕ ਵੀ ਸੇਲ ਕਰਦੇ ਹਾਂ
ਸਿੰਗਲ ਅਤੇ ਟੀਮ ਡਰਾਈਵਰਾਂ ਦੀ ਲੋੜ ਹੈ
ਵੀਕਲੀ ਹੋਮ
ਵੇਅਰ ਹਾਊਸ ਅਤੇ 24/7 ਘੰਟੇ ਰਿਪੇਅਰ ਸ਼ਾਪ ਖੁੱਲੀ ਹੈ
Hiring Owner Operators and Drivers
ਸਾਡੇ ਸਰਕਾਰ ਤੋਂ ਮਾਨਤਾ ਪ੍ਰਾਪਤ ਸਕੂਲ ਵਿੱਚ ਕਮਰਸ਼ੀਲ ਲਾਇਸੈਂਸ ਲਈ ਕਾਲ ਕਰ ਸਕਦੇ ਹੋ ।
2330 Enterprise Park Dr., Indianapolis, IN 46218
Online Application @ www.xpresscargoinc.com

# ਕਾਬੁਲ ਵਿਚ ਕਰਤੇ ਪਰਵਾਨ ਗੁਰਦੁਆਰੇ 'ਤੇ ਦਹਿਸ਼ਤੀ ਹਮਲਾ

**ਕਾਬੁਲ:** ਦਹਿਸ਼ਤਗਰਦਾਂ ਨੇ ਕਾਬੁਲ ਵਿਚ ਕਰਤੇ ਪਰਵਾਨ ਗੁਰਦੁਆਰੇ 'ਤੇ ਹਮਲਾ ਕਰਕੇ ਦੋ ਵਿਅਕਤੀ ਦੀ ਹੱਤਿਆ ਕਰ ਦਿੱਤੀ ਜਦ ਕਿ ਸੱਤ ਹੋਰ ਜ਼ਖਮੀ ਹੋ ਗਏ। ਮ੍ਰਿਤਕਾਂ ਵਿਚ ਇਕ ਅਫ਼ਗਾਨ ਸਿੱਖ ਵੀ ਸੀ। ਦਹਿਸ਼ਤਗਰਦ ਧਮਾਕਾਖੇਜ਼ ਸਮੱਗਰੀ ਨਾਲ ਭਰਿਆ ਟਰੱਕ ਗੁਰਦੁਆਰੇ ਤੱਕ ਲੈ ਜਾਣਾ ਚਾਹੁੰਦੇ ਸਨ ਜਿਸ ਨੂੰ ਤਾਲਿਬਾਨ ਦੇ ਸੁਰੱਖਿਆ ਕਰਮਚਾਰੀਆਂ ਨੇ ਰੋਕ ਲਿਆ। ਦਹਿਸ਼ਤਗਰਦਾਂ ਅਤੇ ਤਾਲਿਬਾਨ ਸੁਰੱਖਿਆ ਕਰਮਚਾਰੀਆਂ ਵਿਚਕਾਰ ਕਈ ਘੰਟੇ ਮੁਕਾਬਲਾ ਹੋਇਆ ਜਿਸ ਵਿਚ ਤਿੰਨ ਹਮਲਾਵਰ ਮਾਰੇ ਗਏ। ਹਮਲੇ ਸਮੇਂ ਗੁਰਦੁਆਰੇ ਵਿਚ ਸਿੱਖ ਤੇ ਹਿੰਦੂ ਸ਼ਰਧਾਲੂ ਮੌਜੂਦ ਸਨ। ਸੁਰੱਖਿਆ ਮਾਹਿਰਾਂ ਦੇ ਅੰਦਾਜ਼ੇ ਅਨੁਸਾਰ ਇਹ ਹਮਲਾ ਇਸਲਾਮਿਕ ਸਟੇਟ (ਖੋਰਾਸਾਨ) ਨਾਮ ਦੀ ਜਥੇਬੰਦੀ ਨੇ ਕੀਤਾ ਹੈ।

ਜਾਣਕਾਰੀ ਮੁਤਾਬਕ ਪਹਿਲਾਂ ਇਕ ਬੰਦੂਕਧਾਰੀ ਨੇ ਹੈਂਡ ਗ੍ਰਨੇਡ ਸੁੱਟਿਆ ਜਿਸ ਨਾਲ ਗੁਰਦੁਆਰੇ ਦੇ ਗੇਟ ਨੇੜੇ ਅੱਗ ਲੱਗ ਗਈ। ਗੁਰਦੁਆਰੇ ਉਤੇ ਸੁਵਖਤੇ ਹਮਲਾ ਹੋਇਆ ਉਦੋਂ ਅੰਦਰ ਕਰੀਬ 30 ਜਣੇ ਸਨ। ਇਹ ਬੰਬ ਧਮਾਕੇ ਕਰਤੇ ਪਰਵਾਨ ਇਲਾਕੇ ਵਿਚ ਹੋਏ ਹਨ ਤੇ ਇਸ ਇਲਾਕੇ ਵਿਚ ਹੀ ਜ਼ਿਆਦਾਤਰ ਅਫ਼ਗਾਨ ਹਿੰਦੂ ਤੇ ਸਿੱਖ ਰਹਿੰਦੇ ਹਨ। ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਮਸਜਿਦਾਂ ਤੇ ਘੱਟ ਗਿਣਤੀਆਂ ਉਤੇ ਅਫ਼ਗਾਨਿਸਤਾਨ ਵਿਚ ਹੁੰਦੇ ਹਮਲਿਆਂ ਦੀ ਜ਼ਿੰਮੇਵਾਰੀ ਇਸਲਾਮਿਕ ਸਟੇਟ (ਖੋਰਾਸਾਨ) ਲੈਂਦਾ ਰਿਹਾ ਹੈ। ਦੱਸਣਯੋਗ ਹੈ ਕਿ 2020 ਵਿਚ ਹੋਏ ਇਕ ਹਮਲੇ ਸਮੇਂ ਅਫ਼ਗਾਨਿਸਤਾਨ ਵਿਚ 700 ਸਿੱਖ ਤੇ ਹਿੰਦੂ ਰਹਿ ਰਹੇ ਸਨ। ਇਸ ਤੋਂ ਬਾਅਦ ਦਰਜਨਾਂ ਨੇ ਮੁਲਕ ਛੱਡ ਦਿੱਤਾ ਪਰ ਕੁਝ ਕਾਬੁਲ, ਜਲਾਲਾਬਾਦ ਤੇ ਗ਼ਜ਼ਨੀ ਵਿਚ ਰੁਕ ਗਏ। ਤਾਲਿਬਾਨ ਵੱਲੋਂ ਪਿਛਲੇ ਸਾਲ ਅਗਸਤ ਵਿਚ ਅਫ਼ਗਾਨਿਸਤਾਨ ਦੀ ਸੱਤਾ ਸੰਭਾਲਣ ਤੋਂ ਬਾਅਦ ਲਗਾਤਾਰ ਹਮਲੇ ਹੋ ਰਹੇ ਹਨ ਤੇ ਸੁੰਨੀ ਮੁਸਲਿਮ ਅਤਿਵਾਦੀ ਸੰਗਠਨ ਇਸਲਾਮਿਕ ਸਟੇਟ ਇਨ੍ਹਾਂ ਦੀ ਜ਼ਿੰਮੇਵਾਰੀ ਲੈ ਰਿਹਾ ਹੈ। ਮਾਰਚ 2020 ਵਿਚ ਕਾਬੁਲ ਦੇ ਹੀ ਇਕ ਗੁਰਦੁਆਰੇ ਉਤੇ ਹੋਏ ਹਮਲੇ 'ਚ 25 ਜਣੇ ਮਾਰੇ ਗਏ ਸਨ। ਸ਼ੋਰ ਬਾਜ਼ਾਰ ਵਿਚ ਹੋਏ ਹਮਲੇ ਦੀ ਜ਼ਿੰਮੇਵਾਰੀ ਉਸ ਵੇਲੇ ਇਸਲਾਮਿਕ ਸਟੇਟ ਨੇ ਲਈ ਸੀ।

2018 ਵਿਚ ਜਲਾਲਾਬਾਦ ਵਿਖੇ ਇਕ ਗੁਰਦੁਆਰੇ 'ਤੇ ਹਮਲਾ ਹੋਇਆ ਸੀ। ਅਫ਼ਗਾਨ ਸਿੱਖ ਸਦੀਆਂ ਤੋਂ ਅਫ਼ਗਾਨਿਸਤਾਨ ਵਿਚ ਵੱਸਦੇ ਆਏ ਹਨ ਅਤੇ ਉਨ੍ਹਾਂ ਨੇ ਆਪਣੀ ਵੱਖਰੀ ਪਛਾਣ ਬਣਾਈ ਹੈ ਪਰ ਧਾਰਮਿਕ ਕੱਟੜਤਾ ਨੇ ਅਫ਼ਗਾਨਿਸਤਾਨ ਨੂੰ ਇਸ ਮੁਕਾਮ 'ਤੇ ਲੈ ਆਂਦਾ ਹੈ ਕਿ ਹਿੰਦੂਆਂ, ਸਿੱਖਾਂ ਅਤੇ ਹੋਰ ਘੱਟ ਗਿਣਤੀ ਭਾਈਚਾਰਿਆਂ ਦਾ ਉਥੇ ਰਹਿਣਾ ਸੰਭਵ ਨਹੀਂ। ਦਹਿਸ਼ਤਗਰਦਾਂ ਨੇ ਸ਼ੀਆ ਭਾਈਚਾਰੇ ਅਤੇ ਉਸ ਦੀਆਂ ਮਸਜਿਦਾਂ ਨੂੰ ਵੀ ਨਿਸ਼ਾਨਾ ਬਣਾਇਆ ਹੈ। ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਇਸ ਹਮਲੇ ਦੀ ਨਿਖੇਧੀ ਕਰਦਿਆਂ ਵੱਖ-ਵੱਖ ਦੇਸ਼ਾਂ ਵਿਚ ਵੱਸਦੇ ਸਿੱਖਾਂ ਨੂੰ ਆਪੋ-ਆਪਣੇ ਮੁਲਕਾਂ ਦੀਆਂ ਸਰਕਾਰਾਂ ਰਾਹੀਂ ਇਸ ਮਸਲੇ ਦੇ ਹੱਲ ਲਈ ਜ਼ੋਰ ਪਾਉਣ ਦੀ ਅਪੀਲ ਕੀਤੀ ਹੈ। ਕੌਮਾਂਤਰੀ ਭਾਈਚਾਰੇ ਰਾਹੀਂ ਦਬਾਅ ਬਣਾਉਣਾ ਕਾਰਗਰ ਨੀਤੀ ਹੈ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਅਫ਼ਗਾਨਿਸਤਾਨ ਵਿਚ ਵੱਸਦੇ ਸਿੱਖਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਇਆ ਜਾਵੇ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਪ੍ਰਧਾਨ ਮੰਤਰੀ, ਗ੍ਰਹਿ ਮੰਤਰੀ ਅਤੇ ਵਿਦੇਸ਼ ਮੰਤਰੀ ਨੂੰ ਇਸ ਸਬੰਧੀ ਪੱਤਰ ਲਿਖਿਆ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਵਿਦੇਸ਼ ਮੰਤਰੀ ਐੱਸ ਜੈਸ਼ੰਕਰ ਨੇ ਵੀ ਇਸ ਕਾਇਰਾਨਾ ਹਮਲੇ ਦੀ ਨਿਖੇਧੀ ਕੀਤੀ ਹੈ।

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅਫ਼ਗਾਨਿਸਤਾਨ ਦੀ ਰਾਜਧਾਨੀ ਕਾਬੁਲ ਦੇ ਗੁਰਦੁਆਰੇ 'ਤੇ ਅਤਿਵਾਦੀਆਂ ਵੱਲੋਂ ਕੀਤੇ ਵਹਿਸ਼ੀ ਤੇ ਘਿਨੌਣੇ ਹਮਲੇ ਦੀ ਨਿਖੇਧੀ ਕੀਤੀ ਹੈ। ਮੁੱਖ ਮੰਤਰੀ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਅਪੀਲ ਕੀਤੀ ਕਿ ਉਹ ਅਫ਼ਗਾਨਿਸਤਾਨ ਵਿਚ ਵਸਦੇ ਸਿੱਖਾਂ ਦੀ ਸੁਰੱਖਿਆ ਯਕੀਨੀ ਬਣਾਉਣ। ਉਨ੍ਹਾਂ ਦੀ ਮਦਦ ਲਈ ਹਰ ਸੰਭਵ ਪ੍ਰਬੰਧ ਕੀਤੇ ਜਾਣ। ਮਾਨ ਨੇ ਕਿਹਾ ਕਿ ਗੁਰਦੁਆਰਾ 'ਕਰਤੇ ਪਰਵਾਨ' ਉਤੇ ਹੋਏ ਹਮਲੇ ਨੂੰ ਭਾਰਤ ਸਰਕਾਰ ਅਫ਼ਗਾਨਿਸਤਾਨ ਦੇ ਤਾਲਿਬਾਨ ਸ਼ਾਸਨ ਕੋਲ ਉਠਾਏ। ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਦੇ ਪ੍ਰਧਾਨ ਅਤੇ ਸਾਬਕਾ ਕੇਂਦਰੀ ਮੰਤਰੀ ਸੁਖਦੇਵ ਸਿੰਘ ਢੀਂਡਸਾ ਨੇ ਵੀ ਹਮਲੇ ਦੀ ਨਿੰਦਾ ਕੀਤੀ ਹੈ।



### ਪੈਗੰਬਰ ਦੇ ਅਪਮਾਨ ਦਾ ਬਦਲਾ ਲਿਆ: ਇਸਲਾਮਿਕ ਸਟੇਟ

**ਕਾਬੁਲ:** ਅਫ਼ਗਾਨਿਸਤਾਨ ਦੀ ਰਾਜਧਾਨੀ ਕਾਬੁਲ ਸਥਿਤ ਗੁਰਦੁਆਰੇ ਉਤੇ ਹੋਏ ਹਮਲੇ ਦੀ ਜ਼ਿੰਮੇਵਾਰੀ ਇਸਲਾਮਿਕ ਸਟੇਟ ਨੇ ਲਈ ਹੈ। ਇਸਲਾਮਿਕ ਸਟੇਟ ਨੇ ਇਸ ਹਮਲੇ ਨੂੰ ਪੈਗੰਬਰ ਦੇ 'ਸਮਰਥਨ ਵਿਚ ਕੀਤਾ ਗਿਆ ਕੰਮ' ਦੱਸਿਆ ਹੈ। ਅਤਿਵਾਦੀ ਸੰਗਠਨ ਦੀ ਵੈੱਬਸਾਈਟ 'ਅਮਾਕ' ਉਤੇ ਪੋਸਟ ਕੀਤੇ ਗਏ ਬਿਆਨ ਵਿਚ ਇਸਲਾਮਿਕ ਸਟੇਟ ਨਾਲ ਸਬੰਧਤ ਇਸਲਾਮਿਕ ਸਟੇਟ-ਖੁਰਾਸਾਨ ਪ੍ਰੋਵਿੰਸ (ਆਈ.ਐਸ.ਕੇ.ਪੀ.) ਨੇ ਕਿਹਾ ਕਿ ਹਮਲਾ ਹਿੰਦੂਆਂ, ਸਿੱਖਾਂ ਤੇ ਉਨ੍ਹਾਂ ਧਰਮ ਭ੍ਰਿਸ਼ਟ ਲੋਕਾਂ ਦੇ ਖਿਲਾਫ ਹੈ ਜਿਨ੍ਹਾਂ 'ਅੱਲ੍ਹਾ ਦੇ ਦੂਤ ਦਾ ਅਪਮਾਨ ਕਰਨ ਵਿਚ ਸਾਥ ਦਿੱਤਾ'।

### ਭਾਰਤ ਵੱਲੋਂ ਅਫਗਾਨ ਸਿੱਖਾਂ ਤੇ ਹਿੰਦੂਆਂ ਲਈ ਈ-ਵੀਜ਼ਾ

**ਨਵੀਂ ਦਿੱਲੀ:** ਕਾਬੁਲ ਦੇ ਗੁਰਦੁਆਰੇ ਕਰਤੇ ਪਰਵਾਨ ਉਤੇ ਹਮਲੇ ਤੋਂ ਬਾਅਦ ਭਾਰਤ ਸਰਕਾਰ ਨੇ ਅਫ਼ਗਾਨ ਸਿੱਖਾਂ ਤੇ ਹਿੰਦੂਆਂ ਲਈ 100 ਈ-ਵੀਜ਼ਾ ਜਾਰੀ ਕਰ ਦਿੱਤੇ ਹਨ। ਇਹ ਕਦਮ ਅਫ਼ਗਾਨਿਸਤਾਨ ਵਿਚ ਇਨ੍ਹਾਂ ਘੱਟ ਗਿਣਤੀਆਂ ਦੀ ਸੁਰੱਖਿਆ ਲਈ ਬਣੇ ਖਤਰੇ ਦੇ ਮੱਦੇਨਜ਼ਰ ਚੁੱਕਿਆ ਗਿਆ ਹੈ। ਜ਼ਿਕਰਯੋਗ ਹੈ ਕਿ ਅਤਿਵਾਦੀ ਸੰਗਠਨ ਇਸਲਾਮਿਕ ਸਟੇਟ (ਕੇਪੀ) ਲਗਾਤਾਰ ਉਥੇ ਸਿੱਖਾਂ ਤੇ ਹਿੰਦੂਆਂ ਨੂੰ ਨਿਸ਼ਾਨਾ ਬਣਾ ਰਿਹਾ ਹੈ। ਇਸ ਬਾਰੇ ਉਘੀ ਸ਼ਖਸੀਅਤ ਪੁਨੀਤ ਚੰਢੋਕ ਨੇ ਕਈ ਟਵੀਟ ਵੀ ਕੀਤੇ ਸਨ। ਘਟਨਾ ਵਾਪਰਨ ਤੋਂ ਬਾਅਦ ਸਰਕਾਰ ਨੇ ਰਾਤੋ-ਰਾਤ ਇਹ ਵੀਜ਼ਾ ਜਾਰੀ ਕੀਤੇ ਹਨ।

### ਸੰਯੁਕਤ ਰਾਸ਼ਟਰ ਵੱਲੋਂ ਹਮਲੇ ਦੀ ਨਿਖੇਧੀ

**ਨਵੀਂ ਦਿੱਲੀ:** ਕਾਬੁਲ ਵਿਚ ਗੁਰਦੁਆਰੇ ਉਤੇ ਹੋਏ ਹਮਲੇ ਦੀ ਅਫ਼ਗਾਨ ਆਗੂਆਂ ਤੇ ਸੰਯੁਕਤ ਰਾਸ਼ਟਰ ਨੇ ਕਰੜੀ ਆਲੋਚਨਾ ਕੀਤੀ ਹੈ। ਅਫ਼ਗਾਨਿਸਤਾਨ ਦੇ ਸਾਬਕਾ ਰਾਸ਼ਟਰਪਤੀ ਹਾਮਿਦ ਕਰਜ਼ਈ ਨੇ ਹਮਲੇ ਦੀ ਨਿੰਦਾ ਕੀਤੀ ਤੇ ਇਸ ਨੂੰ ਅਤਿਵਾਦੀ ਘਟਨਾ ਕਰਾਰ ਦਿੱਤਾ। ਅਫ਼ਗਾਨ ਸ਼ਾਂਤੀ ਪ੍ਰੀਸ਼ਦ ਦੇ ਵੱਡੇ ਆਗੂ ਅਬਦੁੱਲਾ ਅਬਦੁੱਲ੍ਹਾ ਨੇ ਵੀ ਹਮਲੇ ਦੀ ਨਿੰਦਾ ਕੀਤੀ। ਅਫ਼ਗਾਨਿਸਤਾਨ ਵਿਚ ਸੰਯੁਕਤ ਰਾਸ਼ਟਰ ਦੇ ਸਹਾਇਤਾ ਮਿਸ਼ਨ ਨੇ ਕਿਹਾ ਕਿ ਆਮ ਨਾਗਰਿਕਾਂ ਉਤੇ ਹਮਲੇ ਤੁਰਤ ਰੁਕਣੇ ਚਾਹੀਦੇ ਹਨ। ਉਨ੍ਹਾਂ ਅਫ਼ਗਾਨਿਸਤਾਨ ਵਿਚ ਸਾਰੀਆਂ ਘੱਟ ਗਿਣਤੀਆਂ ਦੀ ਸੁਰੱਖਿਆ ਦਾ ਸੱਦਾ ਵੀ ਦਿੱਤਾ।

## ਵਾਹਗਾ ਸਰਹੱਦ 'ਤੇ ਝੰਡਾ ਉਤਾਰਨ ਦੀ ਰਸਮ ਦਾ ਸਮਾਂ ਬਦਲਿਆ

**ਅਟਾਰੀ:** ਭਾਰਤ-ਪਾਕਿਸਤਾਨ ਦੀ ਸਾਂਝੀ ਜਾਂਚ ਚੌਕੀ ਅਟਾਰੀ-ਵਾਹਗਾ ਸਰਹੱਦ 'ਤੇ ਦੋਵਾਂ ਮੁਲਕਾਂ ਦੀਆਂ ਸਰਹੱਦੀ ਸੁਰੱਖਿਆ ਫੋਰਸਾਂ ਸੀਮਾ ਸੁਰੱਖਿਆ ਬਲ ਤੇ ਪਾਕਿਸਤਾਨ ਰੇਂਜਰਜ਼ ਵਿਚਕਾਰ ਰੋਜ਼ਾਨਾ ਸ਼ਾਮ ਵੇਲੇ ਹੋਣ ਵਾਲੀ ਝੰਡਾ ਉਤਾਰਨ ਦੀ ਰਸਮ (ਰੀਟਰੀਟ ਸੈਰਾਮਨੀ) ਦਾ ਸਮਾਂ ਤਬਦੀਲ ਹੋ ਗਿਆ ਹੈ।

ਦੋਵਾਂ ਮੁਲਕਾਂ ਦੀਆਂ ਸਰਹੱਦੀ ਸੁਰੱਖਿਆ ਫੋਰਸਾਂ ਵੱਲੋਂ ਮੌਸਮ ਬਦਲਣ ਦੇ ਮੱਦੇਨਜ਼ਰ ਆਪਸੀ ਸਹਿਮਤੀ ਨਾਲ ਝੰਡਾ ਉਤਾਰਨ ਦੀ ਰਸਮ ਦਾ ਸਮਾਂ ਹੁਣ ਭਾਰਤੀ ਸਮੇਂ ਅਨੁਸਾਰ ਸ਼ਾਮ 6:30 ਤੋਂ 7 ਵਜੇ ਸ਼ਾਮ ਕਰ ਦਿੱਤਾ ਗਿਆ ਹੈ। ਜ਼ਿਕਰਯੋਗ ਹੈ ਕਿ ਪਹਿਲਾਂ ਝੰਡਾ ਉਤਾਰਨ ਦੀ ਰਸਮ ਸ਼ਾਮ 6 ਵਜੇ ਸ਼ੁਰੂ ਹੋ ਕੇ ਸ਼ਾਮ 6:30 ਵਜੇ ਸਮਾਪਤ ਹੁੰਦੀ ਸੀ। ਸੀਮਾ ਸੁਰੱਖਿਆ ਬਲ ਵੱਲੋਂ ਦੇਸ਼-ਵਿਦੇਸ਼ ਦੇ ਸੈਲਾਨੀਆਂ ਨੂੰ ਸੂਚਿਤ ਕੀਤਾ ਗਿਆ ਹੈ ਕਿ ਹੁਣ ਉਹ ਝੰਡਾ ਉਤਾਰਨ ਦੀ ਰਸਮ ਪਰੇਡ ਵੇਖਣ ਲਈ ਨਿਸ਼ਚਿਤ ਸਮੇਂ ਤੋਂ ਪਹਿਲਾਂ ਅਟਾਰੀ ਸਰਹੱਦ 'ਤੇ ਪੁੱਜਣ।



## ਮੈਨੀਟੋਬਾ ਵਿਚ ਦਸਤਾਰ ਦਿਵਸ ਐਕਟ ਨੂੰ ਮਾਨਤਾ

**ਅੰਮ੍ਰਿਤਸਰ:** ਕੈਨੇਡਾ ਦੇ ਮੈਨੀਟੋਬਾ ਸੂਬੇ ਵਿਚ ਹਰ ਸਾਲ 13 ਅਪਰੈਲ ਨੂੰ ਖ਼ਾਲਸਾ ਸਾਜਨਾ ਦਿਵਸ ਮੌਕੇ ਦਸਤਾਰ ਦਿਵਸ ਮਨਾਇਆ ਜਾਵੇਗਾ। ਉਥੋਂ ਦੀ ਵਿਧਾਨ ਸਭਾ ਵੱਲੋਂ ਇਸ ਸਬੰਧੀ ਇਕ ਦਸਤਾਰ ਦਿਵਸ ਐਕਟ ਨੂੰ ਮਾਨਤਾ ਦਿੱਤੀ ਗਈ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਇਸ ਐਕਟ ਨੂੰ ਮਾਨਤਾ ਦਿੱਤੇ ਜਾਣ ਦਾ ਸਵਾਗਤ ਕਰਦਿਆਂ ਦੱਸਿਆ ਕਿ ਪਾਸ ਹੋਏ ਇਸ ਐਕਟ ਅਨੁਸਾਰ ਹੁਣ ਕੈਨੇਡਾ ਦੇ ਮੈਨੀਟੋਬਾ ਸੂਬੇ ਵਿਚ ਹਰ ਸਾਲ 13 ਅਪਰੈਲ ਨੂੰ ਦਸਤਾਰ ਦਿਵਸ ਮਨਾਇਆ ਜਾਵੇਗਾ।

ਉਨ੍ਹਾਂ ਕਿਹਾ ਕਿ ਦਸਤਾਰ ਸਿੱਖਾਂ ਦੀ ਪਛਾਣ ਹੈ ਤੇ ਅੱਜ ਪੂਰੀ ਦੁਨੀਆਂ ਵਿਚ ਵਸਦੇ ਸਿੱਖ ਆਪਣੀਆਂ ਦਸਤਾਰਾਂ ਨਾਲ ਸਿੱਖ ਪਛਾਣ ਨੂੰ ਮਜ਼ਬੂਤ ਕਰਨ ਦਾ ਯਤਨ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਕਿਸੇ ਵੀ ਦੇਸ਼ ਵਿਚ ਸਰਕਾਰੀ ਤੌਰ 'ਤੇ ਦਸਤਾਰ ਨੂੰ ਮਾਣ-ਸਤਿਕਾਰ ਮਿਲਣਾ ਖੁਸ਼ੀ ਤੇ ਤਸੱਲੀ ਵਾਲੀ ਗੱਲ ਹੈ ਤੇ ਅਜਿਹਾ ਵਿਸ਼ਵ ਦੇ ਵੱਖ-ਵੱਖ ਮੁਲਕਾਂ ਵਿਚ ਵਸਦੇ ਸਿੱਖਾਂ ਦੇ ਯਤਨਾਂ ਅਤੇ ਉਨ੍ਹਾਂ ਦੀਆਂ ਪ੍ਰਾਪਤੀਆਂ ਸਦਕਾ ਹੀ ਸੰਭਵ ਹੋ ਰਿਹਾ ਹੈ।



ਸ੍ਰੀ ਧਾਮੀ ਨੇ ਇਸ ਫੈਸਲੇ ਲਈ ਮੈਨੀਟੋਬਾ ਦੀ ਸਰਕਾਰ ਦਾ ਧੰਨਵਾਦ ਕੀਤਾ ਤੇ ਸਿੱਖਾਂ ਨੂੰ ਮੁਬਾਰਕਬਾਦ ਦਿੱਤੀ। ਇਸੇ ਦੌਰਾਨ ਸ਼੍ਰੋਮਣੀ ਕਮੇਟੀ ਪ੍ਰਧਾਨ ਨੇ 1984 ਦੇ ਸਿੱਖ ਕਤਲੇਆਮ ਦੇ ਚਾਰ ਦੋਸ਼ੀਆਂ ਦੀ ਕਾਨਪੁਰ ਵਿਚ ਹੋਈ ਗ੍ਰਿਫ਼ਤਾਰੀ ਦਾ ਸਵਾਗਤ ਕਰਦਿਆਂ ਬਾਕੀ ਦੋਸ਼ੀਆਂ ਨੂੰ ਵੀ ਸਖ਼ਤ ਸਜ਼ਾਵਾਂ ਦੇਣ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਕਿ 1984 ਵਿਚ ਦੇਸ਼ ਦੇ ਕਈ ਹਿੱਸਿਆਂ ਵਿਚ ਸਿੱਖਾਂ ਦਾ ਕਤਲੇਆਮ ਹੋਇਆ, ਜਿਸ ਦੇ ਦੋਸ਼ੀਆਂ ਨੂੰ ਅੱਜ ਤੱਕ ਸਜ਼ਾਵਾਂ ਨਹੀਂ ਮਿਲੀਆਂ ਹਨ।

## ਬੰਦੀ ਸਿੰਘਾਂ ਦੀ ਰਿਹਾਈ ਲਈ ਸਿੱਖ ਕੌਮ ਨੂੰ ਇਕਜੁੱਟ ਹੋਣ ਦਾ ਸੱਦਾ

**ਅੰਮ੍ਰਿਤਸਰ:** ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਆਖਿਆ ਕਿ ਬਹੁਗਿਣਤੀ ਵੋਟਾਂ ਦੀ ਰਾਜਨੀਤੀ ਕਾਰਨ ਸਰਕਾਰਾਂ ਜੇਲ੍ਹਾਂ ਵਿਚ ਬੰਦ ਸਿੱਖ ਬੰਦੀਆਂ ਨੂੰ ਰਿਹਾਅ ਨਹੀਂ ਕਰ ਰਹੀਆਂ। ਉਨ੍ਹਾਂ ਇਸ ਮਾਮਲੇ ਵਿਚ ਸਿੱਖ ਕੌਮ ਨੂੰ ਇਕਜੁੱਟ ਹੋਣ ਦਾ ਸੱਦਾ ਦਿੱਤਾ ਹੈ। ਉਹ ਇਥੇ ਸ੍ਰੀ ਅਕਾਲ ਤਖਤ 'ਤੇ ਗੁਰੂ ਹਰਗੋਬਿੰਦ ਸਾਹਿਬ ਦੇ ਪ੍ਰਕਾਸ਼ ਦਿਹਾੜੇ ਮੌਕੇ ਸੰਗਤ ਨੂੰ ਸੰਬੋਧਨ ਕਰ ਰਹੇ ਸਨ।

ਸ਼੍ਰੋਮਣੀ ਕਮੇਟੀ ਵੱਲੋਂ ਇਥੇ ਸ੍ਰੀ ਅਕਾਲ ਤਖਤ ਵਿਖੇ ਮੀਰੀ ਪੀਰੀ ਦੇ ਮਾਲਕ ਗੁਰੂ ਹਰਿਗੋਬਿੰਦ ਸਾਹਿਬ ਦਾ ਪ੍ਰਕਾਸ਼ ਪੁਰਬ ਸੰਗਤ ਦੇ ਸਹਿਯੋਗ ਨਾਲ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਇਸ ਸਬੰਧੀ ਅਖੰਡ ਪਾਠ ਦੇ ਭੋਗ ਪਾਏ ਗਏ ਤੇ ਹਜ਼ੂਰੀ ਰਾਗੀ ਜਥੇ ਨੇ ਕੀਰਤਨ ਕੀਤਾ। ਇਸ ਸਮਾਗਮ ਵਿਚ ਤਖਤ ਕੇਸਗੜ੍ਹ ਸਾਹਿਬ ਦੇ ਜਥੇਦਾਰ ਰਘਬੀਰ ਸਿੰਘ ਵੀ ਹਾਜ਼ਰ ਸਨ।

ਇਸ ਮੌਕੇ ਜਥੇਦਾਰ ਹਰਪ੍ਰੀਤ ਸਿੰਘ ਨੇ ਕਿਹਾ ਕਿ ਛੇਵੇਂ ਗੁਰੂ ਨੇ ਗਵਾਲੀਅਰ ਦੇ ਕਿਲ੍ਹੇ 'ਚੋਂ ਰਿਹਾਈ ਸਮੇਂ 52 ਹਿੰਦੂ ਰਾਜਿਆਂ ਨੂੰ ਵੀ ਆਪਣੇ ਨਾਲ ਰਿਹਾਅ ਕਰਵਾਇਆ ਸੀ, ਇਸੇ ਕਰ ਕੇ ਗੁਰੂ ਸਾਹਿਬ ਨੂੰ ਬੰਦੀ ਛੋੜ ਦਾਤਾ ਕਿਹਾ ਜਾਂਦਾ ਹੈ, ਪਰ ਅੱਜ ਉਸੇ ਗੁਰੂ ਦੇ ਸਿੰਘਾਂ ਨੂੰ ਸਜ਼ਾਵਾਂ ਪੂਰੀਆਂ ਹੋਣ 'ਤੇ ਵੀ ਜੇਲ੍ਹਾਂ 'ਚੋਂ ਰਿਹਾਅ ਨਹੀਂ ਕੀਤਾ ਜਾ ਰਿਹਾ।



ਉਨ੍ਹਾਂ ਕਿਹਾ ਕਿ ਦੁੱਖ ਦੀ ਗੱਲ ਹੈ ਕਿ ਸਰਕਾਰਾਂ ਬਹੁਗਿਣਤੀਆਂ ਨੂੰ ਖੁਸ਼ ਕਰਨ ਕਰ ਕੇ ਬੰਦੀ ਸਿੰਘਾਂ ਨੂੰ ਰਿਹਾਅ ਨਹੀਂ ਕਰ ਰਹੀਆਂ। ਉਨ੍ਹਾਂ ਕਿਹਾ ਕਿ ਬੰਦੀ ਸਿੰਘਾਂ ਨੂੰ ਰਿਹਾਅ ਕਰਵਾਉਣ ਲਈ ਸਿੱਖ ਕੌਮ ਨੂੰ ਇਕੱਠਿਆਂ ਹੋਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਜੇਕਰ ਅਸੀਂ ਇਕੱਲੇ ਇਕੱਲੇ ਰਹਾਂਗੇ, ਤਾਂ ਸਿੱਖ ਮਸਲਿਆਂ ਦਾ ਹੱਲ ਕਰਨਾ ਔਖਾ ਹੋਵੇਗਾ। ਉਨ੍ਹਾਂ ਸੰਗਤ ਨੂੰ ਗੁਰੂ ਹਰਿਗੋਬਿੰਦ ਸਾਹਿਬ ਦੇ ਪ੍ਰਕਾਸ਼ ਪੁਰਬ ਦੀ ਵਧਾਈ ਦਿੰਦਿਆਂ ਉਨ੍ਹਾਂ ਦੇ ਦੱਸੇ ਰਾਹ 'ਤੇ ਚੱਲਣ ਲਈ ਪ੍ਰੇਰਿਆ। ਇਸੇ ਦੌਰਾਨ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਰਘਬੀਰ ਸਿੰਘ ਨੇ ਵੀ ਸੰਗਤ ਨੂੰ ਸੰਬੋਧਨ ਕੀਤਾ।

ਇਥੇ ਦੱਸਣਯੋਗ ਹੈ ਕਿ ਅਕਾਲ ਤਖਤ ਦੇ ਜਥੇਦਾਰ ਵੱਲੋਂ ਇਸ ਸਬੰਧੀ ਕੀਤੀ ਪਹਿਲਕਦਮੀ ਮਗਰੋਂ ਸ਼੍ਰੋਮਣੀ ਕਮੇਟੀ ਨੇ 11 ਮੈਂਬਰੀ ਸਾਂਝੀ ਕਮੇਟੀ ਬਣਾਈ ਸੀ, ਜਿਸ ਨੇ ਬੰਦੀ ਸਿੰਘਾਂ ਦੀ ਰਿਹਾਈ ਦਾ ਮਾਮਲਾ ਵਿਚਾਰਨ ਵਾਸਤੇ ਪ੍ਰਧਾਨ ਮੰਤਰੀ, ਕੇਂਦਰੀ ਗ੍ਰਹਿ ਮੰਤਰੀ ਅਤੇ ਦਿੱਲੀ ਤੇ ਕਰਨਾਟਕਾ ਦੇ ਮੁੱਖ ਮੰਤਰੀਆਂ ਕੋਲੋਂ ਮੁਲਾਕਾਤ ਲਈ ਸਮਾਂ ਮੰਗਿਆ ਸੀ, ਪਰ ਹਾਲੇ ਤੱਕ ਉਨ੍ਹਾਂ ਨੂੰ ਕਿਸੇ ਵੱਲੋਂ ਵੀ ਉਤਰ ਨਹੀਂ ਮਿਲਿਆ ਹੈ।

### ਸੁਖਬੀਰ ਨੂੰ ਹਮਦਰਦੀ ਹੈ ਤਾਂ ਬੰਦੀ ਸਿੰਘਾਂ ਨੂੰ ਪ੍ਰਧਾਨਗੀ ਸੌਂਪਣ: ਸਿਮਰਨਜੀਤ ਮਾਨ

**ਲਹਿਰਾਗਾਗਾ:** ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਕਿਹਾ ਕਿ ਜੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਬੰਦੀ ਸਿੰਘਾਂ ਨਾਲ ਹਮਦਰਦੀ ਹੈ ਤਾਂ ਉਹ ਪ੍ਰਧਾਨਗੀ ਕਿਸੇ ਬੰਦੀ ਸਿੰਘ ਨੂੰ ਦੇਣ, ਦਮਦਮੀ ਟਕਸਾਲ ਦਾ ਮੁਖੀ ਵੀ ਕਿਸੇ ਬੰਦੀ ਸਿੰਘ ਨੂੰ ਬਣਾਉਣ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਦੀ ਪ੍ਰਧਾਨਗੀ ਭਾਈ ਜਗਤਾਰ ਸਿੰਘ ਹਵਾਰਾ ਨੂੰ ਸੌਂਪਣ। ਉਨ੍ਹਾਂ ਬਾਦਲ ਪਰਿਵਾਰ 'ਤੇ ਸ਼ਬਦੀ ਹਮਲਾ ਕਰਦਿਆਂ ਕਿਹਾ ਕਿ ਉਨ੍ਹਾਂ ਪੰਥ ਦੇ ਨਾਮ ਉਪਰ ਰਾਜਨੀਤੀ ਕੀਤੀ ਅਤੇ ਪੰਥ ਦਾ ਵੱਡਾ ਨੁਕਸਾਨ ਕੀਤਾ ਹੈ।

## ਪੰਜਾਬ ਸਰਕਾਰ ਵੱਲੋਂ ਆਧੁਨਿਕ ਸੱਥਾਂ ਬਣਾਉਣ ਲਈ ਹਰੀ ਝੰਡੀ

**ਚੰਡੀਗੜ੍ਹ:** 'ਆਪ' ਸਰਕਾਰ ਸੱਥ ਕਲਚਰ ਬਹਾਲ ਕਰਨ ਲਈ ਪਿੰਡਾਂ ਵਿਚ ਆਧੁਨਿਕ ਸੱਥਾਂ ਦਾ ਨਿਰਮਾਣ ਕਰੇਗੀ। ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਨੇ ਮੁਢਲੇ ਪੜਾਅ 'ਤੇ ਪਾਈਲਟ ਪ੍ਰੋਜੈਕਟ ਵਜੋਂ ਹਰ ਬਲਾਕ ਵਿਚ ਦਸ-ਦਸ ਆਧੁਨਿਕ ਸੱਥਾਂ ਬਣਾਉਣ ਦਾ ਟੀਚਾ ਰੱਖਿਆ ਹੈ ਜਿਸ ਨੂੰ ਤੇਜ਼ੀ ਨਾਲ ਨੇਪਰੇ ਚਾੜ੍ਹਿਆ ਜਾਵੇਗਾ। ਸੱਥਾਂ ਦੀ ਉਸਾਰੀ ਲਈ ਮਗਨਰੇਗਾ, ਵਿੱਤ ਕਮਿਸ਼ਨ ਦੇ ਫੰਡ ਅਤੇ ਪੰਚਾਇਤੀ ਫੰਡਾਂ ਦੀ ਵਰਤੋਂ ਕੀਤੀ ਜਾਣੀ ਹੈ। ਹਰ ਇਕ ਸੱਥ ਦੀ ਉਸਾਰੀ 'ਤੇ ਅੰਦਾਜ਼ਨ 8.70 ਲੱਖ ਰੁਪਏ ਖਰਚ ਆਉਣਗੇ। ਪੰਜਾਬ ਸਰਕਾਰ ਦਾ ਤਰਕ ਹੈ ਕਿ ਪਿੰਡਾਂ ਵਿਚ ਸੱਥ ਕਲਚਰ ਘੱਟ ਰਿਹਾ ਹੈ ਅਤੇ ਸ਼ਹਿਰੀ ਜੀਵਨ ਜਾਂਚ ਨੇ ਪੇਂਡੂ ਸੱਥਾਂ ਦੀ ਰੌਣਕ ਨੂੰ ਖੋਰਾ ਲਾਇਆ ਹੈ, ਇਸੇ ਕਰਕੇ ਹੀ ਪਿੰਡਾਂ ਵਿਚ ਸਾਂਝੀਆਂ ਥਾਵਾਂ 'ਤੇ ਛਾਂਦਾਰ ਦਰਖਤਾਂ ਦੀ ਗਿਣਤੀ ਘਟ ਰਹੀ ਹੈ। ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਇਸ ਸਕੀਮ ਨੂੰ ਹਰੀ ਝੰਡੀ ਦੇ ਦਿੱਤੀ ਹੈ। ਇਨ੍ਹਾਂ ਆਧੁਨਿਕ ਸੱਥਾਂ ਦੇ ਨਿਰਮਾਣ ਲਈ 24 ਜੂਨ ਤੱਕ ਸਬੰਧਤ ਪੰਚਾਇਤਾਂ ਨੂੰ ਮਤੇ ਪਾਉਣ ਦਾ ਕੰਮ ਮੁਕੰਮਲ ਕਰਨ ਲਈ ਕਿਹਾ ਗਿਆ ਹੈ।

# ਅਮਰੀਕਾ ਦੀਆਂ ਲੋੜਾਂ ਮੁਤਾਬਕ ਐੱਚ-1ਬੀ ਵੀਜ਼ਾ ਸੰਚਾਲਨ ਨੇ ਨਹੀਂ ਫੜੀ ਰਫਤਾਰ

**ਵਾਸ਼ਿੰਗਟਨ:** ਇਕ ਅਮਰੀਕੀ ਸਿਆਸੀ ਟਿੱਪਣੀਕਾਰ ਨੇ ਕਾਨੂੰਨਘਾੜਿਆਂ ਅੱਗੇ ਆਪਣੀ ਦਲੀਲ ਪੇਸ਼ ਕਰਦਿਆਂ ਕਿਹਾ ਕਿ ਪਰਵਾਸੀ ਮਹਿਮਾਨ ਵਰਕਰਾਂ ਲਈ ਦਿੱਤੇ ਜਾਂਦੇ ਐੱਚ-1ਬੀ ਵੀਜ਼ਾ ਯੋਜਨਾ ਦੇ ਸੰਚਾਲਨ ਤੇ ਲਾਗੂ ਕਰਨ ਨੇ ਦੇਸ਼ ਦੀਆਂ ਲੋੜਾਂ ਮੁਤਾਬਕ ਰਫਤਾਰ ਨਹੀਂ ਫੜੀ ਹੈ।

ਇਕ ਸਾਬਕਾ ਰਿਪਬਲੀਕਨ ਮਹਿਲਾ ਸੰਸਦ ਮੈਂਬਰ, ਚੋਟੀ ਦੀ ਟਿੱਪਣੀਕਾਰ ਅਤੇ ਯੂਟਾ ਯੂਨੀਵਰਸਿਟੀ ਦੀ ਕੌਮੀ ਆਊਟਰੀਚ ਡਾਇਰੈਕਟਰ ਮੀਆ ਲਵ ਨੇ ਸੈਨੇਟ ਦੀ ਨਿਆਂਪਾਲਿਕਾ ਕਮੇਟੀ ਅੱਗੇ ਆਪਣੀ ਗੱਲ ਰੱਖਦਿਆਂ ਕਿਹਾ, ''2005 ਵਿਚ ਵੀ 85,000 ਵੀਜ਼ਾ ਜਾਰੀ ਕੀਤੇ ਜਾ ਰਹੇ ਸਨ ਅਤੇ ਅੱਜ, ਤਕਰੀਬਨ 20 ਸਾਲਾਂ ਬਾਅਦ ਵੀ 85,000 ਵੀਜ਼ਾ ਜਾਰੀ ਕੀਤੇ ਜਾ ਰਹੇ ਹਨ। ਹੁਨਰਮੰਦ ਵਿਅਕਤੀਆਂ ਦੀ ਇਮੀਗ੍ਰੇਸ਼ਨ ਵਧਾਉਣ ਲਈ ਕਈ ਵਧੀਆ ਬਦਲ ਹਨ।''

ਇਮੀਗ੍ਰੇਸ਼ਨ, ਨਾਗਰਿਕਤਾ ਅਤੇ ਸਰਹੱਦੀ ਸੁਰੱਖਿਆ ਸਬੰਧੀ ਸਬ ਕਮੇਟੀ ਜੋ ਕਿ ਵਰਕਰਾਂ ਦੀ ਗਿਣਤੀ ਵਧਾਉਣ ਸਬੰਧੀ ਸੁਣਵਾਈ ਕਰ ਰਹੀ ਸੀ, ਅੱਗੇ ਆਪਣੀ ਗੱਲ ਰੱਖਦਿਆਂ ਮੀਆ ਲਵ ਨੇ ਕਿਹਾ ਕਿ ਖੋਜ ਅਨੁਸਾਰ ਉੱਚ ਹੁਨਰਮੰਦ ਵਰਕਰਾਂ ਦੀ ਇਮੀਗ੍ਰੇਸ਼ਨ ਵਧਾਉਣ ਨਾਲ ਆਰਥਿਕ ਵਿਕਾਸ ਨੂੰ ਹੁਲਾਰਾ ਮਿਲੇਗਾ। ਇਸ ਪਾਸੇ ਯਤਨ ਜਾਰੀ ਹਨ।

## ਸ਼ਹੀਦ ਊਧਮ ਸਿੰਘ ਦਾ ਸ਼ਹੀਦੀ ਦਿਹਾੜਾ 31 ਜੁਲਾਈ ਨੂੰ

**ਫਰਿਜ਼ਨੋ (ਕੁਲਵੀਰ ਹੇਅਰ):** ਇੰਡੋ ਅਮੈਰੀਕਨ ਹੈਰੀਟੇਜ ਫੋਰਮ, ਫਰਿਜ਼ਨੋ ਵਲੋਂ ਸ਼ਹੀਦ ਊਧਮ ਸਿੰਘ ਅਤੇ ਸ਼ਹੀਦ ਮਦਨ ਲਾਲ ਢੀਂਗਰਾ ਦਾ ਸ਼ਹੀਦੀ ਦਿਹਾੜਾ ਅਤੇ ਵਿਦਿਆਰਥੀਆਂ ਦੇ ਭਾਸ਼ਣ ਮੁਕਾਬਲੇ 31 ਜੁਲਾਈ, 2022 ਦਿਨ ਐਤਵਾਰ ਨੂੰ ਫਰਿਜ਼ਨੋ ਵਿਖੇ ਬਾਅਦ ਦੁਪਹਿਰ 2 ਵਜੇ ਕਰਵਾਏ ਜਾ ਰਹੇ ਹਨ। ਇਸ ਮੌਕੇ ਮਾਹਿਰਾਂ ਦੇ ਭਾਸ਼ਣ ਵੀ ਹੋਣਗੇ।

ਇਸ ਸਬੰਧੀ ਇੰਡੋ ਅਮੈਰੀਕਨ ਹੈਰੀਟੇਜ ਫੋਰਮ ਦੀ ਅਹਿਮ ਮੀਟਿੰਗ ਹੋਈ, ਜਿਸ ਵਿਚ ਫੋਰਮ ਦੇ ਮੈਂਬਰਾਂ ਤੋਂ ਇਲਾਵਾ ਸਹਿਯੋਗੀ ਵੀ ਹਾਜ਼ਰ ਸਨ। ਇਸ ਮੀਟਿੰਗ ਵਿਚ ਜਿੱਥੇ ਗੁਰਦੀਪ ਸਿੰਘ ਅਣਖੀ ਦੀ ਕਮੀ ਰੜਕੀ ਉਥੇ ਉਨਾਂ ਨੂੰ ਯਾਦ ਵੀ ਕੀਤਾ ਗਿਆ। ਮੀਟਿੰਗ ਵਿਚ ਪਿਛਲੇ ਮਹੀਨੇ ਫੋਰਮ ਵਲੋਂ ਹੋਏ 20ਵੇਂ ਸਾਲਾਨਾ ਮੇਲੇ ਬਾਰੇ ਵੀ ਵਿਚਾਰਾਂ ਹੋਈਆਂ। ਇਸ ਮੀਟਿੰਗ ਬਾਰੇ ਜਾਣਕਾਰੀ ਦਿੰਦਿਆਂ ਫੋਰਮ ਦੇ ਸਕੱਤਰ ਸੁਰਿੰਦਰ ਮੰਡਾਲੀ ਨੇ ਦੱਸਿਆ ਕਿ ਇਨ੍ਹਾਂ ਮੁਕਾਬਲਿਆਂ ਨੂੰ ਵੱਖ ਵੱਖ ਵਰਗਾਂ ਵਿਚ ਵੰਡਿਆ ਗਿਆ ਹੈ। ਗਰੁੱਪ ਏ (ਪ੍ਰੀ-ਸਕੂਲ ਤੋਂ ਐਲੀਮੈਂਟਰੀ), ਗਰੁੱਪ ਬੀ (ਮਿਡਲ ਸਟੈਂਡਰਡ 7 ਅਤੇ 8 ਗਰੇਡ), ਗਰੁੱਪ ਸੀ (ਹਾਈ ਸਕੂਲ ਦੇ ਵਿਦਿਆਰਥੀ) ਗਰੁੱਪ ਡੀ (ਕਾਲਜ ਅਤੇ ਯੂਨੀਵਰਸਿਟੀ ਦੇ ਵਿਦਿਆਰਥੀ) ਹੋਣਗੇ। ਮੁਕਾਬਲੇ ਵਿਚ ਭਾਗ ਲੈਣ ਦੇ ਚਾਹਵਾਨ 28 ਜੁਲਾਈ ਤੋਂ ਪਹਿਲਾਂ ਆਪਣੀ ਰਜਿਸਟ੍ਰੇਸ਼ਨ ਕਰਵਾ ਲੈਣ। ਰਜਿਸਟਰੇਸ਼ਨ ਲਈ ਭਾਸ਼ਣ ਮੁਕਾਬਲੇ ਦਾ ਵਿਸ਼ਾ ਲਿਖ ਕੇ ਈ-ਮੇਲ ਐਡਰੈਸ ਇਅਹਡੋਰੁਮੁਘਮਅਲਿ।ਚੋਮ 'ਤੇ ਆਪਣਾ ਨਾਮ, ਗਰੁੱਪ ਅਤੇ ਸੰਪਰਕ ਜਾਣਕਾਰੀ ਭੇਜੋ। ਸਾਰੇ ਭਾਗ ਲੈਣ ਵਾਲੇ ਉਮੀਦਵਾਰਾਂ ਨੂੰ ਪਾਰਟੀਸਿਪੇਸ਼ਨ ਐਵਾਰਡ ਨਾਲ ਸਨਮਾਨਿਤ ਕੀਤਾ ਜਾਵੇਗਾ। ਸਾਰੇ ਗਰੁੱਪਾਂ ਦੇ ਪਹਿਲੇ ਤਿੰਨ ਸਥਾਨਾਂ 'ਤੇ ਰਹਿਣ ਵਾਲਿਆਂ ਨੂੰ ਨਗਦ ਇਨਾਮ ਦਿੱਤੇ ਜਾਣਗੇ। ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਲਈ ਸ਼ਰਨ ਧਾਲੀਵਾਲ 559-974-8383 ਜਾਂ ਹਰਜਿੰਦਰ ਢੇਸੀ 559-618-0156 ਨਾਲ ਸੰਪਰਕ ਕੀਤਾ ਜਾ ਸਕਦਾ ਹੈ। ਇਸ ਮੌਕੇ ਚਾਹ ਅਤੇ ਸਨੈਕਸ ਦਾ ਪ੍ਰਬੰਧ ਹੋਵੇਗਾ।


ਫਲੈਟ ਵਿਕਾਊ ਹੈ

ਚੰਡੀਗੜ੍ਹ ਨੇੜੇ ਜ਼ੀਰਕਪੁਰ-ਸ਼ਿਮਲਾ ਕੌਮੀ ਮਾਰਗ 'ਤੇ ਪੰਚਕੂਲਾ ਸ਼ਹਿਰ ਦੇ ਵਿਕਸਿਤ ਸੈਕਟਰ-20 ਵਿਚ ਫਲੈਟ ਵਿਕਾਊ ਹੈ। ਰਹਿਣ ਲਈ ਤਿਆਰ, ਐਲੀਵੇਟਰ, ਕਾਰ ਪਾਰਕਿੰਗ, ਸੁਰੱਖਿਆ ਜਿਹੀਆਂ ਸਹੂਲਤਾਂ ਅਤੇ ਪੈਦਲ-ਦੂਰੀ 'ਤੇ ਸਥਿੱਤ ਮਾਰਕਿਟ।

*ਹੋਰ ਜਾਣਕਾਰੀ ਲਈ ਸੰਪਰਕ ਕਰੋ, ਸਿੰਘ*

ਫੋਨ: 513-884-0456 ਜਾਂ 513-759 0010

*(ਮੈਸੇਜ ਛੱਡ ਸਕਦੇ ਹੋ)*

**Flat For Sale**

**Flat for sale in a developed Sector 20 Panchkula near Chandigarh, Close to Zirakpur-Shimla Natonal Highway, Vacant to move in, Elevator, Car parking, Security. Market nearby within walking distance.**

***For more details please contact: Singh***

**Ph: 513-884-0456 or 513-759 0010**

***(Leave Message)***

52-01



ਹੈਲਪਰ ਅਤੇ ਡਿਸ਼ਵਾਸ਼ਰ ਦੀ ਲੋੜ ਹੈ

ਮੈਡੀਸਨ, ਵਿਸਕਾਨਸਿਨ ਵਿਚ ਇੰਡੀਅਨ ਰੈਸਟੋਰੈਂਟ ਲਈ ਕਿਚਨ ਹੈਲਪਰ ਤੇ ਡਿਸ਼ਵਾਸ਼ਰ ਦੀ ਲੋੜ ਹੈ

ਚੰਗੀ ਤਨਖਾਹ ਤੇ ਰਿਹਾਇਸ਼ ਦਾ ਪ੍ਰਬੰਧ



ਚਾਹਵਾਨ ਸੰਪਰਕ ਕਰਨ: 608-886-2500

23-26



**Punjab Times**

*Ph: 847-359-0746*

*Visit us on the web:*

***punjabtimesusa.com***



ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ

ਫੋਨ (408) 687-1899

**Gurdip Singh Sandhu**

Homeopathic Practitioner/Consultant Since 1973

DHMS-Gold Medalist, BAMS, MDEh.- India

**Well Experienced as:**

Director, Principal, Professor and Chief Medical Officer in Medical Colleges and Hospitals of Punjab (India)

Practice Under State of California Act SB 577

**EX Member:** The California Homeopathic Society

National Center For Homeopathy- USA

**Live on Jas TV**

**Saturday 9:30AM and Sunday 4PM (Pacific Time)**

**7021 Village Park Way, Dublin, CA 94568**



*Gurdip Singh Sandhu*

Email: Homeomedicine@yahoo.com


# Matrimonials

## ਲੜਕੇ ਦੀ ਲੋੜ ਹੈ

Looking for a suitable Ramgarhia Sikh Dhiman match for our beautiful daughter (green card holder), 29 years, 5' 7", MSC - Physics (India), and licensed paraprofessional educator, residing in Chicago area. Please contact: manpreets1211@gmail.com

26-29

39 ਸਾਲਾ 5'2.5" ਅੰਮ੍ਰਿਤਧਾਰੀ ਪੋਸਟ ਗ੍ਰੈਜੂਏਟ ਅਮਰੀਕਾ ਵਿਚ ਗਰੀਨ ਕਾਰਡ ਹੋਲਡਰ ਤਲਾਕਸ਼ੁਦਾ ਲੜਕੀ ਲਈ 35 ਸਾਲ ਜਾਂ ਵੱਧ ਉਮਰ ਦੇ ਅੰਮ੍ਰਿਤਧਾਰੀ ਲੜਕੇ ਦੀ ਲੋੜ ਹੈ। ਜਾਤੀ ਬੰਧਨ ਨਹੀਂ। ਅਮਰੀਕਾ/ਕੈਨੇਡਾ ਨੂੰ ਪਹਿਲ। ਆਪਣਾ ਬਾਇਓਡਾਟਾ kaurgurvinder1965@yahoo.com 'ਤੇ ਭੇਜੋ। ਚਾਹਵਾਨ 734 968 1195 'ਤੇ ਛੇ ਵਜੇ ਤੋਂ ਸ਼ਾਮ 10 ਵਜੇ (*E.T.*) ਤੱਕ ਸੰਪਰਕ ਕਰ ਸਕਦੇ ਹਨ।

18-21

Ramgahria, Sikh family looking for USA or CANADA green card or PR holder match for their 1988 born 5`4" msc fashion designer beautiful daughter working as professor in Barnala (Punjab). Caste no bar. Please Contact us at: USA 2699061331 or India no. 9646206393

6-9

Ravidasia, Sikh Punjabi family looking for USA citizen, Green card holder, H1 or Work permit match for their USA citizen (vegetarian) Daughter, 36 years, 5'2" working, Lives in Streamwood, IL, Grew up in India. Please Contact us at: 8583665909 and e-mail us at zor92126@yahoo.com

## ਲੜਕੀ ਦੀ ਲੋੜ ਹੈ

Looking for suitable match for 42, 6", clean shaven Jatt Sikh Neuro-surgeon boy, working in Chicago. Divorcee, one daughter custody with mother. Contact us at: 917-238-3060

23-26

Khatri Sikh family looking for USA or Canadian citizen match for their 49, 5'10" divorced son. Now in USA, having training Hotel Management and has worked for Chef in Canada for 4 years, Family owns Hotel , Banquet, Bar & Restaurant in Wisconsin. Contact us at: 5152083861

23-26

Sikh Kamboj family, looking for a suitable match for their Oct 73, 5' 8" well educated, Electronics Engineer son working as a Director in the IT field. USA Citizen based in Bay Area, CA. Divorcee (issue less). Contact us at: +1 (510) 806-7385

21-24

**ਸੈਣੀ ਸਿੱਖ 37, 5'-8" ਗੈਸ ਸਟੇਸ਼ਨ 'ਤੇ ਮੈਨੇਜਰ ਵਜੋਂ ਕੰਮ ਕਰਦੇ, ਨਸ਼ਿਆਂ ਤੋਂ ਰਹਿਤ ਲੜਕੇ ਲਈ ਸੋਹਣੀ-ਸੁਨੱਖੀ ਅਮਰੀਕਨ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਪਰਿਵਾਰਕ ਲੜਕੀ ਦੀ ਲੋੜ ਹੈ। ਤਲਾਕਸ਼ੁਦਾ 'ਤੇ ਵੀ ਵਿਚਾਰ ਹੋ ਸਕਦੀ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਚਾਹਵਾਨ ਸੰਪਰਕ ਕਰਨ: 319-670-8892**

21-24

Jatt Sikh Canadian Parents Looking for a suitable match for their 45, 5'10" divorced son. For more information please contact us at po55ible@yahoo.com or 647-474-5473

20-23

Sikh Ramgarhia family looking for a simple Punjabi Girl in USA or Canada for their 36 years, 5' 10" son. Working as a professional CDL driver in Canada. Please contact us at: Hunjan.Inders@gmail.com

Sikh Kamboj family looking for Well educated girl for their B.Com, 29, 5'10" son, well settled (2 stores), Own home in Arkansas. Mom, dad & brother live in India. Contact us at: 417-846-3741

***ਸਿੱਖ ਕੰਬੋਜ 29 ਸਾਲਾ 5'10", ਅਮਰੀਕਾ ਵਿਚ ਵਧੀਆ ਸਥਾਪਿਤ, ਆਪਣਾ ਬਿਜ਼ਨਸ ਕਰਦੇ ਬੀ. ਕਾਮ ਲੜਕੇ ਲਈ ਸੋਹਣੀ-ਸੁਨੱਖੀ, ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਲੜਕੇ ਦਾ ਪਰਿਵਾਰ ਇੰਡੀਆ ਵਿਚ ਹੈ। ਚਾਹਵਾਨ*** 417-846-3741 ***'ਤੇ ਸੰਪਰਕ ਕਰ ਸਕਦੇ ਹਨ।***

apr16- may16

Jatt Sikh family in search of an outgoing, educated, family-orientated, health/fitness-minded match for their son, 31, tall, handsome, clean shaven, never married, private school educated, athletic, US born and financially secure business executive. Contact GurdeepMidwestUSA@outlook.com or message at 513-212-6478 (will respond to all).

# ਮੂਸੇਵਾਲਾ ਕੇਸ: ਲਾਰੈਂਸ ਬਿਸ਼ਨੋਈ ਕੋਲੋਂ ਪੁੱਛ-ਪੜਤਾਲ ਦੌਰਾਨ ਵੱਡੇ ਖੁਲਾਸੇ

**ਮੁਹਾਲੀ:** ਪੰਜਾਬੀ ਗਾਇਕ ਅਤੇ ਕਾਂਗਰਸੀ ਆਗੂ ਸ਼ੁਭਦੀਪ ਸਿੰਘ ਉਰਫ ਸਿੱਧੂ ਮੂਸੇਵਾਲਾ ਦੇ ਕਤਲ ਦੇ ਮਾਮਲੇ ਵਿਚ ਪੁਲਿਸ ਨੂੰ ਲਾਰੈਂਸ ਬਿਸ਼ਨੋਈ ਅਤੇ ਹੋਰਨਾਂ ਮੁਲਜ਼ਮਾਂ ਕੋਲੋਂ ਕੀਤੀ ਗਈ ਪੁੱਛ-ਪੜਤਾਲ ਦੌਰਾਨ ਅਹਿਮ ਸੁਰਾਗ ਮਿਲੇ ਹਨ। ਉਧਰ, ਪੰਜਾਬ ਪੁਲਿਸ ਨੇ ਕੈਨੇਡਾ ਬੈਠੇ ਗੈਂਗਸਟਰ ਗੋਲਡੀ ਬਰਾੜ ਦੇ ਹੁਸ਼ਿਆਰਪੁਰ ਜੇਲ੍ਹ ਵਿਚ ਬੰਦ ਜੀਜਾ ਗੁਰਿੰਦਰ ਗੋਰਾ ਨੂੰ ਪੁੱਛ-ਪੜਤਾਲ ਲਈ ਪ੍ਰੋਡਕਸ਼ਨ ਵਾਰੰਟ 'ਤੇ ਹਿਰਾਸਤ ਵਿਚ ਲਿਆਂਦਾ।

ਪੁਲਿਸ ਅਨੁਸਾਰ ਲਾਰੈਂਸ ਬਿਸ਼ਨੋਈ ਹੀ ਇਸ ਪੂਰੇ ਘਟਨਾਕ੍ਰਮ ਦਾ ਮਾਸਟਰਮਾਈਂਡ ਹੈ। ਉਸ ਨੇ ਪੰਜਾਬ ਸਮੇਤ ਹੋਰਨਾਂ ਸੂਬਿਆਂ ਵਿਚ ਗਾਇਕਾਂ, ਅਦਾਕਾਰਾਂ ਅਤੇ ਕਾਰੋਬਾਰੀਆਂ ਕੋਲੋਂ ਫਿਰੌਤੀਆਂ ਮੰਗਣ ਦੀ ਗੱਲ ਵੀ ਕਬੂਲੀ ਹੈ। ਉਸ ਨੇ ਪੁਲਿਸ ਨੂੰ ਇਹ ਵੀ ਦੱਸਿਆ ਹੈ ਕਿ ਉਹ ਤਿਹਾੜ ਜੇਲ੍ਹ 'ਚੋਂ ਹੀ ਮੋਬਾਈਲ ਫੋਨ 'ਤੇ ਸਿਗਨਲ ਐਪ ਰਾਹੀਂ ਕੈਨੇਡਾ ਬੈਠੇ ਗੈਂਗਸਟਰ ਗੋਲਡੀ ਬਰਾੜ ਨਾਲ ਤਾਲਮੇਲ ਕਰਦਾ ਸੀ। ਗੋਰਾ ਅਪਰਾਧਿਕ ਮਾਮਲੇ ਵਿਚ ਹੁਸ਼ਿਆਰਪੁਰ ਜੇਲ੍ਹ ਵਿਚ ਬੰਦ ਹੈ। ਉਂਜ ਉਸ ਵਿਰੁੱਧ ਵੱਖ-ਵੱਖ ਥਾਣਿਆਂ ਵਿਚ ਕਰੀਬ ਨੌਂ ਕੇਸ ਦਰਜ ਹਨ। ਸੀ.ਆਈ.ਏ. ਕੈਂਪ ਦਫਤਰ ਵਿਚ ਲਾਰੈਂਸ ਬਿਸ਼ਨੋਈ ਅਤੇ ਗੋਰਾ ਨੂੰ ਆਹਮੋ-ਸਾਹਮਣੇ ਬਿਠਾ ਕੇ ਪੁੱਛ-ਪੜਤਾਲ ਕੀਤੀ ਗਈ। ਦੱਸਣਾ ਬਣਦਾ ਹੈ ਕਿ ਲਾਰੈਂਸ ਨੇ ਪੁੱਛਗਿਛ ਦੌਰਾਨ ਗੋਰਾ ਦਾ ਨਾਂ ਲਿਆ ਸੀ। ਜਾਂਚ ਵਿਚ ਇਹ ਵੀ ਪਤਾ ਲੱਗਾ ਹੈ



ਕਿ ਸਿੱਧੂ ਮੂਸੇਵਾਲਾ ਨੂੰ ਮਾਰਨ ਦੀ ਯੋਜਨਾ ਜਨਵਰੀ 2022 ਵਿਚ ਬਣਾਈ ਗਈ ਸੀ ਅਤੇ ਉਦੋਂ ਹੀ ਸੰਦੀਪ ਕੇਕੜਾ ਨੂੰ ਰੇਕੀ ਕਰਨ ਦੇ ਕੰਮ 'ਤੇ ਲਗਾਇਆ ਗਿਆ ਸੀ। ਚੋਣਾਂ ਵਿਚ ਖੜ੍ਹੇ ਹੋਣ ਕਾਰਨ ਮੂਸੇਵਾਲਾ ਨਾਲ ਹਰ ਵੇਲੇ ਸੁਰੱਖਿਆ ਗਾਰਡ ਰਹਿੰਦੇ ਸਨ ਜਿਸ ਕਾਰਨ ਉਦੋਂ ਉਸ ਦੀ ਹੱਤਿਆ ਨਹੀਂ ਕੀਤੀ ਜਾ ਸਕੀ। ਕੇਕੜਾ ਪਲ-ਪਲ ਦੀ ਸੂਚਨਾ ਦੇ ਰਿਹਾ ਸੀ।

ਸੂਤਰ ਦੱਸਦੇ ਹਨ ਕਿ ਜਾਂਚ ਟੀਮ ਨੇ ਸਿੱਧੂ ਮੂਸੇਵਾਲਾ ਦੇ ਕਤਲ ਅਤੇ ਅਦਾਕਾਰ ਸਲਮਾਨ ਖਾਨ ਨੂੰ ਧਮਕੀਆਂ ਦੇਣ ਸਮੇਤ ਲਾਰੈਂਸ ਬਿਸ਼ਨੋਈ ਕੋਲੋਂ ਦਰਜਨ ਤੋਂ ਵੱਧ ਸਵਾਲ ਪੁੱਛੇ ਹਨ। ਪੁਲਿਸ ਨੇ ਸਵਾਲ ਕੀਤਾ ਕਿ ਸਲਮਾਨ ਖਾਨ ਨੂੰ ਮਾਰਨ ਦੀ ਧਮਕੀ ਦੇਣ ਪਿੱਛੇ ਕੀ ਕਾਰਨ ਸਨ, ਕੀ ਉਸ (ਲਾਰੈਂਸ) ਨੇ ਮੂਸੇਵਾਲਾ ਨੂੰ ਸਿੱਧੀ ਧਮਕੀ ਦਿੱਤੀ ਸੀ ਜਾਂ ਫਿਰੌਤੀ ਮੰਗਣ ਲਈ ਧਮਕਾਇਆ ਸੀ।

### ਬੁਲਟ ਪਰੂਫ ਗੱਡੀ ਹੁੰਦੀ ਤਾਂ ਵੀ ਹਮਲਾ ਕਰਨ ਦੀ ਸੀ ਯੋਜਨਾ

**ਮਾਨਸਾ:** ਪੰਜਾਬੀ ਗਾਇਕ ਸ਼ੁਭਦੀਪ ਸਿੰਘ ਸਿੱਧੂ ਮੂਸੇਵਾਲਾ ਦੀ ਹੱਤਿਆ ਦੀ ਸਾਜ਼ਿਸ਼ ਲਾਰੈਂਸ ਬਿਸ਼ਨੋਈ ਗੈਂਗ ਦੇ 5 ਮੈਂਬਰਾਂ ਵੱਲੋਂ ਮਿਲ ਕੇ ਘੜੀ ਗਈ ਸੀ। ਲਾਰੈਂਸ ਜੋ ਖੁਦ ਸਾਜ਼ਿਸ਼ ਵਿਚ ਸ਼ਾਮਲ ਹੈ, ਨੇ ਤਿਹਾੜ ਜੇਲ੍ਹ ਵਿਚੋਂ ਹੀ ਮੋਬਾਈਲ ਫੋਨ ਉਤੇ ਸਿਗਨਲ ਐਪ ਰਾਹੀਂ ਦੂਸਰੇ ਸਾਥੀਆਂ ਨਾਲ ਸੰਪਰਕ ਸਾਧ ਕੇ ਘਟਨਾ ਨੂੰ ਅੰਜਾਮ ਦਿੱਤਾ ਸੀ। ਭਾਵੇਂ ਹਤਿਆਰਿਆਂ ਨੇ ਮੂਸੇਵਾਲਾ ਉਤੇ ਹਮਲਾ ਉਦੋਂ ਕੀਤਾ ਜਦੋਂ ਉਹ ਬੁਲਟ ਪਰੂਫ ਗੱਡੀ ਅਤੇ ਸੁਰੱਖਿਆ ਕਰਮੀਆਂ ਤੋਂ ਬਿਨਾ ਆਪਣੀ ਮਾਸੀ ਦੇ ਘਰ ਮਾਨਸਾ ਨੇੜਲੇ ਪਿੰਡ ਬਰਨਾਲਾ ਵਿਖੇ ਜਾ ਰਿਹਾ ਸੀ ਪਰ ਇਹ ਗੱਲ ਵੀ ਉਭਰ ਕੇ ਸਾਹਮਣੇ ਆ ਰਹੀ ਹੈ ਕਿ ਲਾਰੈਂਸ ਗੈਂਗ ਸਿੱਧੂ ਮੂਸੇਵਾਲਾ ਨਾਲ ਐਨੀ ਖਾਰ ਖਾਣ ਲੱਗ ਪਿਆ ਸੀ ਕਿ ਉਸ ਨੇ ਇਹ ਵੀ ਯੋਜਨਾ ਵੀ ਘੜੀ ਸੀ ਕਿ ਬੁਲਟ ਪਰੂਫ ਗੱਡੀ ਉਤੇ ਹਮਲਾ ਕਰ ਕੇ ਗਾਇਕ ਦੀ ਹੱਤਿਆ ਕੀਤੀ ਜਾਵੇ।

### ਬਿਸ਼ਨੋਈ ਨੇ ਗੋਲਡੀ ਬਰਾੜ ਦਾ ਟਿਕਾਣਾ ਦੱਸਿਆ

**ਮਾਨਸਾ:** ਪੰਜਾਬੀ ਗਾਇਕ ਸ਼ੁਭਦੀਪ ਸਿੰਘ ਸਿੱਧੂ ਮੂਸੇਵਾਲਾ ਕਤਲ ਮਾਮਲੇ ਵਿਚ ਗ੍ਰਿਫ਼ਤਾਰ ਗੈਂਗਸਟਰ ਲਾਰੈਂਸ ਬਿਸ਼ਨੋਈ ਨੇ ਪੁੱਛ-ਪੜਤਾਲ ਦੌਰਾਨ ਅਹਿਮ ਖੁਲਾਸੇ ਕੀਤੇ ਹਨ। ਸੂਤਰਾਂ ਅਨੁਸਾਰ ਲਾਰੈਂਸ ਬਿਸ਼ਨੋਈ ਨੇ ਪੜਤਾਲ ਦੌਰਾਨ ਕੈਨੇਡਾ ਵਿਚ ਬੈਠੇ ਗੈਂਗਸਟਰ ਗੋਲਡੀ ਬਰਾੜ ਦੀ ਰਿਹਾਇਸ਼ ਅਤੇ ਹੋਰ ਟਿਕਾਣਿਆਂ ਬਾਰੇ ਜਾਣਕਾਰੀ ਦੇ ਦਿੱਤੀ ਹੈ। ਉਸ ਨੇ ਪੁਲਿਸ ਨੂੰ ਦੱਸਿਆ ਕਿ ਕੈਨੇਡਾ ਵਿਚ ਉਹ (ਗੋਲਡੀ ਬਰਾੜ) ਕਿੱਥੇ ਰਹਿੰਦਾ ਹੈ ਅਤੇ ਕਿਹੜੇ-ਕਿਹੜੇ ਵਿਅਕਤੀ ਉਸ ਦੇ ਸੰਪਰਕ ਵਿਚ ਹਨ। ਇੱਥੇ ਇਹ ਵੀ ਦੱਸਣਾ ਬਣਦਾ ਹੈ ਕਿ ਲਾਰੈਂਸ ਬਿਸ਼ਨੋਈ ਪਹਿਲਾਂ ਹੀ ਪੁਲਿਸ ਕੋਲ ਇਹ ਮੰਨ ਚੁੱਕਾ ਹੈ ਕਿ ਉਹ ਤਿਹਾੜ ਜੇਲ੍ਹ 'ਚੋਂ ਸਿਗਨਲ ਐਪ ਰਾਹੀਂ ਗੋਲਡੀ ਬਰਾੜ ਨਾਲ ਤਾਲਮੇਲ ਕਰਦਾ ਸੀ।

ਪੰਜਾਬ ਸਮੇਤ ਤਿੰਨ ਸੂਬਿਆਂ ਦੀ ਪੁਲਿਸ ਉਸ ਦਾ ਨਾਂ ਕਿਉਂ ਲੈ ਰਹੀ ਹੈ, ਉਹ ਸ਼ਾਹਰੁਖ਼ ਨੂੰ ਕਦੋਂ ਤੋਂ ਜਾਣਦਾ ਹੈ ਅਤੇ ਸੁਪਾਰੀ ਕਦੋਂ ਤੇ ਕਿਵੇਂ ਦਿੱਤੀ। ਮੂਸੇਵਾਲਾ 'ਤੇ ਹਮਲਾ ਕਰਨ ਵਾਲੇ ਕਿੰਨੇ ਸ਼ੂਟਰ ਸਨ। ਜਦੋਂ ਉਹ ਜੇਲ੍ਹ ਵਿਚ ਬੈਠਾ ਹੈ ਤਾਂ ਉਸ ਦਾ ਸੋਸ਼ਲ ਮੀਡੀਆ ਅਕਾਊਂਟ ਕੌਣ ਚਲਾ ਰਿਹਾ ਹੈ। ਗੋਲਡੀ ਬਰਾੜ ਨਾਲ ਉਸ ਦਾ ਕੀ ਰਿਸ਼ਤਾ ਹੈ, ਉਹ ਕਦੋਂ ਇਕ-ਦੂਜੇ ਦੇ ਸੰਪਰਕ ਵਿਚ ਆਏ। ਕੀ ਗੁਰਲਾਲ ਬਰਾੜ ਵੀ ਉਸ ਦੇ ਗਰੁੱਪ ਲਈ ਕੰਮ ਕਰਦਾ ਸੀ।

## ਲਾਰੈਂਸ ਬਿਸ਼ਨੋਈ ਨੇ ਸ਼ੂਟਰਾਂ ਨੂੰ ਪਛਾਣਨ ਦੀ ਗੱਲ ਮੰਨੀ



**ਮੁਹਾਲੀ:** ਪੰਜਾਬ ਦੇ ਗਾਇਕ ਸਿੱਧੂ ਮੂਸੇਵਾਲਾ ਦੇ ਕਤਲ ਮਾਮਲੇ ਵਿਚ ਦਿੱਲੀ ਦੀ ਪਟਿਆਲਾ ਹਾਊਸ ਕੋਰਟ ਤੋਂ ਪ੍ਰੋਡਕਸ਼ਨ ਵਾਰੰਟ 'ਤੇ ਗ੍ਰਿਫਤਾਰ ਕਰਕੇ ਪੰਜਾਬ ਲਿਆਂਦੇ ਗੈਂਗਸਟਰ ਲਾਰੈਂਸ ਬਿਸ਼ਨੋਈ ਨੇ ਪੁੱਛ-ਪੜਤਾਲ ਦੌਰਾਨ ਦੋ ਸ਼ੂਟਰਾਂ ਨੂੰ ਜਾਣਨ ਦੀ ਗੱਲ ਮੰਨੀ ਹੈ। ਬੀਤੇ ਦਿਨੀਂ ਪੰਜਾਬ ਪੁਲਿਸ ਦੀ ਸਿਟ ਨੇ ਚਾਰ ਸ਼ੂਟਰਾਂ ਜਗਰੂਪ ਸਿੰਘ ਉਰਫ਼ ਰੂਪਾ ਵਾਸੀ ਅੰਮ੍ਰਿਤਸਰ, ਮੰਨੂੰ ਕੁੱਸਾ ਵਾਸੀ ਮੋਗਾ ਅਤੇ ਪ੍ਰਿਆਵਰਤ ਜੋਸ਼ੀ ਤੇ ਅੰਕਿਤ ਦੋਵੇਂ ਵਾਸੀ ਸੋਨੀਪਤ ਦੀ ਪਛਾਣ ਹੋਣ ਦਾ ਦਾਅਵਾ ਕੀਤਾ ਸੀ। ਇਨ੍ਹਾਂ 'ਚੋਂ ਰੂਪਾ ਤੇ ਕੁੱਸਾ ਨੂੰ ਲਾਰੈਂਸ ਬਿਸ਼ਨੋਈ ਜਾਣਦਾ ਹੈ ਅਤੇ ਇਹ ਦੋਵੇਂ ਕੈਨੇਡਾ ਬੈਠੇ ਗੈਂਗਸਟਰ ਗੋਲਡੀ ਬਰਾੜ ਦੇ ਸੰਪਰਕ ਵਿਚ ਸਨ।

ਸੂਤਰਾਂ ਮੁਤਾਬਕ ਲਾਰੈਂਸ ਬਿਸ਼ਨੋਈ ਨੇ ਐਸ.ਓ.ਆਈ. ਦੇ ਸਾਬਕਾ ਪ੍ਰਧਾਨ ਅਤੇ ਯੂਥ ਅਕਾਲੀ ਦਲ ਦੇ ਸੀਨੀਅਰ ਆਗੂ ਮਰਹੂਮ ਵਿਕਰਮਜੀਤ ਸਿੰਘ ਵਿੱਕੀ ਮਿੱਡੂਖੇੜਾ ਨੂੰ ਆਪਣਾ ਵੱਡਾ ਭਰਾ ਦੱਸਦਿਆਂ ਕਿਹਾ ਕਿ ਵਿੱਕੀ ਦੇ ਕਤਲ ਨਾਲ ਉਸ ਨੂੰ ਜ਼ਬਰਦਸਤ ਝਟਕਾ ਲੱਗਿਆ ਸੀ। ਲਾਰੈਂਸ ਅਨੁਸਾਰ ਵਿੱਕੀ ਮਿੱਡੂਖੇੜਾ ਦਾ ਕਤਲ ਸਿੱਧੂ ਮੂਸੇਵਾਲਾ ਦੇ ਮੈਨੇਜਰ ਜਸ਼ਨਪ੍ਰੀਤ ਸਿੰਘ ਨੇ ਮੁਖਬਰੀ ਕਰਕੇ ਕਰਵਾਇਆ ਸੀ। ਇਸ ਸਬੰਧੀ ਉਸ (ਲਾਰੈਂਸ) ਨੇ ਮੂਸੇਵਾਲਾ ਨੂੰ ਕਈ ਵਾਰ ਸਮਝਾਉਣ ਦੀ ਕੋਸ਼ਿਸ਼ ਕੀਤੀ ਸੀ ਕਿ ਉਹ ਆਪਣੇ ਮੈਨੇਜਰ ਦਾ ਸਾਥ ਨਾ ਦੇਵੇ ਪਰ ਉਹ ਨਹੀਂ ਮੰਨਿਆ। ਲਾਰੈਂਸ ਤੋਂ ਪੁੱਛ-ਪੜਤਾਲ ਦੌਰਾਨ ਇਹ ਵੀ ਖੁਲਾਸਾ ਹੋਇਆ ਹੈ ਕਿ ਜ਼ਿਆਦਾਤਰ ਗੈਂਗਸਟਰ ਸਿਗਨਲ ਐਪ ਰਾਹੀਂ ਇਕ ਦੂਜੇ ਨਾਲ ਤਾਲਮੇਲ ਕਰਦੇ ਹਨ। ਇਸ ਤਕਨੀਕ ਦੀ ਵਰਤੋਂ ਨਾਲ ਫੜੇ ਜਾਣ ਦਾ ਬਹੁਤਾ ਡਰ ਨਹੀਂ ਹੁੰਦਾ ਹੈ।

ਉਧਰ, ਮੂਸੇਵਾਲਾ ਦੀ ਹੱਤਿਆ ਕੇਸ ਦੇ ਸ਼ੱਕੀ ਸ਼ਾਰਪ ਸ਼ੂਟਰ ਸੰਤੋਸ਼ ਜਾਧਵ ਦੀ ਨਿਸ਼ਾਨਦੇਹੀ 'ਤੇ ਹੁਣ ਤੱਕ 13 ਹਥਿਆਰ ਬਰਾਮਦ ਕੀਤੇ ਗਏ ਹਨ। ਉਸ ਨੇ ਇਹ ਅਸਲਾ ਮੱਧ ਪ੍ਰਦੇਸ਼ ਤੋਂ ਮੰਗਵਾਇਆ ਸੀ।

### ਡਰੇਕ ਨੇ ਰੇਡੀਓ ਸ਼ੋਅ ਦੌਰਾਨ ਚਲਾਇਆ ਮੂਸੇਵਾਲਾ ਦਾ ਗੀਤ

**ਮੁੰਬਈ:** ਕੈਨੇਡੀਅਨ ਗਾਇਕ ਤੇ ਰੈਪਰ ਡਰੇਕ ਨੇ ਆਪਣੇ ਰੇਡੀਓ ਸ਼ੋਅ 'ਟੇਬਲ ਫਾਰ ਵਨ' ਦੇ ਪਹਿਲੇ ਐਪੀਸੋਡ ਦੌਰਾਨ ਮਰਹੂਮ ਪੰਜਾਬੀ ਗਾਇਕ ਤੇ ਰੈਪਰ ਸਿੱਧੂ ਮੂਸੇਵਾਲਾ ਦਾ ਗੀਤ ਵਜਾ ਕੇ ਉਸ ਨੂੰ ਸ਼ਰਧਾਂਜਲੀ ਭੇਟ ਕੀਤੀ ਹੈ। ਜ਼ਿਕਰਯੋਗ ਹੈ ਕਿ ਡਰੇਕ ਨੇ ਹਾਲ ਹੀ ਵਿਚ ਆਪਣੀ ਨਵੀਂ ਐਲਬਮ 'ਆਨੈਸਟਲੀ, ਨੈਵਰਮਾਈਂਡ' ਰਿਲੀਜ ਕੀਤੀ ਹੈ। 'ਹਿਪਹੌਪਐਨਮੋਰ' ਦੀ ਰਿਪੋਰਟ ਮੁਤਾਬਕ ਡਰੇਕ ਨੇ ਆਪਣੇ ਰੇਡੀਓ ਸ਼ੋਅ ਦੌਰਾਨ ਮਰਹੂਮ ਗਾਇਕ ਮੂਸੇਵਾਲਾ ਦਾ ਗੀਤ '295' ਅਤੇ 'ਜੀ-ਸ਼ਿਟ' ਵਜਾਇਆ। ਜ਼ਿਕਰਯੋਗ ਹੈ ਕਿ ਮੂਸੇਵਾਲਾ ਦਾ ਗੀਤ '295' ਹਾਲ ਹੀ ਵਿਚ ਬਿਲਬੋਰਡ ਗਲੋਬਲ 200 ਚਾਰਟ ਵਿਚ ਸ਼ਾਮਲ ਹੋਇਆ ਹੈ। ਇਸ ਤੋਂ ਪਹਿਲਾਂ ਇੰਸਟਾਗ੍ਰਾਮ 'ਤੇ ਡਰੇਕ ਨੇ ਮੂਸੇਵਾਲਾ ਦੀ ਤਸਵੀਰ ਸਾਂਝੀ ਕਰਦਿਆਂ 'ਤੇਰੀ ਆਤਮਾ ਨੂੰ ਸ਼ਾਂਤੀ ਮਿਲੇ, ਮੂਸੇ' ਲਿਖਿਆ ਸੀ। ਮੂਸੇਵਾਲਾ ਨੂੰ ਯਾਦ ਕਰਨ 'ਤੇ ਗਾਇਕ ਦੇ ਪ੍ਰਸ਼ੰਸਕਾਂ ਵੱਲੋਂ ਡਰੇਕ ਦੀ ਸ਼ਲਾਘਾ ਕੀਤੀ ਗਈ ਹੈ।

## ਟਰਾਂਸਪੋਰਟ ਮਾਫੀਆ ਦਾ ਮੁਕੰਮਲ ਸਫਾਇਆ ਕਰਾਂਗੇ: ਭੁੱਲਰ

**ਲਹਿਰਾਗਾਗਾ:** ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਦਾਅਵਾ ਕੀਤਾ ਕਿ ਕਾਂਗਰਸ ਅਤੇ ਅਕਾਲੀ ਸਰਕਾਰ ਵੇਲੇ ਮੰਤਰੀਆਂ ਨੇ ਆਪਣੀਆਂ ਬੱਸਾਂ ਨੂੰ ਫਾਇਦਾ ਪਹੁੰਚਾਉਣ ਲਈ ਸਰਕਾਰੀ ਟਰਾਂਸਪੋਰਟ ਨੂੰ ਹਾਸ਼ੀਏ 'ਤੇ ਲਿਆਂਦਾ ਹੈ। ਇਸ ਕਰ ਕੇ ਉਲਝੀ ਤਾਣੀ ਸੁਲਝਾਉਣ ਲਈ ਸਮਾਂ ਤਾਂ ਲੱਗੇਗਾ ਪਰ ਇਸ ਮਹਿਕਮੇ ਨੂੰ ਮੁਨਾਫੇ ਵਾਲਾ ਮਹਿਕਮਾ ਬਣਾਇਆ ਜਾਵੇਗਾ। ਟਰਾਂਸਪੋਰਟ ਮੰਤਰੀ ਨੇ ਕਿਹਾ ਕਿ ਪੰਜਾਬ ਵਿਚ ਟਰਾਂਸਪੋਰਟ ਮਾਫੀਆ ਦੀਆਂ ਵੱਡੀ ਗਿਣਤੀ ਬੱਸਾਂ ਬੰਦ ਕਰ ਦਿੱਤੀਆਂ ਗਈਆਂ ਹਨ, ਜਿਹੜੀਆਂ ਰਹਿ ਗਈਆਂ ਹਨ ਉਨ੍ਹਾਂ ਨੂੰ ਵੀ ਜਲਦੀ ਬੰਦ ਕੀਤਾ ਜਾਵੇਗਾ। ਉਨ੍ਹਾਂ ਪ੍ਰਾਈਵੇਟ ਬੱਸਾਂ ਦੇ ਮਾਲਕਾਂ, ਚਾਲਕਾਂ ਅਤੇ ਸਕੂਲੀ ਬੱਸਾਂ ਸਬੰਧੀ ਕਿਹਾ ਕਿ ਜਿਨ੍ਹਾਂ ਨੇ ਹਾਲੇ ਟੈਕਸ ਨਹੀਂ ਭਰੇ, ਉਹ ਸਰਕਾਰ ਦੀ ਰਿਆਇਤ ਦਾ ਲਾਹਾ ਲੈਂਦਿਆਂ ਜਲਦੀ ਟੈਕਸ ਭਰਨ।

ਉਨ੍ਹਾਂ ਕਿਹਾ ਕਿ ਬੱਸ ਮਾਲਕ ਸਾਰੇ ਕਾਗ਼ਜ਼ ਮੁਕੰਮਲ ਕਰਕੇ ਹੀ ਟਰਾਂਸਪੋਰਟ ਚਲਾਉਣ। ਇਸ ਤੋਂ ਬਾਅਦ ਕਿਸੇ ਦੀ ਸਿਫਾਰਸ਼ ਨਹੀਂ ਮੰਨੀ ਜਾਵੇਗੀ। ਉਨ੍ਹਾਂ ਕਿਹਾ ਕਿ ਸਰਕਾਰ ਨੂੰ ਪਤਾ ਚੱਲਿਆ ਹੈ



ਕਿ ਬੱਸਾਂ ਦਾ ਰੂਟ ਕਿਸੇ ਹੋਰ ਪਾਸੇ ਹੈ ਅਤੇ ਉਹ ਬੱਸਾਂ ਹੋਰ ਰੂਟ 'ਤੇ ਚਲਾ ਰਹੇ ਹਨ। ਇਸ ਸਬੰਧੀ ਸ਼ਿਕਾਇਤ ਮਿਲਣ 'ਤੇ ਕਾਰਵਾਈ ਕੀਤੀ ਜਾਵੇਗੀ।

### ਦਲ ਖਾਲਸਾ ਵੱਲੋਂ ਪੰਜਾਬ ਯੂਨੀਵਰਸਿਟੀ ਦੇ ਕੇਂਦਰੀਕਰਨ ਦਾ ਵਿਰੋਧ

**ਅੰਮ੍ਰਿਤਸਰ:** ਸਿੱਖ ਜਥੇਬੰਦੀ ਦਲ ਖਾਲਸਾ ਨੇ ਆਪਣੀ ਜਥੇਬੰਦਕ ਮੀਟਿੰਗ ਦੌਰਾਨ ਆਖਿਆ ਕਿ ਕੇਂਦਰ ਸਰਕਾਰ ਨੂੰ ਪੰਜਾਬ ਯੂਨੀਵਰਸਿਟੀ 'ਤੇ ਕਬਜ਼ਾ ਕਰਨ ਤੋਂ ਰੋਕਿਆ ਜਾਵੇਗਾ। ਜਥੇਬੰਦੀ ਦੇ ਬੁਲਾਰੇ ਪਰਮਜੀਤ ਸਿੰਘ ਮੰਡ ਨੇ ਕਿਹਾ ਕਿ ਪਹਿਲਾਂ ਕੇਂਦਰ ਦੀਆਂ ਸਰਕਾਰਾਂ ਨੇ ਪੰਜਾਬ ਦੇ ਪਾਣੀਆਂ ਨੂੰ ਲੁੱਟਿਆ, ਰਾਜਧਾਨੀ ਦੇ ਹੱਕ ਉਤੇ ਡਾਕਾ ਮਾਰਿਆ ਅਤੇ ਹੁਣ ਪੰਜਾਬ ਯੂਨੀਵਰਸਿਟੀ ਨੂੰ ਖੋਹਣ ਦੀ ਤਿਆਰੀ ਕੀਤੀ ਜਾ ਰਹੀ ਹੈ।

ਉਨ੍ਹਾਂ ਕਿਹਾ ਕਿ ਜੂਨ 84 ਤੋਂ ਬਾਅਦ ਪੰਜਾਬ ਅਤੇ ਦਿੱਲੀ ਦੇ ਰਿਸ਼ਤਿਆਂ ਵਿਚ ਦਰਾੜ ਪੈ ਚੁੱਕੀ ਹੈ। ਕੇਂਦਰ ਦੇ ਇਸ ਨਵੇਂ ਹੱਲੇ ਦਾ ਢੁਕਵਾਂ ਜਵਾਬ ਦਿੱਤਾ ਜਾਵੇਗਾ। ਉਨ੍ਹਾਂ ਦੋਸ਼ ਲਾਇਆ ਕਿ ਭਾਜਪਾ ਸਰਕਾਰ ਯੂਨੀਵਰਸਿਟੀ ਨੂੰ ਅਦਾਲਤੀ ਅਮਲ ਰਾਹੀਂ ਕੰਟਰੋਲ ਹੇਠ ਲੈਣ ਦੀਆਂ ਕੋਸ਼ਿਸ਼ਾਂ ਕਰ ਰਹੀ ਹੈ। ਦਲ ਖਾਲਸਾ ਨੇ ਪੀਯੂ ਚੰਡੀਗੜ੍ਹ ਦੇ ਵਿਦਿਆਰਥੀਆਂ ਨਾਲ ਇੱਕਜੁੱਟਤਾ ਦਾ ਇਜ਼ਹਾਰ ਕਰਦਿਆਂ ਕੇਂਦਰ ਵਿਰੁੱਧ ਸਾਂਝਾ ਸੰਘਰਸ਼ ਕਰਨ ਦਾ ਸੱਦਾ ਦਿੱਤਾ ਹੈ। ਯੂਥ ਵਿੰਗ ਦੇ ਆਗੂ ਗੁਰਨਾਮ ਸਿੰਘ ਮੂਨਕਾ ਨੇ ਮੋਦੀ ਸਰਕਾਰ ਨੂੰ ਫਾਸ਼ੀਵਾਦੀ ਦੱਸਦਿਆਂ ਕਿਹਾ ਕਿ ਯੂਨੀਵਰਸਿਟੀ ਦੇ ਕੇਂਦਰੀਕਰਨ ਦਾ ਅਮਲ ਪੂਰੇ ਜ਼ੋਰਾਂ 'ਤੇ ਚੱਲ ਰਿਹਾ ਹੈ ਜਿਸ ਤਹਿਤ ਭਾਜਪਾ ਦਾ ਏਜੰਡਾ ਕੇਂਦਰ ਨੂੰ ਮਜ਼ਬੂਤ ਅਤੇ ਸਟੇਟਾਂ ਨੂੰ ਕਮਜ਼ੋਰ ਕਰਨਾ ਹੈ। ਸੀਨੀਅਰ ਆਗੂ ਕੰਵਰਪਾਲ ਸਿੰਘ ਨੇ ਦੋਸ਼ ਲਾਇਆ ਕਿ ਭਾਜਪਾ ਦੀ ਪੰਜਾਬ ਪ੍ਰਤੀ ਨੀਅਤ ਖੋਟੀ ਅਤੇ ਨੀਤੀ ਖਤਰਨਾਕ ਹੈ ਜਿਸ ਤਹਿਤ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਨੂੰ ਖੋਹਣ ਲਈ ਕੇਂਦਰ ਉਸ ਦੇ ਪ੍ਰਸ਼ਾਸਨਿਕ ਢਾਂਚੇ 'ਤੇ ਆਪਣੀ ਪਕੜ ਨੂੰ ਮਜ਼ਬੂਤ ਕਰ ਚੁੱਕਾ ਹੈ।

### ਦਰਬਾਰ ਸਾਹਿਬ ਕੰਪਲੈਕਸ ਵਿਚ ਇੱਟਾਂ 'ਤੇ 'ਰਾਮ' ਉਕਰੇ ਹੋਣ ਤੋਂ ਵਿਵਾਦ

**ਅੰਮ੍ਰਿਤਸਰ:** ਸ੍ਰੀ ਦਰਬਾਰ ਸਾਹਿਬ ਦੇ ਬਾਹਰ ਕੰਪਲੈਕਸ ਵਿਚ 'ਰਾਮ' ਛਾਪੇ ਵਾਲੀਆਂ ਇੱਟਾਂ ਲੱਗੀਆਂ ਹੋਣ ਦਾ ਵਿਵਾਦ ਭੱਖਦਾ ਨਜ਼ਰ ਆ ਰਿਹਾ ਹੈ। ਮੈਨੇਜਰ ਸੁਲੱਖਣ ਸਿੰਘ ਭੰਗਾਲੀ ਨੇ ਦੱਸਿਆ ਕਿ ਕੁਝ ਸਮਾਂ ਪਹਿਲਾਂ ਕੰਪਲੈਕਸ 'ਚ ਕਾਰ ਸੇਵਾ ਦੌਰਾਨ ਇਕ ਠੇਕੇਦਾਰ ਤੋਂ ਕੁਝ ਇੱਟਾਂ ਮੰਗਵਾਈਆਂ ਗਈਆਂ ਸਨ, ਜਿਨ੍ਹਾਂ 'ਤੇ ਰਾਮ ਉਕਰਿਆ ਹੋਇਆ ਸੀ। ਇਹ ਮਾਮਲਾ ਪ੍ਰਬੰਧਕਾਂ ਦੇ ਧਿਆਨ 'ਚ ਆਉਣ 'ਤੇ ਇੱਟਾਂ ਠੇਕੇਦਾਰ ਨੂੰ ਵਾਪਸ ਮੋੜ ਦਿੱਤੀਆਂ ਗਈਆਂ ਸਨ। ਉਨ੍ਹਾਂ ਕਿਹਾ ਕਿ ਸਿੱਖ ਸਦਭਾਵਨਾ ਦਲ ਨਾਮ ਦੀ ਜਥੇਬੰਦੀ ਵੱਲੋਂ ਸੰਗਤ ਵਿਚ ਲਗਾਤਾਰ ਗੁਮਰਾਹਕੁੰਨ ਪ੍ਰਚਾਰ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਅਜਿਹਾ ਕਾਰਜ ਨਹੀਂ ਕਰਦੀ ਜਿਸ ਨਾਲ ਕਿਸੇ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚੇ। ਦੂਜੇ ਪਾਸੇ ਸਦਭਾਵਨਾ ਦਲ ਦੇ ਆਗੂ ਇਕਬਾਲ ਸਿੰਘ ਨੇ ਆਖਿਆ ਕਿ ਫਿਲਹਾਲ ਜਥੇਬੰਦੀ ਦੀ ਤਸੱਲੀ ਨਹੀਂ ਹੋਈ ਹੈ।

## ਕੱਚੇ ਅਧਿਆਪਕਾਂ ਨੂੰ ਪੱਕੇ ਕਰਨ ਦਾ ਭਰੋਸਾ



**ਜਲੰਧਰ:** ਪੰਜਾਬ ਦੇ ਸਰਕਾਰੀ ਸਕੂਲਾਂ ਵਿਚ 18 ਸਾਲਾਂ ਤੋਂ ਪੜ੍ਹਾ ਰਹੇ ਕੱਚੇ ਅਧਿਆਪਕਾਂ ਨੇ ਇਥੇ ਮੁੱਖ ਮੰਤਰੀ ਭਗਵੰਤ ਮਾਨ ਨਾਲ ਮੁਲਾਕਾਤ ਕਰਕੇ ਆਪਣੀਆਂ ਮੰਗਾਂ ਉਨ੍ਹਾਂ ਸਾਹਮਣੇ ਰੱਖੀਆਂ। ਯੂਨੀਅਨ ਆਗੂ ਅਜਮੇਰ ਔਲਖ ਤੇ ਮਨਪ੍ਰੀਤ ਸਿੰਘ ਨੇ ਮੁੱਖ ਮੰਤਰੀ ਨਾਲ ਕੀਤੀ ਗੱਲਬਾਤ ਦਾ ਵੇਰਵਾ ਆਪਣੇ ਸਾਥੀਆਂ ਨਾਲ ਸਾਂਝਾ ਕਰਦਿਆਂ ਦੱਸਿਆ ਕਿ ਉਨ੍ਹਾਂ ਨੇ ਮੁੱਖ ਮੰਤਰੀ ਨੂੰ ਯਾਦ ਕਰਵਾਇਆ ਕਿ ਉਨ੍ਹਾਂ ਕੱਚੇ ਅਧਿਆਪਕਾਂ ਨਾਲ ਮੁਹਾਲੀ ਧਰਨੇ ਦੌਰਾਨ ਵਾਅਦਾ ਕੀਤਾ ਸੀ ਕਿ ਸੱਤਾ ਵਿਚ ਆਉਣ ਤੋਂ ਬਾਅਦ ਪਹਿਲ ਦੇ ਆਧਾਰ 'ਤੇ ਕੱਚੇ ਅਧਿਆਪਕਾਂ ਨੂੰ ਪੱਕਾ ਕੀਤਾ ਜਾਵੇਗਾ।

ਯੂਨੀਅਨ ਆਗੂਆਂ ਨੇ ਮੁੱਖ ਮੰਤਰੀ ਤੋਂ ਮੰਗ ਕੀਤੀ ਕਿ 18 ਸਾਲਾਂ ਤੋਂ ਮਾਨਸਿਕ ਅਤੇ ਆਰਥਿਕ ਪਰੇਸ਼ਾਨੀਆਂ ਝੱਲਦੇ ਹੋਏ ਆਪਣੀਆਂ ਸੇਵਾਵਾਂ ਨਿਭਾਅ ਰਹੇ 13 ਹਜ਼ਾਰ ਕੱਚੇ ਅਧਿਆਪਕਾਂ ਨੂੰ ਜਲਦੀ ਪੱਕਾ ਕਰ ਕੇ ਉਨ੍ਹਾਂ ਨੂੰ ਰਾਹਤ ਦੀ ਖ਼ਬਰ ਦਿੱਤੀ ਜਾਵੇ। ਅਧਿਆਪਕਾਂ ਦੀ ਗੱਲ ਸੁਣਨ ਮਗਰੋਂ ਮੁੱਖ ਮੰਤਰੀ ਪੰਜਾਬ ਨੇ ਉਸੇ ਵੇਲੇ ਮੌਜੂਦ ਅਫਸਰਾਂ ਨੂੰ ਹਦਾਇਤ ਕੀਤੀ ਕਿ ਕੱਚੇ ਅਧਿਆਪਕਾਂ ਦਾ ਮੁੱਦਾ ਵਿਧਾਨ ਸਭਾ ਦੇ ਬਜਟ ਸੈਸ਼ਨ ਵਿਚ ਸ਼ਾਮਲ ਕੀਤਾ ਜਾਵੇ।

ਜਾਣਕਾਰੀ ਅਨੁਸਾਰ ਯੂਨੀਅਨ ਆਗੂਆਂ ਨੇ ਦੱਸਿਆ ਕਿ ਮੁਹਾਲੀ ਧਰਨੇ ਵਿਚ ਕੀਤੇ ਵਾਅਦੇ ਨੂੰ ਪੂਰਾ ਕਰਵਾਉਣ ਲਈ ਦੇਸ਼ ਭਗਤ ਯਾਦਗਾਰ ਹਾਲ ਵਿਚ ਸੂਬੇ ਭਰ ਵਿਚੋਂ ਕੱਚੇ ਅਧਿਆਪਕ ਇਕੱਠੇ ਹੋਏ ਸਨ। ਇਸ ਮੌਕੇ ਕੀਤੀ ਗਈ ਮੀਟਿੰਗ ਵਿਚ ਇਹ ਫੈਸਲਾ ਲਿਆ ਗਿਆ ਸੀ ਕਿ ਮੁੱਖ ਮੰਤਰੀ ਦੇ ਸਮਾਗਮ ਵਿਚ ਸ਼ਾਮਲ ਹੋ ਕੇ ਉਨ੍ਹਾਂ ਸਾਹਮਣੇ ਗੱਲ ਰਹੀ ਜਾਵੇਗੀ। ਜਲੰਧਰ ਪ੍ਰਸ਼ਾਸਨ ਨਾਲ ਜਥੇਬੰਦੀ ਦੇ ਆਗੂਆਂ ਦੀ ਪਹਿਲਾਂ ਤੋਂ ਚੱਲ ਰਹੀ ਗੱਲਬਾਤ ਦੌਰਾਨ ਪ੍ਰਸ਼ਾਸਨ ਨੇ ਯੂਨੀਅਨ ਆਗੂ ਅਜਮੇਰ ਔਲਖ ਤੇ ਮਨਪ੍ਰੀਤ ਸਿੰਘ ਦੀ ਮੁੱਖ ਮੰਤਰੀ ਪੰਜਾਬ ਨਾਲ ਮੀਟਿੰਗ ਤੈਅ ਕਰਵਾਈ ਸੀ।

### ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰਨ ਦਾ ਭਰੋਸਾ

**ਚੰਡੀਗੜ੍ਹ:** ਸੀ.ਪੀ.ਐਫ. ਕਰਮਚਾਰੀ ਯੂਨੀਅਨ ਪੰਜਾਬ ਦਾ ਵਫ਼ਦ ਸੂਬਾ ਪ੍ਰਧਾਨ ਸੁਖਜੀਤ ਸਿੰਘ ਦੀ ਅਗਵਾਈ ਹੇਠ ਮੁੱਖ ਮੰਤਰੀ ਭਗਵੰਤ ਮਾਨ ਨੂੰ ਮਿਲਿਆ। ਸੂਬਾ ਪ੍ਰਧਾਨ ਸੁਖਜੀਤ ਸਿੰਘ ਨੇ ਦੱਸਿਆ ਕਿ ਵਫ਼ਦ ਵੱਲੋਂ ਮੁੱਖ ਮੰਤਰੀ ਦੇ ਧਿਆਨ ਵਿਚ ਲਿਆਂਦਾ ਗਿਆ ਕਿ ਪੰਜਾਬ ਦੇ ਲਗਭਗ ਦੋ ਲੱਖ ਕਰਮਚਾਰੀ ਨਵੀਂ ਪੈਨਸ਼ਨ ਸਕੀਮ ਦਾ ਵਿਰੋਧ ਕਰਦੇ ਹੋਏ ਪੁਰਾਣੀ ਪੈਨਸ਼ਨ ਸਕੀਮ ਬਹਾਲੀ ਮੰਗ ਰਹੇ ਹਨ। ਉਨ੍ਹਾਂ ਦੱਸਿਆ ਕਿ ਮੁੱਖ ਮੰਤਰੀ ਨੇ ਪੰਜਾਬ ਵਿਚ ਪੁਰਾਣੀ ਪੈਨਸ਼ਨ ਸਕੀਮ ਦੀ ਬਹਾਲੀ ਦਾ ਮੁੱਦਾ ਜਲਦ ਹੱਲ ਕਰਨ ਦਾ ਭਰੋਸਾ ਦਿੰਦਿਆਂ ਕਿਹਾ ਕਿ ਜਿਨ੍ਹਾਂ ਸੂਬਿਆਂ ਵਿਚ ਨਵੀਂ ਪੈਨਸ਼ਨ ਸਕੀਮ ਨੂੰ ਰੱਦ ਕਰਕੇ ਪੁਰਾਣੀ ਪੈਨਸ਼ਨ ਸਕੀਮ ਦੀ ਬਹਾਲੀ ਕੀਤੀ ਗਈ ਹੈ, ਪੰਜਾਬ ਸਰਕਾਰ ਉਨ੍ਹਾਂ ਸੂਬਿਆਂ ਨਾਲ ਤਾਲਮੇਲ ਕਰ ਕੇ ਹਰ ਤਰ੍ਹਾਂ ਦੀ ਜਾਣਕਾਰੀ ਹਾਸਲ ਕਰ ਰਹੀ ਹੈ।

**Punjab Times**
**Established in 2000**
**22nd Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Astt. Editors:**
Jaspreet Kaur
Amrit Pal Kaur

**Our Columnists**
Gurbakhsh Singh Bhandal
Baljit Basi
Buta Singh
Tarlochan Singh Dupalpur
Major Kular

**California:**
Shiara Dhindsa
Photographer
661-703-6664

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 105 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

## ਬਜਟ ਸੈਸ਼ਨ 'ਚ ਆਏਗਾ 'ਇਕ ਵਿਧਾਇਕ-ਇਕ ਪੈਨਸ਼ਨ' ਬਿੱਲ

**ਚੰਡੀਗੜ੍ਹ:** 'ਆਪ' ਸਰਕਾਰ ਆਪਣੇ ਪਲੇਠੇ ਬਜਟ ਸੈਸ਼ਨ ਵਿਚ ਵਿਧਾਨ ਸਭਾ 'ਚ 'ਇਕ ਵਿਧਾਇਕ-ਇਕ ਪੈਨਸ਼ਨ' ਬਿੱਲ ਲੈ ਕੇ ਆਵੇਗੀ। ਇਸੇ ਤਰ੍ਹਾਂ ਠੇਕਾ ਪ੍ਰਣਾਲੀ ਤਹਿਤ ਭਰਤੀ ਮੁਲਾਜ਼ਮਾਂ ਨੂੰ ਪੱਕੇ ਕਰਨ ਲਈ ਵੀ ਬਜਟ ਸੈਸ਼ਨ ਵਿਚ ਬਿੱਲ ਲਿਆਂਦਾ ਜਾਣਾ ਹੈ। ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਸਾਬਕਾ ਵਿਧਾਇਕਾਂ ਨੂੰ ਮਿਲਦੇ ਪੈਨਸ਼ਨਾਂ ਦੇ ਗੱਫਿਆਂ 'ਤੇ ਕੱਟ ਲਾਏ ਜਾਣ ਦੇ ਮਾਮਲੇ ਨੂੰ ਕਾਫੀ ਪ੍ਰਚਾਰਿਆ ਗਿਆ ਹੈ। ਪੰਜਾਬ ਕੈਬਨਿਟ ਨੇ 2 ਮਈ ਨੂੰ 'ਇਕ ਵਿਧਾਇਕ-ਇਕ ਪੈਨਸ਼ਨ' ਬਾਰੇ ਆਰਡੀਨੈਂਸ ਨੂੰ ਹਰੀ ਝੰਡੀ ਦਿੱਤੀ ਸੀ ਪਰ ਮਗਰੋਂ ਰਾਜਪਾਲ ਨੇ ਇਸ ਨੂੰ ਮੋੜ ਦਿੱਤਾ ਸੀ। ਰਾਜਪਾਲ ਪੰਜਾਬ ਨੇ ਇਸ ਮਾਮਲੇ 'ਤੇ ਬਜਟ ਸੈਸ਼ਨ ਵਿਚ ਬਿੱਲ ਲਿਆਉਣ ਦਾ ਮਸ਼ਵਰਾ ਦਿੱਤਾ ਸੀ। ਪੰਜਾਬ ਦਾ ਬਜਟ ਸੈਸ਼ਨ 24 ਜੂਨ ਨੂੰ ਸ਼ੁਰੂ ਹੋ ਰਿਹਾ ਹੈ ਜੋ ਕਿ 30 ਜੂਨ ਤੱਕ ਚੱਲੇਗਾ। ਇਸ ਬਜਟ ਸੈਸ਼ਨ ਵਿਚ ਜੇ ਇਹ ਬਿੱਲ ਪਾਸ ਹੁੰਦਾ ਹੈ ਤਾਂ ਜੁਲਾਈ ਮਹੀਨੇ ਤੋਂ ਸਾਬਕਾ ਵਿਧਾਇਕਾਂ ਨੂੰ ਸਿਰਫ ਇਕ ਟਰਮ ਦੀ ਪੈਨਸ਼ਨ ਮਿਲਣੀ ਸ਼ੁਰੂ ਹੋ ਜਾਵੇਗੀ। ਪਹਿਲਾਂ ਸਾਬਕਾ ਵਿਧਾਇਕਾਂ ਨੂੰ ਹਰ ਟਰਮ ਦੀ ਵੱਖਰੀ ਪੈਨਸ਼ਨ ਮਿਲਦੀ ਸੀ।

# ਕੇਂਦਰ ਅਫਗਾਨ ਸਿੱਖਾਂ ਦੇ ਮੁੜ-ਵਸੇਬੇ ਦਾ ਪ੍ਰਬੰਧ ਕਰੇ: ਧਾਮੀ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਾਬੁਲ ਵਿਚ ਗੁਰਦੁਆਰਾ ਕਰਤੇ ਪ੍ਰਵਾਨ 'ਤੇ ਹੋਏ ਅਤਿਵਾਦੀ ਹਮਲੇ ਵਿਚ ਮਾਰੇ ਗਏ ਭਾਈ ਸਵਿੰਦਰ ਸਿੰਘ ਦੇ ਪਰਿਵਾਰਕ ਮੈਂਬਰਾਂ ਨਾਲ ਦਿੱਲੀ ਵਿਚ ਮੁਲਾਕਾਤ ਕੀਤੀ।

ਇਸ ਮਗਰੋਂ ਉਨ੍ਹਾਂ ਦਿੱਲੀ ਦੇ ਤਿਲਕ ਨਗਰ ਸਥਿਤ ਗੁਰਦੁਆਰਾ ਗੁਰੂ ਅਰਜਨ ਦੇਵ ਜੀ ਵਿਚ ਸਵਿੰਦਰ ਸਿੰਘ ਨਮਿਤ ਕੀਤੀ ਗਈ ਅੰਤਿਮ ਅਰਦਾਸ ਵਿਚ ਵੀ ਸ਼ਮੂਲੀਅਤ ਕੀਤੀ। ਮ੍ਰਿਤਕ ਦੀ ਪਤਨੀ ਪਾਲ ਕੌਰ, ਬਰਤਾਨੀਆ ਤੋਂ ਪੁੱਜੇ ਉਨ੍ਹਾਂ ਦੇ ਪੁੱਤਰ ਅਜਮੀਤ ਸਿੰਘ ਤੇ ਹੋਰ ਪਰਿਵਾਰਕ ਮੈਂਬਰਾਂ ਨਾਲ ਹਮਦਰਦੀ ਪ੍ਰਗਟ ਕਰਦਿਆਂ ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਅਫਗਾਨਿਸਤਾਨ ਦੇ ਸਿੱਖਾਂ ਨਾਲ ਹੈ ਤੇ ਲੋੜ ਅਨੁਸਾਰ ਹਰ ਸੰਭਵ ਮਦਦ ਕਰਨ ਲਈ ਵਚਨਬੱਧ ਹੈ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੇ ਕਿਹਾ ਕਿ ਭਾਰਤ ਸਰਕਾਰ ਅਫਗਾਨ ਸਿੱਖਾਂ ਨੂੰ ਭਾਰਤ ਲਿਆ ਕੇ ਉਨ੍ਹਾਂ ਦੇ ਮੁੜ-ਵਸੇਬੇ ਦਾ ਪ੍ਰਬੰਧ ਕਰੇ ਤੇ ਇਸ ਮਾਮਲੇ ਵਿਚ ਸਿੱਖ ਸੰਸਥਾ ਵੀ ਹਰ ਸੰਭਵ



ਮਦਦ ਕਰੇਗੀ।

ਉਨ੍ਹਾਂ ਆਖਿਆ ਕਿ ਸਰਕਾਰ ਨੂੰ ਦੁਨੀਆਂ ਭਰ ਵਿਚ ਵੱਸਦੇ ਸਿੱਖਾਂ ਤੇ ਹੋਰ ਭਾਰਤੀਆਂ ਦੀ ਸੁਰੱਖਿਆ ਲਈ ਸਮੇਂ ਸਿਰ ਕਦਮ ਚੁੱਕਣੇ ਚਾਹੀਦੇ ਹਨ ਤਾਂ ਜੋ ਅਜਿਹੀ ਮੰਦਭਾਗੀ ਘਟਨਾ ਮੁੜ ਨਾ ਵਾਪਰੇ।

## ਸਿੱਖ ਵਿਰੋਧੀ ਦੰਗਿਆਂ ਸਬੰਧੀ ਦੋ ਹੋਰ ਕਾਬੂ

**ਕਾਨਪੁਰ (ਯੂ.ਪੀ.):** ਕਾਨਪੁਰ 'ਚ 1984 ਦੇ ਸਿੱਖ ਵਿਰੋਧੀ ਦੰਗਿਆਂ ਦੀ ਜਾਂਚ ਕਰ ਰਹੀ ਵਿਸ਼ੇਸ਼ ਜਾਂਚ ਟੀਮ ਨੇ ਸਮੂਹਿਕ ਕਤਲੇਆਮ ਅਤੇ ਘਰ ਨੂੰ ਅੱਗ ਲਾਉਣ ਦੇ ਦੋਸ਼ ਵਿਚ ਦੋ ਹੋਰ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਹੈ। ਇਨ੍ਹਾਂ ਦੀ ਇਸ ਕਾਰਵਾਈ ਕਾਰਨ ਤਿੰਨ ਵਿਅਕਤੀਆਂ ਦੀ ਮੌਤ ਹੋ ਗਈ ਸੀ। ਇਹ ਗ੍ਰਿਫਤਾਰੀਆਂ ਘਾਟਮਪੁਰ ਤੋਂ ਕੀਤੀਆਂ ਗਈਆਂ ਹਨ ਅਤੇ ਹੁਣ ਤੱਕ ਐਸ.ਆਈ.ਟੀ. ਵੱਲੋਂ ਫੜੇ ਵਿਅਕਤੀਆਂ ਦੀ ਗਿਣਤੀ ਛੇ ਹੋ ਗਈ ਹੈ। ਗ੍ਰਿਫਤਾਰ ਕੀਤੇ ਗਏ ਦੋ ਵਿਅਕਤੀਆਂ ਦੀ ਪਛਾਣ ਮੋਬੀਨ ਸ਼ਾਹ (60) ਅਤੇ ਅਮਰ ਸਿੰਘ ਉਰਫ ਭੂਰਾ (61) ਵਜੋਂ ਹੋਈ ਹੈ। ਐਸ.ਆਈ.ਟੀ. ਦੀ ਅਗਵਾਈ ਕਰ ਰਹੇ ਪੁਲਿਸ ਦੇ ਡਿਪਟੀ ਇੰਸਪੈਕਟਰ ਜਨਰਲ (ਡੀ.ਆਈ.ਜੀ.) ਬਲੇਂਦੂ ਭੂਸ਼ਨ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੂੰ ਮੁੱਖ ਮੈਟਰੋਪੋਲੀਟਨ ਮੈਜਿਸਟਰੇਟ ਦੀ ਅਦਾਲਤ ਵਿਚ ਪੇਸ਼ ਕੀਤਾ ਗਿਆ, ਜਿੱਥੇ ਉਨ੍ਹਾਂ ਨੂੰ 14 ਦਿਨਾਂ ਦੀ ਨਿਆਇਕ ਹਿਰਾਸਤ ਵਿਚ ਭੇਜ ਦਿੱਤਾ ਗਿਆ।

# ਮਹਾਰਾਜਾ ਰਣਜੀਤ ਸਿੰਘ ਦੀ ਬਰਸੀ ਮਨਾਉਣ ਜਥਾ ਪਾਕਿਸਤਾਨ ਪੁੱਜਾ

**ਅਟਾਰੀ:** ਪਾਕਿਸਤਾਨ ਸਥਿਤ ਲਾਹੌਰ ਵਿਖੇ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ ਸਲਾਨਾ ਬਰਸੀ ਉਨ੍ਹਾਂ ਦੀ ਸਮਾਧ ਨੇੜੇ ਗੁਰਦੁਆਰਾ ਡੇਹਰਾ ਸਾਹਿਬ ਲਾਹੌਰ ਵਿਖੇ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਉਣ ਅਤੇ ਗੁਰਧਾਮਾਂ ਦੇ ਦਰਸ਼ਨ ਕਰਨ ਲਈ ਭਾਰਤ ਤੋਂ ਸਿੱਖ ਸ਼ਰਧਾਲੂਆਂ ਦਾ ਜਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕਾਰਜਕਾਰਨੀ ਮੈਂਬਰ ਗੁਰਮੀਤ ਸਿੰਘ ਬੂਹ ਦੀ ਅਗਵਾਈ ਹੇਠ ਅਟਾਰੀ-ਵਾਹਗਾ ਸਰਹੱਦ ਰਸਤੇ ਪਾਕਿਸਤਾਨ ਲਈ ਰਵਾਨਾ ਹੋਇਆ।

ਅਟਾਰੀ ਤੋਂ ਪਾਕਿਸਤਾਨ ਲਈ ਰਵਾਨਾ ਹੋਏ ਸਿੱਖ ਜਥੇ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ, ਖਾਲੜਾ ਮਿਸ਼ਨ ਕਮੇਟੀ, ਭਾਈ ਮਰਦਾਨਾ ਯਾਦਗਾਰੀ ਕੀਰਤਨ ਦਰਬਾਰ ਸੁਸਾਇਟੀ ਫਿਰੋਜ਼ਪੁਰ, ਖਾਲੜਾ ਮਿਸ਼ਨ ਕਮੇਟੀ ਤੇ ਰਾਜਸਥਾਨ ਦੇ ਸ਼ਰਧਾਲੂਆਂ ਤੋਂ ਇਲਾਵਾ ਜਥੇ ਦੇ ਡਿਪਟੀ ਲੀਡਰ ਸ਼੍ਰੋਮਣੀ ਕਮੇਟੀ ਮੈਂਬਰ ਜਥੇਦਾਰ ਮਿੱਠੂ ਸਿੰਘ ਕਾਹਨੇ ਕੇ ਪ੍ਰਬੰਧਕਾਂ ਤੋਂ ਇਲਾਵਾ ਹਜ਼ੂਰੀ ਰਾਗੀ ਸ੍ਰੀ ਦਰਬਾਰ ਸ਼ਾਮਲ ਸਨ।

ਜਥੇ ਦੇ ਪਾਕਿਸਤਾਨ ਲਈ ਰਵਾਨਾ ਹੋਣ ਤੋਂ ਪਹਿਲਾਂ ਸ੍ਰੀ ਗੁਰਮੀਤ ਸਿੰਘ ਬੂਹ ਨੇ ਦੱਸਿਆ ਕਿ ਭਾਰਤੀ ਸਿੱਖ ਸ਼ਰਧਾਲੂਆਂ ਦਾ ਜਥਾ ਲਾਹੌਰ ਵਿਖੇ 29 ਜੂਨ ਨੂੰ ਮਹਾਰਾਜਾ ਰਣਜੀਤ ਸਿੰਘ ਦੀ ਬਰਸੀ ਉਨ੍ਹਾਂ ਦੀ ਸਮਾਧ ਨੇੜੇ ਗੁਰਦੁਆਰਾ ਡੇਹਰਾ ਸਾਹਿਬ ਲਾਹੌਰ ਵਿਖੇ ਮਨਾਉਣ ਅਤੇ ਗੁਰਧਾਮਾਂ ਦੇ ਦਰਸ਼ਨ ਕਰਨ ਲਈ 10 ਦਿਨਾਂ ਦੀ ਯਾਤਰਾ ਲਈ ਪਾਕਿਸਤਾਨ ਜਾ ਰਿਹਾ ਹੈ। ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ ਬਰਸੀ ਨੂੰ ਸਮਰਪਿਤ ਉਨ੍ਹਾਂ ਦੀ ਸਮਾਧ ਵਿਖੇ 27 ਜੂਨ ਨੂੰ ਅਖੰਡ ਪਾਠ ਸਾਹਿਬ ਆਰੰਭ ਹੋਣਗੇ। 28 ਜੂਨ ਨੂੰ ਜਥਾ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦੇ ਦਰਸ਼ਨ ਕਰਨ ਜਾਵੇਗਾ। ਉਨ੍ਹਾਂ ਦੱਸਿਆ ਕਿ 29 ਜੂਨ ਨੂੰ ਮਹਾਰਾਜਾ ਰਣਜੀਤ ਸਿੰਘ ਦੀ ਸਮਾਧ ਵਿਖੇ ਅਖੰਡ ਪਾਠ ਸਾਹਿਬ ਦੇ ਭੋਗ ਪੈਣਗੇ ਅਤੇ ਬਰਸੀ ਮਨਾਈ ਜਾਵੇਗੀ।

# ਮੂਸੇਵਾਲਾ ਕਤਲ ਕਾਂਡ: ਦਿੱਲੀ ਪੁਲਿਸ ਵੱਲੋਂ ਦੋ ਸ਼ੂਟਰਾਂ ਸਣੇ ਤਿੰਨ ਗ੍ਰਿਫਤਾਰ

**ਨਵੀਂ ਦਿੱਲੀ:** ਦਿੱਲੀ ਪੁਲਿਸ ਦੇ ਸਪੈਸ਼ਲ ਸੈੱਲ ਨੇ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਕਤਲ ਮਾਮਲੇ ਵਿਚ ਦੋ ਸ਼ਾਰਪ ਸ਼ੂਟਰਾਂ ਸਣੇ ਤਿੰਨ ਜਣਿਆਂ ਨੂੰ ਗ੍ਰਿਫਤਾਰ ਕੀਤਾ ਹੈ। ਅਧਿਕਾਰੀਆਂ ਨੇ ਦੱਸਿਆ ਕਿ ਮੁਲਜ਼ਮਾਂ ਦੀ ਪਛਾਣ ਪ੍ਰਿਆਵਰਤ ਉਰਫ ਫੌਜੀ (26) ਵਾਸੀ ਸੋਨੀਪਤ, ਕਸ਼ਿਸ਼ (24) ਵਾਸੀ ਜ਼ਿਲ੍ਹਾ ਝੱਜਰ ਅਤੇ ਕੇਸ਼ਵ ਕੁਮਾਰ (29) ਵਾਸੀ ਬਠਿੰਡਾ (ਪੰਜਾਬ) ਵਜੋਂ ਹੋਈ ਹੈ। ਦਿੱਲੀ ਦੀ ਇਕ ਅਦਾਲਤ ਨੇ ਤਿੰਨਾਂ ਨੂੰ 14 ਦਿਨ ਦੇ ਪੁਲਿਸ ਰਿਮਾਂਡ 'ਤੇ ਭੇਜ ਦਿੱਤਾ ਹੈ। ਦਿੱਲੀ ਪੁਲਿਸ ਦੇ ਸਪੈਸ਼ਲ ਸੈੱਲ ਨੇ ਵਧੀਕ ਸੈਸ਼ਨ ਜੱਜ ਸੰਜੈ ਖਨਗਵਾਲ ਦੀ ਅਦਾਲਤ ਨੂੰ ਦੱਸਿਆ ਕਿ ਵੱਡੀ ਸਾਜ਼ਿਸ਼ ਦਾ ਪਰਦਾਫਾਸ਼ ਕਰਨ ਲਈ ਤਿੰਨਾਂ ਮੁਲਜ਼ਮਾਂ ਤੋਂ ਪੁੱਛਗਿੱਛ ਕੀਤੀ ਜਾਣੀ ਹੈ। ਇਨ੍ਹਾਂ ਤਿੰਨਾਂ ਨੂੰ ਗੁਜਰਾਤ ਦੇ ਕੱਛ ਵਿਚੋਂ ਗ੍ਰਿਫਤਾਰ ਕੀਤਾ ਗਿਆ ਸੀ।

ਦਿੱਲੀ ਪੁਲਿਸ ਦੇ ਸਪੈਸ਼ਲ ਸੈੱਲ ਦੇ ਮੁਖੀ ਐਚ.ਜੀ.ਐਸ. ਧਾਲੀਵਾਲ ਨੇ ਦੱਸਿਆ ਕਿ ਮੂਸੇਵਾਲਾ ਦੇ ਕਤਲ ਤੋਂ ਪਹਿਲਾਂ ਮੁਲਜ਼ਮਾਂ ਨੇ ਕਈ ਵਾਰ ਉਸ ਦੀ ਰੇਕੀ ਕੀਤੀ ਸੀ। ਮੁਲਜ਼ਮਾਂ ਕੋਲੋਂ ਅੱਠ ਗ੍ਰੇਨੇਡ, ਨੌਂ ਇਲੈਕਟ੍ਰਿਕ ਡੈਟੋਨੇਟਰ, ਤਿੰਨ ਪਿਸਤੌਲ ਅਤੇ ਇਕ ਅਸਾਲਟ ਰਾਈਫਲ ਬਰਾਮਦ ਕੀਤੀ ਹੈ। ਪ੍ਰਿਆਵਰਤ ਨੇ ਸ਼ੂਟਰਾਂ ਦੀ ਟੀਮ ਦੀ ਅਗਵਾਈ ਕੀਤੀ ਸੀ ਅਤੇ ਘਟਨਾ ਸਮੇਂ ਉਹ ਕੈਨੇਡਾ ਰਹਿੰਦੇ ਗੈਂਗਸਟਰ ਗੋਲਡੀ ਬਰਾੜ ਨਾਲ ਸਿੱਧੇ ਸੰਪਰਕ ਵਿਚ ਸੀ। ਉਹ ਕਤਲ ਕੇਸ ਵਿਚ ਮੁੱਖ ਸ਼ੂਟਰ ਹੈ ਤੇ ਉਸ ਨੇ ਹੀ ਹੱਤਿਆ ਨੂੰ ਅੰਜਾਮ ਦਿੱਤਾ ਹੈ। ਦੱਸਣਯੋਗ ਹੈ ਕਿ ਗੋਲਡੀ ਬਰਾੜ ਨੇ ਸਿੱਧੂ ਮੂਸੇਵਾਲਾ ਦੇ ਕਤਲ ਦੀ ਜ਼ਿੰਮੇਵਾਰੀ ਲਈ ਸੀ।

## ਰਿਸ਼ਵਤਖੋਰੀ ਕੇਸ 'ਚ ਆਈ.ਏ.ਐਸ. ਅਫਸਰ ਸੰਜੈ ਪੋਪਲੀ ਗ੍ਰਿਫਤਾਰ

**ਚੰਡੀਗੜ੍ਹ:** ਪੰਜਾਬ ਵਿਜੀਲੈਂਸ ਬਿਊਰੋ ਨੇ ਵੱਡੀ ਕਾਰਵਾਈ ਕਰਦਿਆਂ ਪੰਜਾਬ ਦੇ ਆਈ.ਏ.ਐਸ. ਸੰਜੇ ਪੋਪਲੀ ਨੂੰ ਰਿਸ਼ਵਤ ਦੇ ਦੋਸ਼ਾਂ ਹੇਠ ਗ੍ਰਿਫਤਾਰ ਕਰ ਲਿਆ। ਉਸ ਦੇ ਨਾਲ ਸੁਪਰਡੈਂਟ ਸੰਜੇ ਵਤਸ ਨੂੰ ਵੀ ਕਾਬੂ ਕੀਤਾ ਗਿਆ ਹੈ। ਵਿਜੀਲੈਂਸ ਅਧਿਕਾਰੀਆਂ ਦਾ ਦੱਸਣਾ ਹੈ ਕਿ ਦੋਵਾਂ ਖਿਲਾਫ ਠੇਕੇਦਾਰ ਕੋਲੋਂ ਸਾਢੇ 3 ਲੱਖ ਰੁਪਏ ਰਿਸ਼ਵਤ ਲੈਣ ਅਤੇ ਇੰਨੇ ਹੀ ਪੈਸੇ ਹੋਰ ਮੰਗਣ ਦੇ ਦੋਸ਼ ਹਨ। ਠੇਕੇਦਾਰ ਨੇ ਰਿਕਾਰਡਿੰਗ ਸਮੇਤ ਦਾਇਰ ਕੀਤੀ ਸ਼ਿਕਾਇਤ ਵਿਚ ਕਿਹਾ ਗਿਆ ਸੀ ਕਿ ਉਸ ਤੋਂ 1 ਫੀਸਦੀ ਕਮਿਸ਼ਨ ਮੰਗਿਆ ਗਿਆ ਸੀ। ਵਿਜੀਲੈਂਸ ਮੁਤਾਬਕ ਇਹ ਮਾਮਲਾ ਕਾਂਗਰਸ ਦੇ ਤਤਕਾਲੀ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਸਰਕਾਰ ਸਮੇਂ ਦਾ ਹੈ, ਜਦੋਂ ਸੰਜੇ ਪੋਪਲੀ ਪੰਜਾਬ ਸੀਵਰੇਜ ਬੋਰਡ ਦੇ ਸੀ.ਈ.ਓ. ਸੀ। ਇਹ ਕਾਰਵਾਈ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਸ਼ੁਰੂ ਕੀਤੀ ਗਈ ਐਂਟੀ-ਕੁਰੱਪਸ਼ਨ ਹੈਲਪ ਲਾਈਨ 'ਤੇ ਸ਼ਿਕਾਇਤ ਦੇ ਆਧਾਰ ਉਤੇ ਕੀਤੀ ਗਈ ਹੈ।

## ਮੋਦੀ ਸਰਕਾਰ ਖਿਲਾਫ ਪਿੜ ਬੱਝਣ ਲੱਗਾ

*(ਸਫਾ ਇਕ ਦੀ ਬਾਕੀ)*

ਖਿਲਾਫ ਮੁਜ਼ਾਹਰਿਆਂ ਦੌਰਾਨ ਹਿੰਸਾ ਤੇ ਅਗਜ਼ਨੀ ਵਿਚ ਸ਼ਾਮਲ ਨੌਜਵਾਨਾਂ ਨੂੰ ਭਰਤੀ ਨਹੀਂ ਕੀਤਾ ਜਾਵੇਗਾ। ਇਸ ਸਬੰਧੀ ਪੁਲਿਸ ਤੋਂ ਤਫਤੀਸ਼ ਕਰਵਾਈ ਜਾਵੇਗੀ ਅਤੇ ਸਬੰਧਤ ਨੌਜਵਾਨਾਂ ਨੂੰ ਸਰਟੀਫਿਕੇਟ ਦੇਣਾ ਪਵੇਗਾ ਕਿ ਅੰਦੋਲਨ ਦੌਰਾਨ ਹੋਈ ਕਿਸੇ ਹਿੰਸਕ ਗਤੀਵਿਧੀ ਨਾਲ ਉਨ੍ਹਾਂ ਦਾ ਕੋਈ ਸਬੰਧ ਨਹੀਂ ਸੀ।

ਚੇਤੇ ਰਹੇ ਕਿ ਪਿਛਲੇ ਦੋ ਸਾਲਾਂ ਦੌਰਾਨ ਫੌਜ ਵਿਚ ਭਰਤੀ ਨਹੀਂ ਹੋਈ। ਇਸ ਦਾ ਕਾਰਨ ਕਰੋਨਾ ਨੂੰ ਠਹਿਰਾਇਆ ਗਿਆ ਹੈ। ਇਸੇ ਕਾਰਨ ਅਗਨੀਵੀਰ ਭਰਤੀ ਕਰਨ ਲਈ ਰੱਖੀ ਗਈ 17.5 ਤੋਂ 21 ਸਾਲ ਤੱਕ ਦੀ ਉਮਰ ਇਸ ਵਾਰ ਦੋ ਸਾਲ ਵਧਾਈ ਗਈ ਹੈ। ਇਹ ਭਰਤੀ ਸਿਰਫ ਚਾਰ ਸਾਲਾਂ ਲਈ ਹੋਵੇਗੀ ਤੇ ਇਸ ਪਿੱਛੋਂ ਇਨ੍ਹਾਂ ਅਗਨੀਵੀਰਾਂ ਨੂੰ ਬਿਨਾਂ ਕਿਸੇ ਪੈਨਸ਼ਨ ਸਹੂਲਤ ਦੇ ਘਰਾਂ ਨੂੰ ਤੋਰ ਦਿੱਤਾ ਜਾਵੇਗਾ। ਹਾਲਾਂਕਿ ਰੋਸ ਮੁਜ਼ਾਹਰਿਆਂ ਦੇ ਦਬਾਅ ਹੇਠ ਇਹ ਫੈਸਲਾ ਵੀ ਕੀਤਾ ਗਿਆ ਕਿ ਚਾਰ ਸਾਲਾਂ ਪਿੱਛੋਂ ਸੇਵਾ-ਮੁਕਤ ਹੋਣ ਵਾਲੇ 75 ਫੀਸਦੀ ਜਵਾਨਾਂ ਲਈ ਨੀਮ ਫੌਜੀ ਬਲਾਂ ਵਿਚ ਦਸ ਫੀਸਦੀ ਰਾਖਵਾਂਕਰਨ ਕੀਤਾ ਜਾਵੇਗਾ। ਕਈ ਸੂਬਾ ਸਰਕਾਰਾਂ ਅਤੇ ਮਹਿਕਮਿਆਂ ਨੇ ਵੀ ਆਪਣੀਆਂ ਭਰਤੀਆਂ ਵਿਚ ਅਗਨੀਵੀਰਾਂ ਨੂੰ ਤਰਜੀਹ ਦੇਣ ਦਾ ਫੈਸਲਾ ਕੀਤਾ ਹੈ। ਇਸੇ ਦੌਰਾਨ ਭਾਰਤੀ ਜਨਤਾ ਪਾਰਟੀ ਦੇ ਰਾਸ਼ਟਰੀ ਜਨਰਲ ਸਕੱਤਰ ਕੈਲਾਸ਼ ਵਿਜੈਵਰਗੀਆ ਦਾ ਵਿਵਾਦਤ ਬਿਆਨ ਵੀ ਆਇਆ ਕਿ ਭਾਜਪਾ ਸੇਵਾ-ਮੁਕਤ ਸਿਖਲਾਈ ਯਾਫਤਾ ਅਗਨੀਵੀਰਾਂ ਨੂੰ ਆਪਣੇ ਦਫਤਰ ਦੀ ਸੁਰੱਖਿਆ ਲਈ ਰੱਖੇਗੀ। ਦਰਅਸਲ, ਭਾਜਪਾ ਆਗੂਆਂ ਵੱਲੋਂ ਦਿੱਤੇ ਜਾ ਰਹੇ ਅਜਿਹੇ ਬਿਆਨਾਂ ਪਿੱਛੋਂ ਨੌਜਵਾਨਾਂ ਵਿਚ ਖਦਸ਼ਾ ਹੋਰ ਡੂੰਘਾ ਹੋ ਗਿਆ ਹੈ ਕਿ ਸਰਕਾਰ ਦਾ ਮਕਸਦ ਚਾਰ ਸਾਲਾ ਫੌਜੀ ਸਿਖਲਾਈ ਵਾਲੇ ਗਾਰਡ ਪੈਦਾ ਕਰਨ ਦੀ ਯੋਜਨਾ ਹੈ। ਚਾਰ ਸਾਲ ਇਨ੍ਹਾਂ ਨੌਜਵਾਨਾਂ ਨੂੰ ਸਖਤ ਸਿਖਲਾਈ ਵਿਚੋਂ ਲੰਘਣਾ ਪਵੇਗਾ ਤੇ ਇਸ ਤੋਂ ਬਾਅਦ ਘਰਾਂ ਨੂੰ ਤੋਰ ਦਿੱਤਾ ਜਾਵੇਗਾ। ਸਰਕਾਰ ਦਾਅਵੇ ਕਰ ਰਹੀ ਹੈ ਕਿ ਇਸ ਪਿੱਛੋਂ ਇਨ੍ਹਾਂ ਨੌਜਵਾਨਾਂ ਲਈ ਨੌਕਰੀ ਦੇ ਭਰਪੂਰ ਮੌਕੇ ਹੋਣਗੇ ਪਰ ਲਿਖਤੀ ਰੂਪ ਵਿਚ ਕੁਝ ਵੀ ਦੇਣ ਤੋਂ ਭੱਜ ਰਹੀ ਹੈ। ਕਿਸਾਨ ਅੰਦੋਲਨ ਮੁਲਤਵੀ ਕਰਵਾਉਣ ਸਮੇਂ ਵੀ ਸਰਕਾਰ ਨੇ ਕਿਸਾਨਾਂ ਨਾਲ ਕਈ ਵਾਅਦੇ ਕੀਤੇ ਸਨ ਪਰ ਬਾਅਦ ਵਿਚ ਮੁੱਕਰ ਗਈ। ਕਿਸਾਨ ਜਥੇਬੰਦੀਆਂ ਪਹਿਲਾਂ ਹੀ ਸਰਕਾਰ ਨੂੰ ਵਾਅਦੇ ਯਾਦ ਕਰਵਾਉਣ ਲਈ ਸੰਘਰਸ਼ ਦਿੱਲੀ ਵੱਲ ਮੋੜਨ ਦੀਆਂ ਤਿਆਰੀਆਂ ਕਰ ਰਹੀਆਂ ਸਨ ਪਰ ਸਰਕਾਰ ਦੀ ਅਗਨੀਪਥ ਖਿਲਾਫ ਨੌਜਵਾਨਾਂ ਦਾ ਰੋਸ ਇਸ ਲਹਿਰ ਨੂੰ ਹੋਰ ਤਿੱਖਾ ਰੂਪ ਦੇ ਸਕਦਾ ਹੈ।

## ਸ਼੍ਰੋਮਣੀ ਕਮੇਟੀ ਅਫਗਾਨ ਸਿੱਖਾਂ ਨੂੰ ਭਾਰਤ ਲਿਆਉਣ ਦਾ ਖਰਚਾ ਚੁੱਕੇਗੀ

*(ਸਫਾ ਇਕ ਦੀ ਬਾਕੀ)*

'ਚ ਜਿਹੜੇ ਸਿੱਖਾਂ ਕੋਲ ਆਵਾਜਾਈ ਖਰਚਿਆਂ ਲਈ ਰਾਸ਼ੀ ਨਹੀਂ ਹੈ, ਉਨ੍ਹਾਂ ਲਈ ਸ਼੍ਰੋਮਣੀ ਕਮੇਟੀ ਹਰ ਤਰ੍ਹਾਂ ਦਾ ਸਹਿਯੋਗ ਕਰੇਗੀ। ਉਨ੍ਹਾਂ ਦੱਸਿਆ ਕਿ ਉਨ੍ਹਾਂ ਦੀ ਬੀਤੇ ਦਿਨੀਂ ਦਿੱਲੀ ਵਿਚ ਅਫਗਾਨੀ ਸਿੱਖਾਂ ਨਾਲ ਗੱਲਬਾਤ ਹੋਈ ਸੀ ਜਿਨ੍ਹਾਂ ਨੇ ਅਫਗਾਨਿਸਤਾਨ 'ਚ ਰਹਿ ਰਹੇ ਸਿੱਖਾਂ ਬਾਰੇ ਜਾਣੂ ਕਰਵਾਇਆ। ਅਫਗਾਨ ਸਿੱਖ ਡਰੇ ਹੋਏ ਅਤੇ ਅਸੁਰੱਖਿਅਤ ਮਹਿਸੂਸ ਕਰ ਰਹੇ ਸਨ ਜਿਸ ਕਾਰਨ ਸਿੱਖ ਕੌਮ ਚਿੰਤਤ ਹੈ। ਭਾਰਤ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਅਫਗਾਨਿਸਤਾਨ 'ਚ ਹਰ ਸਿੱਖ ਦੀ ਸੁਰੱਖਿਆ ਲਈ ਸੰਜੀਦਾ ਯਤਨ ਕਰੇ ਅਤੇ ਉਨ੍ਹਾਂ ਨੂੰ ਭਾਰਤ ਲਿਆ ਕੇ ਨਾਗਰਿਕਤਾ ਦੇਵੇ। ਅਫਗਾਨਿਸਤਾਨ ਵਿਚ ਤਾਲਿਬਾਨ ਦੀ ਸੱਤਾ ਆਉਣ ਤੋਂ ਬਾਅਦ ਹੁਣ ਤਕ ਉਥੇ 167 ਸਿੱਖ ਅਤੇ ਹਿੰਦੂ ਹੀ ਰਹਿ ਗਏ ਹਨ ਜਿਨ੍ਹਾਂ ਵਿਚੋਂ ਪੰਜ ਕੋਲ ਪਾਸਪੋਰਟ ਨਹੀਂ ਹੈ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਡਾ. ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਰਾਜਿੰਦਰ ਸਿੰਘ ਬੈਂਸ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਹਰਜੀਤ ਸਿੰਘ ਸਾਹੀ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੂਰਾ |
| ਸਵਰਨਜੀਤ ਸਿੰਘ ਢਿੱਲੋਂ | ਸਰਵਣ ਸਿੰਘ ਟਿਵਾਣਾ | ਜਗਦੀਸ਼ਰ ਸਿੰਘ ਕਲੇਰ | ਗੁਲਜ਼ਾਰ ਸਿੰਘ ਮੁਲਤਾਨੀ |
| ਅਮੋਲਕ ਸਿੰਘ ਗਾਖਲ | ਜੈਦੇਵ ਸਿੰਘ ਭੱਠਲ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ |
| ਦਰਸ਼ਨ ਸਿੰਘ ਗਰੇਵਾਲ | ਪਰਮਿੰਦਰ ਸਿੰਘ ਵਾਲੀਆ | ਦਰਸ਼ਨ ਸਿੰਘ ਦਰੜ | ਗੁਰਵੀਰ ਸਿੰਘ ਗਿੱਲ |
| ਹਰਦਿਆਲ ਸਿੰਘ ਦਿਓਲ | ਜਸਵਿੰਦਰ ਸਿੰਘ (ਜੱਸੀ) ਗਿੱਲ | ਡਾ. ਗੁਰਚਰਨ ਸਿੰਘ ਗਰੇਵਾਲ | |

# ਵਿਜੀਲੈਂਸ ਦੀਆਂ ਸਰਗਰਮੀਆਂ ਨੇ ਕਾਂਗਰਸੀ ਆਗੂਆਂ ਦੀ ਨੀਂਦ ਉਡਾਈ

**ਚੰਡੀਗੜ੍ਹ:** ਸੂਬੇ ਵਿਚ ਸੱਤਾ ਤਬਦੀਲੀ ਤੋਂ ਬਾਅਦ ਵਿਜੀਲੈਂਸ ਵੱਲੋਂ ਜੰਗਲਾਤ, ਖੁਰਾਕ ਤੇ ਸਿਵਲ ਸਪਲਾਈ ਵਿਭਾਗ, ਟਰਾਂਸਪੋਰਟ, ਦਿਹਾਤੀ ਵਿਕਾਸ ਤੇ ਪੰਚਾਇਤ, ਲੋਕ ਨਿਰਮਾਣ, ਸਿੰਜਾਈ, ਮਾਈਨਿੰਗ, ਸਿਹਤ ਤੇ ਪਰਿਵਾਰ ਭਲਾਈ ਆਦਿ ਵਿਭਾਗਾਂ ਵਿਚ ਕਾਂਗਰਸ ਸਰਕਾਰ ਸਮੇਂ ਹੋਈਆਂ ਵਿੱਤੀ ਬੇਨੇਮੀਆਂ ਬਾਰੇ ਜਾਣਕਾਰੀ ਇਕੱਤਰ ਕੀਤੀ ਜਾਣ ਲੱਗੀ ਹੈ, ਜਿਸ ਕਾਰਨ ਪੰਜਾਬ ਦੇ ਤਿੰਨ ਦਰਜਨ ਤੋਂ ਵੱਧ ਕਾਂਗਰਸੀ ਆਗੂਆਂ, ਜਿਨ੍ਹਾਂ ਵਿਚ ਸਾਬਕਾ ਮੰਤਰੀ, ਸਾਬਕਾ ਤੇ ਮੌਜੂਦਾ ਵਿਧਾਇਕ ਅਤੇ ਹਲਕਾ ਇੰਚਾਰਜ ਸ਼ਾਮਲ ਹਨ, ਉਤੇ ਵਿਜੀਲੈਂਸ ਕਾਰਵਾਈ ਦੀ ਤਲਵਾਰ ਲਟਕ ਰਹੀ ਹੈ।

ਇਨ੍ਹਾਂ ਵਿਭਾਗਾਂ 'ਚ ਤਾਇਨਾਤ ਰਹੇ ਅਧਿਕਾਰੀਆਂ ਅਤੇ ਕਰਮਚਾਰੀਆਂ ਦੀ ਭੂਮਿਕਾ ਬਾਰੇ ਵੀ ਘੋਖ ਕੀਤੀ ਜਾ ਰਹੀ ਹੈ। ਸਰਕਾਰੀ ਪੱਧਰ 'ਤੇ ਕਾਂਗਰਸੀ ਆਗੂਆਂ ਅਤੇ ਅਫ਼ਸਰਾਂ ਵੱਲੋਂ ਸਰੋਤਾਂ ਤੋਂ ਵੱਧ ਆਮਦਨ ਦੇ ਮਾਮਲਿਆਂ ਦੀ ਵੀ ਪੜਤਾਲ ਕੀਤੀ ਜਾ ਰਹੀ ਹੈ। ਸੂਤਰਾਂ ਮੁਤਾਬਕ ਸਰਕਾਰ ਨੇ ਵਿਜੀਲੈਂਸ ਬਿਊਰੋ ਦੇ ਅਧਿਕਾਰੀਆਂ ਨੂੰ ਕਾਂਗਰਸ ਸਰਕਾਰ ਸਮੇਂ ਹੋਈਆਂ ਵਿੱਤੀ ਬੇਨੇਮੀਆਂ ਨੂੰ ਘੋਖਣ ਅਤੇ ਕਾਰਵਾਈ ਕਰਨ ਦੀਆਂ ਹਦਾਇਤਾਂ ਦਿੱਤੀਆਂ ਹਨ। ਵਿਜੀਲੈਂਸ ਵੱਲੋਂ ਠੋਸ ਜਾਣਕਾਰੀ ਇਕੱਤਰ ਕੀਤੇ ਜਾਣ ਤੋਂ ਬਾਅਦ ਹੀ ਕਾਨੂੰਨੀ ਕਾਰਵਾਈ ਅਮਲ ਵਿਚ ਲਿਆਂਦੀ ਜਾਵੇਗੀ।

ਰਾਜਸੀ ਹਲਕਿਆਂ ਵਿਚ ਕਾਂਗਰਸ ਦੇ ਕਈ ਵਿਧਾਇਕਾਂ ਦੇ ਰੂਪੋਸ਼ ਹੋਣ ਦੀਆਂ ਵੀ ਚਰਚਾਵਾਂ ਹਨ। ਕਾਂਗਰਸ ਨਾਲ ਸਬੰਧਤ ਸਾਬਕਾ ਮੰਤਰੀਆਂ ਦੇ ਭਾਜਪਾ ਵਿਚ ਸ਼ਾਮਲ ਹੋਣ ਤੋਂ ਬਾਅਦ ਕਾਂਗਰਸ ਦੇ ਹੋਰਨਾਂ ਸਾਬਕਾ ਮੰਤਰੀਆਂ ਅਤੇ ਵਿਧਾਇਕਾਂ ਵੱਲੋਂ ਵੀ ਦਲਬਦਲੀ ਦੀਆਂ ਕਨਸੋਆਂ ਹਨ। ਭਾਜਪਾ ਵੀ ਵਿਜੀਲੈਂਸ ਦੇ ਨਿਸ਼ਾਨੇ ਹੇਠ ਆਏ ਕਾਂਗਰਸੀਆਂ ਦੀ ਪਾਰਟੀ 'ਚ ਸ਼ਮੂਲੀਅਤ ਕਰਵਾ ਕੇ ਆਪਣਾ ਸਿਆਸੀ ਪਰਿਵਾਰ ਵੱਡਾ ਕਰਨ ਦੀਆਂ ਵਿਉਂਤਾਂ ਬਣਾ ਰਹੀ ਹੈ। ਭਾਜਪਾ ਆਗੂਆਂ ਦਾ ਕਹਿਣਾ ਹੈ ਕਿ ਹਾਲ ਦੀ ਘੜੀ ਪਾਰਟੀ ਦਾ ਮੁੱਖ ਏਜੰਡਾ ਕੁਨਬਾ ਵੱਡਾ ਕਰਨਾ ਹੈ ਤਾਂ ਜੋ ਕੌਮੀ ਪੱਧਰ 'ਤੇ ਇਹ ਦਰਸਾਇਆ ਜਾ ਸਕੇ ਕਿ ਸਿੱਖ ਆਗੂਆਂ ਨੂੰ ਭਾਜਪਾ ਦਾ ਪੱਲਾ ਫੜਨ 'ਚ ਕੋਈ ਸੰਕੋਚ ਨਹੀਂ ਹੈ। 'ਆਪ' ਸਰਕਾਰ ਦੀ ਕਾਂਗਰਸੀਆਂ ਵਿਰੁੱਧ ਚਲਾਈ ਮੁਹਿੰਮ ਭਾਜਪਾ ਨੂੰ ਰਾਸ ਆ ਰਹੀ ਹੈ। ਸੂਤਰਾਂ ਦਾ ਦੱਸਣਾ ਹੈ ਕਿ ਖੁਰਾਕ ਤੇ ਸਿਵਲ ਸਪਲਾਈ ਵਿਭਾਗ 'ਚ ਟਰਾਂਸਪੋਰਟ, ਲੇਬਰ ਅਤੇ ਹੋਰਨਾਂ ਕੰਮਾਂ ਨਾਲ ਜੁੜੇ ਵਿੱਤੀ ਲੈਣ-ਦੇਣ ਦੇ ਮਾਮਲੇ ਵਿਚ ਕਾਂਗਰਸ ਦੇ 30 ਦੇ ਕਰੀਬ ਆਗੂਆਂ ਦੀ ਭੂਮਿਕਾ ਬਾਰੇ



ਪੜਤਾਲ ਕੀਤੀ ਜਾ ਰਹੀ ਹੈ। ਇਸ ਵਿਭਾਗ ਨਾਲ ਸਬੰਧਤ ਸਾਬਕਾ ਮੰਤਰੀ ਭਾਰਤ ਭੂਸ਼ਨ ਆਸ਼ੂ ਤਾਂ ਆਪਣੇ ਬਚਾਅ ਲਈ ਪਹਿਲਾਂ ਹੀ ਪੰਜਾਬ ਤੇ ਹਰਿਆਣਾ ਹਾਈ ਕੋਰਟ ਤੱਕ ਪਹੁੰਚ ਕਰ ਚੁੱਕੇ ਹਨ। ਕਾਂਗਰਸ ਸਰਕਾਰ ਦੇ ਕਾਰਜਕਾਲ ਦੌਰਾਨ ਰਾਜਸਥਾਨ ਅਤੇ ਉਤਰ ਪ੍ਰਦੇਸ਼ ਆਦਿ ਸੂਬਿਆਂ ਤੋਂ ਸਸਤਾ ਝੋਨਾ ਲਿਆ ਕੇ ਪੰਜਾਬ ਦੀਆਂ ਮੰਡੀਆਂ 'ਚ ਵੇਚਣ, ਕਰੋਨਾ ਕਾਲ ਦੌਰਾਨ ਖੁਰਾਕ ਕਿੱਟਾਂ ਦੀ ਸਪਲਾਈ, ਬਾਰਦਾਨੇ ਦੀ ਖ਼ਰੀਦ 'ਚ ਗੜਬੜੀਆਂ ਦੇ ਸ਼ੰਕੇ ਦੀਆਂ ਰਿਪੋਰਟਾਂ ਆਉਣ ਲੱਗੀਆਂ ਹਨ।

ਖੁਰਾਕ ਤੇ ਸਿਵਲ ਸਪਲਾਈ ਵਿਭਾਗ ਦੇ ਅਧਿਕਾਰੀਆਂ ਦਾ ਇਹ ਵੀ ਦੱਸਣਾ ਹੈ ਕਿ ਕਾਂਗਰਸ ਦੀ ਹਕੂਮਤ ਦੌਰਾਨ ਸਿਆਸਤਦਾਨਾਂ ਵੱਲੋਂ ਮਨਮਰਜ਼ੀ ਦੇ ਠੇਕੇਦਾਰਾਂ ਨੂੰ ਟੈਂਡਰ ਅਲਾਟ ਕਰਨ ਸਮੇਂ ਇਕ ਆਈ.ਏ.ਐਸ. ਅਧਿਕਾਰੀ ਵੱਲੋਂ ਫਾਈਲਾਂ 'ਤੇ ਕੀਤੀਆਂ ਟਿੱਪਣੀਆਂ ਵੀ ਵਿਜੀਲੈਂਸ ਦੀ ਜਾਂਚ ਵਿਚ ਸਹਾਈ ਹੋ ਰਹੀਆਂ ਹਨ। ਇਸ ਵਿਭਾਗ ਵਿਚ ਤਾਇਨਾਤ ਰਹੇ ਸੀਨੀਅਰ ਅਧਿਕਾਰੀ ਦੀ ਭੂਮਿਕਾ ਤਾਂ ਇਸ ਵਿਭਾਗ ਦੀਆਂ ਬੇਨੇਮੀਆਂ ਵਿਚ ਸਾਹਮਣੇ ਆਉਣ ਲੱਗੀ ਹੈ ਤੇ ਇਹ ਅਧਿਕਾਰੀ ਆਪਣੇ ਬਚਾਅ ਲਈ ਹੱਥ ਪੈਰ ਵੀ ਮਾਰਨ ਲੱਗਾ ਹੈ। ਇਸੇ ਤਰ੍ਹਾਂ ਟਰਾਂਸਪੋਰਟ, ਦਿਹਾਤੀ ਵਿਕਾਸ ਤੇ ਪੰਚਾਇਤ, ਸਿਹਤ ਵਿਭਾਗ ਵਿੱਚ ਹੋਏ ਵੱਡੇ ਕੰਮਾਂ ਬਾਰੇ ਜਾਣਕਾਰੀ ਇਕੱਤਰ ਕੀਤੀ ਜਾਣ ਲੱਗੀ ਹੈ। ਮਾਈਨਿੰਗ ਨਾਲ ਜੁੜੇ ਵਿਅਕਤੀਆਂ ਖਿਲਾਫ਼ ਤਾਂ ਕਾਰਵਾਈ ਸ਼ੁਰੂ ਹੋ ਗਈ ਹੈ ਤੇ ਆਉਂਦੇ ਦਿਨਾਂ ਦੌਰਾਨ ਕਾਂਗਰਸ ਦੇ ਕੁਝ ਆਗੂਆਂ ਖਿਲਾਫ਼ ਕਾਰਵਾਈ ਹੋਣ ਦੀ ਚਰਚਾ ਜ਼ੋਰਾਂ 'ਤੇ ਹੈ।

## ਜੰਗਲਾਤ ਰਕਬੇ 'ਚੋਂ ਖਣਨ ਸਬੰਧੀ ਵਿਜੀਲੈਂਸ ਜਾਂਚ ਸ਼ੁਰੂ

**ਰੂਪਨਗਰ:** ਜੰਗਲਾਤ ਵਿਭਾਗ ਦੇ ਰਕਬੇ ਵਿਚੋਂ ਗੈਰਕਾਨੂੰਨੀ ਢੰਗ ਨਾਲ ਖਣਨ ਕਰਨ ਦੇ ਦੋਸ਼ ਹੇਠ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੇ ਨੇੜਲੇ ਇਕਬਾਲ ਸਿੰਘ ਸ਼ਾਲਾਪੁਰ ਨੂੰ ਚਮਕੌਰ ਸਾਹਿਬ ਪੁਲਿਸ ਵੱਲੋਂ ਗ੍ਰਿਫਤਾਰ ਕੀਤੇ ਜਾਣ ਮਗਰੋਂ ਹੁਣ ਵਿਜੀਲੈਂਸ ਦੀ ਟੀਮ ਵੀ ਉਕਤ ਮਾਮਲੇ ਦੀ ਜਾਂਚ ਵਿਚ ਜੁੱਟ ਗਈ ਹੈ। ਮੁਹਾਲੀ ਅਤੇ ਰੂਪਨਗਰ ਵਿਜੀਲੈਂਸ ਵੱਲੋਂ ਸਾਂਝੇ ਤੌਰ 'ਤੇ ਜਿੰਦਾਪੁਰ 'ਚ ਹੋਏ ਗੈਰਕਾਨੂੰਨੀ ਖਣਨ ਦੀ ਜਾਂਚ ਆਰੰਭ ਦਿੱਤੀ ਗਈ। ਵਿਜੀਲੈਂਸ ਨੇ ਸਤਲੁਜ ਦਰਿਆ ਦੇ ਪਰਲੇ ਕੰਢੇ 'ਤੇ ਪੈਂਦੇ ਖੇਤਰ ਦੀ ਜਾਂਚ ਕੀਤੀ। ਜਾਣਕਾਰੀ ਅਨੁਸਾਰ ਜਿੰਦਾਪੁਰ ਡੀਸਿਲਟਿੰਗ ਸਾਈਟ ਨੇੜੇ 486 ਏਕੜ ਰਕਬਾ ਜੰਗਲਾਤ ਵਿਭਾਗ ਦਾ ਪੈਂਦਾ ਹੈ। ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਚਮਕੌਰ ਸਾਹਿਬ ਦੇ ਵਣ ਰੇਂਜ ਅਫਸਰ ਨੇ ਜ਼ਿਲ੍ਹਾ ਮੁਖੀ ਨੂੰ ਸ਼ਿਕਾਇਤ ਕੀਤੀ ਸੀ ਕਿ ਪਿੰਡ ਸ਼ਾਲਾਪੁਰ ਨਿਵਾਸੀ ਇਕਬਾਲ ਸਿੰਘ ਜੰਗਲਾਤ ਵਿਭਾਗ ਦੇ ਰਕਬੇ ਵਿਚੋਂ ਗ਼ੈਰਕਾਨੂੰਨੀ ਖਣਨ ਕਰ ਰਿਹਾ ਹੈ, ਜਿਸ ਮਗਰੋਂ ਰੇਂਜ ਅਫਸਰ ਦੀ ਬਦਲੀ ਕਰ ਦਿੱਤੀ ਗਈ ਸੀ।

# ਨਾਜਾਇਜ਼ ਖਣਨ: ਸਾਬਕਾ ਕਾਂਗਰਸੀ ਵਿਧਾਇਕ ਜੋਗਿੰਦਰ ਪਾਲ ਗ੍ਰਿਫਤਾਰ

**ਪਠਾਨਕੋਟ:** ਵਿਧਾਨ ਸਭਾ ਹਲਕਾ ਭੋਆ ਦੇ ਸਾਬਕਾ ਕਾਂਗਰਸੀ ਵਿਧਾਇਕ ਜੋਗਿੰਦਰ ਪਾਲ ਨੂੰ ਨਾਜਾਇਜ਼ ਮਾਈਨਿੰਗ ਦੇ ਮਾਮਲੇ ਵਿਚ ਗ੍ਰਿਫਤਾਰ ਕਰ ਲਿਆ ਗਿਆ। ਇਹ ਗ੍ਰਿਫਤਾਰੀ ਇਸ ਮਹੀਨੇ 8 ਤਰੀਕ ਨੂੰ ਥਾਣਾ ਤਾਰਾਗੜ੍ਹ ਦੇ ਪਿੰਡ ਮੈਰਾ ਕਲਾਂ ਵਿਚ ਲੱਗੇ ਕ੍ਰਿਸ਼ਨਾ ਸਟੋਨ ਕਰੱਸ਼ਰ ਵੱਲੋਂ ਕਰਵਾਈ ਗਈ ਨਾਜਾਇਜ਼ ਮਾਈਨਿੰਗ ਦੇ ਸਬੰਧ ਵਿਚ ਕੀਤੀ ਗਈ ਹੈ।

ਇਹ ਕਰੱਸ਼ਰ ਉਨ੍ਹਾਂ ਦੀ ਪਤਨੀ ਕ੍ਰਿਸ਼ਨਾ ਦੇ ਨਾਂ 'ਤੇ ਹੈ ਪਰ ਉਕਤ ਕਰੱਸ਼ਰ ਵਿਚ ਜੋਗਿੰਦਰ ਪਾਲ ਦੀ 50 ਫੀਸਦ ਹਿੱਸੇਦਾਰੀ ਦੱਸੀ ਜਾ ਰਹੀ ਹੈ।

ਜ਼ਿਕਰਯੋਗ ਹੈ ਕਿ 8 ਤਰੀਕ ਨੂੰ ਥਾਣਾ ਤਾਰਾਗੜ੍ਹ ਦੀ ਪੁਲਿਸ ਅਤੇ ਮਾਈਨਿੰਗ ਵਿਭਾਗ ਨੇ ਛਾਪਾ ਮਾਰ ਕੇ ਨਾਜਾਇਜ਼ ਮਾਈਨਿੰਗ ਕਰ ਰਹੀ ਮਸ਼ੀਨਰੀ ਨੂੰ ਮੌਕੇ 'ਤੇ ਕਬਜ਼ੇ ਵਿਚ ਲੈ ਲਿਆ ਸੀ। ਕਬਜ਼ੇ ਵਿਚ ਲਈ ਗਈ ਮਸ਼ੀਨਰੀ ਵਿਚ ਇਕ ਪੋਕਲੇਨ ਮਸ਼ੀਨ, ਇਕ ਟਰਾਲਾ ਅਤੇ ਇਕ ਟਰੈਕਟਰ-ਟਰਾਲੀ ਸ਼ਾਮਲ ਸਨ। ਉਸ ਮੌਕੇ ਪੋਕਲੇਨ ਮਸ਼ੀਨ ਦਾ ਅਪਰੇਟਰ ਸੁਨੀਲ ਕੁਮਾਰ ਵਾਸੀ ਮੈਰਾ ਕਲਾਂ ਅਤੇ ਕ੍ਰਿਸ਼ਨਾ ਸਟੋਨ ਕਰੱਸ਼ਰ ਦਾ ਨੁਮਾਇੰਦਾ ਪ੍ਰਕਾਸ਼ ਫਰਾਰ ਹੋ ਗਏ ਸਨ।



ਪੁਲਿਸ ਨੇ ਮਾਈਨਿੰਗ ਅਧਿਕਾਰੀ ਵਿਸ਼ਾਲ ਅੱਤਰੀ ਦੀ ਸ਼ਿਕਾਇਤ 'ਤੇ ਉਨ੍ਹਾਂ ਦੋਹਾਂ ਵਿਅਕਤੀਆਂ ਅਤੇ ਕ੍ਰਿਸ਼ਨਾ ਸਟੋਨ ਕਰੱਸ਼ਰ ਖਿਲਾਫ 21 (1) ਮਾਈਨਿੰਗ ਐਂਡ ਮਿਨਰਲ ਡਿਵੈਲਪਮੈਂਟ ਐਂਡ ਰੈਗੂਲੇਸ਼ਨ ਐਕਟ ਤਹਿਤ ਕੇਸ ਦਰਜ ਕੀਤਾ ਸੀ। ਇੱਥੇ ਇਹ ਵੀ ਦੱਸਿਆ ਜਾ ਰਿਹਾ ਹੈ ਕਿ ਸੰਯੁਕਤ ਕਿਸਾਨ ਮੋਰਚੇ ਦੇ ਜ਼ਿਲ੍ਹਾ ਪ੍ਰਧਾਨ ਗੁਰਦਿਆਲ ਸਿੰਘ ਸੈਣੀ ਵੱਲੋਂ ਨਾਜਾਇਜ਼ ਮਾਈਨਿੰਗ ਕਰਦੇ ਵੇਲੇ ਦੀ ਇਕ ਵੀਡੀਓ ਅਧਿਕਾਰੀਆਂ ਨੂੰ ਭੇਜੀ ਗਈ ਸੀ, ਜਿਸ 'ਤੇ ਮਾਈਨਿੰਗ ਵਿਭਾਗ ਤੇ ਪੁਲਿਸ ਹਰਕਤ ਵਿਚ ਆਈ ਅਤੇ ਉਨ੍ਹਾਂ ਨੇ ਮੌਕੇ 'ਤੇ ਛਾਪਾ ਮਾਰਿਆ ਸੀ। ਜ਼ਿਕਰਯੋਗ ਹੈ ਕਿ ਭੋਆ ਹਲਕੇ ਵਿਚ ਨਾਜਾਇਜ਼ ਮਾਈਨਿੰਗ ਦਾ ਮਾਮਲਾ ਪਿਛਲੇ ਲੰਬੇ ਸਮੇਂ ਤੋਂ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ।

# ਅਣਅਧਿਕਾਰਤ ਕਲੋਨੀਆਂ 'ਤੇ ਮਾਨ ਸਰਕਾਰ ਦਾ ਸ਼ਿਕੰਜਾ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਸੂਬੇ ਵਿਚ ਗੈਰ-ਕਾਨੂੰਨੀ ਕਲੋਨੀਆਂ ਵਿਚ ਪਲਾਟਾਂ ਦੀਆਂ ਰਜਿਸਟਰੀਆਂ ਸਬੰਧੀ ਨਵੀਆਂ ਹਦਾਇਤਾਂ ਜਾਰੀ ਕੀਤੀਆਂ ਹਨ। ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਅਤੇ ਸਥਾਨਕ ਸਰਕਾਰਾਂ ਵਿਭਾਗਾਂ ਨੂੰ ਕਿਹਾ ਗਿਆ ਹੈ ਕਿ ਸਬੰਧਤ ਜ਼ਮੀਨ ਦਾ ਖਸਰਾ ਨੰਬਰ ਅਤੇ ਪ੍ਰਵਾਨਿਤ ਲੇਅ-ਆਊਟ ਯੋਜਨਾ ਦੇ ਨਾਲ-ਨਾਲ ਲਾਇਸੈਂਸਸ਼ੁਦਾ/ ਅਧਿਕਾਰਤ ਕਲੋਨੀਆਂ/ ਸਕੀਮਾਂ ਦੀਆਂ ਸੂਚੀਆਂ ਪ੍ਰਕਾਸ਼ਿਤ ਕਰਨ ਤਾਂ ਜੋ ਅਜਿਹਾ ਖੇਤਰ ਸਪੱਸ਼ਟ ਤੌਰ 'ਤੇ ਪਰਿਭਾਸ਼ਤ ਕੀਤਾ ਜਾ ਸਕੇ ਜਿੱਥੇ ਸੇਲ ਡੀਡ ਜਾਂ ਅਧਿਕਾਰਾਂ ਦੇ ਤਬਾਦਲੇ ਨਾਲ ਸਬੰਧਤ ਦਸਤਾਵੇਜ਼ਾਂ ਦੀ ਰਜਿਸਟ੍ਰੇਸ਼ਨ ਲਈ ਐਨ.ਓ.ਸੀ. ਦੀ ਲੋੜ ਨਹੀਂ ਹੈ। ਸਰਕਾਰ ਨੇ ਸਪੱਸ਼ਟ ਕੀਤਾ ਹੈ ਕਿ ਇਹ ਸੂਚੀਆਂ ਸਾਰੇ ਸਬ ਰਜਿਸਟਰਾਰਾਂ ਕੋਲ ਉਪਲਬਧ ਹੋਣਗੀਆਂ। ਉਹ ਮਾਲ ਵਿਭਾਗ ਵੱਲੋਂ ਜਾਰੀ ਹਦਾਇਤਾਂ ਅਨੁਸਾਰ ਕਲੋਨੀਆਂ ਦੀ ਸਥਿਤੀ ਦੀ ਜਾਂਚ ਕਰਨ ਤੋਂ ਬਾਅਦ ਸੇਲ ਡੀਡਜ਼ ਨੂੰ ਰਜਿਸਟਰ ਕਰਨਗੇ।

ਮੁੱਖ ਮੰਤਰੀ ਵੱਲੋਂ ਆਨਲਾਈਨ ਪੋਰਟਲ ਦੀ ਸ਼ੁਰੂਆਤ ਕੀਤੀ ਗਈ ਹੈ ਤੇ ਲਾਭਪਾਤਰੀ ਪਲਾਟਾਂ ਦੇ ਕਬਜ਼ੇ ਨਾਲ ਸਬੰਧਤ ਸ਼ਿਕਾਇਤਾਂ ਇਸ ਪੋਰਟਲ 'ਤੇ ਦਰਜ ਕਰਵਾ ਸਕਦੇ ਹਨ। ਸਰਕਾਰ ਦਾ ਦਾਅਵਾ ਹੈ ਕਿ ਇਸ ਤੋਂ ਪਹਿਲਾਂ ਸਰਕਾਰ



ਵੱਲੋਂ ਕੋਈ ਸਪਸ਼ਟ ਹਦਾਇਤਾਂ ਨਹੀਂ ਦਿੱਤੀਆਂ ਗਈਆਂ ਸਨ, ਜਿਸ ਕਾਰਨ ਸ਼ਹਿਰਾਂ ਦੇ ਬਾਹਰਵਾਰ ਇਹ ਨਾਜਾਇਜ਼ ਕਾਲੋਨੀਆਂ ਹੋਂਦ ਵਿਚ ਆਈਆਂ। 'ਆਪ' ਸਰਕਾਰ ਮੁਤਾਬਕ ਪਿਛਲੇ ਪੰਜ ਸਾਲਾਂ ਵਿਚ 15 ਹਜ਼ਾਰ ਤੋਂ ਵੱਧ ਕਲੋਨੀਆਂ ਦੀ ਉਸਾਰੀ ਹੋਈ ਹੈ। ਪੰਜਾਬ ਦੇ ਨਾਗਰਿਕਾਂ ਨੂੰ ਇਨ੍ਹਾਂ ਗੈਰ-ਕਾਨੂੰਨੀ/ਅਣ-ਅਧਿਕਾਰਤ ਕਾਲੋਨੀਆਂ ਵਿਚ ਜਾਇਦਾਦਾਂ ਦਾ ਕਬਜ਼ਾ ਲੈਣ ਲਈ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਇਥੇ ਜਾਂ ਤਾਂ ਸਬੰਧਤ ਡਿਵੈਲਪਰਾਂ/ ਕਾਲੋਨਾਈਜ਼ਰਾਂ/ ਅਥਾਰਟੀਜ਼ ਵੱਲੋਂ ਅਲਾਟਮੈਂਟ ਪੱਤਰ ਜਾਰੀ ਕੀਤੇ ਜਾ ਚੁੱਕੇ ਸਨ ਜਾਂ ਡੀਡਜ਼ ਰਜਿਸਟਰਡ ਹੋ ਗਈਆਂ ਸਨ ਪਰ ਉਹ ਕਿਸੇ ਨਾ ਕਿਸੇ ਕਾਰਨ ਕਰ ਕੇ ਜਾਇਦਾਦ ਦਾ ਕਬਜ਼ਾ ਨਹੀਂ ਲੈ ਪਾ ਰਹੇ ਸਨ।

ਪੰਜਾਬ ਦੇ ਮਾਲ ਮੰਤਰੀ ਬ੍ਰਹਮ ਸ਼ੰਕਰ ਜਿੰਪਾ ਨੇ ਕਿਹਾ ਕਿ ਇਹ ਗੈਰ-ਕਾਨੂੰਨੀ ਕਲੋਨੀਆਂ ਨਾ ਸਿਰਫ ਸੂਬੇ ਦੇ ਬੇਢੰਗੇ ਸ਼ਹਿਰੀਕਰਨ ਦਾ ਕਾਰਨ ਬਣ ਰਹੀਆਂ ਹਨ, ਸਗੋਂ ਆਮ ਲੋਕਾਂ ਲਈ ਬਹੁਤ ਸਾਰੀਆਂ ਮੁਸ਼ਕਲਾਂ ਦਾ ਕਾਰਨ ਵੀ ਬਣ ਰਹੀਆਂ ਹਨ। ਉਨ੍ਹਾਂ ਕਿਹਾ ਕਿ ਪਲਾਟਾਂ ਦੀ ਖਰੀਦ ਲਈ ਲੋਕਾਂ ਨੇ ਆਪਣੀ ਜ਼ਿੰਦਗੀ ਭਰ ਦੀ ਕਮਾਈ ਲਗਾ ਦਿੱਤੀ ਅਤੇ ਉਨ੍ਹਾਂ ਨੂੰ ਇਨ੍ਹਾਂ ਗੈਰ-ਕਾਨੂੰਨੀ ਕਾਲੋਨੀਆਂ ਵਿਚ ਕਬਜ਼ਾ ਤੱਕ ਨਹੀਂ ਮਿਲਦਾ ਕਿਉਂਕਿ ਕਾਲੋਨਾਈਜ਼ਰ ਇਨ੍ਹਾਂ ਕਲੋਨੀਆਂ ਵਿਚ 'ਰਸਤੇ' ਵੀ ਵੇਚ ਦਿੰਦੇ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਕਾਲੋਨੀਆਂ ਵਿਚ ਜਲ ਸਪਲਾਈ, ਸੀਵਰੇਜ, ਬਿਜਲੀ ਆਦਿ ਵਰਗੀਆਂ ਬੁਨਿਆਦੀ ਸਹੂਲਤਾਂ ਦੀ ਵੀ ਘਾਟ ਹੈ।

# ਪੰਜਾਬ 'ਵਰਸਿਟੀ ਦੇ ਕੇਂਦਰੀਕਰਨ ਖਿਲਾਫ ਡਟੀਆਂ ਵਿਦਿਆਰਥੀ ਜਥੇਬੰਦੀਆਂ

**ਚੰਡੀਗੜ੍ਹ:** ਪੰਜਾਬ ਯੂਨੀਵਰਸਿਟੀ ਦੇ ਕੇਂਦਰੀਕਰਨ ਖ਼ਿਲਾਫ਼ 9 ਵੱਖ-ਵੱਖ ਵਿਦਿਆਰਥੀ ਜਥੇਬੰਦੀਆਂ ਪੰਜਾਬ ਰੈਡੀਕਲ ਸਟੂਡੈਂਟਸ ਯੂਨੀਅਨ, ਪੰਜਾਬ ਸਟੂਡੈਂਟਸ ਯੂਨੀਅਨ, ਪੰਜਾਬ ਸਟੂਡੈਂਟਸ ਯੂਨੀਅਨ (ਲਲਕਾਰ), ਆਲ ਇੰਡੀਆ ਸਟੂਡੈਂਟਸ ਫੈੱਡਰੇਸ਼ਨ, ਸਟੂਡੈਂਟਸ ਫੈੱਡਰੇਸ਼ਨ ਆਫ ਇੰਡੀਆ, ਡੈਮੋਕ੍ਰੈਟਿਕ ਸਟੂਡੈਂਟਸ ਆਰਗੇਨਾਈਜੇਸ਼ਨ, ਪੰਜਾਬ ਸਟੂਡੈਂਟਸ ਫੈੱਡਰੇਸ਼ਨ, ਸਟੂਡੈਂਟਸ ਫਾਰ ਸੁਸਾਇਟੀ ਤੇ ਆਲ ਇੰਡੀਆ ਸਟੂਡੈਂਟਸ ਐਸੋਸੀਏਸ਼ਨ ਨੇ ਇਕ ਸਾਂਝੀ ਮੀਟਿੰਗ ਕਰਕੇ 'ਪੰਜਾਬ ਯੂਨੀਵਰਸਿਟੀ ਬਚਾਓ ਮੋਰਚੇ' ਦਾ ਗਠਨ ਕੀਤਾ ਹੈ।

ਜਥੇਬੰਦੀਆਂ ਦੇ ਸੂਬਾਈ ਪ੍ਰਤੀਨਿਧੀਆਂ ਨੇ ਸਾਂਝੇ ਪ੍ਰੈੱਸ ਬਿਆਨ ਰਾਹੀਂ ਮੀਟਿੰਗ ਦੀ ਜਾਣਕਾਰੀ ਦਿੰਦਿਆਂ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਲਗਾਤਾਰ ਦੇਸ਼ ਅੰਦਰ ਸੂਬਿਆਂ ਦੇ ਹੱਕਾਂ 'ਤੇ ਡਾਕੇ ਮਾਰਦਿਆਂ ਕੇਂਦਰੀਕਰਨ ਦੀਆਂ ਨੀਤੀਆਂ ਲਾਗੂ ਕੀਤੀਆਂ ਜਾ ਰਹੀਆਂ ਹਨ, ਜਿਸ ਤਹਿਤ ਪੰਜਾਬ ਦੇ ਹੱਕਾਂ ਉਪਰ ਲਗਾਤਾਰ ਕਈ ਡਾਕੇ ਪਾਏ ਗਏ ਹਨ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਬੀ.ਐਸ.ਐਫ. ਦਾ ਘੇਰਾ ਵਧਾਉਣ, ਬੀ.ਬੀ.ਐਮ.ਬੀ. ਵਿਚੋਂ ਪੰਜਾਬ ਦੀ ਮੈਂਬਰਸ਼ਿਪ ਖਾਰਜ ਕਰਨ ਵਰਗੇ ਪੰਜਾਬ ਵਿਰੋਧੀ ਫੈਸਲਿਆਂ ਤੋਂ ਬਾਅਦ ਹੁਣ ਪੰਜਾਬ ਯੂਨੀਵਰਸਿਟੀ ਨੂੰ ਪੰਜਾਬ ਤੋਂ ਖੋਹਣ ਦੀ ਤਿਆਰੀ ਖਿੱਚੀ ਹੈ। ਵਿਦਿਆਰਥੀ ਆਗੂਆਂ ਨੇ ਦੱਸਿਆ ਕਿ ਪੰਜਾਬ ਯੂਨੀਵਰਸਿਟੀ ਨੂੰ ਖੋਹ ਲੈਣ ਨਾਲ ਯੂਨੀਵਰਸਿਟੀ ਅੰਦਰ ਸੈਨੇਟ-ਸਿੰਡੀਕੇਟ ਵਰਗੀਆਂ ਜਮਹੂਰੀ ਸੰਸਥਾਵਾਂ ਨੂੰ ਭੰਗ ਕਰ ਕੇ ਆਪਣਾ ਨਿੱਜੀਕਰਨ ਤੇ ਭਗਵੇਂਕਰਨ ਦਾ ਏਜੰਡਾ ਜ਼ੋਰ ਸ਼ੋਰ ਨਾਲ ਲਾਗੂ ਕੀਤਾ ਜਾਵੇਗਾ।

ਜਥੇਬੰਦੀਆਂ ਦੇ ਆਗੂਆਂ ਨੇ ਕਿਹਾ ਕਿ ਮੌਜੂਦਾ ਹਾਲਾਤ ਵਿਚ ਜਿੱਥੇ ਭਾਜਪਾ ਆਪਣੇ ਕੇਂਦਰੀਕਰਨ ਦੇ ਏਜੰਡੇ ਨੂੰ ਲੋਕਾਂ 'ਤੇ ਥੋਪ ਰਹੀ




ਹੈ, ਉਥੇ ਹੀ ਪੰਜਾਬ ਸਰਕਾਰ ਵੱਲੋਂ ਸਿਰਫ ਵਿਦਿਆਰਥੀਆਂ ਦੇ ਸੰਘਰਸ਼ ਸਦਕਾ ਹੀ ਇਕ ਬਿਆਨ ਜਾਰੀ ਕੀਤਾ ਗਿਆ ਹੈ, ਪਰ ਯੂਨੀਵਰਸਿਟੀ ਨੂੰ ਬਚਾਉਣ ਲਈ ਕੋਈ ਅਮਲੀ ਰਣਨੀਤੀ ਤਿਆਰ ਨਹੀਂ ਕੀਤੀ ਗਈ। ਉਨ੍ਹਾਂ ਕਿਹਾ ਕਿ ਬੀਤੇ ਦਿਨੀਂ ਪੰਜਾਬ ਪੁਲਿਸ ਵੱਲੋਂ ਵਿਦਿਆਰਥੀਆਂ ਦੇ ਮਾਰਚ ਨੂੰ ਬੈਰੀਕੇਡ ਲਾ ਕੇ ਰੋਕਣਾ ਅਤੇ ਲਾਠੀਚਾਰਜ ਕਰਨਾ ਤੇ ਵਿਦਿਆਰਥੀ ਆਗੂਆਂ ਨਾਲ ਮੁੱਖ ਮੰਤਰੀ ਦੁਆਰਾ ਮੀਟਿੰਗ ਕਰਨ ਤੋਂ ਮੁੱਕਰ ਜਾਣਾ, ਇਹ ਸਾਬਤ ਕਰਦਾ ਹੈ ਕਿ ਪੰਜਾਬ ਸਰਕਾਰ 'ਵਰਸਿਟੀ ਨੂੰ ਬਚਾਉਣ ਦੇ ਮਸਲੇ ਉੱਪਰ ਬਿਲਕੁਲ ਵੀ ਸੁਹਿਰਦ ਨਹੀਂ ਹੈ।

# ਅਫਗਾਨਿਸਤਾਨ ਨੂੰ 2000 ਟਨ ਕਣਕ ਦੀ 11ਵੀਂ ਖੇਪ ਭੇਜੀ

**ਅਟਾਰੀ:** ਭਾਰਤ ਸਰਕਾਰ ਨੇ ਅਫ਼ਗਾਨਿਸਤਾਨ ਨੂੰ ਮਨੁੱਖੀ ਮਦਦ ਲਈ ਰਾਹਤ ਸਮੱਗਰੀ ਵਜੋਂ ਕਣਕ ਦੀ 11ਵੀਂ ਖੇਪ ਵਾਇਆ ਪਾਕਿਸਤਾਨ ਰਸਤੇ ਰਵਾਨਾ ਕਰ ਦਿੱਤੀ ਹੈ। ਕਣਕ ਨਾਲ ਭਰੇ ਟਰੱਕਾਂ ਨੂੰ ਪੰਜਾਬ ਪੁਲਿਸ ਦੀਆਂ ਪਾਇਲਟ ਗੱਡੀਆਂ ਸਖਤ ਸੁਰੱਖਿਆ ਪ੍ਰਬੰਧਾਂ ਹੇਠ ਅਟਾਰੀ ਸਰਹੱਦ ਲੈ ਕੇ ਪਹੁੰਚੀਆਂ।

ਖੇਪ ਵਿਚ 2 ਹਜ਼ਾਰ ਟਨ ਕਣਕ ਭੇਜੀ ਗਈ ਹੈ। ਰਾਹਤ ਸਮੱਗਰੀ ਨੂੰ ਕਸਟਮ, ਐਲ.ਪੀ.ਆਈ. ਅਤੇ ਸੀ.ਡਬਲਿਊ.ਸੀ. ਦੇ ਅਧਿਕਾਰੀਆਂ ਨੇ ਤਿਰੰਗਾ ਝੰਡਾ ਦਿਖਾ ਕੇ ਅਫਗਾਨੀ ਟਰੱਕਾਂ ਨੂੰ ਪਾਕਿਸਤਾਨ ਰਸਤੇ



ਅਫ਼ਗਾਨਿਸਤਾਨ ਵੱਲ ਰਵਾਨਾ ਕੀਤਾ। ਇਸ ਮੌਕੇ ਉਕਤ ਵਿਭਾਗਾਂ ਨਾਲ ਸਬੰਧਤ ਅਧਿਕਾਰੀਆਂ ਨੇ ਅਫ਼ਗਾਨਿਸਤਾਨ ਤੋਂ ਆਏ ਟਰੱਕ ਡਰਾਈਵਰਾਂ ਨਾਲ ਹੱਥ ਮਿਲਾਉਂਦਿਆਂ ਉਥੋਂ ਦੇ ਲੋਕਾਂ ਦੀ ਹਾਲਤ ਸਬੰਧੀ ਜਾਣਕਾਰੀ ਹਾਸਲ ਕੀਤੀ। ਭਾਰਤ ਤੋਂ ਟਰੱਕਾਂ ਵਿਚ ਕਣਕ ਆਈ.ਸੀ.ਪੀ. ਵਿਖੇ ਪਹੁੰਚੀ, ਜਿਸ ਦੀ ਕੁੱਲੀਆਂ ਵੱਲੋਂ ਢੋਆ-ਢੁਆਈ ਕਰਦੇ ਹੋਏ ਅਫ਼ਗਾਨਿਸਤਾਨ ਦੇ 40 ਘੋੜੇ ਟਰੱਕਾਂ ਵਿਚ ਬਦਲੀ ਕਰ ਦਿੱਤਾ ਗਿਆ।

## ਪੰਜਾਬ ਦੀਆਂ ਜੇਲ੍ਹਾਂ ਵਿਚੋਂ 1200 ਮੋਬਾਈਲ ਫੋਨ ਬਰਾਮਦ



**ਅੰਮ੍ਰਿਤਸਰ:** ਸਥਾਨਕ ਕੇਂਦਰੀ ਜੇਲ੍ਹ ਵਿਚੋਂ ਪਿਛਲੇ ਪੰਜ ਮਹੀਨਿਆਂ ਦੌਰਾਨ ਲਗਭਗ 500 ਮੋਬਾਈਲ ਫੋਨ ਫੜੇ ਗਏ ਹਨ, ਜਿਸ ਨਾਲ ਜੇਲ੍ਹ ਦੀ ਸੁਰੱਖਿਆ 'ਤੇ ਸਵਾਲ ਖੜ੍ਹੇ ਹੋ ਗਏ ਹਨ। ਇਥੇ ਕੇਂਦਰੀ ਜੇਲ੍ਹ ਵਿਚ ਵੱਖ-ਵੱਖ ਤਰ੍ਹਾਂ ਦੇ ਅਪਰਾਧੀ ਜਿਨ੍ਹਾਂ ਵਿਚ ਗੈਂਗਸਟਰ, ਨਸ਼ਾ ਤਸਕਰ ਤੇ ਵਿਦੇਸ਼ੀ ਨਾਗਰਿਕ ਵੀ ਇਥੇ ਬੰਦ ਹਨ। ਇਹ ਨਸ਼ਾ ਤਸਕਰ ਅਤੇ ਗੈਂਗਸਟਰ ਇਥੇ ਜੇਲ੍ਹ ਵਿਚੋਂ ਮੋਬਾਈਲ ਫੋਨ ਰਾਹੀਂ ਹੀ ਆਪਣਾ ਨੈੱਟਵਰਕ ਬਾਹਰ ਚਲਾ ਰਹੇ ਹਨ। ਮਿਲੇ ਵੇਰਵਿਆਂ ਮੁਤਾਬਕ ਪਿਛਲੇ ਤਿੰਨ ਮਹੀਨਿਆਂ ਵਿਚ ਪੰਜਾਬ ਦੀਆਂ ਵੱਖ-ਵੱਖ ਕੇਂਦਰੀ ਅਤੇ ਹੋਰ ਸਬ ਜੇਲ੍ਹਾਂ ਵਿਚੋਂ ਲਗਭਗ 1200 ਮੋਬਾਈਲ ਫੋਨ, ਸਿਮ ਕਾਰਡ, ਡਾਟਾ ਕੇਬਲ, ਚਾਰਜਰ ਤੇ ਹੋਰ ਇਤਰਾਜ਼ਯੋਗ ਸਾਮਾਨ ਬਰਾਮਦ ਹੋਇਆ ਹੈ। ਅੰਮ੍ਰਿਤਸਰ ਵਿਚ ਬਣਾਈ ਗਈ ਇਸ ਕੇਂਦਰੀ ਜੇਲ੍ਹ ਦੇ ਬਾਹਰੋਂ ਰੋਜ਼ ਹੀ ਕੁਝ ਨਾ ਕੁਝ ਇਤਰਾਜ਼ਯੋਗ ਵਸਤਾਂ ਜੇਲ੍ਹ ਦੇ ਅੰਦਰ ਸੁੱਟਣ ਦੀਆਂ ਘਟਨਾਵਾਂ ਵਾਪਰਦੀਆਂ ਹਨ।

# ਉੱਘੇ ਪੰਥਕ ਆਗੂ ਡਾਕਟਰ ਰਣਜੀਤ ਸਿੰਘ ਨੂੰ ਸ਼ਰਧਾਂਜਲੀਆਂ

ਡੈਲਸ/ਟੈਕਸਸ (ਹਰਜੀਤ ਸਿੰਘ ਢੇਸੀ): ਸਿੱਖ ਆਗੂ ਅਤੇ ਸਿੱਖ ਯੂਥ ਆਫ ਅਮਰੀਕਾ ਦੇ ਬਾਨੀ ਮੈਂਬਰ ਡਾਕਟਰ ਰਣਜੀਤ ਸਿੰਘ ਜੀ, ਜੋ ਪਿਛਲੇ ਦਿਨੀਂ ਡੈਲਸ (ਟੈਕਸਸ) ਵਿਚ ਅਕਾਲ ਚਲਾਣਾ ਕਰ ਗਏ ਸਨ, ਦਾ ਅੰਤਿਮ ਸੰਸਕਾਰ ਇੱਥੋਂ ਦੇ ਰੈਸਟਲੈਂਡ ਫਿਊਨਰਲ ਹੋਮ ਵਿਚ ਕੀਤਾ ਗਿਆ। ਉਨ੍ਹਾਂ ਨੂੰ ਖਾਲਸਈ ਜਾਹੋ-ਜਲਾਲ ਨਾਲ ਅੰਤਿਮ ਵਿਦਾਇਗੀ ਦਿੱਤੀ ਗਈ। ਇਸ ਮੌਕੇ ਹਰ ਪਾਸੇ 'ਖਾਲਿਸਤਾਨ ਜ਼ਿੰਦਾਬਾਦ' ਦੇ ਆਕਾਸ਼ ਗੁੰਜਾਊ ਜੈਕਾਰਿਆਂ ਦੀ ਗੂੰਜ ਸੁਣਾਈ ਦਿੱਤੀ। ਡਾ. ਰਣਜੀਤ ਸਿੰਘ ਦੇ ਸਰੀਰ ਨੂੰ ਅਗਨ ਭੇਟ ਕਰਨ ਉਪਰੰਤ ਗੁਰਦੁਆਰਾ ਸਿੰਘ ਸਭਾ ਆਫ ਨਾਰਥ ਅਮਰੀਕਾ ਵਿਖੇ ਅੰਤਿਮ ਅਰਦਾਸ ਤੇ ਕੀਰਤਨ ਸਮਾਗਮ ਕਰਵਾਇਆ ਗਿਆ।

ਦੇਸ਼ ਵਿਦੇਸ਼ ਤੋਂ ਪੁੱਜੇ ਪੰਥਕ ਆਗੂਆਂ ਨੇ ਡਾ. ਰਣਜੀਤ ਸਿੰਘ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ ਅਤੇ ਦੱਸਿਆ ਕਿ ਡਾ. ਸਾਹਿਬ ਸਿੱਖ ਪਰੰਪਰਾਵਾਂ ਨੂੰ ਪਰਣਾਏ ਹੋਏ ਦਾਨਸ਼ਵਰ ਇਨਸਾਨ ਸਨ। ਉਨ੍ਹਾਂ ਦੀਆਂ ਕੌਮ ਪ੍ਰਤੀ ਨਿਭਾਈਆਂ ਸੇਵਾਵਾਂ ਲਾਸਾਨੀ ਹਨ। ਉਨ੍ਹਾਂ ਆਪਣੀ ਜ਼ਿੰਦਗੀ ਦਾ ਹਰੇਕ ਸਾਹ ਕੌਮ ਦੀ ਅਣਖ, ਗੈਰਤ ਖਾਤਰ ਅਤੇ ਖਾਲਿਸਤਾਨ ਦੀ ਪ੍ਰਾਪਤੀ ਲਈ ਗੁਜ਼ਾਰਿਆ ਅਤੇ ਆਪਣੀ ਜ਼ਿੰਦਗੀ ਨੂੰ ਕੌਮ ਦੀ ਅਮਾਨਤ ਸਮਝ ਕੇ ਕੌਮੀ ਦਰਦੀਆਂ ਨਾਲ ਮੋਢੇ ਨਾਲ ਮੋਢਾ ਜੋੜ ਕੇ ਕੌਮ ਦੇ ਦਰ-ਘਰ ਲਈ ਸੰਘਰਸ਼ਸ਼ੀਲ ਰਹੇ। ਪੰਥਕ ਬੁਲਾਰਿਆਂ ਨੇ ਆਪਣੇ ਸੰਬੋਧਨ ਵਿਚ ਦੱਸਿਆ ਕਿ ਜਿਨ੍ਹਾਂ ਨੂੰ ਡਾਕਟਰ ਸਾਹਿਬ ਦੀ ਸੰਗਤ ਮਾਨਣ ਦਾ ਮੌਕਾ ਮਿਲਿਆ, ਉਹ ਜਾਣਦੇ ਹਨ ਕਿ ਉਹ ਦਿਲ ਦੇ ਦਰਿਆ ਬੰਦੇ ਸਨ। ਉਨ੍ਹਾਂ ਆਪਣੇ ਜੀਵਨਕਾਲ ਦੌਰਾਨ ਅਨੇਕਾਂ ਲੋੜਵੰਦਾਂ ਦੀ ਦਿਲ ਖੋਲ੍ਹ ਕੇ ਵਿੱਤੀ ਸਹਾਇਤਾ ਕੀਤੀ। ਉਨ੍ਹਾਂ ਦੇ ਘਰ ਦੇ ਦਰਵਾਜ਼ੇ ਹਮੇਸ਼ਾ ਪੰਥਕ ਦਰਦੀਆਂ ਲਈ ਖੁੱਲ੍ਹੇ ਰਹਿੰਦੇ ਸਨ। ਉਨ੍ਹਾਂ ਨੇ ਅਜੋਕੇ ਯੁੱਗ ਵਿਚ ਮੀਡੀਆ ਦੀ ਅਹਿਮੀਅਤ ਨੂੰ ਸਮਝਦਿਆਂ ਖਾਲਸਾ ਪੰਥ ਦੇ ਆਪਣੇ ਟੀ ਵੀ ਚੈਨਲ ਟੀ ਵੀ 84 ਨੂੰ ਸਥਾਪਿਤ ਕਰਨ ਵਿਚ ਅਹਿਮ ਭੂਮਿਕਾ ਨਿਭਾਈ ਅਤੇ ਇਸ ਨੂੰ ਕਾਮਯਾਬ ਕਰਨ ਲਈ ਆਪਣਾ ਤਨ-ਮਨ ਅਤੇ ਧਨ ਨਿਸ਼ਾਵਰ ਕਰ ਕੇ ਵੀ ਹਮੇਸ਼ਾ ਚੜ੍ਹਦੀ ਕਲਾ ਵਿਚ ਰਹੇ ਅਤੇ ਆਖਰੀ ਸਾਹਾਂ ਤਕ ਖਾਲਿਸਤਾਨ ਦੀ ਆਵਾਜ਼ ਬੁਲੰਦ ਕਰਦੇ ਰਹੇ।









ਖਾਲਿਸਤਾਨ ਅਫੇਅਰਜ਼ ਸੈਂਟਰ ਦੇ ਸੰਚਾਲਕ ਡਾ. ਅਮਰਜੀਤ ਸਿੰਘ ਜੀ ਨੇ ਆਪਣੇ ਸਦੀਵੀ ਵਿਛੋੜਾ ਦੇ ਗਏ ਸਾਥੀ ਨੂੰ ਭਾਵਭਿੰਨੀ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਕਿ ਉਨ੍ਹਾਂ ਦੇ ਜੀਵਨ ਦੀ ਖੁਸ਼ਬੋ ਹਮੇਸ਼ਾ ਸਾਡੇ ਅੰਗ-ਸੰਗ ਰਹੇ। ਉਹ ਸਾਡੀਆਂ ਆਉਣ ਵਾਲੀਆਂ ਨਸਲਾਂ ਲਈ ਪ੍ਰੇਰਨਾ ਸਰੋਤ ਬਣੇ ਰਹਿਣਗੇ। ਉਨ੍ਹਾਂ ਦਾ ਖਾਲਿਸਤਾਨ ਦਾ ਸੁਪਨਾ ਸਾਕਾਰ ਹੋਵੇ ਤੇ ਸਿੱਖਾਂ ਦੀ ਪਿੱਠ ਭੂਮੀ ਪੰਜਾਬ ਦੀ ਸਰਜ਼ਮੀਨ 'ਤੇ ਆਜ਼ਾਦ ਖਾਲਿਸਤਾਨ ਦੇ ਪਰਚਮ ਝੂਲਣ। ਉਨ੍ਹਾਂ ਨੂੰ ਇਸ ਤੋਂ ਵੱਡੀ ਸ਼ਰਧਾਂਜਲੀ ਹੋਰ ਨਹੀਂ ਹੋ ਸਕਦੀ।

ਅੰਤ ਵਿਚ ਗੁਰਦੁਆਰਾ ਸਿੰਘ ਸਭਾ ਦੀ ਪ੍ਰਬੰਧਕ ਕਮੇਟੀ ਵਲੋਂ ਡਾ. ਸਾਹਿਬ ਦੀ ਧਰਮ ਪਤਨੀ ਬੀਬੀ ਅਭਿਨਾਸ਼ ਕੌਰ ਜੀ ਨੂੰ ਸਿਰੋਪਾਓ ਨਾਲ ਨਿਵਾਜਿਆ ਗਿਆ। ਗੁਰੂ ਘਰ ਦੇ ਜਨਰਲ ਸਕੱਤਰ ਭਾਈ ਸੁਰਿੰਦਰ ਸਿੰਘ ਗਿੱਲ ਨੇ ਇਸ ਮੌਕੇ ਪੁੱਜੇ ਸਿੱਖ ਨੁਮਾਇੰਦਿਆਂ ਅਤੇ ਸੰਗਤਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਡਾ. ਰਣਜੀਤ ਸਿੰਘ ਜੀ ਦੀਆਂ ਪੰਥ ਪ੍ਰਤੀ ਨਿਭਾਈਆਂ ਸੇਵਾਵਾਂ ਨੂੰ ਹਮੇਸ਼ਾ ਯਾਦ ਰੱਖਿਆ ਜਾਵੇਗਾ। ਅਕਾਲ ਪੁਰਖ ਉਨ੍ਹਾਂ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ਣ।

# ਕੈਲਗਰੀ ਵਿਮੈੱਨ ਕਲਚਰਲ ਐਸੋਸੀਏਸ਼ਨ ਦੀਆਂ ਮਈ-ਜੂਨ ਮਹੀਨੇ ਦੀਆਂ ਸਰਗਰਮੀਆਂ

ਕੈਲਗਰੀ ਵਿਮੈੱਨ ਕਲਚਰਲ ਐਸੋਸੀਏਸ਼ਨ ਵਲੋਂ ਮਈ ਦੇ ਪਹਿਲੇ ਹਫ਼ਤੇ ਵਿਸਾਖੀ ਮਨਾਉਣ ਤੋਂ ਬਾਅਦ ਮਹੀਨਾਵਾਰ ਮੀਟਿੰਗ ਕੀਤੀ ਗਈ, ਜੋ ਮਦਰਜ਼ ਡੇਅ ਨੂੰ ਸਮਰਪਿਤ ਸੀ। ਉਪਰੰਤ ਸਭਾ ਵਲੋਂ ਕਈ ਸਰਗਰਮੀਆਂ ਕੀਤੀਆਂ ਗਈਆਂ। ਲੰਘੀ 28 ਮਈ ਨੂੰ ਸਾਊਥ ਈਸਟ ਦੇ ਵਸਨੀਕ ਸੁਰਜੀਤ ਢਿੱਲੋਂ ਨੇ ਔਬਰਨ ਬੇ ਦੇ ਪਾਰਕ ਵਿਚ ਮੀਟਿੰਗ ਦਾ ਪ੍ਰਬੰਧ ਕੀਤਾ, ਜਿਸ ਵਿਚ ਸਾਊਥ ਈਸਟ ਰਹਿੰਦੇ ਤਮੰਨਾ, ਪੰਮੀ, ਉਪਦੇਸ਼ ਕੌਰ, ਰੁਪਿੰਦਰ ਕੌਰ, ਸ਼ਵਿੰਦਰ ਚੌਹਾਨ ਸਮੇਤ ਵੀਹ ਕੁ ਨਵੇਂ ਮੈਂਬਰ ਅਤੇ ਨਾਰਥ ਈਸਟ ਤੋਂ ਗੁਰਚਰਨ ਥਿੰਦ, ਗੁਰਦੀਸ਼ ਗਰੇਵਾਲ, ਕਿਰਨ ਕਲਸੀ ਤੇ ਸੁਖਜੀਤ ਸੈਣੀ ਸ਼ਾਮਲ ਹੋਏ। ਸੁਰਜੀਤ ਢਿੱਲੋਂ ਵਲੋਂ ਆਪਣੀ ਪੋਤਰੀ ਦੇ ਜਨਮ ਦੀ ਖੁਸ਼ੀ ਵਿਚ ਦਿੱਤੀ ਪਾਰਟੀ ਦੌਰਾਨ ਨਵੀਆਂ ਸਾਂਝਾਂ ਬਣਾਉਂਦਿਆਂ ਪਿਕਨਿਕ ਵਰਗਾ ਮਾਹੌਲ ਬਣ ਗਿਆ।

ਵਿਸਾਖੀ ਦੇ ਨਗਰ ਕੀਰਤਨ ਮੌਕੇ ਰੇਡੀਓ ਸੁਰਸੰਗਮ ਦੇ ਗੁਰਦੁਆਰਾ ਸਾਹਿਬ ਲਈ ਫੰਡ ਰੇਜ਼ਿੰਗ ਪ੍ਰੋਗਰਾਮ ਅਧੀਨ ਸਭਾ ਵਲੋਂ ਇਕ ਬੂਥ ਦੀ ਜ਼ਿੰਮੇਵਾਰੀ ਸੰਭਾਲੀ ਗਈ, ਜਿਸ ਵਿਚ ਬਲਵਿੰਦਰ ਬਰਾੜ, ਗੁਰਚਰਨ ਥਿੰਦ, ਕਿਰਨ ਕਲਸੀ, ਸੁਖਜੀਤ ਸੈਣੀ, ਗੁਰਤੇਜ ਸਿੱਧੂ, ਸੁਰਿੰਦਰ ਵਿਰਦੀ, ਬਲਜੀਤ ਜਠੌਲ ਵਲੋਂ ਭਰਵਾਂ ਯੋਗਦਾਨ ਪਾ ਕੇ ਚਾਰ ਕੁ ਹਜ਼ਾਰ ਡਾਲਰ ਇਕੱਠੇ ਕੀਤੇ ਗਏ। ਸਬਰੰਗ ਰੇਡੀਓ ਦੁਆਰਾ ਕਰਵਾਏ ਗਏ ਵਿਸਾਖੀ ਮੇਲੇ ਵਿਚ ਸਭਾ ਦੀਆਂ ਦੋ ਮੈਂਬਰਾਂ ਸਰਬਜੀਤ ਉੱਪਲ ਅਤੇ ਸਰਬਜੀਤ ਕੰਦੋਲਾ ਵਲੋਂ ਪਾਕਿਸਤਾਨੀ ਗੀਤ ਉਪਰ ਪੇਸ਼ ਕੀਤੇ ਖੂਬਸੂਰਤ ਨਾਚ ਨੇ ਦਰਸ਼ਕਾਂ ਦਾ ਮਨ ਜਿੱਤ ਲਿਆ।

ਸਭਾ ਵਲੋਂ 4 ਜੂਨ ਨੂੰ ਕੇਸਕੇਡ ਪੌਂਡਜ਼, ਬੈਂਫ ਵਿਖੇ ਇਕ ਦਿਨ ਦੇ ਟੂਰ ਦਾ ਪ੍ਰਬੰਧ ਕੀਤਾ ਗਿਆ। ਨਿਯਤ ਦਿਨ 50 ਔਰਤਾਂ ਦੀ ਭਰੀ ਬੱਸ ਸਵੇਰੇ 8:30 ਵਜੇ ਜੈਨੇਸਜ਼ ਸੈਂਟਰ ਤੋਂ ਰਵਾਨਾ ਹੋਈ। ਡੇਢ ਕੁ ਘੰਟੇ ਦੇ ਸਫ਼ਰ ਨੂੰ ਸਾਰਿਆਂ ਨੇ ਰਲ-ਮਿਲ ਗਾਉਂਦਿਆਂ ਤੇ ਹੱਸਦਿਆਂ-ਖੇਡਦਿਆਂ ਪੂਰਾ ਕਰ ਪਾਰਕ ਵਿਚ ਜਾ ਡੇਰਾ ਜਮਾਇਆ। ਆਲੇ ਦੁਆਲੇ ਮੌਜੂਦ ਕਈ ਔਰਤਾਂ ਵੀ ਇਸ ਸਮੂਹ ਦਾ ਹਿੱਸਾ ਬਣ ਬਹੁਤ ਖੁਸ਼ ਹੋਈਆਂ। ਬੱਸ ਦੀ ਡਰਾਈਵਰ ਅਤੇ ਹੈਲਪਰ ਵੀ ਨੌਜੁਆਨ ਕੁੜੀਆਂ ਹੀ ਸਨ।

11 ਜੂਨ ਨੂੰ ਚਾਈਨੀਜ਼ ਐਸੋਸੀਏਸ਼ਨ ਕੈਲਗਰੀ ਦੇ ਸੱਦੇ 'ਤੇ ਸੀਨੀਅਰਜ਼ ਲਈ ਕਰਵਾਏ ਪ੍ਰੋਗਰਾਮ ਵਿਚ ਸਭਾ ਦੇ ਪ੍ਰਬੰਧਕਾਂ ਬਲਵਿੰਦਰ ਬਰਾੜ, ਗੁਰਚਰਨ ਥਿੰਦ, ਸੁਖਜੀਤ ਸੈਣੀ ਤੋਂ ਇਲਾਵਾ ਗਿੱਧੇ ਦੀ ਟੀਮ ਦੇ ਅਮਰਜੀਤ ਗਰੇਵਾਲ, ਚਰਨਜੀਤ ਬਾਜਵਾ, ਸੁਰਜੀਤ ਢਿਲੋਂ, ਜੁਗਿੰਦਰ ਪਾਂਗਲੀ, ਭਗਵੰਤ ਕੌਰ, ਕੁਲਦੀਪ ਕੌਰ, ਮੁਖਤਿਆਰ ਧਾਲੀਵਾਲ, ਸੁਖਮਨ ਅਤੇ ਸਰਬਜੀਤ ਕੰਦੋਲਾ ਨੇ ਹਿੱਸਾ ਲਿਆ। ਇਹ ਪ੍ਰੋਗਰਾਮ ਪੈਨੋਰਾਮਾ ਹਿਲਜ਼ ਦੇ ਪਾਰਕ ਵਿਚ ਸੀ। ਇਸ ਵਿਚ ਪੰਜਾਹ ਕੁ ਦੇ ਕਰੀਬ ਸੀਨੀਅਰਜ਼ ਸ਼ਾਮਲ ਹੋਏ। ਹਲਕੀਆਂ-ਫੁਲਕੀਆਂ ਐਕਸਰਸਾਈਜ਼ ਤੋਂ ਬਾਅਦ ਚੀਨੀ ਨਾਚ ਪੇਸ਼ ਕੀਤਾ ਗਿਆ। ਉਪਰੰਤ ਕੈਲਗਰੀ ਵਿਮੈੱਨ ਕਲਚਰਲ ਐਸੋਸੀਏਸ਼ਨ ਦੀ ਗਿੱਧੇ ਦੀ ਟੀਮ ਨੇ ਚੰਗਾ ਰੰਗ ਬੰਨ੍ਹਿਆ ਅਤੇ ਹਾਜ਼ਰ ਸੀਨੀਅਰਜ਼ ਨੂੰ ਸ਼ਾਮਲ ਕਰ ਵੱਖ-ਵੱਖ ਕਮਿਊਨੀਟੀਜ਼ ਦੇ ਰਲੇਵੇਂ ਨੂੰ ਬਾਖੂਬੀ ਪੇਸ਼ ਕੀਤਾ। ਇਸ ਮੌਕੇ ਮਨਿਸਟਰ ਮੁਹੰਮਦ ਯਾਸੀਨ ਵੀ ਸ਼ਾਮਲ ਹੋਏ।

19 ਜੂਨ ਦਿਨ ਐਤਵਾਰ ਨੂੰ ਸਭਾ ਦੀ ਮਹੀਨਾਵਾਰ ਮੀਟਿੰਗ ਪਰੇਰੀ ਵਿੰਡ ਪਾਰਕ ਵਿਚ ਕੀਤੀ ਗਈ। ਇਸ ਵਿਚ 35 ਦੇ ਕਰੀਬ ਬੀਬੀਆਂ ਸ਼ਾਮਲ ਹੋਈਆਂ। ਸੁਰਿੰਦਰ ਕੌਰ ਗਰੇਵਾਲ ਅਤੇ ਚਰਨਜੀਤ ਕੌਰ ਸਭਾ ਵਿਚ ਨਵੀਂ ਹਾਜ਼ਰੀ ਸਨ। ਇਹ ਮੀਟਿੰਗ ਫਾਦਰਜ਼ ਡੇਅ ਨੂੰ ਸਮਰਪਿਤ ਕੀਤੀ ਗਈ।






ਮੀਟਿੰਗ ਦੀ ਕਾਰਵਾਈ ਸ਼ੁਰੂ ਕਰਦਿਆਂ ਗੁਰਚਰਨ ਥਿੰਦ ਨੇ ਉਨ੍ਹਾਂ ਵੇਲਿਆਂ ਨੂੰ ਯਾਦ ਕੀਤਾ ਜਦੋਂ ਘਰ ਵਿਚ ਬੱਚਿਆਂ ਖਾਸ ਕਰਕੇ ਕੁੜੀਆਂ ਬਾਪ ਦੇ ਸਾਹਮਣੇ ਉੱਚੀ ਤਾਂ ਕੀ ਬੋਲਣਾ, ਬੋਲਣ ਦੀ ਜੁਰੱਅਤ ਕਰਨ ਬਾਰੇ ਵੀ ਨਹੀਂ ਸੋਚ ਸਕਦੀਆਂ ਸਨ। ਹਾਲਾਂਕਿ ਇਹ ਵੀ ਤੱਥ ਹੈ ਕਿ ਧੀਆਂ ਦੇ ਮੂੰਹ ਵਿਚ ਜ਼ੁਬਾਨ ਪਾਉਣ ਵਾਲੇ ਵੀ ਬਾਪ ਹੀ ਹਨ ਜਿਨ੍ਹਾਂ ਉਨ੍ਹਾਂ ਨੂੰ ਪੜ੍ਹਾਈ ਦੇ ਮੌਕੇ ਦਿੱਤੇ ਅਤੇ ਅੱਜ ਦੇ ਸਮਿਆਂ ਦੇ ਹਾਣੀ ਬਣਾਇਆ। ਬਲਵਿੰਦਰ ਬਰਾੜ ਨੇ ਬੜੇ ਭਾਵੁਕ ਹੋ ਕੇ ਬਾਪ ਨਾਲ ਆਪਣੇ ਰਿਸ਼ਤੇ ਦੀ ਗੱਲ ਕੀਤੀ ਜਿਸ ਦੀ ਮ੍ਰਿਤਕ ਦੇਹ 'ਤੇ ਉਹ ਸਿਰ ਰੱਖ ਕੇ ਰੋਏ ਸਨ ਵਰਨਾ ਪਹਿਲਾਂ ਉਸਦੇ ਬਾਪ ਨੇ ਕਦੇ ਗ਼ਲੇ ਤਾਂ ਕੀ ਲਾਉਣਾ ਸਿਰ 'ਤੇ ਪਿਆਰ ਨਾਲ ਹੱਥ ਵੀ ਨਹੀਂ ਸੀ ਰੱਖਿਆ। ਗੁਰਦੀਸ਼ ਗਰੇਵਾਲ ਨੇ ਗੀਤ ਗਾ ਕੇ ਬਾਪ ਨੂੰ ਯਾਦ ਕੀਤਾ। ਰਾਜਿੰਦਰ ਚੋਹਕਾ ਨੇ ਇਸ ਦਿਹਾੜੇ ਦੇ ਪਿਛੋਕੜ 'ਤੇ ਝਾਤ ਪੁਆਈ। ਸੁਰਿੰਦਰ ਸੰਧੂ, ਸਰਬਜੀਤ ਉੱਪਲ, ਗੁਰਤੇਜ ਸਿੱਧੂ, ਕੁਲਵੰਤ ਗਿੱਲ, ਜਸਵਿੰਦਰ, ਹਰਦੇਵ ਬਰਾੜ, ਜੁਗਿੰਦਰ ਪੁਰਬਾ ਤੇ ਹਰਚਰਨ ਬਾਸੀ ਨੇ ਆਪਣੇ ਆਪਣੇ ਢੰਗ ਨਾਲ ਬਾਪ ਨੂੰ ਯਾਦ ਕੀਤਾ।

ਪਿਛਲੇ ਛੇ ਮਹੀਨੇ ਤੋਂ ਸਭਾ ਦੇ ਦੋ ਗਰੁੱਪ ਨਾਰਥ ਆਫ ਮੈਕਨਾਈਟ ਸੁਸਾਇਟੀ ਦੁਆਰਾ ਚਲਾਏ ਜਾ ਰਹੇ ਮੈਂਟਲ ਹੈਲਥ ਪ੍ਰੋਗਰਾਮ ਵਿਚ ਭਾਗ ਲੈ ਰਹੇ ਸਨ। ਇਸ ਮੀਟਿੰਗ ਵਿਚ ਲਲਿਤਾ ਨੇ ਸੰਖੇਪ ਵਿਚ ਪੂਰੇ ਪ੍ਰੋਗਰਾਮ ਦੌਰਾਨ ਪੇਸ਼ ਕੀਤੇ ਵਿਸ਼ੇ ਡੀਮੈਂਸ਼ੀਆ, ਸਟਰੈੱਸ, ਗੁੱਸਾ, ਟੈਂਸ਼ਨ ਆਦਿ ਉਪਰ ਸੰਖੇਪ ਜਾਣਕਾਰੀ ਦਿੱਤੀ ਅਤੇ ਪੁੱਛੇ ਗਏ ਸੁਆਲਾਂ ਦੇ ਜੁਆਬ ਕੇ ਦੇ ਇਸ ਪ੍ਰੋਗਰਾਮ ਨੂੰ ਸੰਪੰਨ ਕੀਤਾ। ਆਖਰ ਵਿਚ ਅਮਰਜੀਤ ਵਿਰਦੀ ਨੇ 'ਸੁਖੀ ਵਸੇਂ ਮੇਰੇ ਬਾਬਲ ਦੇ ਵਿਹੜਿਆ ਵੇ' ਲੰਮੀ ਹੇਕ ਨਾਲ ਗਾ ਕੇ ਮੀਟਿੰਗ ਦੀ ਸਮਾਪਤੀ ਕੀਤੀ।

ਉਪਰੰਤ ਖਾਣ ਪੀਣ ਦਾ ਆਨੰਦ ਮਾਣਿਆ ਗਿਆ। ਇਸ ਵਾਰ ਚਾਹ ਅਤੇ ਖਾਣ ਦਾ ਸਮਾਨ ਕੌਨਰਿਚ ਵਾਸੀ ਚਰਨਜੀਤ ਸਿੰਘ ਅਤੇ ਉਨ੍ਹਾਂ ਦੀ ਪਤਨੀ ਹਰਮਿੰਦਰ ਵਲੋਂ ਲਿਆਂਦਾ ਗਿਆ ਸੀ। ਜੁਗਿੰਦਰ ਪੁਰਬਾ ਨੇ ਆਪਣੀ ਪੋਤਰੀ ਦੇ ਵਿਆਹ ਦੇ ਲੱਡੂ ਤੇ ਮਿੱਠੀਆਂ ਪਕੌੜੀਆਂ ਦਾ ਵਾਧਾ ਕਰ ਭੋਜਨ ਹੋਰ ਵੀ ਸੁਆਦੀ ਬਣਾ ਦਿੱਤਾ।

***-ਤਸਵੀਰਾਂ ਤੇ ਵੇਰਵਾ: ਗੁਰਚਰਨ ਕੌਰ ਥਿੰਦ***

***ਫੋਨ: 403-402-9635***

# ਸ਼੍ਰੋਮਣੀ ਕਮੇਟੀ ਨੇ ਡੇਰਾ ਮੁਖੀ ਉਤੇ ਸਰਕਾਰੀ ਮਿਹਰਬਾਨੀ ਬਾਰੇ ਚੁੱਕੇ ਸਵਾਲ



**ਅੰਮ੍ਰਿਤਸਰ:** ਹਰਿਆਣਾ ਸਰਕਾਰ ਵੱਲੋਂ ਡੇਰਾ ਸਿਰਸਾ ਦੇ ਮੁਖੀ ਗੁਰਮੀਤ ਰਾਮ ਰਹੀਮ ਨੂੰ ਇਕ ਮਹੀਨੇ ਦੀ ਪੈਰੋਲ ਦੇਣ ਦਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਖਤ ਵਿਰੋਧ ਕੀਤਾ ਹੈ। ਸਿੱਖ ਸੰਸਥਾ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਦੋਸ਼ ਲਾਇਆ ਕਿ ਇਹ ਸਰਕਾਰ ਦੀ ਦੋਗਲੀ ਨੀਤੀ ਦਾ ਹਿੱਸਾ ਹੈ। ਇਕ ਪਾਸੇ ਸਰਕਾਰਾਂ ਸਿੱਖ ਬੰਦੀਆਂ ਦੀਆਂ ਸਜ਼ਾਵਾਂ ਪੂਰੀਆਂ ਹੋਣ ਮਗਰੋਂ ਵੀ ਉਨ੍ਹਾਂ ਨੂੰ ਜੇਲ੍ਹਾਂ ਤੋਂ ਰਿਹਾਅ ਨਹੀਂ ਕਰ ਰਹੀਆਂ ਪਰ ਦੂਜੇ ਪਾਸੇ ਵੱਖ-ਵੱਖ ਦੋਸ਼ਾਂ ਤਹਿਤ ਸਜ਼ਾ ਕੱਟ ਰਹੇ ਡੇਰਾ ਮੁਖੀ ਨੂੰ ਵਾਰ-ਵਾਰ ਜੇਲ੍ਹ ਤੋਂ ਬਾਹਰ ਲਿਆਂਦਾ ਜਾ ਰਿਹਾ ਹੈ।

ਉਨ੍ਹਾਂ ਕਿਹਾ ਕਿ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਮੌਕੇ ਕੇਂਦਰ ਸਰਕਾਰ ਨੇ ਸਿੱਖ ਬੰਦੀਆਂ ਨੂੰ ਰਿਹਾਅ ਕਰਨ ਦਾ ਐਲਾਨ ਕੀਤਾ ਸੀ, ਪਰ ਉਸ ਨੂੰ ਹੁਣ ਤੱਕ ਪੂਰਾ ਨਹੀਂ ਕੀਤਾ ਗਿਆ। ਉਨ੍ਹਾਂ ਆਖਿਆ ਕਿ ਸਿੱਖ ਸੰਸਥਾਵਾਂ ਵੱਲੋਂ ਇਸ ਮਸਲੇ ਨੂੰ ਵਾਰ-ਵਾਰ ਉਠਾਉਣ 'ਤੇ ਵੀ ਸਰਕਾਰਾਂ ਕੋਈ ਜਵਾਬ ਨਹੀਂ ਦੇ ਰਹੀਆਂ। ਜਦਕਿ ਡੇਰਾ ਸਿਰਸਾ ਮੁਖੀ 'ਤੇ ਸਰਕਾਰਾਂ ਸਦਾ ਮਿਹਰਬਾਨ ਰਹੀਆਂ ਹਨ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਦੁੱਖ ਦੀ ਗੱਲ ਹੈ ਕਿ ਹਰਿਆਣਾ ਅਤੇ ਕੇਂਦਰ ਦੀ ਭਾਜਪਾ ਸਰਕਾਰ ਵੱਲੋਂ ਰਲ ਕੇ ਰਾਜਸੀ ਖੇਡ ਖੇਡੀ ਜਾ ਰਹੀ ਹੈ। ਸ੍ਰੀ ਧਾਮੀ ਨੇ ਦੋਸ਼ ਲਾਇਆ ਕਿ ਕੇਂਦਰ ਦੀ ਭਾਜਪਾ ਸਰਕਾਰ ਰਾਜਸੀ ਲਾਹਾ ਲੈਣ ਦੇ ਮੰਤਵ ਨਾਲ ਪਹਿਲਾਂ ਵੀ ਚੋਣਾਂ ਸਮੇਂ ਡੇਰਾ ਮੁਖੀ ਨੂੰ ਫਰਲੋ ਦੇ ਚੁੱਕੀ ਹੈ ਤੇ ਹੁਣ ਫਿਰ ਸੰਗਰੂਰ ਚੋਣ ਸਮੇਂ ਲਾਹਾ ਲੈਣ ਲਈ ਰਾਮ ਰਹੀਮ ਨੂੰ ਪੈਰੋਲ ਦਿੱਤੀ ਹੈ, ਜੋ ਸਰਾਸਰ ਗਲਤ ਹੈ। ਉਨ੍ਹਾਂ ਕਿਹਾ ਕਿ ਡੇਰਾ ਮੁਖੀ ਨੂੰ ਸਰਕਾਰਾਂ ਵੱਲੋਂ ਦਿੱਤੀ ਜਾਂਦੀ ਸਰਪ੍ਰਸਤੀ ਨੂੰ ਸਿੱਖ ਬਰਦਾਸ਼ਤ ਨਹੀਂ ਕਰਨਗੇ।

## ਡੇਰਾ ਮੁਖੀ ਨੂੰ ਪੈਰੋਲ ਦੇਣ ਦੀ ਥਾਂ ਬੰਦੀ ਸਿੰਘਾਂ ਨੂੰ ਰਿਹਾਅ ਕੀਤਾ ਜਾਵੇ: ਕਾਲਕਾ

**ਨਵੀਂ ਦਿੱਲੀ:** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਨੇ ਕਿਹਾ ਹੈ ਕਿ ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਨੂੰ ਪੈਰੋਲ ਉਤੇ ਰਿਹਾਅ ਕਰਨ ਦੀ ਥਾਂ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਸਜ਼ਾਵਾਂ ਪੂਰੀਆਂ ਕਰ ਚੁੱਕੇ ਬੰਦੀ ਸਿੰਘਾਂ ਨੂੰ ਰਿਹਾਅ ਕਰੇ। ਕਾਲਕਾ ਨੇ ਕਿਹਾ ਕਿ ਉਹ ਦੇਸ ਦੀ ਕਾਨੂੰਨ ਵਿਵਸਥਾ ਉਤੇ ਕੋਈ ਸਵਾਲ ਨਹੀਂ ਚੁੱਕ ਰਹੇ, ਪਰ ਸਾਡੇ ਦਿਲਾਂ ਵਿਚ ਰੋਸ ਹੈ ਕਿ ਬੰਦੀ ਸਿੰਘਾਂ ਦੀ ਰਿਹਾਈ ਬਾਰੇ ਜਿਹੜੀ ਲੜਾਈ ਅਸੀਂ ਲੜ ਰਹੇ ਹਾਂ, ਉਸ ਬਾਰੇ ਕੋਈ ਸੁਣਵਾਈ ਨਹੀਂ ਹੋ ਰਹੀ।

## ਹਾਈ ਕੋਰਟ ਜਾਵਾਂਗੇ: ਅੰਸ਼ੁਲ ਛਤਰਪਤੀ

**ਸਿਰਸਾ:** ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਨੂੰ ਸੁਨਾਰੀਆ ਜੇਲ੍ਹ ਤੋਂ ਮਿਲੀ ਇਕ ਮਹੀਨੇ ਦੀ ਪੈਰੋਲ ਬਾਰੇ ਅੰਸ਼ੁਲ ਛਤਰਪਤੀ ਨੇ ਕਿਹਾ ਹੈ ਕਿ ਉਹ ਇਸ ਦੇ ਖਿਲਾਫ ਹਾਈ ਕੋਰਟ ਦਾ ਦਰਵਾਜ਼ਾ ਖੜਕਾਉਣਗੇ। ਉਨ੍ਹਾਂ ਕਿਹਾ ਕਿ ਡੇਰਾ ਮੁਖੀ 'ਤੇ ਜਬਰ ਜਨਾਹ ਤੇ ਕਤਲ ਦੇ ਗੰਭੀਰ ਦੋਸ਼ ਹਨ ਜਿਸ ਕਾਰਨ ਉਸ ਨੂੰ ਸਜ਼ਾ ਮਿਲੀ ਹੈ। ਉਨ੍ਹਾਂ ਕਿਹਾ ਕਿ ਹਰਿਆਣਾ ਸਰਕਾਰ ਨੇ ਆਪਣੇ ਸੁਆਰਥਾਂ ਦੀ ਕਥਿਤ ਪੂਰਤੀ ਲਈ ਡੇਰਾ ਮੁਖੀ ਨੂੰ ਪੈਰੋਲ ਦਿਵਾਈ ਹੈ। ਛਤਰਪਤੀ ਨੇ ਕਿਹਾ ਕਿ ਉਹ ਜਲਦੀ ਹੀ ਹਾਈ ਕੋਰਟ ਵਿਚ ਪੈਰੋਲ ਰੱਦ ਕਰਵਾਉਣ ਲਈ ਪਟੀਸ਼ਨ ਦਾਇਰ ਕਰਨਗੇ। ਚੇਤੇ ਰਹੇ ਕਿ ਡੇਰਾ ਮੁਖੀ ਨੂੰ ਸਾਧਵੀ ਜਬਰ ਜਨਾਹ ਤੋਂ ਇਲਾਵਾ ਪੱਤਰਕਾਰ ਰਾਮ ਚੰਦਰ ਛਤਰਪਤੀ ਤੇ ਡੇਰੇ ਦੇ ਇਕ ਸ਼ਰਧਾਲੂ ਰਣਜੀਤ ਦੀ ਹੱਤਿਆ ਦੇ ਮਾਮਲੇ ਵਿਚ ਸਜ਼ਾ ਮਿਲੀ ਹੋਈ ਹੈ।

# ਸ਼੍ਰੋਮਣੀ ਕਮੇਟੀ ਕਿਰਨ ਬੇਦੀ ਖਿਲਾਫ ਕਾਨੂੰਨੀ ਕਾਰਵਾਈ ਕਰੇਗੀ

**ਅੰਮ੍ਰਿਤਸਰ:** ਸਾਬਕਾ ਪੁਲਿਸ ਅਧਿਕਾਰੀ ਕਿਰਨ ਬੇਦੀ ਵੱਲੋਂ ਸਿੱਖਾਂ ਖਿਲਾਫ ਕੀਤੀ ਟਿੱਪਣੀ 'ਤੇ ਸ਼੍ਰੋਮਣੀ ਕਮੇਟੀ ਨੇ ਸਖਤ ਇਤਰਾਜ਼ ਕੀਤਾ ਹੈ। ਇਸ ਮਾਮਲੇ ਵਿਚ ਉਸ ਨੂੰ ਕਾਨੂੰਨੀ ਨੋਟਿਸ ਭੇਜਿਆ ਜਾ ਰਿਹਾ ਹੈ। ਸਾਬਕਾ ਆਈ.ਪੀ.ਐਸ. ਅਧਿਕਾਰੀ ਵੱਲੋਂ ਕੀਤੀ ਟਿੱਪਣੀ 'ਤੇ ਇਤਰਾਜ਼ ਕਰਦਿਆਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਇਸ ਦੀ ਨਿਖੇਧੀ ਕੀਤੀ ਹੈ। ਉਨ੍ਹਾਂ ਨੇ ਕਿਹਾ ਕਿ ਕਿਰਨ ਬੇਦੀ ਨੂੰ ਸਿੱਖ ਇਤਿਹਾਸ ਪੜ੍ਹਨਾ ਚਾਹੀਦਾ ਹੈ ਤਾਂ ਜੋ ਉਸ ਨੂੰ ਪਤਾ ਲੱਗੇ ਕਿ ਸਿੱਖਾਂ ਨੇ ਅਬਦਾਲੀ ਦੇ ਰਾਜ ਵਿਚ ਔਰਤਾਂ ਨੂੰ ਬਚਾਉਣ ਲਈ ਅਤੇ ਧਾੜਵੀਆਂ ਨੂੰ ਰੋਕਣ ਲਈ ਕੀ ਕੁਝ ਕੀਤਾ ਸੀ।

ਉਨ੍ਹਾਂ ਕਿਹਾ ਕਿ ਜਦੋਂ ਧਾੜਵੀ ਭਾਰਤ 'ਤੇ ਹਮਲਾ ਕਰ ਕੇ ਇਥੋਂ ਦਾ ਕੀਮਤੀ ਸਾਮਾਨ ਅਤੇ ਔਰਤਾਂ ਨੂੰ ਬਾਜ਼ਾਰਾਂ ਵਿਚ ਵੇਚਣ ਲਈ ਲੈ ਜਾਂਦੇ ਸਨ ਤਾਂ ਲੋਕਾਂ ਦੀ ਰਖਵਾਲੀ ਲਈ ਸਦਾ ਤਤਪਰ ਰਹਿਣ ਵਾਲੇ ਸਿੰਘ ਰਾਤ 12 ਵਜੇ ਧਾੜਵੀਆਂ 'ਤੇ ਹਮਲਾ ਕਰ ਕੇ ਲੁੱਟ ਦਾ ਸਾਮਾਨ ਅਤੇ ਔਰਤਾਂ ਨੂੰ ਛੁਡਵਾ ਕੇ ਉਨ੍ਹਾਂ ਨੂੰ ਸੁਰੱਖਿਅਤ ਘਰਾਂ ਵਿਚ ਪਹੁੰਚਾਉਂਦੇ ਸਨ। ਉਨ੍ਹਾਂ ਕਿਹਾ ਕਿ ਕਿਰਨ ਬੇਦੀ ਪੰਜਾਬ ਦੀ ਜੰਮਪਲ ਹੈ ਅਤੇ ਉਸ ਨੂੰ ਸਿੱਖਾਂ ਦੇ ਇਤਿਹਾਸ ਬਾਰੇ ਪਤਾ ਹੋਣਾ ਚਾਹੀਦਾ ਹੈ। ਪਰ ਉਸ ਵੱਲੋਂ ਸਿੱਖਾਂ ਖਿਲਾਫ ਕੀਤੀ ਟਿੱਪਣੀ ਹੈਰਾਨੀਜਨਕ ਤੇ ਸ਼ਰਮਨਾਕ ਹੈ, ਇਸ ਨੇ ਪੂਰੀ ਕੌਮ ਦੀਆਂ ਭਾਵਨਾਵਾਂ ਨੂੰ ਸੱਟ ਮਾਰੀ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਕਿਰਨ ਬੇਦੀ ਨੂੰ ਕਾਨੂੰਨੀ ਨੋਟਿਸ ਭੇਜਿਆ ਜਾ ਰਿਹਾ ਹੈ।



ਇਸ ਤੋਂ ਪਹਿਲਾਂ ਇਸ ਮਾਮਲੇ ਵਿਚ 'ਆਪ' ਦੇ ਵੱਖ-ਵੱਖ ਆਗੂਆਂ ਵੱਲੋਂ ਵੀ ਕਿਰਨ ਬੇਦੀ ਦੀ ਟਿੱਪਣੀ ਦਾ ਵਿਰੋਧ ਕੀਤਾ ਗਿਆ। ਇਸ ਤੋਂ ਬਾਅਦ ਕਿਰਨ ਬੇਦੀ ਨੇ ਸੋਸ਼ਲ ਮੀਡੀਆ 'ਤੇ ਹੋਈ ਇਸ ਗਲਤੀ ਲਈ ਮੁਆਫੀ ਵੀ ਮੰਗ ਲਈ ਹੈ। ਉਸ ਨੇ ਆਪਣੇ ਟਵਿੱਟਰ ਖਾਤੇ 'ਤੇ ਸ੍ਰੀ ਹਰਿਮੰਦਰ ਸਾਹਿਬ ਵਿਚ ਨਤਮਸਤਕ ਹੁੰਦਿਆਂ ਦੀ ਤਸਵੀਰ ਵੀ ਅਪਲੋਡ ਕੀਤੀ ਹੈ। ਇਸ 'ਤੇ ਲਿਖਿਆ ਹੋਇਆ ਕਿ ਉਹ ਪੰਜਾਬ ਦੀ ਧੀ ਹੈ।

ਉਸ ਨੇ ਇਕ ਹੋਰ ਟਵੀਟ ਵਿਚ ਲਿਖਿਆ ਹੈ ਕਿ ਉਸ ਦੇ ਮਨ ਵਿਚ ਆਪਣੇ ਭਾਈਚਾਰੇ ਲਈ ਵੱਡਾ ਸਤਿਕਾਰ ਹੈ ਅਤੇ ਉਹ ਗੁਰੂ ਨਾਨਕ ਦੇਵ ਦੀ ਭਗਤ ਹੈ। ਉਸ ਨੇ ਆਪਣੀ ਟਿੱਪਣੀ ਵਾਸਤੇ ਮੁਆਫੀ ਵੀ ਮੰਗੀ ਹੈ। ਉਸ ਵੱਲੋਂ ਕੀਤੀ ਟਿੱਪਣੀ ਕਾਰਨ ਉਸ ਖਿਲਾਫ ਵੱਡੀ ਗਿਣਤੀ ਵਿਚ ਲੋਕਾਂ ਵੱਲੋਂ ਜਵਾਬ ਵੀ ਦਰਜ ਕੀਤੇ ਹੋਏ ਹਨ।

# ਸ਼੍ਰੋਮਣੀ ਕਮੇਟੀ ਵੱਲੋਂ ਸਿੱਖਾਂ ਨੂੰ ਵੱਖਰੀ ਕੌਮ ਦਾ ਦਰਜਾ ਦੇਣ ਦੀ ਮੰਗ

**ਨਵੀਂ ਦਿੱਲੀ:** ਸ਼੍ਰੋਮਣੀ ਕਮੇਟੀ ਦਾ ਇਕ ਉੱਚ ਪੱਧਰੀ ਵਫਦ ਕੌਮੀ ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਇਕਬਾਲ ਸਿੰਘ ਲਾਲਪੁਰਾ ਨੂੰ ਮਿਲਿਆ। ਇਸ ਮੌਕੇ ਭਾਰਤ ਦੇ ਸੰਵਿਧਾਨ ਦੀ ਧਾਰਾ 25ਬੀ ਵਿਚ ਸੋਧ ਕਰਕੇ ਸਿੱਖਾਂ ਨੂੰ ਇਕ ਵੱਖਰੀ ਕੌਮ ਦਾ ਦਰਜਾ ਦੇਣ, ਸਿੱਖ ਬੰਦੀਆਂ ਦੀ ਰਿਹਾਈ, ਗੁਰਦੁਆਰਾ ਗਿਆਨ ਗੋਦੜੀ ਦੀ ਉਸਾਰੀ ਤੇ ਪੰਜਾਬ ਤੋਂ ਬਾਹਰ ਕਈ ਗੁਰਦੁਆਰਿਆਂ ਦਾ ਪ੍ਰਬੰਧ ਸਿੱਖ ਸੰਸਥਾ ਨੂੰ ਸੌਂਪਣ ਸਮੇਤ ਹੋਰ ਕਈ ਸਿੱਖ ਮਸਲੇ ਕਮਿਸ਼ਨ ਸਾਹਮਣੇ ਰੱਖੇ ਗਏ। ਕਮਿਸ਼ਨ ਵੱਲੋਂ ਇਨ੍ਹਾਂ ਮਸਲਿਆਂ ਨੂੰ ਸੰਜੀਦਗੀ ਨਾਲ ਵਿਚਾਰਨ ਦਾ ਭਰੋਸਾ ਦਿੱਤਾ ਗਿਆ ਹੈ। ਵਫਦ ਵਿਚ ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਕਰਨੈਲ ਸਿੰਘ ਪੰਜੋਲੀ, ਸਰਵਣ ਸਿੰਘ ਕੁਲਾਰ, ਗੁਰਚਰਨ ਸਿੰਘ ਗਰੇਵਾਲ ਤੇ ਸਤਵਿੰਦਰ ਸਿੰਘ ਟੌਹੜਾ ਤੇ ਹੋਰ ਸ਼ਾਮਲ ਸਨ। ਵਫਦ ਨੇ ਕਮਿਸ਼ਨ ਦੇ ਚੇਅਰਮੈਨ ਨੂੰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ ਭੇਜਿਆ ਸਿੱਖ ਮਸਲਿਆਂ ਬਾਰੇ ਪੱਤਰ ਸੌਂਪਿਆ ਤੇ ਇਨ੍ਹਾਂ ਮਸਲਿਆਂ ਦੇ ਹੱਲ ਦੀ ਮੰਗ ਕੀਤੀ। ਸ੍ਰੀ ਪੰਜੋਲੀ ਨੇ ਦੱਸਿਆ ਕਿ ਗੁਰਦੁਆਰਾ ਗਿਆਨ ਗੋਦੜੀ ਹਰਿਦੁਆਰ, ਗੁਰਦੁਆਰਾ ਡਾਂਗਮਾਰ ਸਿੱਕਮ ਤੇ ਗੁਰਦੁਆਰਾ ਮੰਗੂ ਮੱਠ ਉੜੀਸਾ ਸਮੇਤ ਹੋਰ ਇਤਿਹਾਸਕ ਗੁਰਧਾਮਾਂ ਦਾ ਪ੍ਰਬੰਧ ਸਿੱਖ ਸੰਸਥਾ ਨੂੰ ਸੌਂਪਣ ਦੀ ਮੰਗ ਕੀਤੀ ਗਈ। ਉਨ੍ਹਾਂ ਦੱਸਿਆ ਕਿ ਕਮਿਸ਼ਨ ਦੇ ਚੇਅਰਮੈਨ ਨੇ ਇਨ੍ਹਾਂ ਮਸਲਿਆਂ ਨੂੰ ਸੰਜੀਦਗੀ ਨਾਲ ਵਿਚਾਰਨ ਦਾ ਭਰੋਸਾ ਦਿੱਤਾ ਹੈ। ਕਮਿਸ਼ਨ ਦੇ ਦਫ਼ਤਰ ਵਿਚ ਸ਼੍ਰੋਮਣੀ ਕਮੇਟੀ ਦੇ ਵਫਦ ਤੇ ਈਸਾਈ ਭਾਈਚਾਰੇ ਦੇ ਆਗੂਆਂ ਵਿਚਾਲੇ ਧਰਮ ਪਰਿਵਰਤਨ ਦੀ ਸ਼ਿਕਾਇਤ ਸਬੰਧੀ ਇਕ ਸਾਂਝੀ ਮੀਟਿੰਗ ਵੀ ਕਰਵਾਈ ਗਈ। ਈਸਾਈ ਭਾਈਚਾਰੇ ਦੇ ਆਗੂਆਂ ਨੇ ਇਸ ਮਸਲੇ 'ਤੇ ਸੰਜੀਦਗੀ ਨਾਲ ਵਿਚਾਰ ਕਰਨ ਦਾ ਭਰੋਸਾ ਦਿੱਤਾ ਹੈ।

## ਪਬਜੀ ਵਿਚ ਮੈਚ ਹਾਰਨ 'ਤੇ ਵਿਦਿਆਰਥੀ ਵੱਲੋਂ ਖੁਦਕੁਸ਼ੀ

**ਪਠਾਨਕੋਟ:** ਆਨਲਾਈਨ ਵੀਡੀਓ ਗੇਮ 'ਪਬਜੀ' ਵਿਚ ਮੈਚ ਹਾਰਨ ਤੋਂ ਨਿਰਾਸ਼ ਹੋਏ ਪਿੰਡ ਭੱਬਰ ਦੇ ਵਸਨੀਕ ਬਾਰ੍ਹਵੀਂ ਜਮਾਤ ਦੇ ਇਕ ਵਿਦਿਆਰਥੀ ਨੇ ਫਾਹਾ ਲਾ ਕੇ ਖੁਦਕੁਸ਼ੀ ਕਰ ਲਈ। ਮ੍ਰਿਤਕ ਦੀ ਪਛਾਣ ਵਿਨੀਤ ਸਿੰਘ (17) ਪੁੱਤਰ ਮੋਹਨ ਸਿੰਘ ਵਜੋਂ ਹੋਈ ਹੈ। ਮ੍ਰਿਤਕ ਦੇ ਪਿਤਾ ਮੋਹਨ ਸਿੰਘ ਨੇ ਪੁਲਿਸ ਨੂੰ ਦੱਸਿਆ ਕਿ ਵਿਨੀਤ ਪਿਛਲੇ ਲੰਮੇ ਸਮੇਂ ਤੋਂ ਆਨਲਾਈਨ ਗੇਮ ਪਬਜੀ ਖੇਡਦਾ ਸੀ। ਵਿਨੀਤ ਇਸ ਗੇਮ ਵਿਚ ਇਕ ਮੈਚ ਹਾਰਨ ਕਰਕੇ ਬਹੁਤ ਨਿਰਾਸ਼ ਹੋ ਗਿਆ ਤੇ ਨਾਲ ਫਾਹਾ ਲੈ ਕੇ ਆਪਣੀ ਜਾਨ ਦੇ ਦਿੱਤੀ।

# *ਨਹਿਰੀ ਪਾਣੀ ਨਾ ਮਿਲਣ ਕਾਰਨ ਕਿਸਾਨ ਨੇ ਕਿੰਨੂਆਂ ਦੇ ਬਾਗ ਪੁੱਟੇ*

**ਜਲੰਧਰ:** ਨਹਿਰੀ ਪਾਣੀ ਨਾ ਮਿਲਣ ਤੋਂ ਦੁਖੀ ਅਬੋਹਰ ਇਲਾਕੇ ਦੇ ਕਿਸਾਨਾਂ ਵੱਲੋਂ ਆਪਣੇ ਕਿੰਨੂਆਂ ਦੇ ਬਾਗ ਪੁੱਟੇ ਜਾ ਰਹੇ ਹਨ। ਖੇਤਰ ਵਿਚ ਧਰਤੀ ਹੇਠਲਾ ਪਾਣੀ ਠੀਕ ਨਾ ਹੋਣ ਕਾਰਨ ਕਿਸਾਨੀ ਨਹਿਰੀ ਪਾਣੀ ਉਤੇ ਨਿਰਭਰ ਹੈ ਪਰ ਸਰਕਾਰ ਵੱਲੋਂ ਨਹਿਰਾਂ ਵਿਚ ਪਾਣੀ ਨਾ ਛੱਡਣ ਕਾਰਨ ਕਿਸਾਨਾਂ ਦੇ ਬਾਗ ਸੁੱਕ ਰਹੇ ਹਨ ਤੇ ਉਨ੍ਹਾਂ ਵੱਲੋਂ ਬਾਗ ਪੁੱਟੇ ਜਾ ਰਹੇ ਹਨ। ਇਸ ਦਾ ਖੁਲਾਸਾ ਕਿਰਤੀ ਕਿਸਾਨ ਯੂਨੀਅਨ ਦੇ ਸੂਬਾ ਪ੍ਰਧਾਨ ਨਿਰਭੈ ਸਿੰਘ ਢੁੱਡੀਕੇ, ਜਨਰਲ ਸਕੱਤਰ ਸਤਿਬੀਰ ਸਿੰਘ ਸੁਲਤਾਨੀ, ਮੀਤ ਪ੍ਰਧਾਨ ਰਜਿੰਦਰ ਸਿੰਘ ਦੀਪ ਸਿੰਘ ਵਾਲਾ ਤੇ ਪ੍ਰੈਸ ਸਕੱਤਰ ਜਤਿੰਦਰ ਸਿੰਘ ਛੀਨਾ ਨੇ ਅਬੋਹਰ ਦੇ ਨਾਲ ਲੱਗਦੇ ਖੇਤਰਾਂ ਦਾ ਦੌਰਾ ਕਰਨ ਤੋਂ ਬਾਅਦ ਕਰਦਿਆਂ ਕਿਹਾ ਕਿ ਇਕ ਪਾਸੇ ਪੰਜਾਬ ਸਰਕਾਰ ਫਸਲੀ ਵਿਭਿੰਨਤਾ ਦੀ ਗੱਲ ਕਰ ਰਹੀ ਹੈ ਜਦਕਿ ਦੂਸਰੇ ਪਾਸੇ ਵਾਤਾਵਰਨ ਦੇ ਲਈ ਸਾਜ਼ਗਾਰ ਬਾਗਬਾਨੀ ਦੇ ਇਲਾਕੇ ਨੂੰ ਨਹਿਰੀ ਪਾਣੀ ਬੰਦ ਕਰ ਕੇ ਉਜਾੜਨ ਲਈ ਮਜਬੂਰ ਕਰ ਰਹੀ ਹੈ।

ਉਨ੍ਹਾਂ ਕਿਹਾ ਕਿ ਅਬੋਹਰ ਤਹਿਸੀਲ ਦੇ ਰਾਜਪੁਰਾ ਪਿੰਡ ਵਿਚ ਭੋਲਾ ਸਿੰਘ ਖਾਲਸਾ ਨਾਂ ਦੇ ਕਿਸਾਨ ਨੇ ਆਪਣਾ ਅੱਠ ਏਕੜ ਦਾ ਬਾਗ ਨਹਿਰੀ ਪਾਣੀ ਨਾ ਮਿਲਣ ਕਰ ਕੇ ਪੁੱਟ ਦਿੱਤਾ ਹੈ। ਇਸ ਤੋਂ ਇਲਾਵਾ ਸ਼ੇਰਗੜ੍ਹ, ਵਜੀਦਪੁਰ ਭੋਮਾ, ਪੰਜਾਵਾ



ਆਦਿ ਪਿੰਡਾਂ ਦੇ ਕਿਸਾਨਾਂ ਨੇ ਵੀ ਆਪਣੇ ਬਾਗ ਪੁੱਟ ਦਿੱਤੇ ਹਨ। ਉਨ੍ਹਾਂ ਕਿਹਾ ਕਿ ਜੇਕਰ ਫੌਰੀ ਨਹਿਰੀ ਪਾਣੀ ਨਾ ਮਿਲਿਆ ਤਾਂ ਹੋਰ ਬਾਗ ਵੀ ਸੁੱਕ ਸਕਦੇ ਹਨ। ਉਨ੍ਹਾਂ ਕਿਹਾ ਕਿ ਪਹਿਲਾਂ ਹੀ ਪੰਜਾਬ ਦੀ ਕੁੱਲ ਖੇਤੀਯੋਗ ਜ਼ਮੀਨ ਦਾ ਸਿਰਫ 2.2 ਫੀਸਦੀ ਬਾਗਬਾਨੀ ਹੇਠ ਹੈ। ਇਸ ਤੋਂ ਪਹਿਲਾਂ ਹੁਸ਼ਿਆਰਪੁਰ ਦੀ ਕਿੰਨੂ ਪੱਟੀ ਵਿਚ ਕਿਸਾਨ ਬਾਗ ਪੁੱਟਣ ਵਾਸਤੇ ਮਜਬੂਰ ਹੋ ਚੁੱਕੇ ਹਨ।

## ਵਪਾਰੀਆਂ ਲਈ ਸਿੰਗਲ ਵਿੰਡੋ ਸਿਸਟਮ ਲਾਗੂ ਹੋਵੇਗਾ: ਭਗਵੰਤ ਮਾਨ



**ਸੰਗਰੂਰ:** ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਪੰਜਾਬ ਸਰਕਾਰ ਕਾਰੋਬਾਰੀਆਂ ਤੇ ਉਦਯੋਪਤੀਆਂ ਲਈ ਈ-ਗਵਰਨੈਂਸ ਤਹਿਤ ਸਿੰਗਲ ਵਿੰਡੋ ਵਿਵਸਥਾ ਲਾਗੂ ਕਰੇਗੀ ਤਾਂ ਕਿ ਕਾਰੋਬਾਰ ਅਤੇ ਉਦਯੋਗ ਸਥਾਪਤ ਕਰਨ 'ਚ ਆ ਰਹੀਆਂ ਮੁਸ਼ਕਲਾਂ ਸੌਖੇ ਤਰੀਕੇ ਹੱਲ ਹੋ ਸਕਣ। ਇਸ ਸਬੰਧੀ ਮੁੱਖ ਮੰਤਰੀ ਭਗਵੰਤ ਮਾਨ ਤੇ ਦਿੱਲੀ ਦੇ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਨੇ ਲੋਕ ਸਭਾ ਹਲਕੇ ਦੇ ਵਪਾਰੀਆਂ ਅਤੇ ਉਦਯੋਪਤੀਆਂ ਨਾਲ ਮੀਟਿੰਗ ਕੀਤੀ। ਮੁੱਖ ਮੰਤਰੀ ਨੇ ਦੱਸਿਆ ਕਿ ਸਿੰਗਲ ਵਿੰਡੋ ਸਿਸਟਮ ਲਾਗੂ ਹੋਣ ਨਾਲ ਕਾਰੋਬਾਰੀਆਂ ਤੇ ਉਦਯੋਪਤੀਆਂ ਨੂੰ ਵੱਡੀ ਰਾਹਤ ਮਿਲੇਗੀ ਅਤੇ ਉਹ ਸੌਖੇ ਤੇ ਪਾਰਦਰਸ਼ੀ ਤਰੀਕੇ ਨਾਲ ਐਨ.ਓ.ਸੀ. ਸਮੇਤ ਹੋਰ ਮਨਜ਼ੂਰੀਆਂ ਪ੍ਰਾਪਤ ਕਰ ਸਕਣਗੇ। ਇਸ ਨਾਲ ਸੂਬੇ 'ਚ ਕਾਰੋਬਾਰ ਸਥਾਪਤ ਕਰਨ 'ਚ ਆਸਾਨੀ ਹੋਵੇਗੀ।

# ਮੂੰਗੀ-ਮੱਕੀ ਦੀ ਖਰੀਦ ਸਮੇਂ ਖੁਆਰੀ ਖਿਲਾਫ ਰੋਹ ਭਖਿਆ

**ਬਰਨਾਲਾ:** ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਅਨਾਜ ਮੰਡੀਆਂ ਵਿਚ ਮੂੰਗੀ ਤੇ ਮੱਕੀ ਦੀ ਫਸਲ ਦੀ ਬੇਕਦਰੀ ਖਿਲਾਫ ਮੋਰਚੇ ਵਿਚ ਸ਼ਾਮਲ ਕਿਸਾਨ ਜਥੇਬੰਦੀਆਂ ਵੱਲੋਂ ਸਥਾਨਕ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਭਰਵੀਂ ਰੈਲੀ ਕੀਤੀ ਤੇ ਡੀਸੀ ਦਫ਼ਤਰ ਰਾਹੀਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਾਂ ਮੰਗ ਪੱਤਰ ਭੇਜਿਆ।

ਰੈਲੀ ਦੌਰਾਨ ਸੰਪੂਰਨ ਸਿੰਘ ਚੂੰਘਾਂ, ਦਰਸ਼ਨ ਸਿੰਘ ਉੱਗੋਕੇ, ਗੁਰਦੇਵ ਸਿੰਘ ਮਾਂਗੇਵਾਲ ਤੇ ਜੱਗਾ ਸਿੰਘ ਬਦਰਾ ਨੇ ਕਿਹਾ ਕਿ ਕੇਂਦਰੀ ਤੇ ਸੂਬਾਈ ਸਰਕਾਰਾਂ ਮੂੰਗੀ ਅਤੇ ਮੱਕੀ ਦੀ ਖਰੀਦ ਵਿਚ ਬੇਲੋੜੀਆਂ ਸ਼ਰਤਾਂ ਮੜ੍ਹ ਕੇ ਕਿਸਾਨੀ ਨੂੰ ਖੱਜਲ ਕਰਨ ਦੇ ਰਾਹ ਤੁਰੀਆਂ ਹੋਈਆਂ ਹਨ। ਮੂੰਗੀ ਕਾਸ਼ਤ ਵਾਲੀ ਜ਼ਮੀਨ ਦੀਆਂ ਤਸਦੀਕਸ਼ੁਦਾ ਫਰਦਾਂ ਦੀ ਮੰਗ ਸਿਰਫ ਸਹਿਕਾਰੀ ਸੁਸਾਇਟੀ ਦੀ ਦੁਕਾਨ ਉਤੇ ਹੀ ਵਿਕਰੀ ਦੀ ਸ਼ਰਤ ਨੇ ਕਿਸਾਨ ਨੂੰ ਉਲਝਾਇਆ ਹੈ।

ਇਸ ਤੋਂ ਇਲਾਵਾ ਇਕ ਕਿੱਲੇ ਦੀ ਪੰਜ ਕੁਇੰਟਲ ਤੇ ਕੁੱਲ ਪੱਚੀ ਕੁਇੰਟਲ ਹੀ ਇਕ ਕਿਸਾਨ ਵੇਚ ਸਕੇਗਾ, ਜਿਥੋਂ ਮੂੰਗੀ ਪੈਦਾ ਕੀਤੀ ਹੈ, ਉਥੇ ਝੋਨੇ ਦੀ 126 ਕਿਸਮ ਹੀ ਬੀਜਣਾ ਤਾਂ ਹੀ ਮੂੰਗੀ ਦੀ ਅੱਧੀ ਪੇਮੈਂਟ ਉਸ ਦੇ ਖਾਤੇ ਵਿਚ ਪਾਈ ਜਾਵੇਗੀ। ਖਰੀਦ ਦੇ ਪੈਮਾਨੇ ਉਤੇ ਪੂਰੀ ਨਾ ਉਤਰਨ ਵਾਲੀ ਮੂੰਗੀ ਕਿਸਾਨ ਕਿੱਥੇ ਵੇਚੇ, ਅਜੇ ਤੱਕ ਕੋਈ ਸਰਕਾਰੀ ਹਦਾਇਤ ਨਹੀਂ ਹੈ। ਆਗੂਆਂ ਨੇ ਸਰਕਾਰ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਇਕ ਪਾਸੇ 46-47 ਡਿਗਰੀ ਤਾਪਮਾਨ ਦੀ ਅੱਗ ਵਰ੍ਹ ਰਹੀ ਹੈ, ਦੂਜੇ ਪਾਸੇ ਸਰਕਾਰ ਨੇ ਨਹਿਰਾਂ ਬੰਦ ਕੀਤੀਆਂ ਹੋਈਆਂ ਹਨ, ਜੇ ਅਜਿਹਾ ਕਿਸਾਨ ਵਿਰੋਧੀ ਰਵੱਈਆ ਨਾ ਬਦਲਿਆ ਤਾਂ ਜਲਦ ਹੀ 22 ਕਿਸਾਨ ਜਥੇਬੰਦੀਆਂ ਵਿਆਪਕ ਸੰਘਰਸ਼ ਦਾ ਐਲਾਨ ਕਰਨਗੀਆਂ।

## ਆੜ੍ਹਤੀਆਂ ਨੂੰ ਬਾਹਰ ਰੱਖਣ ਦੇ ਫੈਸਲੇ ਦਾ ਵਿਰੋਧ

**ਪਟਿਆਲਾ:** ਆੜ੍ਹਤੀ ਐਸੋਸੀਏਸ਼ਨ ਪੰਜਾਬ ਵੱਲੋਂ ਮੂੰਗੀ ਦੀ ਖਰੀਦ ਸਬੰਧੀ ਪੰਜਾਬ ਸਰਕਾਰ ਵੱਲੋਂ ਜਾਰੀ ਕੀਤੇ ਗਏ ਫਾਰਮੂਲੇ ਨੂੰ ਸੂਬੇ ਦੇ ਆੜ੍ਹਤੀਆਂ ਨੇ ਮਾਰੂ ਕਰਾਰ ਦਿੱਤਾ ਹੈ। ਐਸੋਸੀਏਸ਼ਨ ਦੇ ਪ੍ਰਧਾਨ ਰਵਿੰਦਰ ਸਿੰਘ ਚੀਮਾ ਨੇ ਕਿਹਾ ਕਿ ਛੇਤੀ ਹੀ ਐਸੋਸੀਏਸ਼ਨ ਵੱਲੋਂ ਕੇਂਦਰ ਤੇ ਸੂਬਾ ਸਰਕਾਰਾਂ ਮੰਗ ਪੱਤਰ ਦੇ ਕੇ ਇਸ ਫੈਸਲੇ ਨੂੰ ਰੱਦ ਕਰਨ 'ਤੇ ਜ਼ੋਰ ਦਿੱਤਾ ਜਾਵੇਗਾ ਤੇ ਅਜਿਹਾ ਨਾ ਹੋਣ ਦੀ ਸੂਰਤ ਵਿਚ ਪੰਜਾਬ ਭਰ ਵਿਚ ਰੋਸ ਪ੍ਰਦਰਸ਼ਨ ਵੀ ਕੀਤੇ ਜਾਣਗੇ।

# ਜਲ੍ਹਿਆਂਵਾਲਾ ਬਾਗ ਸਾਕਾ: ਬਰਤਾਨਵੀ ਹਾਈ ਕਮਿਸ਼ਨਰ ਵੱਲੋਂ ਦੁੱਖ ਪ੍ਰਗਟ

**ਅੰਮ੍ਰਿਤਸਰ:** ਬਰਤਾਨੀਆ ਦੇ ਭਾਰਤ ਵਿਚਲੇ ਹਾਈ ਕਮਿਸ਼ਨਰ ਅਲੈਗਜ਼ੈਂਡਰ ਐਲਿਸ ਨੇ ਇਥੇ ਇਤਿਹਾਸਕ ਜਲ੍ਹਿਆਂਵਾਲਾ ਬਾਗ ਵਿਚ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ 13 ਅਪਰੈਲ 1919 ਨੂੰ ਵਾਪਰੇ ਸਾਕੇ ਨੂੰ ਸ਼ਰਮਨਾਕ ਕਾਰਾ ਆਖਦਿਆਂ ਇਸ 'ਤੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਬਰਤਾਨਵੀ ਹਾਈ ਕਮਿਸ਼ਨਰ ਅੰਮ੍ਰਿਤਸਰ ਵਿਚ ਦੋ ਰੋਜ਼ਾ ਦੌਰੇ 'ਤੇ ਆਏ ਸਨ, ਜਿਸ ਦੌਰਾਨ ਉਨ੍ਹਾਂ ਜਲ੍ਹਿਆਂਵਾਲਾ ਬਾਗ ਦਾ ਵੀ ਦੌਰਾ ਕੀਤਾ। ਇਸ ਤੋਂ ਪਹਿਲਾਂ ਉਹ ਸ੍ਰੀ ਦਰਬਾਰ ਸਾਹਿਬ ਵਿਖੇ ਵੀ ਨਤਮਸਤਕ ਹੋਏ। ਜਲ੍ਹਿਆਂਵਾਲਾ ਬਾਗ ਵਿਚ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਨ ਮੌਕੇ ਯਾਤਰੂ ਬੁੱਕ 'ਚ ਭਾਵਨਾਵਾਂ ਦਰਜ ਕਰਦਿਆਂ




ਹਾਈ ਕਮਿਸ਼ਨਰ ਨੇ ਆਖਿਆ ਕਿ ਇਸ ਘਟਨਾ ਦਾ ਕਾਲਾ ਪਰਛਾਵਾਂ ਭਾਰਤ ਤੇ ਇੰਗਲੈਂਡ, ਦੋਵਾਂ ਦੇ ਇਤਿਹਾਸ ਦੇ ਪੰਨਿਆਂ 'ਤੇ ਲੰਮਾ ਸਮਾਂ ਦਰਜ ਰਹੇਗਾ। ਉਨ੍ਹਾਂ ਲਿਖਿਆ ਕਿ ਜੋ ਕੁਝ ਵਾਪਰਿਆ ਉਹ ਇਕ ਸ਼ਰਮਨਾਕ ਸੀ।

# ਸਿਆਸੀ ਧਿਰਾਂ ਲਈ ਵੱਕਾਰ ਦਾ ਸਵਾਲ ਬਣੀ ਸੰਗਰੂਰ ਜ਼ਿਮਨੀ ਚੋਣ

**ਸੰਗਰੂਰ:** ਸੰਗਰੂਰ ਲੋਕ ਸਭਾ ਹਲਕੇ ਦੀ ਜ਼ਿਮਨੀ ਚੋਣ ਸਾਰੀਆਂ ਪ੍ਰਮੁੱਖ ਸਿਆਸੀ ਪਾਰਟੀਆਂ ਦੇ ਵੱਕਾਰ ਦਾ ਸਵਾਲ ਬਣ ਗਈ ਹੈ। ਚੋਣ ਮੈਦਾਨ ਫਤਿਹ ਕਰਨ ਲਈ ਸਿਆਸੀ ਪਾਰਟੀਆਂ ਨੇ ਆਪਣੀ ਪੂਰੀ ਵਾਹ ਲਾ ਦਿੱਤੀ ਹੈ। ਸਾਰੀਆਂ ਪ੍ਰਮੁੱਖ ਸਿਆਸੀ ਧਿਰਾਂ ਦੀ ਸਮੁੱਚੀ ਸੂਬਾਈ ਲੀਡਰਸ਼ਿਪ ਆਪੋ ਆਪਣੇ ਉਮੀਦਵਾਰਾਂ ਦੀ ਜਿੱਤ ਯਕੀਨੀ ਬਣਾਉਣ ਲਈ ਚੋਣ ਮੀਟਿੰਗਾਂ ਤੇ ਰੋਡ ਸ਼ੋਅ ਕਰਕੇ ਆਖਰੀ ਹੰਭਲਾ ਮਾਰਦੀ ਰਹੀ।



ਹਮੇਸ਼ਾ ਪੰਜਾਬ ਦੀ ਸਰਗਰਮ ਸਿਆਸਤ ਦਾ ਧੁਰਾ ਰਹੀ ਇਸ ਸੀਟ 'ਤੇ ਹੁਣ ਤੱਕ ਛੇ ਵਾਰ ਸ਼੍ਰੋਮਣੀ ਅਕਾਲੀ ਦਲ, ਚਾਰ ਵਾਰ ਕਾਂਗਰਸ, ਦੋ ਵਾਰ ਸ਼੍ਰੋਮਣੀ ਅਕਾਲੀ ਦਲ (ਮਾਨ), ਦੋ ਵਾਰ ਆਮ ਆਦਮੀ ਪਾਰਟੀ ਅਤੇ ਦੋ ਵਾਰ ਸੀ.ਪੀ.ਆਈ. ਨੇ ਜਿੱਤ ਦਰਜ ਕੀਤੀ ਹੈ। ਸ਼੍ਰੋਮਣੀ ਅਕਾਲੀ ਦਲ ਨੇ 1967, 1977, 1984, 1996, 1998 ਅਤੇ 2004 ਵਿਚ ਜਿੱਤ ਪ੍ਰਾਪਤ ਕੀਤੀ ਸੀ, ਜਦਕਿ ਕਾਂਗਰਸ ਪਾਰਟੀ 1952, 1980, 1991 ਅਤੇ 2009 ਵਿਚ ਚੋਣ ਜਿੱਤੀ ਹੈ। 1989 ਤੇ 1999 ਵਿਚ ਇਥੋਂ ਸ਼੍ਰੋਮਣੀ ਅਕਾਲੀ ਦਲ (ਮਾਨ) ਅਤੇ 2014 ਤੇ 2019 ਵਿਚ 'ਆਪ' ਨੂੰ ਜਿੱਤ ਪ੍ਰਾਪਤ ਹੋਈ। ਇਸੇ ਤਰ੍ਹਾਂ 1962 ਤੇ 1971 'ਚ ਸੀ.ਪੀ.ਆਈ. ਜਿੱਤੀ। ਸੰਗਰੂਰ ਲੋਕ ਸਭਾ ਸੀਟ ਤੋਂ ਭਗਵੰਤ ਮਾਨ ਵੱਲੋਂ ਅਸਤੀਫ਼ਾ ਦੇਣ ਕਾਰਨ ਜ਼ਿਮਨੀ ਚੋਣ ਹੋਈ ਹੈ। ਇਸ ਵਾਰ 'ਆਪ' ਵੱਲੋਂ ਗੁਰਮੇਲ ਸਿੰਘ ਘਰਾਚੋਂ, ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਵੱਲੋਂ ਸਿਮਰਨਜੀਤ ਸਿੰਘ ਮਾਨ, ਸ਼੍ਰੋਮਣੀ ਅਕਾਲੀ ਦਲ ਵੱਲੋਂ ਕਮਲਦੀਪ ਕੌਰ ਰਾਜੋਆਣਾ, ਕਾਂਗਰਸ ਵੱਲੋਂ ਦਲਵੀਰ ਸਿੰਘ ਗੋਲਡੀ ਤੇ ਭਾਜਪਾ ਵੱਲੋਂ ਕੇਵਲ ਸਿੰਘ ਢਿੱਲੋਂ ਉਮੀਦਵਾਰ ਵਜੋਂ ਚੋਣ ਮੈਦਾਨ ਵਿਚ ਹਨ। ਚੋਣ ਪ੍ਰਚਾਰ ਦੌਰਾਨ 'ਆਪ' ਵੱਲੋਂ ਆਪਣੀ ਸਰਕਾਰ ਦੀ ਕਰੀਬ ਤਿੰਨ ਮਹੀਨਿਆਂ ਦੀ ਕਾਰਗੁਜ਼ਾਰੀ ਲਈ ਵੋਟਾਂ ਦੀ ਮੰਗੀਆਂ। ਸ਼੍ਰੋਮਣੀ ਅਕਾਲੀ ਦਲ ਤੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਵੱਲੋਂ ਬੰਦੀ ਸਿੰਘਾਂ ਦੀ ਰਿਹਾਈ ਨੂੰ ਮੁੱਖ ਮੁੱਦਾ ਬਣਾਇਆ ਗਿਆ। ਇਸ ਦੌਰਾਨ ਕਾਂਗਰਸ ਪਾਰਟੀ ਵੱਲੋਂ 'ਆਪ' ਸਰਕਾਰ ਦੀ ਕਾਰਗੁਜ਼ਾਰੀ ਅਤੇ ਪੰਜਾਬ 'ਚ ਅਮਨ ਕਾਨੂੰਨ ਦੀ ਸਥਿਤੀ 'ਤੇ ਸਵਾਲ ਚੁੱਕਦਿਆਂ ਲੋਕਾਂ ਤੋਂ ਵੋਟਾਂ ਦੀ ਮੰਗ ਕੀਤੀ ਗਈ ਜਦਕਿ ਪਹਿਲੀ ਵਾਰ ਭਾਜਪਾ ਆਪਣੇ ਦਮ 'ਤੇ ਇਥੋਂ ਲੋਕ ਸਭਾ ਚੋਣ ਲੜੀ।

ਸੰਗਰੂਰ ਜ਼ਿਮਨੀ ਚੋਣ 'ਚ ਬੰਦੀ ਸਿੰਘਾਂ ਦਾ ਮੁੱਦਾ ਖੂਬ ਉੱਭਰਿਆ ਗਿਆ। ਇਸ ਮਾਮਲੇ 'ਤੇ ਦੋ ਧਿਰਾਂ ਬਣ ਗਈਆਂ। ਬਹੁਤ ਸਾਰੇ ਪੰਥਕ ਗਰੁੱਪ ਸਿਮਰਨਜੀਤ ਸਿੰਘ ਮਾਨ ਦੇ ਪੱਖ ਵਿਚ ਪ੍ਰਚਾਰ ਕਰਦੇ ਰਹੇ। ਪੰਜਾਬੀ ਗਾਇਕ ਤੇ ਅਦਾਕਾਰ ਸਿੱਧੂ ਮੂਸੇਵਾਲਾ ਦੇ ਕਤਲ ਦਾ ਪਰਛਾਵਾਂ ਚੋਣਾਂ 'ਤੇ ਸਪੱਸ਼ਟ ਨਜ਼ਰ ਆਇਆ। ਸ਼੍ਰੋਮਣੀ ਅਕਾਲੀ ਦਲ ਨੇ ਬਲਵੰਤ ਸਿੰਘ ਰਾਜੋਆਣਾ ਦੀ ਭੈਣ ਕਮਲਦੀਪ ਕੌਰ ਰਾਜੋਆਣਾ ਨੂੰ ਉਮੀਦਵਾਰ ਬਣਾਇਆ ਹੈ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਪੰਥਕ ਧਿਰਾਂ, ਅਕਾਲੀ ਦਲ ਅਤੇ ਬਸਪਾ ਗੱਠਜੋੜ ਦੀ ਸਾਂਝੀ ਉਮੀਦਵਾਰ ਕਮਲਦੀਪ ਕੌਰ ਰਾਜੋਆਣਾ ਨੂੰ ਲੋਕ ਸਭਾ ਹਲਕਾ ਸੰਗਰੂਰ ਤੋਂ ਜਿਤਾ ਕੇ 33 ਸਾਲ ਪੁਰਾਣਾ ਇਤਿਹਾਸ ਦੁਹਰਾਉਣ ਦੀ ਅਪੀਲ ਕੀਤੀ। ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਜਿਸ ਤਰ੍ਹਾਂ ਲੋਕਾਂ ਨੇ 1989 ਵਿਚ ਜੇਲ੍ਹ 'ਚ ਬੰਦ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਦੀ ਰਿਹਾਈ ਲਈ ਚੋਣ ਦੌਰਾਨ ਤਹੱਈਆ ਕੀਤਾ ਸੀ ਉਸੇ ਤਰ੍ਹਾਂ ਬੰਦੀ ਸਿੰਘਾਂ ਦੀ ਰਿਹਾਈ ਲਈ ਇਤਿਹਾਸ ਦੁਹਰਾਉਣ ਦੀ ਲੋੜ ਹੈ।

ਉਨ੍ਹਾਂ ਦਾ ਕਹਿਣਾ ਸੀ ਕਿ ਇਕ ਪਾਸੇ ਜਦੋਂ ਪੰਥਕ ਧਿਰਾਂ ਅਤੇ ਸੰਤ ਸਮਾਜ ਨੇ ਬੀਬਾ ਰਾਜੋਆਣਾ ਦੀ ਹਮਾਇਤ ਕੀਤੀ ਹੈ ਉਥੇ ਦੂਜੇ ਪਾਸੇ ਸਿਮਰਨਜੀਤ ਸਿੰਘ ਮਾਨ ਚੋਣ ਲੜ ਕੇ ਪੰਥਕ ਏਕੇ ਨੂੰ ਖੋਰਾ ਲਾ ਰਹੇ ਹਨ। ਸੁਖਬੀਰ ਬਾਦਲ ਨੇ ਸਪਸ਼ਟ ਕੀਤਾ ਕਿ ਜੇਕਰ ਸ੍ਰੀ ਮਾਨ ਇਸ ਵਾਰ ਬੰਦੀ ਸਿੰਘਾਂ ਦੀ ਰਿਹਾਈ ਲਈ ਚੋਣ ਮੈਦਾਨ ਵਿਚੋਂ ਹਟ ਜਾਣ ਤਾਂ 2024 'ਚ ਲੋਕ ਸਭਾ ਚੋਣਾਂ ਵਿਚ ਚੋਣ ਲੜਨ ਅਕਾਲੀ ਦਲ ਉਨ੍ਹਾਂ ਦੀ ਹਮਾਇਤ ਕਰੇਗਾ।

ਮਰਹੂਮ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲ ਕੇਸ 'ਚ ਦਿੱਲੀ ਦੀ ਤਿਹਾੜ ਜੇਲ੍ਹ 'ਚ ਬੰਦ ਭਾਈ ਜਗਤਾਰ ਸਿੰਘ ਹਵਾਰਾ ਨੇ ਸੰਗਰੂਰ ਲੋਕ ਸਭਾ ਹਲਕੇ ਦੀ ਚੋਣ ਲਈ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਤੇ ਉਮੀਦਵਾਰ ਸਿਮਰਨਜੀਤ ਸਿੰਘ ਮਾਨ ਦੀ ਹਮਾਇਤ ਕਰਨ ਦਾ ਸੱਦਾ ਦਿੱਤਾ। ਉਨ੍ਹਾਂ ਵੱਲੋਂ ਲਿਖੇ ਪੱਤਰ 'ਚ ਉਨ੍ਹਾਂ ਸਿਮਰਨਜੀਤ ਸਿੰਘ ਮਾਨ ਵੱਲੋਂ ਸਿੱਖ ਪੰਥ, ਪੰਜਾਬ ਤੇ ਪੰਜਾਬੀਅਤ ਲਈ ਘਾਲੀ ਘਾਲਣਾ ਦਾ ਹਵਾਲਾ ਦਿੱਤਾ ਹੈ। ਹਵਾਰਾ ਨੇ ਕਿਹਾ ਕਿ ਪੰਥ ਅਤੇ ਕੌਮ ਖਾਤਰ ਸ੍ਰੀ ਮਾਨ ਨੇ ਪੰਜਾਬ ਪੁਲਿਸ ਵਿਚਲਾ ਉੱਚ ਅਹੁਦਾ ਵੀ ਤਿਆਗ ਦਿੱਤਾ ਸੀ। ਫਿਰ ਕਈ ਸਾਲ ਜੇਲ੍ਹ ਦੀਆਂ ਕਾਲ ਕੋਠੜੀਆਂ 'ਚ ਵੀ ਰਹੇ। ਉਹ ਕਈ ਵਰ੍ਹਿਆਂ ਤੋਂ ਬੰਦੀ ਸਿੰਘਾਂ ਦੀ ਰਿਹਾਈ ਲਈ ਜੱਦੋ-ਜਹਿਦ ਕਰਦੇ ਆ ਰਹੇ ਹਨ। ਕਈ ਹੋਰ ਅਹਿਮ ਸਿੱਖ ਜਥੇਬੰਦੀਆਂ ਵੀ ਸਿਮਰਨਜੀਤ ਸਿੰਘ ਮਾਨ ਨੂੰ ਜਿਤਾਉਣ ਦੀਆਂ ਅਪੀਲਾਂ ਕਰ ਰਹੀਆਂ ਹਨ।

## ਲੋਕ ਪਹਿਲਾਂ ਕੀਤੀ ਗਲਤੀ ਦੁਬਾਰਾ ਨਾ ਕਰਨ: ਸੁਖਬੀਰ

**ਧਨੌਲਾ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਸੂਬੇ 'ਚ ਕਤਲ ਤੇ ਕੁੱਟਮਾਰ ਦੀਆਂ ਘਟਨਾਵਾਂ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ ਜਿਸ ਕਾਰਨ ਸੂਬੇ ਵਿਚ ਅਮਨ ਕਾਨੂੰਨ ਦੀ ਸਥਿਤੀ ਵਿਗੜ ਰਹੀ ਹੈ। ਉਨ੍ਹਾਂ ਆਖਿਆ ਕਿ ਹੁਣ ਲੋਕਾਂ ਨੂੰ ਬਦਲਾਅ ਦੇ ਝਾਂਸੇ ਵਿਚ ਆ ਕੇ ਪਹਿਲਾਂ ਕੀਤੀ ਗਲਤੀ ਦੋਬਾਰਾ ਨਹੀਂ ਕਰਨੀ ਚਾਹੀਦੀ। ਸ਼੍ਰੋਮਣੀ ਅਕਾਲੀ ਦਲ ਹੀ ਪੰਜਾਬੀਆਂ ਦੀ ਹਿਤੈਸ਼ੀ ਪਾਰਟੀ ਹੈ ਅਤੇ ਅਕਾਲੀ ਦਲ ਦੀ ਸਰਕਾਰ ਸਮੇਂ ਪੰਜਾਬੀਅਤ ਦੀ ਭਲਾਈ ਲਈ ਠੋਸ ਕਦਮ ਚੁੱਕੇ ਗਏ ਸਨ।

# 'ਆਪ' ਸਰਕਾਰ ਨੇ ਆਪਣੀ ਮਸ਼ਹੂਰੀ ਉਤੇ ਮਹੀਨੇ 'ਚ ਖਰਚੇ 24 ਕਰੋੜ

**ਚੰਡੀਗੜ੍ਹ:** ਆਮ ਆਦਮੀ ਪਾਰਟੀ ਨੇ ਪੰਜਾਬ ਵਿਚ ਸਰਕਾਰ ਬਣਨ ਮਗਰੋਂ ਪਹਿਲੇ ਹੀ ਮਹੀਨੇ ਵਿਚ ਪ੍ਰਚਾਰ ਉਤੇ 24 ਕਰੋੜ ਰੁਪਏ ਖਰਚ ਦਿੱਤੇ ਹਨ। ਪੰਜਾਬ ਸਰਕਾਰ ਉਤੇ ਇਹ ਦੋਸ਼ ਇਕ ਆਰ.ਟੀ.ਆਈ. ਦਾ ਹਵਾਲਾ ਦਿੰਦੇ ਹੋਏ ਪੰਜਾਬ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਲਾਏ ਹਨ।



ਟਵੀਟ ਉਤੇ ਇਕ ਆਰ.ਟੀ.ਆਈ. ਸਾਂਝੀ ਕਰਦੇ ਹੋਏ ਉਨ੍ਹਾਂ ਕਿਹਾ ਕਿ 'ਆਪ' ਸਰਕਾਰ ਦੀ ਪਬਲੀਸਿਟੀ ਵੀ ਆਕਸੀਜਨ ਉਤੇ ਜਿਊਂਦੀ ਹੈ ਜਿਸ ਉਤੇ ਉਹ ਰੋਜ਼ਾਨਾ ਕਰੀਬ ਇਕ ਕਰੋੜ ਰੁਪਏ ਖਰਚ ਕਰਦੀ ਹੈ।

ਉਨ੍ਹਾਂ ਕਿਹਾ ਕਿ ਸੂਬੇ ਦੀ ਸਰਕਾਰ ਕੋਲ ਖੁਦ ਨੂੰ ਜਿਊਂਦਾ ਰੱਖਣ ਲਈ ਕਿਸੇ ਵੀ ਕੰਮ ਦਾ ਕਰੈਡਿਟ ਨਹੀਂ ਹੈ। ਇਸ ਲਈ ਉਸ ਨੂੰ ਸਾਹ ਲੈਣ ਲਈ ਆਕਸੀਜਨ ਦਾ ਪੱਧਰ ਬਣਾ ਕੇ ਰੱਖਣ ਲਈ ਕਰੋੜਾਂ ਰੁਪਏ ਖਰਚਣੇ ਪੈ ਰਹੇ ਹਨ। ਕਾਂਗਰਸ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਵੀ ਇਸ ਮਾਮਲੇ ਸਰਕਾਰ ਉਤੇ ਸਵਾਲ ਖੜ੍ਹੇ ਕੀਤੇ ਹਨ। ਉਨ੍ਹਾਂ ਪਾਰਟੀ ਦੇ ਦਸਤਾਵੇਜ਼ ਟਵੀਟ ਕਰਦੇ ਰਹੇ ਮਾਨ ਸਰਕਾਰ ਨੂੰ ਸਵਾਲ ਕੀਤਾ ਕਿ ਸੂਬੇ ਦਾ ਖਜਾਨਾ ਕੀ ਇਸ ਤਰ੍ਹਾਂ ਭਰੇਗਾ? ਇਸ ਮਾਮਲੇ ਉਤੇ ਭਾਜਪਾ ਦੇ ਸੀਨੀਅਰ ਆਗੂ ਮਨਜਿੰਦਰ ਸਿੰਘ ਸਿਰਸਾ ਨੇ ਕਿਹਾ ਕਿ ਜਦੋਂ ਸਰਕਾਰ ਨੇ ਕੋਈ ਕੰਮ ਹੀ ਨਹੀਂ ਕੀਤਾ ਤਾਂ ਪ੍ਰਚਾਰ ਕਿਸ ਗੱਲ ਦਾ ਕਰ ਰਹੀ ਹੈ। ਉਨ੍ਹਾਂ ਸਵਾਲ ਖੜ੍ਹੇ ਕਰਦਿਆਂ ਕਿਹਾ ਕਿ ਅਪ੍ਰੈਲ ਵਿਚ ਸਰਕਾਰੀ ਪ੍ਰਚਾਰ ਅਤੇ ਇਸ਼ਤਿਹਾਰਾਂ ਉਤੇ 24 ਕਰੋੜ ਰੁਪਏ ਖਰਚ ਕਰ ਦਿੱਤੇ, ਜਦਕਿ ਪੰਜਾਬ ਵਿਚ ਚੋਣ ਵਾਅਦੇ ਮੁਤਾਬਕ ਕਿਸੇ ਵੀ ਮਹਿਲਾ ਨੂੰ ਹੁਣ ਤੱਕ ਹਜ਼ਾਰ ਰੁਪਏ ਨਹੀਂ ਦਿੱਤੇ ਗਏ।

# ਦਿੱਲੀ ਏਅਰਪੋਰਟ ਤੱਕ ਸਰਕਾਰੀ ਬੱਸ ਸੇਵਾ ਸ਼ੁਰੂ

**ਜਲੰਧਰ:** ਹੁਣ ਰੋਜ਼ਾਨਾ ਸੱਤ ਵੋਲਵੋ ਬੱਸਾਂ ਜਲੰਧਰ ਬੱਸ ਸਟੈਂਡ ਤੋਂ ਦਿੱਲੀ ਏਅਰਪੋਰਟ ਲਈ ਚੱਲਣਗੀਆਂ। ਜਦਕਿ ਅਜਿਹੀਆਂ ਹੀ 55 ਬੱਸਾਂ ਅੰਮ੍ਰਿਤਸਰ, ਪਠਾਨਕੋਟ, ਲੁਧਿਆਣਾ, ਹੁਸ਼ਿਆਰਪੁਰ, ਕਪੂਰਥਲਾ, ਪਟਿਆਲਾ ਅਤੇ ਚੰਡੀਗੜ੍ਹ ਤੋਂ ਦਿੱਲੀ ਹਵਾਈ ਅੱਡੇ ਲਈ ਰੋਜ਼ਾਨਾ ਚੱਲਣਗੀਆਂ।




ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਇਥੋਂ ਨਵੀਂ ਦਿੱਲੀ ਦੇ ਇੰਦਰਾ ਗਾਂਧੀ ਕੌਮਾਂਤਰੀ ਹਵਾਈ ਅੱਡੇ ਲਈ ਸਰਕਾਰੀ ਵੋਲਵੋ ਬੱਸ ਸੇਵਾ ਦੀ ਸ਼ੁਰੂਆਤ ਸਾਂਝੇ ਤੌਰ ਉਤੇ ਕੀਤੀ। ਭਗਵੰਤ ਮਾਨ ਨੇ ਇਸ ਮੌਕੇ ਕਿਹਾ ਕਿ ਪੰਜਾਬ ਸਰਕਾਰ ਨੇ ਬੱਸ ਸੇਵਾ ਸ਼ੁਰੂ ਕਰਕੇ ਆਪਣਾ ਵਾਅਦਾ ਪੂਰਾ ਕੀਤਾ ਹੈ ਅਤੇ ਇਸ ਨਾਲ ਪਰਵਾਸੀ ਭਾਰਤੀਆਂ ਨੂੰ ਬਹੁਤ ਫਾਇਦਾ ਹੋਵੇਗਾ।

ਉਨ੍ਹਾਂ ਕਿਹਾ ਕਿ ਇਨ੍ਹਾਂ ਬੱਸਾਂ ਦੇ ਚੱਲਣ ਕਾਰਨ ਟਰਾਂਸਪੋਰਟ ਮਾਫੀਆ ਨੂੰ ਨੱਥ ਪਏਗੀ। ਮੁੱਖ ਮੰਤਰੀ ਨੇ ਦੋਸ਼ ਲਾਇਆ ਕਿ ਸਾਬਕਾ ਮੁੱਖ ਮੰਤਰੀਆਂ, ਮੰਤਰੀਆਂ ਤੇ ਵਿਧਾਇਕਾਂ ਨੇ ਲੋਕਾਂ ਨੂੰ ਸਹੂਲਤ ਦੇਣ ਦੀ ਬਜਾਏ ਆਪਣੀਆਂ ਬੱਸਾਂ ਦੀ ਫਲੀਟ ਨੂੰ ਵਧਾਉਣ ਲਈ ਹੀ ਸਾਰਾ ਜ਼ੋਰ ਲਾਈ ਰੱਖਿਆ ਤੇ ਸਰਕਾਰੀ ਖਜਾਨੇ ਨੂੰ ਵੀ ਲੁੱਟਿਆ। ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਪੰਜਾਬੀਆਂ ਦੇ ਹਿੱਤਾਂ ਦੀ ਰਾਖੀ ਲਈ ਹਰ ਕਦਮ ਚੁੱਕੇਗੀ ਤੇ ਸੂਬੇ ਵਿੱਚੋਂ ਹਰ ਤਰ੍ਹਾਂ ਦੇ ਮਾਫੀਆ ਜਾਂ ਅਜਾਰੇਦਾਰੀ ਨੂੰ ਖ਼ਤਮ ਕਰੇਗੀ।

# ਕਤਲੇਆਮ 84: ਮੁੜ ਬੱਝਣ ਲੱਗੀ ਇਨਸਾਫ ਦੀ ਆਸ

**ਕਾਨਪੁਰ:** ਸਾਲ 1984 ਵਿਚ ਉਤਰ ਪ੍ਰਦੇਸ਼ ਦੇ ਕਾਨਪੁਰ ਵਿਚ ਹੋਏ ਸਿੱਖ ਕਤਲੇਆਮ ਦੌਰਾਨ ਸਿੱਖਾਂ ਦੀ ਸਮੂਹਿਕ ਹੱਤਿਆ ਦੀ ਜਾਂਚ ਕਰ ਰਹੀ ਵਿਸ਼ੇਸ਼ ਜਾਂਚ ਟੀਮ (ਐਸ.ਆਈ.ਟੀ.) ਨੇ ਇਥੇ ਚਾਰ ਮੁਲਜ਼ਮਾਂ ਨੂੰ ਗ੍ਰਿਫਤਾਰ ਕਰਕੇ ਇਕ ਵਾਰ ਫਿਰ ਇਨਸਾਫ ਦਾ ਆਸ ਜਗਾਈ ਹੈ। ਗ੍ਰਿਫਤਾਰ ਵਿਅਕਤੀਆਂ ਦੀ ਪਛਾਣ ਸੈਫਉੱਲਾ, ਯੋਗੇਂਦਰ ਸਿੰਘ, ਵਿਜੈ ਨਰਾਇਣ ਸਿੰਘ ਅਤੇ ਅਬਦੁਲ ਰਹਿਮਾਨ ਵਜੋਂ ਹੋਈ ਹੈ। ਇਹ ਸਾਰੇ ਘਾਟਮਪੁਰ ਇਲਾਕੇ ਦੇ ਰਹਿਣ ਵਾਲੇ ਹਨ ਅਤੇ ਉਨ੍ਹਾਂ ਨੂੰ ਉਥੋਂ ਹੀ ਗ੍ਰਿਫਤਾਰ ਕੀਤਾ ਗਿਆ ਹੈ।

ਉਨ੍ਹਾਂ ਦੱਸਿਆ ਕਿ ਗ੍ਰਿਫਤਾਰ ਕੀਤੇ ਗਏ ਚਾਰੇ ਮੁਲਜ਼ਮ 1984 ਵਿਚ ਦਰਜਨਾਂ ਹੋਰ ਲੋਕਾਂ ਨਾਲ ਗੁਰਦਿਆਲ ਸਿੰਘ ਦੇ ਘਰ ਨੂੰ ਅੱਗ ਲਾਉਣ ਲਈ ਨਿਰਾਲਾ ਨਗਰ ਗਏ ਸਨ। ਉਨ੍ਹਾਂ ਦੇ ਘਰ ਵਿੱਚ 12 ਪਰਿਵਾਰ ਕਿਰਾਏ 'ਤੇ ਰਹਿੰਦੇ ਸਨ। ਹਮਲੇ ਦੌਰਾਨ ਤਿੰਨ ਜਣਿਆਂ ਨੂੰ ਅੱਗ ਲਾ ਕੇ ਸਾੜ ਦਿੱਤਾ ਗਿਆ ਸੀ।

ਦੱਸ ਦਈਏ ਕਿ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ ਦਿੱਲੀ ਵਿਚ ਹੀ ਨਹੀਂ, ਸਗੋਂ ਦੇਸ਼ ਦੇ ਕਈ ਹੋਰ ਸ਼ਹਿਰਾਂ ਵਿਚ ਵੀ ਸਿੱਖਾਂ ਵਿਰੁੱਧ ਵੱਡੇ ਪੱਧਰ 'ਤੇ ਹਿੰਸਾ ਅਤੇ ਦੰਗੇ ਹੋਏ। ਇਕ ਅਨੁਮਾਨ ਅਨੁਸਾਰ ਦਿੱਲੀ ਅਤੇ ਹੋਰ ਸ਼ਹਿਰਾਂ ਵਿਚ ਚਾਰ ਹਜ਼ਾਰ ਦੇ ਕਰੀਬ ਸਿੱਖਾਂ ਦਾ ਕਤਲ ਹੋਇਆ। ਇਸ ਦੀ ਜਾਂਚ ਲਈ 2018 ਤੱਕ ਹੀ ਚਾਰ ਕਮਿਸ਼ਨ, 9 ਕਮੇਟੀਆਂ ਅਤੇ ਦੋ ਵਿਸ਼ੇਸ਼ ਜਾਂਚ ਟੀਮਾਂ (ਐਸ.ਆਈ.ਟੀ.) ਬਣਨ ਦੇ ਬਾਵਜੂਦ ਪੀੜਤ ਪਰਿਵਾਰਾਂ ਨੂੰ ਇਨਸਾਫ ਨਹੀਂ ਮਿਲਿਆ। ਉੱਤਰ ਪ੍ਰਦੇਸ਼ ਦੇ ਕਾਨਪੁਰ ਸ਼ਹਿਰ ਵਿਚ ਸਿੱਖ ਪਰਿਵਾਰਾਂ ਨੂੰ ਅੱਗ ਵਿਚ ਸਾੜ ਦੇਣ ਦੇ ਮਾਮਲੇ ਵਿਚ ਐਸ.ਆਈ.ਟੀ. ਵੱਲੋਂ ਲਗਭਗ 38 ਸਾਲਾਂ ਬਾਅਦ ਗ੍ਰਿਫਤਾਰ ਕੀਤੇ 4 ਮੁਲਜ਼ਮਾਂ ਦੀ ਖਬਰ ਨੇ ਇਹ ਮਾਮਲਾ ਮੁੜ ਚਰਚਾ ਵਿਚ ਲਿਆ ਦਿੱਤਾ ਹੈ। ਕਾਨਪੁਰ ਦੇ ਮਾਮਲੇ ਦੀ ਜਾਂਚ ਲਈ ਵਿਸ਼ੇਸ਼ ਜਾਂਚ ਟੀਮ 2019 ਵਿਚ ਬਣਾਈ ਗਈ। ਇਸ ਨੇ ਨਿਰਾਲਾ ਨਗਰ ਦੀ ਇਕ ਇਮਾਰਤ ਵਿਚ ਰਹਿ ਰਹੇ ਦਰਜਨ ਤੋਂ ਵੱਧ ਪਰਿਵਾਰਾਂ ਨੂੰ ਅੱਗ ਲਗਾ ਕੇ ਸਾੜ ਦੇਣ ਦੇ ਕੇਸ ਦੀ ਜਾਂਚ ਕੀਤੀ ਹੈ। ਤਿੰਨ ਸਾਲਾਂ ਦੌਰਾਨ ਜਾਂਚ ਟੀਮ ਨੇ 94 ਮੁਲਜ਼ਮਾਂ ਦੀ ਪਛਾਣ ਕੀਤੀ ਹੈ ਜਿਨ੍ਹਾਂ ਵਿਚੋਂ 74 ਜਿੰਦਾ ਹਨ।

ਜਾਂਚ ਟੀਮ ਦੇ ਮੁਖੀ ਡੀ.ਆਈ.ਜੀ. ਬਲੇਂਦੂ ਭੂਸ਼ਣ ਦਾ ਕਹਿਣਾ ਹੈ ਕਿ ਮਾਮਲਾ 38 ਸਾਲ ਪੁਰਾਣਾ ਹੋਣ ਕਰਕੇ ਮੁਲਜ਼ਮਾਂ ਦੀ ਪਛਾਣ ਅਤੇ ਗ੍ਰਿਫਤਾਰ ਕਰਨ ਵਿਚ ਮੁਸ਼ਕਲਾਂ ਆਉਣੀਆਂ ਸੁਭਾਵਿਕ ਹਨ। ਫਿਰ ਵੀ ਕਾਨਪੁਰ ਵਿਚ ਮਾਰੇ ਗਏ 127 ਸਿੱਖਾਂ ਦੇ ਮਾਮਲੇ ਵਿਚ ਚਾਰ ਮੁਲਜ਼ਮ ਗ੍ਰਿਫ਼ਤਾਰ ਕੀਤੇ ਗਏ ਹਨ ਅਤੇ ਜਲਦੀ ਹੋਰ ਗ੍ਰਿਫਤਾਰੀਆਂ ਵੀ ਕੀਤੀਆਂ ਜਾਣਗੀਆਂ।



## ਸਾਰੇ ਦੋਸ਼ੀਆਂ ਨੂੰ ਸਲਾਖਾਂ ਪਿੱਛੇ ਭੇਜਣ ਤੱਕ ਸੰਘਰਸ਼ ਜਾਰੀ ਰਹੇਗਾ: ਸਾਹਨੀ

**ਨਵੀਂ ਦਿੱਲੀ:** ਪੰਜਾਬ ਤੋਂ ਰਾਜ ਸਭਾ ਮੈਂਬਰ ਤੇ ਵਿਸ਼ਵ ਪੰਜਾਬੀ ਸੰਸਥਾ ਦੇ ਕੌਮਾਂਤਰੀ ਪ੍ਰਧਾਨ ਵਿਕਰਮਜੀਤ ਸਿੰਘ ਸਾਹਨੀ ਨੇ ਕਿਹਾ ਕਿ 1984 ਦੌਰਾਨ ਕਾਨਪੁਰ ਵਿਚ ਮਾਰੇ ਗਏ 127 ਸਿੱਖਾਂ ਦੇ ਦੋਸ਼ੀਆਂ ਨੂੰ ਸਜਾ ਦਿਵਾਉਣ ਲਈ ਗਠਿਤ ਐਸ.ਆਈ.ਟੀ. ਵੱਲੋਂ ਬੀਤੇ ਦਿਨੀਂ 4 ਮੁਲਜ਼ਮਾਂ ਨੂੰ ਗ੍ਰਿਫਤਾਰ ਕੀਤਾ ਗਿਆ। ਇਸ ਲਈ ਹੁਣ ਇਹ ਲੜਾਈ ਹੋਰ ਮਹੱਤਵਪੂਰਨ ਹੋ ਗਈ ਹੈ। ਉਨ੍ਹਾਂ ਕਿਹਾ ਕਿ ਇਹ ਸੰਘਰਸ਼ ਤਦ ਤੱਕ ਜਾਰੀ ਰਹੇਗਾ ਜਦੋਂ ਤੱਕ ਸਾਰੇ ਦੋਸ਼ੀਆਂ ਨੂੰ ਸਲਾਖਾਂ ਪਿੱਛੇ ਨਹੀਂ ਭੇਜ ਦਿੱਤਾ ਜਾਂਦਾ।

# ਅਧਿਆਪਕਾਂ ਤੇ ਪੁਲਿਸ ਵਿਚਾਲੇ ਧੱਕਾ ਮੁੱਕੀ

**ਸੰਗਰੂਰ:** ਬੇਰੁਜ਼ਗਾਰ ਈ.ਟੀ.ਟੀ. ਟੈੱਟ ਪਾਸ ਅਧਿਆਪਕਾਂ ਨੇ ਇਥੇ ਆਮ ਆਦਮੀ ਪਾਰਟੀ ਦੇ ਮੁੱਖ ਚੋਣ ਦਫਤਰ ਦਾ ਘਿਰਾਓ ਕਰਕੇ ਸਰਕਾਰ ਖਿਲਾਫ ਨਾਅਰੇਬਾਜ਼ੀ ਕੀਤੀ। ਜਦੋਂ ਪ੍ਰਦਰਸ਼ਨਕਾਰੀਆਂ ਨੇ 'ਆਪ' ਦੇ ਚੋਣ ਦਫਤਰ ਵੱਲ ਵਧਣ ਦੀ ਕੋਸ਼ਿਸ਼ ਕੀਤੀ ਤਾਂ ਪੁਲਿਸ ਨੇ ਉਨ੍ਹਾਂ ਨੂੰ ਰੋਕ ਲਿਆ, ਜਿਸ ਕਾਰਨ ਦੋਵੇਂ ਧਿਰਾਂ ਵਿਚਾਲੇ ਧੱਕਾ-ਮੁੱਕੀ ਹੋਈ। ਉਪਰੰਤ ਬੇਰੁਜ਼ਗਾਰਾਂ ਨੇ ਸਰਕਾਰ ਖਿਲਾਫ ਰੋਸ ਪ੍ਰਦਰਸ਼ਨ ਕਰਦਿਆਂ ਸਥਾਨਕ ਨਾਨਕਿਆਣਾ ਚੌਕ 'ਚ ਆਵਾਜਾਈ ਠੱਪ ਕੀਤੀ।

ਜਾਣਕਾਰੀ ਅਨੁਸਾਰ ਬੇਰੁਜ਼ਗਾਰ ਈ.ਟੀ.ਟੀ. ਟੈੱਟ ਪਾਸ ਅਧਿਆਪਕ ਯੂਨੀਅਨ ਦੀ ਅਗਵਾਈ ਹੇਠ ਸੈਂਕੜੇ ਕਾਰਕੁਨ ਸਥਾਨਕ ਬੀ.ਐਸ.ਐਨ.ਐਲ. ਪਾਰਕ ਵਿਚ ਇਕੱਠੇ ਹੋਏ, ਜਿਥੋਂ ਰੋਸ ਰੈਲੀ ਕਰਦਿਆਂ ਉਹ ਨਾਨਕਿਆਣਾ ਚੌਕ ਸਥਿਤ ਆਮ ਆਦਮੀ ਪਾਰਟੀ ਦੇ ਚੋਣ ਦਫਤਰ ਕੋਲ ਪੁੱਜੇ। ਇਸ ਦੌਰਾਨ ਬੇਰੁਜ਼ਗਾਰਾਂ ਤੇ ਪੁਲਿਸ ਵਿਚਾਲੇ ਧੱਕਾ-ਮੁੱਕੀ ਹੋਈ।

# ਫੌਜ ਲਈ ਅਗਨੀਪਥ ਸਕੀਮ ਖਿਲਾਫ ਰੋਹ ਭਾਰਤ ਭਰ ਵਿਚ ਫੈਲਿਆ

**ਨਵੀਂ ਦਿੱਲੀ:** ਕੇਂਦਰ ਸਰਕਾਰ ਵੱਲੋਂ ਹਥਿਆਰਬੰਦ ਬਲਾਂ ਵਿਚ ਭਰਤੀ ਲਈ ਹਾਲ ਹੀ ਵਿਚ ਲਿਆਂਦੀ ਗਈ 'ਅਗਨੀਪਥ' ਯੋਜਨਾ ਖਿਲਾਫ ਪੂਰੇ ਮੁਲਕ ਵਿਚ ਰੋਹ ਭਖ ਗਿਆ ਹੈ। ਨੌਕਰੀ ਦੇ ਚਾਹਵਾਨ ਨੌਜਵਾਨਾਂ ਨੇ ਬਿਹਾਰ ਦੀ ਰਾਜਧਾਨੀ ਪਟਨਾ ਵਿਚ ਸੜਕਾਂ 'ਤੇ ਅਤੇ ਪੱਛਮੀ ਬੰਗਾਲ ਦੇ ਉੱਤਰ 24 ਪਰਗਨਾ ਵਿਚ ਰੇਲ ਦੀਆਂ ਪਟੜੀਆਂ 'ਤੇ ਡੰਡ ਮਾਰੇ, ਜਦਕਿ ਉੜੀਸਾ ਦੇ ਨਬਰੰਗਪੁਰ ਵਿੱਚ 'ਅਗਨੀਪਥ' ਯੋਜਨਾ ਖਿਲਾਫ ਇਕ ਨੌਜਵਾਨ ਨੇ 60 ਕਿਲੋਮੀਟਰ ਦੀ ਦੌੜ ਲਗਾਈ। ਬਿਹਾਰ ਵਿਚ ਪ੍ਰਦਰਸ਼ਨਕਾਰੀਆਂ ਨੇ ਪਟਨਾ ਜ਼ਿਲ੍ਹੇ ਵਿਚ ਪੈਂਦੇ ਤਾਰੇਗਾਨਾ ਰੇਲਵੇ ਸਟੇਸ਼ਨ ਤੇ ਜੀ.ਆਰ.ਪੀ. ਦੇ ਇਕ ਵਾਹਨ ਨੂੰ ਅੱਗ ਲਗਾ ਦਿੱਤੀ ਜਦਕਿ ਜਹਾਨਾਬਾਦ ਵਿਚ ਹੋਏ ਪਥਰਾਅ ਦੌਰਾਨ ਕਈ ਪੁਲਿਸ ਮੁਲਾਜ਼ਮ ਜ਼ਖਮੀ ਹੋ ਗਏ।

ਇਥੇ ਅਗਨੀਪਥ ਦੇ ਵਿਰੋਧ ਵਿਚ ਬੰਦ ਦਾ ਸੱਦਾ ਦਿੱਤਾ ਗਿਆ ਸੀ। ਬੰਦ ਸਮਰਥਕਾਂ ਨੇ ਇਥੇ ਇਕ ਪੁਲਿਸ ਪੋਸਟ 'ਤੇ ਹਮਲਾ ਕਰ ਦਿੱਤਾ, ਜਿਸ ਕਾਰਨ ਕਈ ਪੁਲਿਸ ਮੁਲਾਜ਼ਮ ਜ਼ਖਮੀ ਹੋ



ਗਏ। ਪ੍ਰਦਰਸ਼ਨਕਾਰੀਆਂ ਨੇ ਜੀ.ਆਰ.ਪੀ. ਮੁਲਾਜ਼ਮਾਂ 'ਤੇ ਗੋਲੀਆਂ ਚਲਾਈਆਂ, ਪਥਰਾਅ ਕੀਤਾ ਅਤੇ ਇਸ ਟਕਰਾਅ ਦੀ ਕਵਰੇਜ ਕਰ ਰਹੇ ਮੀਡੀਆ ਕਰਮੀਆਂ ਨੂੰ ਵੀ ਕੁੱਟਿਆ।

ਦਾਨਾਪੁਰ ਸਬ-ਡਿਵੀਜਨ ਵਿਚ ਬੰਦ ਸਮਰਥਕਾਂ ਨੇ ਇਕ ਐਂਬੂਲੈਂਸ ਦੀ ਭੰਨ-ਤੋੜ ਕੀਤੀ ਅਤੇ ਡਰਾਈਵਰ ਨੇ ਦੋਸ਼ ਲਗਾਇਆ ਕਿ ਐਂਬੂਲੈਂਸ ਅੰਦਰ ਮੌਜੂਦ ਇਕ ਮਰੀਜ਼ ਤੇ ਉਸ ਦੇ ਅਟੈਂਡੈਂਟ ਦੀ ਕੁੱਟਮਾਰ ਵੀ ਕੀਤੀ ਗਈ।

ਭਾਜਪਾ ਦੇ ਸੂਬਾਈ ਮੁੱਖ ਦਫਤਰ ਦੇ ਬਾਹਰ ਭਾਰੀ ਪੁਲਿਸ ਬਲ ਤਾਇਨਾਤ ਕੀਤਾ ਗਿਆ ਹੈ। ਹੁਣ ਤੱਕ ਭਾਜਪਾ ਦੇ ਕਈ ਸੀਨੀਅਰ ਆਗੂਆਂ 'ਤੇ ਹਮਲੇ ਹੋ ਚੁੱਕੇ ਹਨ ਅਤੇ ਪਾਰਟੀ ਦੇ ਘੱਟੋ-ਘੱਟ ਤਿੰਨ ਜ਼ਿਲ੍ਹਾ ਦਫਤਰਾਂ ਨੂੰ ਅੱਗ ਲਗਾਈ ਜਾ ਚੁੱਕੀ ਹੈ।

ਉੜੀਸਾ ਦੇ ਨਬਰੰਗਪੁਰ ਵਿਚ ਨੌਕਰੀ ਦੇ ਚਾਹਵਾਨ ਇਕ ਨੌਜਵਾਨ ਨੇ 60 ਕਿਲੋਮੀਟਰ ਦੀ ਦੌੜ ਲਗਾਈ ਅਤੇ ਗੰਜਮ ਜ਼ਿਲ੍ਹੇ ਦੇ ਬਹਿਰਾਮਪੁਰ ਵਿਚ ਵੱਡੀ ਗਿਣਤੀ ਪ੍ਰਦਰਸ਼ਨਕਾਰੀ ਮਾਲ ਡਿਵੀਜਨਲ ਕਮਿਸ਼ਨਰ ਦੇ ਦਫਤਰ ਨੇੜੇ ਧਰਨੇ 'ਤੇ ਬੈਠ ਗਏ। ਪ੍ਰਦਰਸ਼ਨਕਾਰੀਆਂ 'ਚ ਵੱਡੀ ਗਿਣਤੀ ਉਹ ਨੌਜਵਾਨ ਸ਼ਾਮਲ ਸਨ ਜੋ ਪਹਿਲਾਂ ਹੀ ਭਰਤੀ ਲਈ ਸਰੀਰਕ ਪ੍ਰੀਖਿਆ ਪਾਸ ਕਰ ਚੁੱਕੇ ਹਨ। ਇਸ ਦੌਰਾਨ ਰੇਲਵੇ ਵੱਲੋਂ ਉੜੀਸਾ 'ਚੋਂ ਲੰਘ ਕੇ ਵਿਸ਼ਾਖਾਪਟਨਮ ਆਉਣ-ਜਾਣ ਵਾਲੀਆਂ ਰੇਲਾਂ ਰੱਦ ਕਰ ਦਿੱਤੀਆਂ ਗਈਆਂ। ਇਸੇ ਤਰ੍ਹਾਂ ਝਾਰਖੰਡ ਵਿਚ ਧਨਬਾਦ ਅਤੇ ਰਾਂਚੀ 'ਚ ਮੋਰਾਬਾਦੀ ਵਿੱਚ ਵੀ ਪ੍ਰਦਰਸ਼ਨ ਹੋਏ।

ਜੰਮੂ ਕਸ਼ਮੀਰ ਦੇ ਜ਼ਿਲ੍ਹਾ ਕਠੂਆ ਵਿਚ ਪੈਂਦੇ ਚਡਵਾਲ 'ਚ ਫੌਜ ਵਿਚ ਭਰਤੀ ਹੋਣ ਦੇ ਚਾਹਵਾਨਾਂ ਵੱਲੋਂ ਜੰਮੂ-ਪਠਾਨਕੋਟ ਸ਼ਾਹਰਾਹ 'ਤੇ ਜਾਮ ਲਗਾਉਣ ਦੀ ਕੋਸ਼ਿਸ਼ ਕੀਤੀ ਗਈ ਪਰ ਪੁਲਿਸ ਨੇ ਉਨ੍ਹਾਂ ਨੂੰ ਅਜਿਹਾ ਨਹੀਂ ਕਰਨ ਦਿੱਤਾ। ਪ੍ਰਦਰਸ਼ਨਕਾਰੀਆਂ ਵੱਲੋਂ ਹਲਕਾ ਪਥਰਾਅ ਵੀ ਕੀਤਾ ਗਿਆ ਪਰ ਸਥਿਤੀ ਜਲਦੀ ਹੀ ਕਾਬੂ ਹੇਠ ਆ ਗਈ। ਇਸੇ ਦੌਰਾਨ ਯੂਥ ਕਾਂਗਰਸ ਦੇ ਕਾਰਕੁਨਾਂ ਨੇ ਵੀ 'ਅਗਨੀਪਥ' ਖਿਲਾਫ ਮੁਜ਼ਾਹਰਾ ਕੀਤਾ।

ਕੇਰਲ ਵਿਚ ਵੀ 'ਅਗਨੀਪਥ' ਯੋਜਨਾ ਦੇ ਵਿਰੋਧ ਵਿਚ ਵੱਡੀ ਗਿਣਤੀ ਨੌਜਵਾਨਾਂ ਨੇ ਤਿਰੂਵਨੰਤਪੁਰਮ ਤੇ ਕੋਜ਼ੀਕੋਡ ਵਿਚ ਵੱਡੀ ਪੱਧਰ 'ਤੇ ਰੋਸ ਰੋਸ ਪ੍ਰਦਰਸ਼ਨ ਤੇ ਰੈਲੀਆਂ ਕੀਤੀਆਂ ਗਈਆਂ। ਉਨ੍ਹਾਂ ਫੌਜ ਵਿਚ ਭਰਤੀ ਸਬੰਧੀ ਪੈਂਡਿੰਗ ਪਈ ਲਿਖਤੀ ਪ੍ਰੀਖਿਆ ਜਲਦੀ ਕਰਵਾਉਣ ਦੀ ਮੰਗ ਕੀਤੀ ਅਤੇ 'ਅਗਨੀਪਥ' ਯੋਜਨਾ ਖਿਲਾਫ ਰੋਸ ਪ੍ਰਗਟਾਇਆ। ਇਸ ਤੋਂ ਇਲਾਵਾ ਮਹਾਰਾਸ਼ਟਰ, ਰਾਜਸਥਾਨ ਤੇ ਕਰਨਾਟਕ ਵਿਚ ਵੀ ਵੱਡੇ ਪੱਧਰ 'ਤੇ ਰੋਸ ਮੁਜ਼ਾਹਰੇ ਹੋਏ ਹਨ।

## ਰੋਹ ਠੰਢਾ ਕਰਨ ਲਈ ਸਰਕਾਰ ਵੱਲੋਂ 'ਅਗਨੀਵੀਰਾਂ' ਲਈ ਰਿਆਇਤਾਂ ਦਾ ਐਲਾਨ

**ਪਟਨਾ:** 'ਅਗਨੀਪਥ' ਸਕੀਮ ਉਤੇ ਉਠੇ ਵਿਵਾਦ ਨੂੰ ਸ਼ਾਂਤ ਕਰਨ ਦੇ ਯਤਨਾਂ ਤਹਿਤ ਕੇਂਦਰ ਸਰਕਾਰ ਨੇ ਇਸ ਭਰਤੀ ਸਕੀਮ ਹੇਠ ਚਾਰ ਸਾਲ ਬਾਅਦ ਸੇਵਾਮੁਕਤ ਹੋਣ ਵਾਲਿਆਂ ਲਈ ਕਈ ਰਿਆਇਤਾਂ ਦਾ ਐਲਾਨ ਕੀਤਾ ਹੈ। ਇਨ੍ਹਾਂ ਵਿਚ ਨੀਮ ਫੌਜੀ ਬਲਾਂ ਤੇ ਰੱਖਿਆ ਮੰਤਰਾਲੇ 'ਚ ਦਸ ਫੀਸਦੀ ਰਾਖਵਾਂਕਰਨ ਤੇ ਹੋਰ ਛੋਟਾਂ ਸ਼ਾਮਲ ਹਨ। ਸਰਕਾਰ ਨੇ ਨਾਲ ਹੀ ਕਿਹਾ ਹੈ ਕਿ ਉਹ ਇਸ ਭਰਤੀ ਸਕੀਮ ਬਾਰੇ ਆ ਰਹੀਆਂ ਸ਼ਿਕਾਇਤਾਂ ਨੂੰ 'ਖੁੱਲ੍ਹੇ ਮਨ ਨਾਲ ਵਿਚਾਰਨ ਲਈ ਵੀ ਤਿਆਰ ਹੈ।' ਗ੍ਰਹਿ ਤੇ ਰੱਖਿਆ ਮੰਤਰਾਲੇ ਨੇ ਕਈ ਰਿਆਇਤਾਂ ਦਾ ਐਲਾਨ ਕਰਦਿਆਂ ਕਿਹਾ ਕਿ ਉਹ ਇਸ ਸਕੀਮ ਤਹਿਤ ਸੇਵਾਮੁਕਤ ਹੋਣ ਵਾਲਿਆਂ ਦੀ ਅੱਗੇ ਰੁਜ਼ਗਾਰ ਲੈਣ ਵਿਚ ਮਦਦ ਕਰਨਗੇ।



ਕੇਂਦਰ ਸਰਕਾਰ ਨੇ ਸੰਕੇਤ ਕੀਤਾ ਕਿ ਹੋਰ ਵਿਭਾਗ ਵੀ ਇਸ ਪਾਸੇ ਕੰਮ ਕਰ ਰਹੇ ਹਨ ਤੇ ਰਿਆਇਤਾਂ ਦਾ ਐਲਾਨ ਕਰ ਸਕਦੇ ਹਨ। ਗ੍ਰਹਿ ਮੰਤਰਾਲੇ ਨੇ ਐਲਾਨ ਕੀਤਾ ਕਿ 'ਅਗਨੀਵੀਰਾਂ' ਨੂੰ ਕੇਂਦਰੀ ਹਥਿਆਰਬੰਦ ਪੁਲਿਸ ਬਲਾਂ (ਸੀ.ਏ.ਪੀ.ਐਫ.) ਤੇ ਅਸਾਮ ਰਾਈਫਲਜ਼ ਵਿਚ ਦਸ ਫੀਸਦ ਰਾਖਵਾਂਕਰਨ ਦਿੱਤਾ ਜਾਵੇਗਾ। ਗ੍ਰਹਿ ਮੰਤਰਾਲੇ ਨੇ ਇਸ ਰਾਖਵਾਂਕਰਨ ਵਿਚ 'ਅਗਨੀਵੀਰਾਂ' ਨੂੰ ਉੱਪਰਲੀ ਉਮਰ ਸੀਮਾ ਵਿਚ ਤਿੰਨ ਸਾਲ ਦੀ ਛੋਟ ਦੇਣ ਦਾ ਫੈਸਲਾ ਵੀ ਕੀਤਾ ਹੈ। ਮੰਤਰਾਲੇ ਨੇ ਟਵੀਟ ਕੀਤਾ ਕਿ 'ਅਗਨੀਵੀਰਾਂ' ਦੇ ਪਹਿਲੇ ਬੈਚ ਨੂੰ ਉਮਰ ਸੀਮਾ ਵਿਚ ਪੰਜ ਸਾਲ ਤੱਕ ਦੀ ਛੋਟ ਦਿੱਤੀ ਜਾਵੇਗੀ। ਵਰਤਮਾਨ 'ਚ 18-23 ਸਾਲ ਦੇ ਨੌਜਵਾਨਾਂ ਨੂੰ ਨੀਮ ਫੌਜੀ ਬਲਾਂ ਵਿਚ ਭਰਤੀ ਕੀਤਾ ਜਾਂਦਾ ਹੈ। ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਐਲਾਨ ਕੀਤਾ ਕਿ ਅਗਨੀਪਥ ਸਕੀਮ ਤਹਿਤ ਭਰਤੀ ਹੋਣ ਵਾਲੇ ਨੌਜਵਾਨਾਂ ਨੂੰ ਭਾਰਤੀ ਤੱਟ ਰੱਖਿਅਕਾਂ ਤੇ ਰੱਖਿਆ ਮੰਤਰਾਲੇ ਦੀਆਂ ਸਿਵਲ ਅਸਾਮੀਆਂ ਵਿਚ ਦਸ ਫੀਸਦ ਰਾਖਵਾਂਕਰਨ ਦਿੱਤਾ ਜਾਵੇਗਾ। ਇਹ ਰਾਖਵਾਂਕਰਨ ਰੱਖਿਆ ਖੇਤਰ ਦੀਆਂ ਸਾਰੀਆਂ 16 ਕੰਪਨੀਆਂ ਉਤੇ ਲਾਗੂ ਹੋਵੇਗਾ। ਉਨ੍ਹਾਂ ਕਿਹਾ ਕਿ ਇਹ ਰਾਖਵਾਂਕਰਨ ਸਾਬਕਾ ਫੌਜੀਆਂ ਨੂੰ ਪਹਿਲਾਂ ਤੋਂ ਹੀ ਮਿਲ ਰਹੇ ਰਾਖਵੇਂਕਰਨ ਤੋਂ ਵੱਖਰਾ ਹੋਵੇਗਾ। ਕੇਂਦਰੀ ਮੰਤਰੀ ਹਰਦੀਪ ਸਿੰਘ ਪੁਰੀ ਨੇ ਕਿਹਾ ਕਿ ਉਨ੍ਹਾਂ ਦਾ ਮਕਾਨ ਉਸਾਰੀ ਤੇ ਪੈਟਰੋਲੀਅਮ ਮੰਤਰਾਲਾ ਵੀ 'ਅਗਨੀਵੀਰਾਂ' ਨੂੰ ਚਾਰ ਸਾਲ ਦੀ ਸੇਵਾ ਤੋਂ ਬਾਅਦ ਨੌਕਰੀ ਉਤੇ ਰੱਖਣ ਲਈ ਕਦਮ ਚੁੱਕ ਰਿਹਾ ਹੈ।

### 'ਅਗਨੀਪਥ' ਵਾਪਸ ਲੈਣ ਲਈ ਰਾਜਸਥਾਨ ਸਰਕਾਰ ਵੱਲੋਂ ਮਤਾ ਪਾਸ

**ਜੈਪੁਰ:** ਰਾਜਸਥਾਨ ਮੰਤਰੀ ਮੰਡਲ ਨੇ ਮਤਾ ਪਾਸ ਕਰ ਕੇ ਕੇਂਦਰ ਸਰਕਾਰ ਤੋਂ ਹਥਿਆਰਬੰਦ ਬਲਾਂ ਵਿਚ ਭਰਤੀ ਸਕੀਮ 'ਅਗਨੀਪਥ' ਨੂੰ ਵਾਪਸ ਲੈਣ ਦੀ ਮੰਗ ਕੀਤੀ ਹੈ। ਮੁੱਖ ਮੰਤਰੀ ਅਸ਼ੋਕ ਗਹਿਲੋਤ ਦੀ ਰਿਹਾਇਸ਼ 'ਤੇ ਇਥੇ ਹੋਈ ਮੀਟਿੰਗ ਦੌਰਾਨ ਸਰਬਸੰਮਤੀ ਨਾਲ ਇਹ ਮਤਾ ਪਾਸ ਕੀਤਾ ਗਿਆ। 'ਅਗਨੀਪਥ' ਸਕੀਮ ਖਿਲਾਫ ਦੇਸ਼ ਭਰ ਵਿਚ ਹਿੰਸਕ ਪ੍ਰਦਰਸ਼ਨ ਹੋ ਰਹੇ ਹਨ।

## ਪੰਜਾਬ ਉਤੇ ਪਿਆ ਵੀ ਅਗਨੀਪਥ ਦਾ ਪਰਛਾਵਾਂ

**ਚੰਡੀਗੜ੍ਹ:** ਕੇਂਦਰ ਸਰਕਾਰ ਦੀ ਫੌਜ ਵਿਚ ਭਰਤੀ ਸਬੰਧੀ ਐਲਾਨੀ ਗਈ ਨਵੀਂ ਯੋਜਨਾ 'ਅਗਨੀਪਥ' ਖਿਲਾਫ ਉਠੇ ਵਿਰੋਧ ਦਾ ਪਰਛਾਵਾਂ ਪੰਜਾਬ 'ਤੇ ਵੀ ਪੈਣ ਲੱਗ ਗਿਆ ਹੈ ਤੇ ਪੰਜਾਬ ਦਾ ਸਮੁੱਚਾ ਅਰਥਚਾਰਾ ਪ੍ਰਭਾਵਿਤ ਹੋਣ ਲੱਗ ਪਿਆ ਹੈ। ਰੇਲ ਮਾਰਗਾਂ 'ਤੇ ਹੋ ਰਹੇ ਪ੍ਰਦਰਸ਼ਨਾਂ ਕਰਕੇ ਪੰਜਾਬ ਵਿਚ ਕੋਲੇ ਦੀ ਸਪਲਾਈ ਪ੍ਰਭਾਵਿਤ ਹੋਣ ਦਾ ਡਰ ਬਣ ਗਿਆ ਹੈ। ਉਪਰੋਂ ਝੋਨੇ ਦੀ ਲੁਆਈ ਲਈ ਯੂਪੀ ਅਤੇ ਬਿਹਾਰ ਤੋਂ ਆਉਣ ਵਾਲੇ ਪਰਵਾਸੀ ਮਜ਼ਦੂਰ ਵੀ ਰਾਹ ਵਿਚ ਹੀ ਫਸ ਗਏ ਹਨ। ਬੇਸ਼ੱਕ ਇਸ ਵੇਲੇ ਪੰਜਾਬ ਵਿਚ ਪਰਵਾਸੀ ਮਜ਼ਦੂਰਾਂ ਦਾ ਕੋਈ ਸੰਕਟ ਨਹੀਂ ਹੈ, ਪਰ ਇੰਨਾ ਜ਼ਰੂਰ ਹੈ ਕਿ ਹੋਰ ਪਰਵਾਸੀ ਮਜ਼ਦੂਰਾਂ ਦੀ ਆਮਦ ਨਾਲ ਮਜ਼ਦੂਰੀ ਦਾ ਰੇਟ ਘਟਣ ਦੀ ਸੰਭਾਵਨਾ ਸੀ। ਪੰਜਾਬ ਵਿਚ ਮੀਂਹ ਨੇ ਕਿਸਾਨਾਂ ਨੂੰ ਥੋੜੀ ਰਾਹਤ ਦਿੱਤੀ ਹੈ। ਜ਼ੋਨ ਵਾਈਜ਼ ਪੰਜਾਬ ਵਿਚ ਝੋਨੇ ਦੀ ਲੁਆਈ ਨੇ ਜ਼ੋਰ ਵੀ ਫੜ ਲਿਆ ਹੈ। ਖੇਤੀ ਸੈਕਟਰ ਨੂੰ ਬਿਜਲੀ ਦੀ ਹਾਲ ਦੀ ਘੜੀ ਕੋਈ ਕਮੀ ਨਹੀਂ ਹੈ। ਪਾਵਰਕੌਮ ਨੇ ਬਿਜਲੀ ਸਪਲਾਈ ਦੇ ਪ੍ਰਬੰਧ ਕੀਤੇ ਹੋਏ ਹਨ। ਪਾਵਰਕੌਮ ਨੂੰ ਤੌਖਲਾ ਹੈ ਕਿ ਜੇਕਰ 'ਅਗਨੀਪਥ' ਦਾ ਵਿਰੋਧ ਲੰਮਾ ਚੱਲਿਆ ਤਾਂ ਕੋਲੇ ਦਾ ਸੰਕਟ ਖੜ੍ਹਾ ਹੋ ਸਕਦਾ ਹੈ।

ਦੂਜੇ ਸੂਬਿਆਂ 'ਚੋਂ ਪੰਜਾਬ ਲਈ ਕੋਲੇ ਦੀ ਲੋਡਿੰਗ ਦਾ ਕੰਮ ਮੱਠਾ ਪੈ ਗਿਆ ਹੈ। ਸੂਤਰ ਆਖਦੇ ਹਨ ਕਿ ਜੇ 'ਅਗਨੀਪਥ' ਖਿਲਾਫ ਵਿਰੋਧ ਲੰਮਾ ਖਿੱਚਿਆ ਗਿਆ ਤਾਂ ਬਾਕੀ ਖਾਦ ਦੀ ਸਪਲਾਈ ਲਈ ਮੁਸ਼ਕਲ ਆ ਸਕਦੀ ਹੈ। ਪਤਾ ਲੱਗਾ ਹੈ ਕਿ ਪੰਜਾਬ ਵਿਚੋਂ ਭਾਰਤੀ ਖੁਰਾਕ ਨਿਗਮ ਵੱਲੋਂ ਅਨਾਜ ਦੀ ਢੋਆ-ਢੁਆਈ ਕੀਤੀ ਜਾ ਰਹੀ ਸੀ, ਉਹ ਜ਼ਰੂਰ ਮੱਠੀ ਪਈ ਹੈ। ਪਿਛਲੇ ਦਿਨਾਂ ਵਿਚ ਪੰਜਾਬ 'ਚੋਂ ਕਣਕ ਅਤੇ ਚੌਲਾਂ ਦੀ ਢੋਆ-ਢੁਆਈ ਤੇਜ਼ੀ ਨਾਲ ਹੋ ਰਹੀ ਸੀ ਕਿਉਂਕਿ ਬਾਕੀ ਸੂਬਿਆਂ ਵਿਚ ਅਨਾਜ ਦੀ ਕਾਫੀ ਮੰਗ ਹੈ।

### ਕਾਂਗਰਸ ਦਾ ਸਤਿਆਗ੍ਰਹਿ

**ਨਵੀਂ ਦਿੱਲੀ:** ਸੈਨਾ 'ਚ ਭਰਤੀ ਲਈ ਕੇਂਦਰ ਸਰਕਾਰ ਵੱਲੋਂ ਐਲਾਨੀ ਨਵੀਂ ਯੋਜਨਾ 'ਅਗਨੀਪਥ' ਦਾ ਦੇਸ਼ ਭਰ ਵਿਚ ਵਿਰੋਧ ਕਰ ਰਹੇ ਨੌਜਵਾਨਾਂ ਨਾਲ ਇਕਜੁੱਟਤਾ ਪ੍ਰਗਟ ਕਰਨ ਲਈ ਕਾਂਗਰਸ ਦੇ ਸੰਸਦ ਮੈਂਬਰ ਅਤੇ ਆਗੂ ਇਥੇ ਜੰਤਰ-ਮੰਤਰ 'ਤੇ 'ਸਤਿਆਗ੍ਰਹਿ' ਉਤੇ ਬੈਠੇ। ਕਾਂਗਰਸ ਦੀ ਜਨਰਲ ਸਕੱਤਰ ਪ੍ਰਿਅੰਕਾ ਗਾਂਧੀ ਵਾਡਰਾ ਨੇ ਇਸ ਮੌਕੇ ਦੇਸ਼ ਦੇ ਨੌਜਵਾਨਾਂ ਨੂੰ ਬੇਨਤੀ ਕੀਤੀ ਕਿ ਉਹ 'ਫਰਜ਼ੀ ਰਾਸ਼ਟਰਵਾਦ' ਨੂੰ ਪਛਾਣਨ। ਉਨ੍ਹਾਂ ਕਿਹਾ ਕਿ ਅਗਨੀਪਥ ਯੋਜਨਾ ਦੇਸ਼ ਦੇ ਨੌਜਵਾਨਾਂ ਤੇ ਫੌਜ ਲਈ ਤਬਾਹਕੁੰਨ ਸਿੱਧ ਹੋਵੇਗੀ। ਪ੍ਰਿਅੰਕਾ ਨੇ ਕਿਹਾ ਕਿ ਇਸ ਨਵੇਂ ਭਰਤੀ ਮਾਡਲ ਖਿਲਾਫ ਸ਼ਾਂਤੀਪੂਰਨ ਰੋਸ ਪ੍ਰਦਰਸ਼ਨ ਕਰਨ ਵਾਲਿਆਂ ਦਾ ਕਾਂਗਰਸ ਪੂਰਾ ਸਾਥ ਦੇਵੇਗੀ।

## ਸਪਾਈਸ ਜੈੱਟ ਦੇ ਜਹਾਜ਼ ਨੂੰ ਅੱਗ ਲੱਗੀ; ਮੁਸਾਫਰਾਂ ਦਾ ਬਚਾਅ



**ਪਟਨਾ:** ਪਟਨਾ ਤੋਂ ਦਿੱਲੀ ਜਾ ਰਹੇ ਸਪਾਈਸਜੈੱਟ ਜਹਾਜ਼ ਦੇ ਮੁਸਾਫਰ ਉਸ ਸਮੇਂ ਵਾਲ-ਵਾਲ ਬਚ ਗਏ ਜਦੋਂ ਉਨ੍ਹਾਂ ਦੇ ਜਹਾਜ਼ ਨੂੰ ਉਡਾਣ ਭਰਨ ਤੋਂ ਤੁਰਤ ਬਾਅਦ ਅੱਗ ਲੱਗ ਗਈ ਅਤੇ ਕਈ ਮਿੰਟ ਹਵਾ 'ਚ ਚੱਕਰ ਲਾਉਣ ਮਗਰੋਂ ਜਹਾਜ਼ ਹੰਗਾਮੀ ਹਾਲਤ 'ਚ ਇਥੋਂ ਦੇ ਹਵਾਈ ਅੱਡੇ 'ਤੇ ਉਤਾਰਿਆ ਗਿਆ।

ਏਅਰਲਾਈਨ ਨੇ ਇਕ ਬਿਆਨ 'ਚ ਕਿਹਾ ਕਿ ਉਨ੍ਹਾਂ ਨੂੰ ਖਦਸ਼ਾ ਹੈ ਕਿ ਇਕ ਪੰਛੀ ਦੇ ਟਕਰਾਉਣ ਮਗਰੋਂ ਪਾਇਲਟ ਨੂੰ ਇਕ ਇੰਜਣ ਬੰਦ ਕਰਨ ਅਤੇ ਪਟਨਾ ਹਵਾਈ ਅੱਡੇ 'ਤੇ ਮੁੜਨ ਦਾ ਫੈਸਲਾ ਲੈਣਾ ਪਿਆ ਹੈ। ਇਹ ਜਹਾਜ਼ ਦੁਪਹਿਰ 12.10 ਵਜੇ ਦੇ ਕਰੀਬ ਉੱਡਿਆ ਸੀ। ਹਵਾਈ ਅੱਡੇ ਨੇੜਲੇ ਇਲਾਕੇ ਦੇ ਵਸਨੀਕਾਂ ਅਨੁਸਾਰ ਉਡਾਣ ਭਰਨ ਤੋਂ ਤੁਰਤ ਬਾਅਦ ਜਹਾਜ਼ ਨੂੰ ਅੱਗ ਲੱਗ ਗਈ। ਇਨ੍ਹਾਂ ਲੋਕਾਂ ਨੇ ਆਪਣੀਆਂ ਅੱਖਾਂ ਸਾਹਮਣੇ ਇਹ ਘਟਨਾ ਵਾਪਰਨ ਦਾ ਦਾਅਵਾ ਕੀਤਾ ਹੈ। ਇਕ ਅਧਿਕਾਰੀ ਨੇ ਕਿਹਾ ਕਿ ਕਿਸੇ ਵੀ ਯਾਤਰੀ ਨੂੰ ਸੱਟ ਨਹੀਂ ਵੱਜੀ ਹੈ ਪਰ ਕੁਝ ਯਾਤਰੀਆਂ ਨੇ ਕਿਹਾ ਕਿ ਉਡਾਣ ਭਰਨ ਤੋਂ ਤੁਰਤ ਬਾਅਦ ਉਨ੍ਹਾਂ ਨੂੰ ਜਹਾਜ਼ ਅੰਦਰ ਬਹੁਤ ਤੇਜ਼ ਝਟਕਾ ਲੱਗਾ ਅਤੇ ਲਾਈਟ ਬੰਦ ਹੋਣ ਲੱਗੀ। ਇਸੇ ਵਿਚਾਲੇ ਹਵਾਈ ਪੱਟੀ 'ਤੇ ਫਾਇਰ ਬ੍ਰਿਗੇਡ ਦੀਆਂ ਗੱਡੀਆਂ ਤਾਇਨਾਤ ਕਰ ਦਿੱਤੀਆਂ ਗਈਆਂ ਪਰ ਹੰਗਾਮੀ ਹਾਲਾਤ 'ਚ ਜਹਾਜ਼ ਦੇ ਉੱਤਰਨ ਤੱਕ ਉਸ 'ਚ ਲੱਗੀ ਅੱਗ ਕਾਬੂ ਹੇਠ ਆ ਗਈ ਸੀ।

## ਅਗਨੀਪਥ ਯੋਜਨਾ ਵਾਪਸ ਲੈਣ ਤੋਂ ਕੋਰੀ ਨਾਂਹ

**ਨਵੀਂ ਦਿੱਲੀ:** 'ਅਗਨੀਪਥ' ਯੋਜਨਾ ਖਿਲਾਫ ਦੇਸ਼ ਭਰ 'ਚ ਚੱਲ ਰਹੇ ਰੋਸ ਮੁਜ਼ਾਹਰਿਆਂ ਵਿਚਾਲੇ ਭਾਰਤ ਦੀਆਂ ਤਿੰਨੋਂ ਸੈਨਾਵਾਂ ਨੇ ਇਹ ਯੋਜਨਾ ਵਾਪਸ ਲੈਣ ਦੀ ਕਿਸੇ ਵੀ ਸੰਭਾਵਨਾ ਤੋਂ ਇਨਕਾਰ ਕਰ ਦਿੱਤਾ ਹੈ। ਤਿੰਨਾਂ ਸੈਨਾਵਾਂ ਨੇ ਇਸ ਯੋਜਨਾ ਤਹਿਤ ਭਰਤੀ ਲਈ ਵਿਸਥਾਰਤ ਸ਼ਡਿਊਲ ਪੇਸ਼ ਕਰਦਿਆਂ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਹਥਿਆਰਬੰਦ ਦਸਤਿਆਂ ਦੇ ਉਮਰ ਸਬੰਧੀ ਪ੍ਰੋਫਾਈਲ ਨੂੰ ਘਟਾਉਣ ਲਈ ਇਹ ਯੋਜਨਾ ਲਾਗੂ ਕੀਤੀ ਜਾ ਰਹੀ ਹੈ।

ਉਨ੍ਹਾਂ ਨਾਲ ਹੀ ਕਿਹਾ ਕਿ ਇਸ ਯੋਜਨਾ ਖਿਲਾਫ ਮੁਜ਼ਾਹਰਿਆਂ ਦੌਰਾਨ ਹਿੰਸਾ ਤੇ ਅੱਗਜ਼ਨੀ 'ਚ ਸ਼ਾਮਲ ਨੌਜਵਾਨ ਫੌਜ 'ਚ ਭਰਤੀ ਨਹੀਂ ਕੀਤੇ ਜਾਣਗੇ। ਫੌਜੀ ਮਾਮਲਿਆਂ ਦੇ ਵਿਭਾਗ ਦੇ ਵਧੀਕ ਸਕੱਤਰ ਲੈਫਟੀਨੈਂਟ ਜਨਰਲ ਏ ਪੁਰੀ ਨੇ ਕਿਹਾ ਕਿ ਅਗਨੀਵੀਰਾਂ ਲਈ ਪਿਛਲੇ ਕੁਝ ਦਿਨਾਂ ਅੰਦਰ ਐਲਾਨੇ ਗਏ ਸਹਾਇਕ ਮਾਪਦੰਡ ਰੋਸ ਮੁਜ਼ਾਹਰਿਆਂ ਤੇ ਹਿੰਸਕ ਘਟਨਾਵਾਂ ਕਾਰਨ ਨਹੀਂ ਐਲਾਨੇ ਗਏ ਬਲਕਿ ਸਰਕਾਰ ਇਨ੍ਹਾਂ 'ਤੇ ਪਹਿਲਾਂ ਹੀ ਕੰਮ ਕਰ ਰਹੀ ਸੀ। ਸਰਕਾਰ ਵੱਲੋਂ ਯੋਜਨਾ ਵਾਪਸ ਲੈਣ ਦੀ ਸਮੀਖਿਆ ਕੀਤੇ ਜਾਣ ਸਬੰਧੀ ਪੁੱਛੇ ਗਏ ਸਵਾਲ ਦੇ ਜਵਾਬ 'ਚ ਲੈਫਟੀਨੈਂਟ ਜਨਰਲ ਪੁਰੀ ਨੇ ਕਿਹਾ, 'ਨਹੀਂ, ਇਹ ਵਾਪਸ ਕਿਉਂ ਲਈ ਜਾਵੇ?' ਰੱਖਿਆ



ਮੰਤਰੀ ਰਾਜਨਾਥ ਸਿੰਘ ਵੱਲੋਂ ਥਲ ਸੈਨਾ, ਜਲ ਸੈਨਾ ਤੇ ਹਵਾਈ ਸੈਨਾ ਦੇ ਮੁਖੀਆਂ ਨਾਲ ਮੀਟਿੰਗ ਕੀਤੇ ਜਾਣ ਤੋਂ ਬਾਅਦ ਤਿੰਨਾਂ ਸੈਨਾਵਾਂ ਵੱਲੋਂ ਇਹ ਕਾਨਫਰੰਸ ਕੀਤੀ ਗਈ ਹੈ।

ਲੈਫਟੀਨੈਂਟ ਜਨਰਲ ਪੁਰੀ ਨੇ ਕਿਹਾ ਕਿ ਹਥਿਆਰਬੰਦ ਬਲਾਂ ਦੀਆਂ ਤਿੰਨੋਂ ਸੇਵਾਵਾਂ ਦੇ ਉਮਰ ਸਬੰਧੀ ਪ੍ਰੋਫਾਈਲ ਨੂੰ ਘਟਾਉਣ ਦਾ ਵਿਸ਼ਾ ਲੰਮੇ ਸਮੇਂ ਤੋਂ ਵਿਚਾਰ ਅਧੀਨ ਸੀ ਅਤੇ ਦੁਨੀਆਂ ਦੇ ਕਈ ਮੁਲਕਾਂ ਦੀ ਫੌਜ ਤੇ ਭਰਤੀ ਪ੍ਰਕਿਰਿਆ ਦੇ ਅਧਿਐਨ ਮਗਰੋਂ ਇਹ ਭਰਤੀ ਯੋਜਨਾ ਲਿਆਂਦੀ ਗਈ ਹੈ। ਇਥੋਂ ਤੱਕ ਕਿ 1999 'ਚ ਬਣੀ ਕਾਰਗਿਲ ਸਮੀਖਿਆ ਕਮੇਟੀ ਨੇ ਵੀ ਇਸ ਬਾਰੇ ਸੁਝਾਅ ਦਿੱਤੇ ਸੀ। ਚਾਰ ਸਾਲ ਦੀ ਮਿਆਦ ਪੂਰੀ ਹੋਣ ਮਗਰੋਂ 75 ਫੀਸਦ ਅਗਨੀਵੀਰਾਂ ਨੂੰ ਕੱਢਣ ਦੀ ਮੱਦ ਬਾਰੇ ਲੈਫਟੀਨੈਂਟ ਜਨਰਲ ਪੁਰੀ ਨੇ ਕਿਹਾ ਕਿ ਤਿੰਨੋਂ ਸੈਨਾਵਾਂ 'ਚੋਂ ਤਕਰੀਬਨ 17,600 ਜਵਾਨ ਹਰ ਸਾਲ ਸਮੇਂ ਤੋਂ ਪਹਿਲਾਂ ਸੇਵਾਮੁਕਤੀ ਲੈ ਜਾਂਦੇ ਹਨ ਪਰ ਅਗਨੀਪਥ ਤਹਿਤ ਕੱਢੇ ਜਾਣ ਵਾਲਿਆਂ ਦੀ ਗਿਣਤੀ ਇੰਨੀ ਨਹੀਂ ਹੋਵੇਗੀ।

### ਭਰਤੀ ਲਈ ਨੋਟੀਫਿਕੇਸ਼ਨ

**ਨਵੀਂ ਦਿੱਲੀ:** ਕੇਂਦਰ ਦੀ ਅਗਨੀਪਥ ਸਕੀਮ ਖਿਲਾਫ ਦੇਸ਼ ਵਿਆਪੀ ਪ੍ਰਦਰਸ਼ਨਾਂ ਦੌਰਾਨ ਹੀ ਫੌਜ ਨੇ ਇਸ ਸਕੀਮ ਤਹਿਤ ਅਗਨੀਵੀਰਾਂ ਦੀ ਭਰਤੀ ਲਈ ਨੋਟੀਫਿਕੇਸ਼ਨ ਜਾਰੀ ਕੀਤਾ ਹੈ। ਨੋਟੀਫਿਕੇਸ਼ਨ ਮੁਤਾਬਕ ਭਰਤੀ ਰੈਲੀਆਂ ਲਈ ਰਜਿਸਟਰੇਸ਼ਨ ਜੁਲਾਈ ਮਹੀਨੇ ਤੋਂ ਸ਼ੁਰੂ ਹੋਵੇਗੀ। ਫੌਜ ਵੱਲੋਂ ਜਾਰੀ ਨੋਟੀਫਿਕੇਸ਼ਨ ਵਿਚ ਕਿਹਾ ਗਿਆ, ''ਆਰਮੀ ਰਿਕਰੂਟਮੈਂਟ ਆਫਿਸ (ਏ.ਆਰ.ਓ.) ਲਈ ਅਗਨੀਵੀਰ ਜਨਰਲ ਡਿਊਟੀ, ਅਗਨੀਵੀਰ ਟੈਕਨੀਕਲ, ਅਗਨੀਵੀਰ ਟੈਕਨੀਕਲ (ਹਵਾਬਾਜ਼ੀ/ਅਸਲਾ ਨਿਰੀਖਕ), ਅਗਨੀਵੀਰ ਕਲਰਕ/ਸਟੋਰਕੀਪਰ ਟੈਕਨੀਕਲ, ਅਗਨੀਵਰ ਟਰੇਡਸਮੈਨ (ਦਸਵੀਂ ਪਾਸ) ਅਤੇ ਅਗਨੀਵੀਰ ਟਰੇਡਸਮੈਨ (8ਵੀਂ ਪਾਸ) ਲਈ ਭਰਤੀ ਵਾਸਤੇ ਰਜਿਸਟਰੇਸ਼ਨ ਜੁਲਾਈ ਵਿਚ ਖੁੱਲ੍ਹੇਗੀ।''

## ਪਾਕਿਸਤਾਨ: ਪੰਜਾਬ ਵਿਚ 'ਐਮਰਜੈਂਸੀ' ਲਾਉਣ ਦਾ ਫੈਸਲਾ

**ਲਾਹੌਰ:** ਪਾਕਿਸਤਾਨ ਦੇ ਪੰਜਾਬ ਵਿਚ ਔਰਤਾਂ ਅਤੇ ਬੱਚਿਆਂ ਖਿਲਾਫ ਜਿਨਸੀ ਸ਼ੋਸ਼ਣ ਦੇ ਮਾਮਲਿਆਂ ਵਿਚ ਵਾਧੇ ਦੇ ਮੱਦੇਨਜ਼ਰ ਅਧਿਕਾਰੀਆਂ ਨੇ ਸੂਬੇ ਵਿਚ 'ਐਮਰਜੈਂਸੀ' ਲਾਉਣ ਦਾ ਫੈਸਲਾ ਕੀਤਾ ਹੈ। ਪੰਜਾਬ ਦੇ ਗ੍ਰਹਿ ਮੰਤਰੀ ਅਤਾ ਤਰਾਰ ਨੇ ਕਿਹਾ ਕਿ ਪ੍ਰਸ਼ਾਸਨ ਨੂੰ 'ਜਬਰ ਜਨਾਹ ਦੇ ਮਾਮਲਿਆਂ ਨਾਲ ਨਜਿੱਠਣ ਲਈ ਐਮਰਜੈਂਸੀ ਐਲਾਨਣ' ਲਈ ਮਜਬੂਰ ਹੋਣਾ ਪਿਆ ਹੈ। ਮੰਤਰੀ ਨੇ ਕਿਹਾ ਕਿ ਸੂਬੇ ਵਿਚ ਔਰਤਾਂ ਅਤੇ ਬੱਚਿਆਂ ਖਿਲਾਫ ਜਿਨਸੀ ਸ਼ੋਸ਼ਣ ਦੇ ਮਾਮਲਿਆਂ ਵਿਚ ਤੇਜ਼ੀ ਨਾਲ ਵਾਧਾ ਸਮਾਜ ਅਤੇ ਸਰਕਾਰੀ ਅਧਿਕਾਰੀਆਂ ਲਈ ਇਕ ਗੰਭੀਰ ਮੁੱਦਾ ਹੈ। 'ਡਾਅਨ' ਅਖਬਾਰ ਮੁਤਾਬਕ ਪਾਕਿਸਤਾਨ ਮੁਸਲਿਮ ਲੀਗ-ਨਵਾਜ਼ ਦੇ ਦਫਤਰ ਵਿਚ ਪ੍ਰੈਸ ਕਾਨਫਰੰਸ ਦੌਰਾਨ ਅਤਾ ਤਰਾਰ ਨੇ ਕਿਹਾ, ''ਪੰਜਾਬ ਵਿਚ ਜਬਰ ਜਨਾਹ ਦੇ ਰੋਜ਼ਾਨਾ ਚਾਰ ਮਾਮਲੇ ਸਾਹਮਣੇ ਆ ਰਹੇ ਹਨ। ਇਸ ਦੇ ਚੱਲਦਿਆਂ ਸਰਕਾਰ ਜਿਨਸੀ ਸ਼ੋਸ਼ਣ, ਬਦਸਲੂਕੀ ਅਤੇ ਇਸ ਤਰ੍ਹਾਂ ਦੇ ਮਾਮਲਿਆਂ ਨਾਲ ਨਜਿੱਠਣ ਲਈ ਵਿਸ਼ੇਸ਼ ਉਪਾਵਾਂ 'ਤੇ ਵਿਚਾਰ ਕਰ ਰਹੀ ਹੈ।'' ਉਨ੍ਹਾਂ ਕਿਹਾ ਕਿ ਜਬਰ ਜਨਾਹ ਦੀਆਂ ਘਟਨਾਵਾਂ ਰੋਕਣ ਲਈ ਸਰਕਾਰ ਨੇ ਵੱਖ-ਵੱਖ ਮੁਹਿੰਮਾਂ ਸ਼ੁਰੂ ਕੀਤੀਆਂ ਹਨ।

ਪੰਜਾਬ ਟਾਈਮਜ਼

*ਸਨਿਚਰਵਾਰ, 25 ਜੂਨ 2022*

## ਫੌਜ ਅਤੇ ਸਿਆਸਤ

ਭਾਰਤੀ ਫੌਜ ਵਿਚ ਭਰਤੀ ਲਈ ਲਿਆਂਦੀ ਅਗਨੀਪਥ ਯੋਜਨਾ ਖਿਲਾਫ ਨੌਜਵਾਨਾਂ ਦਾ ਗੁੱਸਾ ਜਿਉਂ ਦਾ ਤਿਉਂ ਬਰਕਰਾਰ ਹੈ ਸਗੋਂ ਇਹ ਹੌਲੀ-ਹੌਲੀ ਕਰਕੇ ਮੁਲਕ ਦੇ ਵੱਖ-ਵੱਖ ਸੂਬਿਆਂ ਅੰਦਰ ਫੈਲ ਰਿਹਾ ਹੈ। ਦੂਜੇ ਬੰਨੇ ਮੋਦੀ ਸਰਕਾਰ ਇਸ ਬਾਰੇ ਬਿਲਕੁਲ ਖਾਮੋਸ਼ ਹੋ ਗਈ ਹੈ ਅਤੇ ਇਸ ਸਕੀਮ ਬਾਰੇ ਨੌਜਵਾਨਾਂ ਨੂੰ ਸਮਝਾਉਣ ਦਾ ਜ਼ਿੰਮਾ ਫੌਜ ਮੁਖੀਆਂ ਸਿਰ ਪਾ ਦਿੱਤਾ ਗਿਆ। ਤਿੰਨਾਂ ਫੌਜ ਮੁਖੀਆਂ ਨੇ ਸਪਸ਼ਟ ਕੀਤਾ ਕਿ ਇਹ ਯੋਜਨਾ ਕਿਸੇ ਵੀ ਸੂਰਤ ਵਾਪਸ ਲਈ ਜਾਵੇਗੀ ਸਗੋਂ ਉਨ੍ਹਾਂ ਇਕ ਤਰ੍ਹਾਂ ਨਾਲ ਨੌਜਵਾਨਾਂ ਨੂੰ ਦਬਕਾ ਜਿਹਾ ਵੀ ਮਾਰਿਆ ਹੈ ਕਿ ਜਿਹੜੇ ਨੌਜਵਾਨ ਇਸ ਯੋਜਨਾ ਖਿਲਾਫ ਕੀਤੇ ਜਾ ਰਹੇ ਰੋਸ ਵਿਖਾਵੇ ਕਰ ਰਹੇ ਹਨ, ਉਨ੍ਹਾਂ ਨੂੰ ਇਸ ਯੋਜਨਾ ਤਹਿਤ ਭਰਤੀ ਨਹੀਂ ਕੀਤਾ ਜਾਵੇਗਾ। ਨੌਜਵਾਨਾਂ ਨੂੰ ਇਸ ਯੋਜਨਾ ਤਹਿਤ ਭਰਤੀ ਹੋਣ ਵੇਲੇ ਇਹ ਹਲਫੀਆ ਬਿਆਨ ਵੀ ਦੇਣਾ ਪਵੇਗਾ ਕਿ ਉਸ ਨੇ ਇਨ੍ਹਾਂ ਰੋਸ ਵਿਖਾਵਿਆਂ ਵਿਚ ਕਿਸੇ ਵੀ ਤਰ੍ਹਾਂ ਨਾਲ ਹਿੱਸਾ ਨਹੀਂ ਲਿਆ। ਹੁਣ ਇਸ ਮਾਮਲੇ ਵਿਚ ਕੌਮੀ ਸੁਰੱਖਿਆ ਸਲਾਹਕਾਰ ਅਜੀਤ ਡੋਵਾਲ ਵੀ ਕੁੱਦ ਪਏ ਹਨ। ਉਨ੍ਹਾਂ ਕਿਹਾ ਹੈ ਕਿ ਅਗਨੀਪਥ ਯੋਜਨਾ ਵਾਲੀ ਭਰਤੀ ਦੇ ਬਾਵਜੂਦ ਫੌਜ ਵਿਚ ਰਵਾਇਤੀ ਰੈਜੀਮੈਂਟਲ ਸਿਸਟਮ ਜਿਉਂ ਦਾ ਤਿਉਂ ਕਾਇਮ ਰੱਖਿਆ ਜਾਵੇਗਾ। ਯਾਦ ਰਹੇ ਕਿ ਇਹ ਖਦਸ਼ਾ ਪ੍ਰਗਟਾਇਆ ਗਿਆ ਸੀ ਕਿ ਸਰਕਾਰ ਵੱਖ-ਵੱਖ ਰੈਜੀਮੈਂਟਾਂ ਜਾਰੀ ਰੱਖਣ ਦੀ ਥਾਂ ਰਲਵੀਆਂ-ਮਿਲਵੀਆਂ ਯੂਨਿਟਾਂ ਬਣਾਏ ਜਾਣ ਦੇ ਹੱਕ ਵਿਚ ਹੈ ਤਾਂ ਕਿ ਫੌਜ ਵਿਚ ਕਿਸੇ ਵੀ ਕਿਸਮ ਦੀ ਬਗਾਵਤ ਦੀ ਗੁੰਜਾਇਸ਼ ਹੀ ਨਾ ਰਹੇ।

ਅਸਲ ਵਿਚ, ਕੇਂਦਰ ਸਰਕਾਰ ਅਤੇ ਸੱਤਾਧਾਰੀ ਭਾਰਤੀ ਜਨਤਾ ਪਾਰਟੀ ਨੂੰ ਖਦਸ਼ਾ ਹੈ ਕਿ ਅਗਨੀਪਥ ਯੋਜਨਾ ਖਿਲਾਫ ਨੌਜਵਾਨਾਂ ਦਾ ਇਹ ਰੋਸ ਪ੍ਰਦਰਸ਼ਨ ਕਿਤੇ ਸਿਆਸੀ ਰੂਪ ਨਾ ਅਖਤਿਆਰ ਕਰ ਜਾਵੇ। ਰੋਸ ਵਿਖਾਵਿਆਂ ਦੇ ਪਹਿਲੇ ਦੋ-ਤਿੰਨ ਦਿਨਾਂ ਦੌਰਾਨ ਹਿੰਸਾ ਅਤੇ ਭੰਨ-ਤੋੜ ਵਾਲੀਆਂ ਕਾਰਵਾਈਆਂ ਤੋਂ ਬਾਅਦ ਹੁਣ ਇਹ ਅੰਦੋਲਨ ਸਿਆਸੀ ਰੂਪ ਵਟਾਉਂਦਾ ਨਜ਼ਰ ਆ ਰਿਹਾ ਹੈ। ਸਿਆਸੀ ਪਾਰਟੀਆਂ ਦੀ ਸਰਗਰਮੀ ਵੀ ਇਸ ਮਾਮਲੇ ਵਿਚ ਤਿੱਖੀ ਹੋ ਗਈ ਹੈ। ਪਿਛਲੇ ਕਾਫੀ ਸਮੇਂ ਤੋਂ ਲਗਾਤਾਰ ਪਛਾੜਾਂ ਦਾ ਸਾਹਮਣਾ ਕਰ ਰਹੀ ਕਾਂਗਰਸ ਨੇ ਜੰਤਰ ਮੰਤਰ ਵਿਚ ਸੱਤਿਆਗ੍ਰਹਿ ਆਰੰਭ ਕਰ ਦਿੱਤਾ ਹੈ। ਯਾਦ ਰਹੇ ਕਿ ਸਰਕਾਰ ਨੂੰ ਤਿੰਨ ਖੇਤੀ ਕਾਨੂੰਨਾਂ ਖਿਲਾਫ ਉਠੇ ਅੰਦੋਲਨ ਨਾਲ ਨਜਿੱਠਣ ਦੇ ਮਾਮਲੇ ਵਿਚ ਵੀ ਲੈਣੇ ਦੇ ਦੇਣੇ ਪੈ ਗਏ ਸਨ ਅਤੇ ਆਖਰਕਾਰ ਮੋਦੀ ਸਰਕਾਰ ਨੂੰ ਇਹ ਤਿੰਨੇ ਖੇਤੀ ਕਾਨੂੰਨ ਬਿਨਾਂ ਸ਼ਰਤ, ਵਾਪਸ ਲੈਣ ਦਾ ਅੱਕ ਚੱਬਣਾ ਪਿਆ ਸੀ। ਹੁਣ ਸਰਕਾਰ ਨੂੰ ਡਰ ਹੈ ਕਿ ਕਿਤੇ ਅਗਨੀਪਥ ਖਿਲਾਫ ਅੰਦੋਲਨ ਵੀ ਕਿਸਾਨ ਅੰਦੋਲਨ ਵਾਲੇ ਰਾਹ ਨਾ ਪੈ ਜਾਵੇ। ਇਸੇ ਕਰਕੇ ਹੁਣ ਸਰਕਾਰ ਨੇ ਆਪਣੀ ਪੂਰੀ ਤਾਕਤ ਇਹ ਸਮਝਾਉਣ ਜਾਂ ਪ੍ਰਚਾਰ ਕਰਨ ‘ਤੇ ਲਾ ਦਿੱਤੀ ਹੈ ਕਿ ਅਗਨੀਪਥ ਯੋਜਨਾ ਬਹੁਤ ਬਿਹਤਰ ਯੋਜਨਾ ਹੈ ਅਤੇ ਇਸ ਨਾਲ ਫੌਜ ਨੂੰ ਆਧੁਨਿਕ ਸਮਿਆਂ ਅਨੁਸਾਰ ਢਾਲਣ ਵਿਚ ਮਦਦ ਮਿਲੇਗੀ।

ਅਜੀਤ ਡੋਵਾਲ ਨੇ ਤਾਂ ਇਸ ਯੋਜਨਾ ਨੂੰ ਸਮੇਂ ਦੀ ਲੋੜ ਤੱਕ ਆਖਿਆ ਹੈ। ਆਪਣੀ ਕਿਸਮ ਦੇ ਪਹਿਲੇ ਇੰਟਰਵਿਊ ਦੌਰਾਨ ਉਨ੍ਹਾਂ ਇਕ-ਇਕ ਨੁਕਤੇ ਤੋਂ ਇਸ ਯੋਜਨਾ ਦੀ ਵਿਆਖਿਆ ਕਰਨ ਦਾ ਯਤਨ ਕੀਤਾ ਹੈ। ਇਸ ਦਾ ਸਿੱਧਾ ਜਿਹਾ ਮਤਲਬ ਹੈ ਕਿ ਮੋਦੀ ਸਰਕਾਰ ਜਿੰਨੇ ਚਾਅ ਨਾਲ ਇਹ ਯੋਜਨਾ ਲੈ ਕੇ ਆਈ ਸੀ, ਉਹ ਐਨ ਪੁੱਠੀ ਪੈ ਗਈ ਹੈ। ਇਹ ਸਰਕਾਰ ਜਦੋਂ ਖੇਤੀ ਕਾਨੂੰਨ ਲੈ ਕੇ ਆਈ ਸੀ ਤਾਂ ਤਿੱਖਾ ਵਿਰੋਧ ਹੋਣ ਤੋਂ ਬਾਅਦ ਇਸ ਨੂੰ ਇਸੇ ਤਰ੍ਹਾਂ ਸਫਾਈਆਂ ਦੇਣੀਆਂ ਪੈ ਗਈਆਂ ਸਨ। ਉਦੋਂ ਵੀ ਕਿਸਾਨਾਂ ਨੂੰ ਸਮਝਾਉਣ ਲਈ ਹਰ ਹੀਲਾ ਕੀਤਾ ਗਿਆ ਅਤੇ ਹਰ ਹਰਬਾ ਵਰਤਿਆ ਗਿਆ ਪਰ ਕਿਸਾਨ ਅੰਦੋਲਨ, ਕਿਸਾਨ ਜਥੇਬੰਦੀਆਂ ਦੀ ਅਗਵਾਈ ਵਿਚ ਅੱਗੇ ਤੋਂ ਅੱਗੇ ਵਧਦਾ ਗਿਆ ਅਤੇ ਆਖਰਕਾਰ ਇਹ ਅੰਦੋਲਨ ਦਿੱਲੀ ਦੀਆਂ ਬਰੂਹਾਂ ‘ਤੇ ਅੱਪੜ ਗਿਆ। ਉਥੇ ਪੂਰਾ ਇਕ ਸਾਲ ਸਾਲ, ਹਰ ਤਰ੍ਹਾਂ ਦੀ ਅਜ਼ਮਾਇਸ਼ ਤੋਂ ਬਾਅਦ ਕਿਸਾਨ ਜਥੇਬੰਦੀਆਂ ਖੇਤੀ ਕਾਨੂੰਨ ਵਾਪਸ ਕਰਵਾ ਕੇ ਹੀ ਮੁੜੀਆਂ।

ਹੁਣ ਹਾਲਾਤ ਦੀ ਹਕੀਕਤ ਹੈ ਕਿ ਭਾਰਤ ਵਿਚ ਬੇਰੁਜ਼ਗਾਰੀ ਹੱਦਾਂ-ਬੰਨੇ ਟੱਪ ਰਹੀ ਹੈ। ਸਰਕਾਰੀ ਅੰਕੜੇ ਦੱਸਦੇ ਹਨ ਕਿ ਬੇਰੁਜ਼ਗਾਰੀ ਦੀ ਦਰ ਪਿਛਲੀ ਅੱਧੀ ਸਦੀ ਦੇ ਸਮੇਂ ਦੌਰਾਨ ਸਭ ਤੋਂ ਵਧੇਰੇ ਹੈ। ਮੋਦੀ ਸਰਕਾਰ ਨੇ ਹਰ ਸਾਲ ਦੋ ਕਰੋੜ ਨੌਕਰੀਆਂ ਦਾ ਪ੍ਰਬੰਧ ਕਰਨ ਦੇ ਦਾਅਵੇ ਕੀਤੇ ਸਨ ਪਰ ਇਸ ਫਰੰਟ ‘ਤੇ ਕੁਝ ਵੀ ਨਹੀਂ ਕੀਤਾ ਗਿਆ ਸਗੋਂ ਕਾਰਪੋਰੇਟ ਜਗਤ ਨੂੰ ਖੁਸ਼ ਕਰਦੀ-ਕਰਦੀ ਇਸ ਸਰਕਾਰ ਨੇ ਮੁਲਕ ਦੀ ਆਰਥਿਕਤਾ ਦਾ ਵੀ ਬੁਰਾ ਹਾਲ ਕਰਕੇ ਰੱਖ ਦਿੱਤਾ ਹੈ। ਸਿਰਫ ਖੇਤੀ ਖੇਤਰ ਨੂੰ ਛੱਡ ਕੇ ਹੋਰ ਕਿਸੇ ਵੀ ਖੇਤਰ ਵਿਚ ਵਿਕਾਸ ਨਹੀਂ ਹੋ ਰਿਹਾ। ਪਿਛਲੇ ਅੱਠ ਸਾਲਾਂ ਦੌਰਾਨ ਜਦੋਂ ਤੋਂ ਕੇਂਦਰ ਵਿਚ ਨਰਿੰਦਰ ਮੋਦੀ ਦੀ ਅਗਵਾਈ ਹੇਠ ਸਰਕਾਰ ਬਣੀ ਹੈ, ਸਮਾਜਿਕ ਬੇਚੈਨੀ ਲਗਾਤਾਰ ਵਧ ਰਹੀ ਹੈ। ਅਗਨੀਪਥ ਯੋਜਨਾ ਬਾਰੇ ਪਹਿਲਾ ਖਦਸ਼ਾ ਇਹ ਪ੍ਰਗਟਾਇਆ ਗਿਆ ਸੀ ਕਿ ਇਸ ਯੋਜਨਾ ਤਹਿਤ ਸਮਾਜ ਦੇ ਸੈਨਿਕੀਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਟਲੀ ਵਿਚ ਫਾਸੀਵਾਦੀਆਂ ਨੇ ਇਨ੍ਹਾਂ ਲੀਹਾਂ ਉਤੇ ਚੱਲਦਿਆਂ ਹੀ ਸਮਾਜ ਦਾ ਸੈਨਿਕੀਕਰਨ ਕੀਤਾ ਸੀ। ਉਂਝ, ਹੁਣ ਇਸ ਯੋਜਨਾ ਦੀਆਂ ਪਰਤਾਂ ਜਿਉਂ-ਜਿਉਂ ਖੁੱਲ੍ਹ ਰਹੀਆਂ ਹਨ, ਉਸ ਤੋਂ ਸਰਕਾਰ ਦੇ ਮਨਸ਼ੇ ਜ਼ਾਹਿਰ ਹੋ ਰਹੇ ਹਨ। ਭਾਰਤੀ ਜਨਤਾ ਪਾਰਟੀ ਭਾਵੇਂ ਇਸ ਨੂੰ ਫੌਜ ਦੀ ਕਾਇਆ-ਕਲਪ ਕਰਨ ਵਾਲੀ ਯੋਜਨਾ ਐਲਾਨ ਰਹੀ ਹੈ ਪਰ ਬੇਰੁਜ਼ਗਾਰੀ ਦੀ ਭੱਠੀ ਵਿਚ ਝੁਲਸ ਰਹੇ ਨੌਜਵਾਨ ਇਸ ਬਾਰੇ ਇਕ ਵੀ ਨਹੀਂ ਸੁਣ ਰਹੇ। ਬਿਨਾਂ ਸ਼ੱਕ, 1991 ਵਿਚ ਸ਼ੁਰੂ ਹੋਈਆਂ ਨਵੀਆਂ ਆਰਥਿਕ ਨੀਤੀਆਂ ਦੇ ਨਤੀਜੇ ਹੁਣ ਖੁੱਲ੍ਹ ਕੇ ਸਾਹਮਣੇ ਆ ਰਹੇ ਹਨ। ਭਾਰਤ ਬਾਰੇ ਤਾਂ ਦਾਅਵੇ ਹਨ ਕਿ ਇਹ ਹਰ ਖੇਤਰ ਵਿਚ ਅਗਾਂਹ ਵਧ ਰਿਹਾ ਹੈ ਪਰ ਸਮਾਜ ਤੇ ਹੋਰ ਖੇਤਰਾਂ ਵਿਚ ਲਗਾਤਾਰ ਨਿਘਾਰ ਆ ਰਿਹਾ ਹੈ; ਸਮਾਜਿਕ-ਆਰਥਿਕ ਪਾੜਾ ਤੇਜ਼ੀ ਨਾਲ ਵਧ ਰਿਹਾ ਹੈ। ਮਹਿੰਗਾਈ ਕਾਰਨ ਲੋਕ ਤ੍ਰਾਹ-ਤ੍ਰਾਹ ਕਰ ਰਹੇ ਹਨ। ਅਜਿਹੀ ਸੂਰਤ ਵਿਚ ਅਗਨੀਪਥ ਯੋਜਨਾ ਨੇ ਬਲਦੀ ਉਤੇ ਤੇਲ ਪਾ ਦਿੱਤਾ ਹੈ। ਇਹ ‘ਅਗਨੀਪਥ’ ਹੁਣ ਕਿਸ ਪਾਸੇ ਮੋੜ ਕੱਟਦਾ ਹੈ, ਆਉਣ ਵਾਲਾ ਸਮਾਂ ਹੀ ਦੱਸੇਗਾ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਨਵਾਂ ਸੱਪ-ਅਗਨੀਪਥ*

ਕੋਈ ਕੱਢੇ ਜਿਉਂ ਮੰਗ.ਲੀ ਕੱਛ ਵਿਚੋਂ, ਲੋਕੀਂ ਦੇਖ ਕੇ ਹੋਣ ਹੈਰਾਨ ਯਾਰੋ।
ਮਨਸ਼ਾ ਗੁੱਝੀ ਹਕੂਮਤ ਦੀ ਹੋਰ ਹੁੰਦੀ, ‘ਲਾਭ’ ਦੱਸ ਕੇ ਕਰਨ ਐਲਾਨ ਯਾਰੋ।
ਤਾਨਾਸ਼ਾਹਾਂ ਦੇ ਵਾਂਗ ਹੀ ਹੁਕਮ ਕਰਦੇ, ਬਿਨ ਸੋਚਿਆਂ ਨਫਾ-ਨੁਕਸਾਨ ਯਾਰੋ।
ਸੀ.ਏ ਤਿੰਨ ਕਾਨੂੰਨ ਤੇ ਨੋਟ-ਬੰਦੀ, ਤੁਰਤ-ਫੁਰਤ ਸੀ ਹੋਏ ਫੁਰਮਾਨ ਯਾਰੋ।
ਅਚਨਚੇਤ ਹੀ ‘ਭਰਤੀ’ ਦੇ ਨਿਯਮ ਤੋੜੇ, ਚਲੇ ਆ ਰਹੇ ਸਿਸਟਮ ਨੂੰ ਖੋਰਿਆ ਏ।
ਏ.ਸੀ ਰੂਮਾਂ ’ਚ ਬੈਠ ਕੇ ਹਾਕਮਾਂ ਨੇ, ‘ਅਗਨੀਪਥ’ ’ਤੇ ਮੁੰਡਿਆਂ ਨੂੰ ਤੋਰਿਆ ਏ।

# ਫੌਜ ਲਈ ਅਗਨੀਪਥ ਸਕੀਮ ਅਤੇ ਬੇਰੁਜ਼ਗਾਰੀ ਦੀ ਮਾਰ

***ਭਾਰਤ ਦੀ ਮੋਦੀ ਸਰਕਾਰ ਫੌਜ ਵਿਚ ਭਰਤੀ ਲਈ ਅਗਨੀਪਥ ਯੋਜਨਾ ਲਿਆ ਕੇ, ਖੇਤੀ ਕਾਨੂੰਨਾਂ ਵਾਂਗ ਇਕ ਵਾਰ ਫਿਰ ਕਸੂਤੀ ਫਸ ਗਈ ਹੈ। ਸਰਕਾਰ ਨੂੰ ਆਸ ਸੀ ਕਿ ਮੁਲਕ ਦੇ ਨੌਜਾਵਨ ਖੁੱਲ੍ਹੀਆਂ ਬਾਹਾਂ ਨਾਲ ਇਸ ਯੋਜਨਾ ਦਾ ਸਵਾਗਤ ਕਰਨਗੇ ਪਰ ਹੋਇਆ ਇਸ ਤੋਂ ਐਨ ਉਲਟ ਹੈ। ਮੁਲਕ ਦੇ ਬਹੁਤ ਸਾਰੇ ਹਿੱਸਿਆਂ ਵਿਚ ਨੌਜਵਾਨ ਰੋਸ ਵਿਖਾਵੇ ਕਰ ਰਹੇ ਹਨ। ਬਹੁਤੀ ਥਾਈਂ ਇਹ ਰੋਸ ਵਿਖਾਵੇਂ ਹਿੰਸਕ ਹੋ ਗਏ ਹਨ ਅਤੇ ਸਰਕਾਰੀ ਜਾਇਦਾਦ ਦੀ ਭੰਨ-ਤੋੜ ਕੀਤੀ ਗਈ ਹੈ। ਨੌਜਵਾਨ ਪੱਤਰਕਾਰ ਨਵਕਿਰਨ ਸਿੰਘ ਪੱਤੀ ਨੇ ਆਪਣੇ ਇਸ ਲੇਖ ਵਿਚ ਇਸ ਸਮੁੱਚੇ ਹਾਲਾਤ ਦਾ ਜ਼ਿਕਰ ਕੀਤਾ ਹੈ ਕਿ ਬੇਰੁਜ਼ਗਾਰੀ ਦੀ ਦਲਦਲ ਵਿਚ ਧਸੀ ਹੋਈ ਨੌਜਵਾਨੀ ਨੇ ਸਰਕਾਰ ਦੀ ਇਸ ਯੋਜਨਾ ਦਾ ਜਵਾਬ ਕਿਸ ਤਰ੍ਹਾਂ ਦਿੱਤਾ ਹੈ।***

ਭਾਰਤੀ ਫੌਜ ਦੀਆਂ ਤਿੰਨਾਂ ਸੈਨਾਵਾਂ ਵਿਚ ਥੋੜ੍ਹੇ ਸਮੇਂ ਲਈ ਨਿਯੁਕਤੀਆਂ ਨੂੰ ਲੈ ਕੇ 'ਅਗਨੀਪਥ' ਨੀਤੀ ਐਲਾਨੀ ਗਈ। ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਇਸ ਸਕੀਮ ਦਾ ਐਲਾਨ ਕਰਦਿਆਂ ਇਸ ਨੂੰ ਰੱਖਿਆ ਅਤੇ ਕੈਬਨਿਟ ਕਮੇਟੀ ਦਾ ਇਤਿਹਾਸਕ ਫੈਸਲਾ ਕਰਾਰ ਦਿੱਤਾ ਕਿ 'ਅਸੀਂ ਅਗਨੀਪਥ ਨਾਮ ਦੀ ਪਰਿਵਰਤਨਕਾਰੀ ਯੋਜਨਾ ਲਿਆ ਰਹੇ ਹਾਂ ਜੋ ਸਾਡੇ ਸ਼ਸਤਰ ਬਲਾਂ ਵਿਚ ਤਬਦੀਲੀ ਲਿਆ ਕੇ ਉਨ੍ਹਾਂ ਨੂੰ ਹੋਰ ਆਧੁਨਿਕ ਬਣਾਇਆ ਜਾਵੇਗਾ ਅਤੇ ਨੌਜਵਾਨਾਂ ਨੂੰ ਬਤੌਰ 'ਅਗਨੀਵੀਰ' ਸ਼ਸਤਰ ਬਲਾਂ ਵਿਚ ਸੇਵਾ ਦਾ ਮੌਕਾ ਦਿੱਤਾ ਜਾਵੇਗਾ'।

ਰੱਖਿਆ ਮੰਤਰੀ ਦੇ ਐਲਾਨ ਦੇ ਤਰੀਕੇ ਤੋਂ ਜ਼ਾਹਿਰ ਹੁੰਦਾ ਹੈ ਕਿ ਕੇਂਦਰ ਸਰਕਾਰ ਚਾਹੁੰਦੀ ਸੀ ਕਿ ਉਸ ਦੇ ਇਸ ਐਲਾਨ ਦੀ ਚੁਫੇਰਿਓਂ ਬੱਲੇ-ਬੱਲੇ ਹੋਵੇਗੀ ਪਰ ਹੋਇਆ ਇਸ ਦੇ ਬਿਲਕੁੱਲ ਉਲਟ; ਦੇਸ਼ ਭਰ ਵਿਚ ਹੋਏ ਵਿਆਪਕ ਵਿਰੋਧ ਨੇ ਦੇਸ਼ ਵਿਚ ਫੈਲੀ ਬੇਰੁਜ਼ਗਾਰੀ ਨੂੰ ਦੁਨੀਆ ਭਰ ਵਿਚ ਜ਼ਾਹਿਰ ਕਰ ਦਿੱਤਾ ਹੈ।

ਭਾਰਤੀ ਜਨਤਾ ਪਾਰਟੀ ਦੀ ਹਕੂਮਤ ਖਿਲਾਫ

**ਨਵਕਿਰਨ ਸਿੰਘ ਪੱਤੀ**
**ਈਮੇਲ:** n4navkiran@gmail.com

ਜਿਸ ਤਰ੍ਹਾਂ ਤਿੰਨ ਖੇਤੀ ਕਾਨੂੰਨਾਂ 'ਤੇ ਲੋਕਾਂ ਦਾ ਵਿਆਪਕ ਵਿਰੋਧ ਸਾਹਮਣੇ ਆਇਆ ਸੀ, ਉਸੇ ਤਰ੍ਹਾਂ ਅਗਨੀਪਥ ਖਿਲਾਫ ਨੌਜਵਾਨਾਂ ਦਾ ਵਿਆਪਕ ਵਿਰੋਧ ਸਾਹਮਣੇ ਆ ਰਿਹਾ ਹੈ। ਜ਼ਿਆਦਤਰ ਨੌਜਵਾਨ ਆਪ-ਮੁਹਾਰੇ ਸੜਕਾਂ 'ਤੇ ਨਿੱਕਲੇ ਹਨ। ਸਰਕਾਰ ਦਾ ਦਾਅਵਾ ਹੈ ਕਿ ਹੁਣ ਤੱਕ ਬਿਹਾਰ ਵਿਚ ਰੋਸ ਪ੍ਰਦਰਸ਼ਨ ਤੋਂ ਬਾਅਦ ਤਕਰੀਬਨ ਦੋ ਸੌ ਕਰੋੜ ਰੁਪਏ ਦਾ ਨੁਕਸਾਨ ਹੋਇਆ ਹੈ। ਰੇਲਾਂ ਦੇ 50 ਡੱਬੇ ਅਤੇ 5 ਇੰਜਣ ਤਬਾਹ ਹੋ ਗਏ ਹਨ ਅਤੇ ਕਈ ਪਲੈਟਫਾਰਮ, ਕੰਪਿਊਟਰ ਅਤੇ ਹੋਰ ਮਸ਼ੀਨਾਂ ਨੂੰ ਨੁਕਸਾਨ ਪਹੁੰਚਿਆ ਹੈ। ਭਾਰਤੀ ਰੇਲਵੇ ਨੇ ਪ੍ਰਦਰਸ਼ਨਕਾਰੀਆਂ ਵੱਲੋਂ ਰੇਲ ਗੱਡੀਆਂ ਨੂੰ ਨਿਸ਼ਾਨੇ ਬਣਾਉਣ ਕਾਰਨ ਸੈਂਕੜੇ ਰੇਲ ਗੱਡੀਆਂ ਰੱਦ ਕਰ ਦਿੱਤੀਆਂ ਹਨ। ਵਿਰੋਧੀ ਧਿਰ ਕਾਂਗਰਸ ਨੇ ਅਗਨੀਪਥ ਵਿਰੁੱਧ ਦਿੱਲੀ ਦੇ ਜੰਤਰ ਮੰਤਰ ਵਿਚ ਸੱਤਿਆਗ੍ਰਹਿ ਸ਼ੁਰੂ ਕਰ ਦਿੱਤਾ ਹੈ। ਇਸ ਯੋਜਨਾ ਖਿਲਾਫ ਕੁਝ ਸੰਗਠਨਾਂ ਦੇ ਸੋਮਵਾਰ ਨੂੰ ਭਾਰਤ ਬੰਦ ਦੇ ਸੱਦੇ ਬਾਅਦ ਕੁਝ ਸੂਬਿਆਂ ਵਿਚ ਸੋਮਵਾਰ ਸਵੇਰੇ ਹੀ ਧਾਰਾ 144 ਲਗਾ ਦਿੱਤੀ ਗਈ; ਭਾਵ, ਹਰ ਵਿਰੋਧ ਨੂੰ ਜਬਰ ਨਾਲ ਦਬਾਉਣ ਦਾ ਭਰਮ ਪਾਲਣ ਵਾਲੀ ਕੇਂਦਰੀ ਹਕੂਮਤ ਨੂੰ ਰੁਜ਼ਗਾਰ ਦੇ ਮਸਲੇ 'ਤੇ ਮੂੰਹ ਦੀ ਖਾਣੀ ਪੈ ਰਹੀ ਹੈ।

ਅਗਨੀਪਥ ਯੋਜਨਾ ਤਹਿਤ ਨੌਜਵਾਨਾਂ ਦੇ ਭਰਤੀ ਹੋਣ ਦੀ ਉਮਰ 17.5 ਸਾਲ ਤੋਂ 21 ਸਾਲ ਵਿਚਾਲੇ ਹੋਣੀ ਚਾਹੀਦੀ ਹੈ ਤੇ ਉਹ 10ਵੀਂ ਜਾਂ 12ਵੀਂ ਪਾਸ ਹੋਣਾ ਲਾਜ਼ਮੀ ਹੈ। ਦਸਵੀਂ ਪਾਸ ਨੂੰ ਬਾਰ੍ਹਵੀਂ ਪਾਸ ਕਰਵਾਉਣ ਦਾ ਯਤਨ ਕੀਤਾ ਜਾਵੇਗਾ ਤੇ ਭਰਤੀ ਸਿਰਫ ਚਾਰ ਸਾਲਾਂ ਲਈ ਹੋਵੇਗੀ। ਚਾਰ ਸਾਲ ਬਾਅਦ ਸੇਵਾਕਾਲ ਵਿਚ ਪ੍ਰਦਰਸ਼ਨ ਦੇ ਆਧਾਰ ’ਤੇ ਮੁਲਾਂਕਣ ਹੋਵੇਗਾ ਅਤੇ ਸਿਰਫ 25 ਫੀਸਦ ਨੂੰ ਰੈਗੂਲਰ ਕੀਤਾ ਜਾਵੇਗਾ। ਪਹਿਲੇ ਸਾਲ ਦੀ ਤਨਖਾਹ ਉੱਕਾ-ਪੁੱਕਾ 30 ਹਜ਼ਾਰ ਮਹੀਨਾ ਹੋਵੇਗੀ ਜੋ ਚੌਥੇ ਸਾਲ ਜਾ ਕੇ 40 ਹਜ਼ਾਰ ਰੁਪਏ ਮਹੀਨਾ ਹੋਵੇਗੀ। ਡਿਊਟੀ ਦੌਰਾਨ ਜਾਨ ਗੁਆਉਣ ਵਾਲੇ ਜਾਂ ਅਪਾਹਜ ਹੋਣ ਵਾਲੇ ਨੌਜਵਾਨ ਨੂੰ ਸਰਕਾਰ ਨੇ ਸਹਾਇਤਾ ਰਾਸ਼ੀ ਦੀ ਵਿਵਸਥਾ ਕੀਤੀ ਹੈ। ਚਾਰ ਸਾਲ ਬਾਅਦ 'ਸੇਵਾ-ਮੁਕਤੀ' ਸਮੇਂ ਇੱਕ ਰਾਸ਼ੀ ਦੇਣ ਦੀ ਵੀ ਵਿਵਸਥਾ ਹੈ।

ਜੋ ਵਿਅਕਤੀ ਭਾਰਤ ਵਿਚ ਫੈਲੀ ਬੇਰੁਜ਼ਗਾਰੀ ਬਾਰੇ ਨੇੜਿਓਂ ਜਾਣਦੇ ਹਨ, ਉਨ੍ਹਾਂ ਨੂੰ ਰੁਜ਼ਗਾਰ ਦੇ ਮਸਲੇ 'ਤੇ ਨੌਜਵਾਨਾਂ ਦਾ ਇਸ ਤਰ੍ਹਾਂ ਵਿਰੋਧ ਕਰਨਾ ਅਤਿ ਕਥਨੀ ਨਹੀਂ ਲੱਗੇਗਾ ਪਰ ਆਮ ਲੋਕਾਂ ਦੀ ਜ਼ਿੰਦਗੀ ਤੋਂ ਪਰ੍ਹੇ ਏਅਰ ਕੰਡੀਸ਼ਨ ਕਮਰਿਆਂ ਵਿਚ ਬੈਠਣ ਵਾਲੇ ਅਖੌਤੀ ਨੀਤੀ ਘਾੜਿਆਂ ਨੇ ਸ਼ਾਇਦ ਇਸ ਤਰ੍ਹਾਂ ਦੇ ਵਿਰੋਧ ਬਾਰੇ ਨਹੀਂ ਸੋਚਿਆ ਹੋਵੇਗਾ।



ਕਿਸੇ ਸਮੇਂ ਕਿਹਾ ਜਾਂਦਾ ਸੀ ਕਿ 'ਉੱਤਮ ਖੇਤੀ, ਮੱਧਮ ਵਪਾਰ, ਨਖਿੱਧ ਚਾਕਰੀ' ਜਿਸ ਦਾ ਸਾਫ ਮਤਲਬ ਹੈ ਕਿ ਖੇਤੀ ਨੂੰ ਸਭ ਤੋਂ ਉੱਤਮ ਮੰਨਿਆ ਜਾਂਦਾ ਸੀ ਤੇ ਨੌਕਰੀ ਨੂੰ ਜ਼ਿਆਦਾ ਤਰਜੀਹ ਨਹੀਂ ਦਿੱਤੀ ਜਾਂਦੀ ਸੀ। ਇਹ ਤੱਥ ਹਨ ਕਿ ਅੰਗਰੇਜ਼ ਹਕੂਮਤ ਸਮੇਂ ਨੌਜਵਾਨ ਫੌਜ ਵਿਚ ਭਰਤੀ ਨਹੀਂ ਹੁੰਦੇ, ਅਫਸਰਸ਼ਾਹੀ ਜ਼ੈਲਦਾਰਾਂ ਨੂੰ ਫੌਜ ਵਿਚ ਭਰਤੀ ਕਰਵਾਉਣ ਲਈ ਕੋਟੇ ਲਾਉਂਦੀ ਹੁੰਦੀ ਸੀ ਤੇ ਕਿਸੇ ਢੰਗ ਤਰੀਕੇ ਨੌਜਵਾਨਾਂ ਨੂੰ ਭਰਤੀ ਕੀਤਾ ਜਾਂਦਾ ਸੀ। ਅੰਗਰੇਜ਼ ਹਕੂਮਤ ਸਮੇਂ ਜੋ ਫੌਜੀ ਭਰਤੀ ਹੁੰਦਾ ਸੀ, ਉਸ ਨੂੰ ਪਿੰਡਾਂ ਦੀ ਬੋਲ-ਚਾਲ ਵਿਚ ਜ਼ਿਆਦਾ ਸਤਿਕਾਰ ਨਹੀਂ ਸੀ। ਸਾਨੂੰ ਉਹ ਕਾਰਨ ਸਮਝਣੇ ਪੈਣਗੇ ਕਿ ਜਿਸ ਨੌਕਰੀ ਨੂੰ ਕਿਸੇ ਸਮੇਂ ਚੰਗਾ ਨਹੀਂ ਸਮਝਿਆ ਜਾਂਦਾ ਸੀ, ਅੱਜ ਨੌਜਵਾਨ ਉਸ ਨੌਕਰੀ ਨੂੰ ਹਾਸਲ ਕਰਨ ਲਈ ਜਾਨ ਤਲੀ 'ਤੇ ਧਰ ਕੇ ਟਰੇਨਾਂ ਫੂਕ ਰਹੇ ਹਨ ਤੇ ਰੋਸ ਪ੍ਰਦਰਸ਼ਨ ਕਰ ਰਹੇ ਹਨ।

ਖੇਤੀ ਖੇਤਰ ਦੇ ਬੇਲੋੜੇ ਮਸ਼ੀਨੀਕਰਨ ਨੇ ਅਨੇਕਾਂ ਹੱਥ ਵਿਹਲੇ ਕਰ ਦਿੱਤੇ ਤੇ ਸਰਕਾਰਾਂ ਦੀਆਂ ਨੀਤੀਆਂ ਕਾਰਨ ਖੇਤੀ ਖੇਤਰ ਘਾਟੇਬੰਦ ਸਾਬਤ ਹੋਣ ਕਾਰਨ ਲੋਕਾਂ ਦਾ ਰੁਝਾਨ ਖੇਤੀ ਖੇਤਰ ਤੋਂ ਬਦਲ ਗਿਆ; ਖੇਤੀ ਆਧਾਰਿਤ ਸਨਅਤਾਂ ਲਾਉਣ ਵਿਚ ਸਰਕਾਰਾਂ ਅਸਫਲ ਸਿੱਧ ਹੋਈਆਂ ਹਨ; ਨਤੀਜਾ ਇਹ ਨਿੱਕਲਿਆ ਕਿ ਖੇਤੀ ਖੇਤਰ 'ਚੋਂ ਬਾਹਰ ਹੋਏ ਵੱਡੀ ਗਿਣਤੀ ਨੌਜਵਾਨਾਂ ਨੂੰ ਝੱਲਣ ਲਈ ਕੋਈ ਰਾਹ ਨਹੀਂ ਦਿਸਿਆ। ਪੰਜਾਬ ਵਰਗੇ ਕੁਝ ਸੂਬਿਆ ਦੇ ਮੱਧ ਵਰਗੀ ਨੌਜਵਾਨ ਕੈਨੇਡਾ, ਆਸਟਰੇਲੀਆ ਵਰਗੇ ਮੁਲਕਾਂ ਨੂੰ ਪਰਵਾਸ ਕਰ ਰਹੇ ਹਨ ਪਰ ਗਰੀਬ ਵਰਗ ਦਾ ਨੌਜਵਾਨ ਤੁੱਛ ਜਿਹੀਆਂ ਸਰਕਾਰੀ ਨੌਕਰੀਆਂ ਦੇ ਸਖਤ ਮੁਕਾਬਲੇ ਦਾ ਸਾਹਮਣਾ ਕਰ ਰਿਹਾ ਹੈ ਜਿਸ ਵਿਚ ਫੌਜ ਤੇ ਪੈਰਾ-ਮਿਲਟਰੀ ਫੋਰਸ ਆਉਂਦੀ ਹੈ।

ਅਟਲ ਬਿਹਾਰੀ ਸਰਕਾਰ ਨੇ 2004 ਤੋਂ ਬਾਅਦ ਭਰਤੀ ਹੋਣ ਵਾਲੇ ਬਹੁ-ਗਿਣਤੀ ਮੁਲਾਜ਼ਮਾਂ ਨੂੰ ਪੁਰਾਣੀ ਪੈਨਸ਼ਨ ਸਕੀਮ ਤੋਂ ਬਾਹਰ ਕਰ ਦਿੱਤਾ; ਭਾਵ, ਜ਼ਿਆਦਾਤਰ ਮੁਲਾਜ਼ਮਾਂ ਨੂੰ ਸੇਵਾ-ਮੁਕਤੀ ਉਪਰੰਤ ਮਿਲਦੀ ਪੈਨਸ਼ਨ ਬੰਦ ਕਰ ਦਿੱਤੀ ਤੇ ਨਵੀਂ ਪੈਨਸ਼ਨ ਯੋਜਨਾ ਲਾਗੂ ਕਰ ਦਿੱਤੀ ਜਿਸ ਤਹਿਤ ਨਿਗੂਣੀ ਰਾਸ਼ੀ ਹੀ ਮਿਲਦੀ ਹੈ। ਉਂਝ, ਇਸ ਵਿਚੋਂ ਫੌਜ ਦੇ ਹਰ ਤਰ੍ਹਾਂ ਦੇ ਮੁਲਾਜ਼ਮਾਂ ਨੂੰ ਬਾਹਰ ਰੱਖਿਆ ਗਿਆ ਹੈ। ਸੇਵਾ-ਮੁਕਤੀ ਉਪਰੰਤ ਸਨਮਾਨਜਨਕ ਪੈਨਸ਼ਨ ਹਰ ਮੁਲਾਜ਼ਮ ਦਾ ਹੱਕ ਹੈ ਤੇ ਬੁਢਾਪੇ ਸਮੇਂ ਕਿਸੇ ਤਰ੍ਹਾਂ ਦੀ ਆਰਥਿਕ ਤੰਗੀ ਦਾ ਸਾਹਮਣਾ ਨਾ ਕਰਨਾ ਪਵੇ, ਇਹ ਹਰ ਵਿਅਕਤੀ ਦੀ ਇੱਛਾ ਹੁੰਦੀ ਹੈ; ਇਸ ਲਈ ਜ਼ਿਆਦਾਤਰ ਨੌਜਵਾਨਾਂ ਕੋਲ ਇੱਕੋ-ਇੱਕ ਮਹਿਕਮਾ ਬਚਿਆ ਸੀ ਜਿੱਥੇ ਉਨ੍ਹਾਂ ਨੂੰ ਪੈਨਸ਼ਨ ਮਿਲਣ ਦਾ ਆਸ ਸੀ।

ਪ੍ਰਦਰਸ਼ਨ ਕਰ ਰਹੇ ਨੌਜਵਾਨਾਂ ਨੂੰ ਲੱਗਦਾ ਹੈ ਕਿ ਅਗਨੀਪਥ ਸਕੀਮ ਸਿਰਫ 4 ਸਾਲ ਦਾ ਅਸਥਾਈ ਰੁਜ਼ਗਾਰ ਹੈ ਤੇ ਉਸ ਤੋਂ ਬਾਅਦ ਜਵਾਨਾਂ ਦਾ ਵੱਡਾ ਹਿੱਸਾ ਉੱਕਾ-ਪੁੱਕਾ ਰਾਸ਼ੀ ਨਾਲ ਸੇਵਾ ਤੋਂ ਬਾਹਰ ਧੱਕ ਦਿੱਤਾ ਜਾਵੇਗਾ ਤੇ ਕੋਈ ਪੈਨਸ਼ਨ ਲਾਭ ਨਹੀਂ ਮਿਲੇਗਾ। 18 ਸਾਲ ਦੀ ਉਮਰ ਦਾ ਬਾਰ੍ਹਵੀਂ ਪਾਸ ਰੁਜ਼ਗਾਰਸ਼ੁਦਾ ਨੌਜਵਾਨ ਮਹਿਜ਼ 22 ਸਾਲ ਦੀ ਉਮਰ ਵਿਚ ਮੁੜ ਬੇਰੁਜ਼ਗਾਰ ਹੋ ਜਾਵੇਗਾ ਤੇ ਉਹ 'ਅਗਨੀਵੀਰ' ਬਣ ਕੇ ਗਰੈਜੂਏਸ਼ਨ ਕਰਨ ਦਾ ਮੌਕਾ ਵੀ ਖੁੰਝਾ ਚੁੱਕਾ ਹੋਵੇਗਾ। ਸਖਤ ਮੁਕਾਬਲੇ ਦੇ ਇਸ ਦੌਰ ਵਿਚ ਉਸ ਨੂੰ ਜ਼ਿਆਦਤਰ ਰਸਤੇ ਬੰਦ ਨਜ਼ਰ ਆਉਣਗੇ।

ਕਰੋਨਾ ਵਾਇਰਸ ਕਾਰਨ ਭਾਰਤੀ ਫੌਜ ਵਿਚ ਪਿਛਲੇ 2 ਸਾਲਾਂ ਤੋਂ ਭਰਤੀ ਨਹੀਂ ਹੋਈ। ਵਿਰੋਧ ਪ੍ਰਦਰਸ਼ਨ ਵਿਚ ਨਿੱਤਰੇ ਜ਼ਿਆਦਾਤਰ ਨੌਜਵਾਨ ਉਹ ਹਨ ਜਿਨ੍ਹਾਂ ਵਿਚੋਂ ਕੁਝ ਦੋ ਸਾਲਾਂ ਵਿਚ ਸਰੀਰਕ ਪ੍ਰੀਖਿਆ ਪਾਸ ਕਰ ਚੁੱਕੇ ਹਨ ਤੇ ਕੁਝ ਨੌਜਵਾਨ ਸਰੀਰਕ ਦੇ ਨਾਲ ਨਾਲ ਮੈਡੀਕਲ ਟੈਸਟ ਵੀ ਪਾਸ ਕਰ ਚੁੱਕੇ ਹਨ, ਉਹ ਲਿਖਤੀ ਪ੍ਰੀਖਿਆ ਦੀ ਤਿਆਰੀ ਕਰ ਰਹੇ ਸਨ ਕਿ ਸਰਕਾਰ ਨੇ ਅਗਨੀਪਥ ਸਕੀਮ ਦਾ ਐਲਾਨ ਕਰਕੇ ਇਨ੍ਹਾਂ ਨੌਜਵਾਨਾਂ ਵਿਚ ਬੇਚੈਨੀ ਪੈਦਾ ਕਰ ਦਿੱਤੀ ਹੈ।

ਸਰਕਾਰ ਦਾ ਕਹਿਣਾ ਹੈ ਕਿ 'ਅਗਨੀਵੀਰ' ਜਵਾਨਾਂ ਵਿਚੋਂ ਸਿਰਫ 25 ਪ੍ਰਤੀਸ਼ਤ ਨੂੰ ਹੀ ਨੌਕਰੀ ਵਿਚ ਰੱਖਿਆ ਜਾਵੇਗਾ, ਇਸ ਤੋਂ ਇਲਾਵਾ ਸੀ.ਆਰ.ਪੀ.ਐੱਫ. ਅਤੇ ਅਸਾਮ ਰਾਈਫਲ ਵਿਚ 10 ਫੀਸਦ ਰਾਖਵਾਂਕਰਨ ਦੇਣ ਦਾ ਐਲਾਨ ਕੀਤਾ ਹੈ। ਪਹਿਲੀ ਗੱਲ ਤਾਂ ਸਰਕਾਰ ਨੂੰ ਇਹ ਸਮਝਣਾ ਚਾਹੀਦਾ ਹੈ ਕਿ ਫੌਜਾਂ 'ਟੀਮ ਵਰਕ' ਅਤੇ 'ਆਪਸੀ ਏਕਤਾ' ਅਨੁਸਾਰ ਚੱਲਦੀਆਂ ਹਨ; ਇਨ੍ਹਾਂ ਦੀ 25 ਫੀਸਦ ਵਾਲੀ ਯੋਜਨਾ ਜਵਾਨਾਂ ਵਿਚ ਬੇਲੋੜਾ ਮੁਕਾਬਲਾ ਤੇ ਈਰਖਾ ਪੈਦਾ ਕਰੇਗੀ ਜੋ ਸਿੱਧੇ ਤੌਰ 'ਤੇ ਨੁਕਸਾਨਦੇਹ ਸਾਬਤ ਹੋਵੇਗਾ। ਦੂਜਾ, 75 ਫੀਸਦ ਨੂੰ ਚਾਰ ਸਾਲ ਬਾਅਦ ਘਰੇ ਤੋਰਨ ਦੀ ਯੋਜਨਾ ਨੈਤਿਕ ਤੌਰ 'ਤੇ ਗਲਤ ਹੈ ਕਿਉਂਕਿ ਸਰਕਾਰ ਨੇ ਜੋ ਪ੍ਰੀਖਿਆ ਲੈਣੀ ਹੈ, ਉਹ ਨੌਕਰੀ ਜੁਆਇਨ ਕਰਨ ਤੋਂ ਪਹਿਲਾਂ ਲੈਣੀ ਚਾਹੀਦੀ ਹੈ, ਕਿਸੇ ਵਿਅਕਤੀ ਨੂੰ ਨੌਕਰੀ 'ਚ ਸ਼ਾਮਲ ਕਰਕੇ ਚਾਰ ਸਾਲ ਪ੍ਰੀਖਿਆ ਵਿਚ ਦੀ ਲੰਘਾਉਣਾ ਅਨਿਸ਼ਚਤਤਾ ਪੈਦਾ ਕਰੇਗਾ।

ਸਰਕਾਰ ਆਪਣੀ ਅਗਨੀਪਥ ਯੋਜਨਾ ਬਾਰੇ ਖੁੱਲ੍ਹ ਕੇ ਨਹੀਂ ਦੱਸ ਰਹੀ ਜਿਸ ਕਾਰਨ ਸਰਕਾਰ ਦੀ ਮਨਸ਼ਾ ਬਾਰੇ ਕਈ ਤਰ੍ਹਾਂ ਦੇ ਸ਼ੱਕ ਪੈਦਾ ਹੋ ਰਹੇ ਹਨ। ਦੂਜੇ ਬੰਨੇ, ਦੁਨੀਆ ਭਰ ਵਿਚ ਸਾਮਰਾਜੀ ਤਾਕਤਾਂ ਦਾ ਆਪਸੀ ਭੇੜ ਵਧ ਰਿਹਾ ਹੈ ਤੇ ਇਸ ਸੂਰਤ ਵਿਚ ਵੱਡੇ ਸਾਮਰਾਜੀ ਮੁਲਕ ਆਪਣੀਆਂ ਫੌਜਾਂ ਵਿਚ ਭਰਤੀ ਲਈ ਏਸ਼ੀਆ ਦੇ ਦੇਸ਼ਾਂ ਵੱਲ ਝਾਕ ਰਹੇ ਹਨ ਤੇ ਜੇ ਭਾਰਤ ਸਰਕਾਰ ਇਜਾਜ਼ਤ ਦੇਵੇਗੀ ਤਾਂ ਕੀ ਇਹ ਟਰੇਨਿੰਗ ਪ੍ਰਾਪਤ 'ਅਗਨੀਵੀਰ' ਉਨ੍ਹਾਂ ਮੁਲਕਾਂ ਲਈ ਸਹਾਈ ਸਿੱਧ ਹੋਣਗੇ? ਇਹ ਸਵਾਲ ਅੱਜ ਤੋਂ ਸਾਲ ਬਾਅਦ ਸਾਡੇ ਸਾਹਮਣੇ ਹੋਵੇਗਾ।

ਸਰਕਾਰ ਦੀ ਦਲੀਲ ਦਾ ਪੱਖ ਪੂਰਨ ਵਾਲੇ ਕੁਝ ਅਖੌਤੀ ਬੁੱਧੀਜੀਵੀ ਤਰਕ ਦੇ ਰਹੇ ਹਨ ਕਿ

*(ਬਾਕੀ ਅਗਲੇ ਸਫੇ ‘ਤੇ)*

# ਭੀਮਾ-ਕੋਰੇਗਾਓਂ ਕੇਸ: ਜਾਅਲੀ ਸਬੂਤਾਂ ਦੇ ਨਵੇਂ ਖੁਲਾਸੇ ਨੇ ਪੁਣੇ ਪੁਲਿਸ ਦੀ ਪੋਲ ਖੋਲ੍ਹੀ

***ਭੀਮਾ-ਕੋਰੇਗਾਓਂ ਸਾਜ਼ਿਸ਼ ਕੇਸ ਵਿਚ ਹੁਣ ਜਿਹੜੇ ਤੱਥ ਸਾਹਮਣੇ ਆਏ ਹਨ, ਉਨ੍ਹਾਂ ਤੋਂ ਸਾਫ ਜ਼ਾਹਿਰ ਹੈ ਕਿ ਮੋਦੀ ਸਰਕਾਰ ਦੀ ਸ਼ਹਿ ਹੇਠ ਪੁਲਿਸ ਕਿਵੇਂ ਬੇਕਸੂਰ ਬੁੱਧੀਜੀਵੀਆਂ, ਲੇਖਕਾਂ, ਵਕੀਲਾਂ ਖਿਲਾਫ ਸਾਜ਼ਿਸ਼ਾਂ ਘੜ ਰਹੀ ਹੈ। ਅਸਲ ਵਿਚ ਇਹ ਸਰਕਾਰ ਆਪਣੇ ਖਿਲਾਫ ਬੁਲੰਦ ਹੋ ਰਹੀ ਹਰ ਆਵਾਜ਼ ਨੂੰ ਸੱਤਾ ਦੇ ਜ਼ੋਰ ਬੰਦ ਕਰਵਾਉਣਾ ਚਾਹੁੰਦੀ ਹੈ। ਸਾਡੇ ਕਾਲਮਨਵੀਸ ਬੂਟਾ ਸਿੰਘ ਨੇ ਇਸ ਸਮੁੱਚੇ ਕੇਸ ਅਤੇ ਸਰਕਾਰ ਦੀ ਮਾਰੂ ਪਹੁੰਚ ਬਾਬਤ ਚਰਚਾ ਆਪਣੇ ਇਸ ਲੇਖ ਵਿਚ ਕੀਤੀ ਹੈ।***

ਸਾਲ ਕੁ ਪਹਿਲਾਂ ਫੋਰੈਂਸਿਕ ਮਾਹਰਾਂ ਨੇ ਡੂੰਘੀ ਛਾਣਬੀਣ ਕਰਕੇ ਖੁਲਾਸਾ ਕੀਤਾ ਸੀ ਕਿ ਭੀਮਾ-ਕੋਰੇਗਾਓਂ ਸਾਜ਼ਿਸ਼ ਕੇਸ ਵਿਚ ਜੇਲ੍ਹ 'ਚ ਡੱਕੇ ਘੱਟੋ-ਘੱਟ ਦੋ ਕਾਰਕੁਨਾਂ ਰੋਨਾ ਵਿਲਸਨ ਅਤੇ ਐਡਵੋਕੇਟ ਸੁਰਿੰਦਰ ਗੈਡਲਿੰਗ ਦੇ ਲੈਪਟਾਪ ਅਣਪਛਾਤੇ ਹੈਕਰਾਂ ਵੱਲੋਂ ਹੈਕ ਕਰਕੇ ਉਨ੍ਹਾਂ ਵਿਚ ਜਾਅਲੀ ਸਬੂਤ ਘੜੇ ਗਏ ਸਨ। ਉਨ੍ਹਾਂ ਹੀ ਸਬੂਤਾਂ ਦੀ ਵਰਤੋਂ 2018 'ਚ ਪੂਰੀ ਤਰ੍ਹਾਂ ਝੂਠੇ ਸਾਜ਼ਿਸ਼ ਕੇਸ ਵਿਚ ਚੋਟੀ ਦੇ ਬੁੱਧੀਜੀਵੀਆਂ ਅਤੇ ਕਾਰਕੁਨਾਂ ਨੂੰ ਫਸਾਉਣ ਲਈ ਕੀਤੀ ਗਈ ਸੀ। ਹੁਣ ਨਵੀਂ ਛਾਣਬੀਣ ਰਾਹੀਂ ਮਾਹਿਰਾਂ ਨੇ ਖੁਰਾ ਨੱਪ ਲਿਆ ਹੈ ਕਿ ਅਣਪਛਾਤੀ ਹੈਕਿੰਗ ਦਾ ਸਬੰਧ ਪੁਣੇ ਪੁਲਿਸ ਦੇ ਅਧਿਕਾਰੀਆਂ ਨਾਲ ਸੀ। ਇਹ ਛਾਣਬੀਣ ਅਮਰੀਕਨ ਤਕਨਾਲੋਜੀ ਮੈਗਜ਼ੀਨ 'ਵਾਇਰਡ' ਨੇ ਕਰਵਾਈ ਹੈ।

'ਵਾਇਰਡ' ਦੀ ਰਿਪੋਰਟ ਦੱਸਦੀ ਹੈ ਕਿ ਡੇਟਾ ਦੀ ਛਾਣਬੀਣ ਕਰਦਿਆਂ ਉਨ੍ਹਾਂ ਨੂੰ ਇਕ

**ਬੂਟਾ ਸਿੰਘ ਮਹਿਮੂਦਪੁਰ**
**ਫੋਨ: +91-94634-74342**

ਫੋਨ ਨੰਬਰ ਅਤੇ ਈਮੇਲ ਮਿਲਿਆ ਹੈ ਜੋ ਹੈਕਰਾਂ ਨੇ ਭੀਮਾ-ਕੋਰੇਗਾਓਂ ਕੇਸ ਵਿਚ ਫਸਾਏ ਤਿੰਨ ਬੁੱਧੀਜੀਵੀਆਂ ਦੇ ਲੈਪਟਾਪਾਂ ਵਿਚ ਸੰਨ੍ਹ ਲਗਾਉਣ ਲਈ ਵਰਤਿਆ ਸੀ। ਇਹ ਫੋਨ ਨੰਬਰ ਅਤੇ ਈਮੇਲ ਇਸ ਲਈ ਸ਼ਾਮਿਲ ਕੀਤੇ ਗਏ ਸਨ ਤਾਂ ਜੁ ਵਰਤੋਂਕਾਰਾਂ ਵੱਲੋਂ ਆਪਣੇ ਪਾਸਵਰਡ ਬਦਲ ਲਏ ਜਾਣ ਦੀ ਸੂਰਤ 'ਚ ਹੈਕਰ ਸੌਖਿਆਂ ਹੀ ਉਨ੍ਹਾਂ ਦੇ ਈਮੇਲ ਅਕਾਊਂਟਾਂ ਨੂੰ ਦੁਬਾਰਾ ਆਪਣੇ ਕੰਟਰੋਲ 'ਚ ਲੈ ਸਕਣ। 'ਵਾਇਰਡ' ਨੇ ਆਪਣੇ ਇਸ ਪ੍ਰੋਜੈਕਟ ਵਿਚ ਜੌਹਨ ਸਕੌਟ-ਰੇਲਟਨ ਨੂੰ ਵੀ ਸ਼ਾਮਿਲ ਕੀਤਾ ਜੋ ਟੋਰਾਂਟੋ ਯੂਨੀਵਰਸਿਟੀ ਦੀ ਸਿਟੀਜ਼ਨ ਲੈਬ ਵਿਖੇ ਸਕਿਉਰਿਟੀ ਖੋਜਕਾਰ ਹਨ। ਸਕੌਟ-ਰੇਲਟਨ ਨੇ ਪਿੱਛੇ ਜਿਹੇ ਸਿਟੀਜ਼ਨ ਲੈਬ, ਦੀ ਵਾਇਰ ਅਤੇ ਐਮਨੈਸਟੀ ਇੰਟਰਨੈਸ਼ਨਲ ਦੇ ਸਾਂਝੇ ਪ੍ਰੋਜੈਕਟ ਤਹਿਤ ਆਲੋਚਕਾਂ ਦੀ ਉਸ ਡਿਜੀਟਲ ਜਾਸੂਸੀ ਦਾ ਭਾਂਡਾ ਭੰਨਿਆ ਸੀ ਜੋ ਭਾਰਤ ਸਮੇਤ ਵੱਖ-ਵੱਖ ਹਕੂਮਤਾਂ ਵੱਲੋਂ ਪੈਗਾਸਸ ਜਾਸੂਸੀ ਸਾਫਟਵੇਅਰ ਰਾਹੀਂ ਕਰਵਾਈ ਜਾ ਰਹੀ ਸੀ। ਸਕੌਟ-ਰੇਲਟਨ ਨੇ ਭਾਰਤੀ ਫੋਨ ਨੰਬਰਾਂ ਅਤੇ ਈਮੇਲ ਆਈ.ਡੀਜ਼ ਦੇ ਓਪਨ ਸੋਰਸ ਡੇਟਾਬੇਸ ਦੀ ਛਾਣਬੀਣ ਕੀਤੀ।

ਛਾਣਬੀਣ ਦੌਰਾਨ ਪੁਣੇ ਪੁਲਿਸ ਦੇ ਅਧਿਕਾਰੀ ਦੇ ਨਾਂ ਵਾਲਾ ਰਿਕਵਰੀ ਈਮੇਲ ਐਡਰੈੱਸ ਅਤੇ ਫੋਨ ਨੰਬਰ ਇਕ ਹੋਰ ਸਕਿਉਰਟੀ ਵਿਸ਼ਲੇਸ਼ਣਕਾਰ ਜ਼ੇਸ਼ਨ ਅਜ਼ੀਜ਼ ਨੇ ਵੱਖਰੇ ਤੌਰ 'ਤੇ ਵੀ ਲੱਭ ਲਿਆ ਜੋ ਉਸ ਨੂੰ ਟਰੂਕਾਲਰ, ਕਾਲਰ ਦੇ ਆਈ.ਡੀ. ਡੇਟਾਬੇਸ ਅਤੇ ਇਕ ਵੈੱਬਸਾਈਟ ਆਈ.ਆਈ.ਐੱਮ.ਜੌਬਸ ਦੇ ਲੀਕ ਹੋਏ ਡੇਟਾਬੇਸ ਵਿਚ ਮਿਲਿਆ। ਇਹੀ ਨੰਬਰ ਉਸ ਨੂੰ ਭਾਰਤੀ ਪੁਲਿਸ ਦੀਆਂ ਬਹੁਤ ਸਾਰੀਆਂ ਡਾਇਰੈਕਟਰੀਆਂ ਅਤੇ ਪੁਣੇ ਸਿਟੀ ਪੁਲਿਸ ਦੀ ਵੈੱਬਸਾਈਟ ਉੱਪਰ ਵੀ ਮਿਲਿਆ ਅਤੇ ਇਸ ਫੋਨ ਨੰਬਰ ਵਾਲੇ ਵ੍ਹੱਟਸਐਪ ਪ੍ਰੋਫਾਈਲ ਉੱਪਰ ਉਸ ਪੁਲਿਸ ਅਧਿਕਾਰੀ ਦੀ ਸੈਲਫੀ ਵਾਲੀ ਫੋਟੋ ਵੀ ਮਿਲ ਗਈ। ਇਹ ਅਧਿਕਾਰੀ ਪ੍ਰੋਫੈਸਰ ਵਰਵਰਾ ਰਾਓ ਨੂੰ ਗ੍ਰਿਫਤਾਰ ਕੀਤੇ ਜਾਣ ਸਮੇਂ ਪ੍ਰੈੱਸ ਵੱਲੋਂ ਲਈਆਂ ਫੋਟੋਆਂ ਅਤੇ ਪੁਣੇ ਪੁਲਿਸ ਵੱਲੋਂ ਕੀਤੀਆਂ ਪ੍ਰੈੱਸ ਕਾਨਫਰੰਸਾਂ ਵਿਚ ਮੌਜੂਦ ਸੀ।

'ਵਾਇਰਡ' ਦੀ ਛਾਣਬੀਣ ਨੇ ਇਕ ਈਮੇਲ ਸਰਵਿਸ ਪ੍ਰੋਵਾਈਡਰ ਦੇ ਸਕਿਉਰਿਟੀ ਵਿਸ਼ਲੇਸ਼ਣਕਾਰ ਦੀ ਮਦਦ ਵੀ ਲਈ ਜੋ ਆਪਣੀ ਪਛਾਣ ਗੁਪਤ ਰੱਖਣੀ ਚਾਹੁੰਦਾ ਹੈ। ਇਨ੍ਹਾਂ ਖੋਜਕਾਰਾਂ ਨੇ ਜਾਸੂਸੀ ਕਰਨ ਵਾਲੀ ਏਜੰਸੀ ਦੀ ਪਛਾਣ ਨਸ਼ਰ ਕਰਨ ਦਾ ਫੈਸਲਾ ਇਸ ਕਰਕੇ ਲਿਆ ਕਿ ਇਹ ਲੋਕ ਦਹਿਸ਼ਤਗਰਦਾਂ ਦੀ ਬਜਾਇ ਪੱਤਰਕਾਰਾਂ/ ਕਾਰਕੁਨਾਂ ਦਾ ਸ਼ਿਕਾਰ ਪਿੱਛਾ ਕਰ ਰਹੇ ਸਨ।




ਉਸ ਨੇ ਕਿਹਾ, 'ਆਮ ਤੌਰ 'ਤੇ ਅਸੀਂ ਲੋਕਾਂ ਨੂੰ ਇਹ ਨਹੀਂ ਦੱਸਦੇ ਕਿ ਉਨ੍ਹਾਂ ਨੂੰ ਨਿਸ਼ਾਨਾ ਕਿਸ ਨੇ ਬਣਾਇਆ ਪਰ ਮੈਂ ਗੰਦ ਦੀ ਸੜਿਆਂਦ ਦੇਖ ਕੇ ਤੰਗ ਆ ਗਿਆ ਹਾਂ।' ਸਕਿਉਰਿਟੀ ਖੋਜਕਾਰ ਕੰਪਨੀ ਸੈਂਟੀਨਲ ਵੰਨ ਦੇ ਸਕਿਉਰਿਟੀ ਖੋਜਕਰਤਾ ਜੁਆਨ ਆਂਦਰੇਸ ਗਿਊਰੇਰੋ ਸਾਦੇ ਦਾ ਕਹਿਣਾ ਹੈ ਕਿ 'ਜਿਨ੍ਹਾਂ ਵਿਅਕਤੀਆਂ ਨੇ ਇਨ੍ਹਾਂ ਲੋਕਾਂ ਨੂੰ ਗ੍ਰਿਫਤਾਰ ਕੀਤਾ ਅਤੇ ਜਿਨ੍ਹਾਂ ਨੇ ਸਬੂਤ ਪਲਾਂਟ ਕੀਤੇ, ਉਨ੍ਹਾਂ ਦਰਮਿਆਨ ਸਬੰਧ ਸਥਾਪਿਤ ਹੁੰਦਾ ਹੈ।' ਖੋਜਕਾਰਾਂ ਦਾ ਕਹਿਣਾ ਹੈ ਕਿ ਇਹ ਉਸ ਤੋਂ ਅੱਗੇ ਹੈ ਜਿੱਥੋਂ ਤੱਕ ਨੈਤਿਕ ਤੌਰ 'ਤੇ ਸਮਝੌਤਾ ਹੋ ਸਕਦਾ ਹੈ। ਇਹ ਬੇਕਿਰਕੀ ਤੋਂ ਅੱਗੇ ਹੈ। ਇਸੇ ਲਈ ਅਸੀਂ ਇਨ੍ਹਾਂ ਪੀੜਤਾਂ ਦੀ ਮਦਦ ਕਰਨ ਦੀ ਉਮੀਦ ਨਾਲ ਵੱਧ ਤੋਂ ਵੱਧ ਡੇਟਾ ਪੇਸ਼ ਕਰਨ ਦੀ ਕੋਸ਼ਿਸ਼ ਕਰ ਰਹੇ ਹਾਂ। ਜੁਆਨ ਆਂਦਰੇਸ ਆਪਣੇ ਸਾਥੀ ਖੋਜਕਰਤਾ ਟੌਮ ਹੀਗਲ ਨਾਲ ਆਪਣੇ ਇਹ ਨਤੀਜੇ ਅਗਸਤ ਮਹੀਨੇ ਬਲੈਕ ਹੈਟ ਸਕਿਊਰਿਟੀ ਕਾਨਫਰੰਸ ਵਿਖੇ ਪੇਸ਼ ਕਰੇਗਾ। ਬਲੈਕ ਹੈਟ ਕਾਨਫਰੰਸ ਦੁਨੀਆ 'ਚ ਕੀਤੇ ਜਾਂਦੇ ਉਨ੍ਹਾਂ ਸਭ ਤੋਂ ਮਹੱਤਵਪੂਰਨ ਸਮਾਗਮਾਂ 'ਚੋਂ ਇਕ ਹੈ ਜਿਨ੍ਹਾਂ ਵਿਚ ਸਾਈਬਰ ਸਕਿਉਰਿਟੀ ਅਤੇ ਇਨਫੋਸੈਕ (ਇਨਫਰਮੇਸ਼ਨ ਸਕਿਉਰਿਟੀ) ਦੇ ਮਸਲੇ ਵਿਚਾਰੇ ਜਾਂਦੇ ਹਨ।

ਲੋਕਪੱਖੀ ਬੁੱਧੀਜੀਵੀਆਂ ਅਤੇ ਹੱਕਾਂ ਦੇ ਕਾਰਕੁਨਾਂ ਨੂੰ ਫਸਾਉਣ ਲਈ ਜਿਸ ਬੇਕਿਰਕ ਤਰੀਕੇ ਨਾਲ ਡਿਜੀਟਲ ਜਾਸੂਸੀ ਕਰਵਾਈ ਗਈ ਅਤੇ ਉਨ੍ਹਾਂ ਦੇ ਕੰਪਿਊਟਰਾਂ ਨੂੰ ਸਾਲਾਂ ਤੱਕ ਹੈਕ ਕਰਕੇ ਜਾਅਲੀ ਸਬੂਤ ਘੜੇ ਗਏ, ਉਸ ਨੇ ਫੋਰੈਂਸਕ ਮਾਹਿਰਾਂ ਨੂੰ ਵੀ ਪ੍ਰੇਸ਼ਾਨ ਕਰ ਦਿੱਤਾ ਹੈ। ਉਨ੍ਹਾਂ ਨੇ ਸਪਸ਼ਟ ਦੇਖਿਆ ਕਿ 'ਇਹ ਸ਼ਖਸ (ਪੁਲਿਸ ਅਧਿਕਾਰੀ) ਦਹਿਸ਼ਤਗਰਦਾਂ ਦਾ ਪਿੱਛਾ ਨਹੀਂ ਕਰ ਰਹੇ। ਇਹ ਤਾਂ ਮਨੁੱਖੀ ਹੱਕਾਂ ਦੇ ਰਖਵਾਲਿਆਂ ਅਤੇ ਪੱਤਰਕਾਰਾਂ ਦੇ ਪਿੱਛੇ ਪਏ ਹੋਏ ਹਨ। ਇਹ ਠੀਕ ਨਹੀਂ ਹੈ।' ਸੋ ਉਨ੍ਹਾਂ ਦਾ ਅਸਲ ਸਰੋਕਾਰ ਇਹ ਹੈ ਕਿ ਬੇਕਸੂਰ ਲੋਕ ਜੇਲ੍ਹਾਂ ਵਿਚ ਸੜ ਰਹੇ ਹਨ ਅਤੇ ਉਨ੍ਹਾਂ ਨੂੰ ਨਿਆਂ ਮਿਲਣਾ ਚਾਹੀਦਾ ਹੈ। ਉਨ੍ਹਾਂ ਨੇ ਉਮੀਦ ਪ੍ਰਗਟਾਈ ਹੈ ਕਿ ਉਨ੍ਹਾਂ ਦੀ ਇਸ ਕੋਸ਼ਿਸ਼ ਨਾਲ ਕਿਸੇ ਰੂਪ 'ਚ ਨਿਆਂ ਹੋਵੇਗਾ।

6 ਜੂਨ 2018 ਨੂੰ ਪੁਣੇ ਪੁਲਿਸ ਨੇ ਨਾਗਪੁਰ, ਦਿੱਲੀ ਅਤੇ ਮੁੰਬਈ 'ਚ ਇੱਕੋ ਸਮੇਂ ਛਾਪੇ ਮਾਰ ਕੇ ਪੰਜ ਸ਼ਖਸੀਅਤਾਂ- ਐਡਵੋਕੇਟ ਸੁਰਿੰਦਰ ਗੈਡਲਿੰਗ, ਰੋਨਾ ਵਿਲਸਨ, ਪ੍ਰੋਫੈਸਰ ਸ਼ੋਮਾ ਸੇਨ, ਸੁਧੀਰ ਢਾਵਲੇ ਅਤੇ ਮਹੇਸ਼ ਰਾਵਤ ਨੂੰ ਗ੍ਰਿਫਤਾਰ ਕਰਕੇ ਦੋਸ਼ ਲਗਾਇਆ ਸੀ ਕਿ ਭੀਮਾ-ਕੋਰੇਗਾਓਂ ਯੁੱਧ ਦੀ ਸ਼ਤਾਬਦੀ ਮਨਾਏ ਜਾਣ ਸਮੇਂ ਹੋਈ ਹਿੰਸਾ ਪਿੱਛੇ ਇਨ੍ਹਾਂ 'ਸ਼ਹਿਰੀ ਨਕਸਲੀਆਂ' ਦਾ ਹੱਥ ਸੀ। ਇਸੇ ਦੀ ਅਗਲੀ ਕੜੀ ਵਜੋਂ 28 ਅਗਸਤ 2018 ਨੂੰ ਪ੍ਰੋਫੈਸਰ ਵਰਵਰਾ ਰਾਓ, ਗੌਤਮ ਨਵਲੱਖਾ, ਐਡਵੋਕੇਟ ਸੁਧਾ ਭਾਰਦਵਾਜ, ਅਰੁਣ ਫਰੇਰਾ ਤੇ ਪ੍ਰੋਫੈਸਰ ਵਰਨੋਨ ਗੋਂਜ਼ਾਲਵੇਜ਼ ਅਤੇ ਕੋਵਿਡ ਲੌਕਡਾਊਨ ਦੌਰਾਨ ਪ੍ਰੋਫੈਸਰ ਆਨੰਦ ਤੇਲਤੁੰਬੜੇ, ਸਟੇਨ ਸਵਾਮੀ, ਪ੍ਰੋਫੈਸਰ ਹਨੀ ਬਾਬੂ ਤੇ ਕਬੀਰ ਕਲਾ ਮੰਚ ਦੇ ਤਿੰਨ ਕਾਰਕੁਨਾਂ ਨੂੰ ਗ੍ਰਿਫਤਾਰ ਕਰ ਲਿਆ। ਪੁਣੇ ਪੁਲਿਸ ਦੇ ਅਧਿਕਾਰੀਆਂ ਨੇ ਦਾਅਵਾ ਕੀਤਾ ਕਿ ਉਨ੍ਹਾਂ ਨੂੰ ਰੋਨਾ ਵਿਲਸਨ ਦੇ ਕੰਪਿਊਟਰ ਦੀ ਛਾਣਬੀਣ ਕਰਨ 'ਤੇ ਇਨ੍ਹਾਂ ਦੇ ਪਾਬੰਦੀਸ਼ੁਦਾ ਮਾਓਵਾਦੀ ਪਾਰਟੀ ਨਾਲ ਜੁੜੇ ਹੋਣ ਦੇ ਪੁਖਤਾ ਸਬੂਤ ਮਿਲੇ ਅਤੇ ਇਹ ਸਾਰੇ 'ਸ਼ਹਿਰੀ ਨਕਸਲੀ' ਤਾਣੇਬਾਣੇ ਦਾ ਹਿੱਸਾ ਹਨ। ਇਨ੍ਹਾਂ ਨੇ ਰੂਪੋਸ਼ ਮਾਓਵਾਦੀ ਆਗੂਆਂ ਦੇ ਆਦੇਸ਼ 'ਤੇ ਬਾਕਾਇਦਾ ਸਾਜ਼ਿਸ਼ ਘੜ ਕੇ ਭੀਮਾ-ਕੋਰੇਗਾਓਂ ਵਿਖੇ ਹਿੰਸਾ ਕਰਵਾਈ ਜਿਸ ਲਈ ਫੰਡ ਮਾਓਵਾਦੀ ਪਾਰਟੀ ਨੇ ਦਿੱਤੇ ਅਤੇ ਇਹ 'ਲਿਟੇ' ਵੱਲੋਂ ਰਾਜੀਵ ਗਾਂਧੀ ਦੇ ਕਤਲ ਦੀ ਤਰਜ਼ 'ਤੇ ਨਰਿੰਦਰ ਮੋਦੀ ਨੂੰ ਵੀ ਕਤਲ ਕਰਨ ਦੀ ਸਾਜ਼ਿਸ਼ ਰਚ ਰਹੇ ਸਨ।

ਪੁਲਿਸ ਅਧਿਕਾਰੀਆਂ ਨੇ ਇਹ ਕਥਿਤ ਸਬੂਤ ਅਦਾਲਤ 'ਚ ਪੇਸ਼ ਕਰਨ ਦੀ ਬਜਾਇ ਗੋਦੀ ਮੀਡੀਆ 'ਚ ਨਸ਼ਰ ਕਰਕੇ ਝੂਠੇ ਕੇਸ ਦੇ ਹੱਕ 'ਚ ਲੋਕ ਰਾਇ ਬਣਾਉਣ ਦੀ ਪੂਰੀ ਕੋਸ਼ਿਸ਼ ਕੀਤੀ। ਫਿਰ ਅਗਲੇਰੀ ਜਾਂਚ ਅਤੇ ਚਾਰਜ-ਸ਼ੀਟ ਦੇ ਨਾਂ ਹੇਠ ਦਹਿ-ਹਜ਼ਾਰਾਂ ਪੰਨਿਆਂ ਦਾ ਝੂਠ ਦਾ ਪੁਲੰਦਾ ਤਿਆਰ ਕੀਤਾ ਤਾਂ ਜੁ ਇਹ ਪ੍ਰਭਾਵ ਪਾਇਆ ਜਾ ਸਕੇ ਕਿ ਇਹ ਦੋਸ਼ ਐਵੇਂ ਨਹੀਂ ਲਗਾਏ ਗਏ, ਇਨ੍ਹਾਂ ਦੇ ਠੋਸ ਸਬੂਤ ਜਾਂਚ ਏਜੰਸੀਆਂ ਦੇ ਕੋਲ ਹਨ। ਮੁਲਜ਼ਮਾਂ ਵੱਲੋਂ ਇਨ੍ਹਾਂ ਕਥਿਤ ਸਬੂਤਾਂ ਨੂੰ ਰੱਦ ਕਰਨ ਤੋਂ ਇਲਾਵਾ ਪੁਲਿਸ ਦੀ ਹਿੰਸਾ ਦੇ ਅਸਲ ਸਾਜ਼ਿਸ਼ਘਾੜੇ ਭਗਵੇਂ ਆਗੂਆਂ ਨੂੰ ਬਚਾਉਣ ਲਈ ਨਹਾਇਤ ਪੱਖਪਾਤੀ ਭੂਮਿਕਾ, ਬੁੱਧੀਜੀਵੀਆਂ ਉੱਪਰ ਦਹਿਸ਼ਤਗਰਦੀ ਵਿਰੋਧੀ ਬੇਕਿਰਕ ਕਾਨੂੰਨ ਯੂ.ਏ.ਪੀ.ਏ. ਲਗਾਏ ਜਾਣ, ਸਰਕਾਰੀ ਪੱਖ ਵੱਲੋਂ ਉੱਚ ਪੱਧਰੀ ਜਾਂਚ ਦੀ ਮੰਗ ਨੂੰ ਠੁਕਰਾਏ ਜਾਣ ਅਤੇ ਮੁਲਜ਼ਮਾਂ ਨੂੰ ਆਪਣਾ ਪੱਖ ਪੇਸ਼ ਕਰਨ ਲਈ ਕਿਸੇ ਵੀ ਹਾਲਤ 'ਚ ਜ਼ਮਾਨਤ ਨਾ ਦੇਣ ਤੋਂ ਸਪਸ਼ਟ ਹੈ ਕਿ ਇਨ੍ਹਾਂ ਕਥਿਤ ਸਬੂਤਾਂ ਨੂੰ ਘੜਨ ਦੇ ਪਿੱਛੇ ਅਸਲ ਮਨੋਰਥ ਲੋਕ ਹੱਕਾਂ ਦੇ ਰਖਵਾਲਿਆਂ ਨੂੰ ਲੰਮੇ ਸਮੇਂ ਲਈ ਜੇਲ੍ਹ ਵਿਚ ਸਾੜਨਾ ਅਤੇ ਤਿਲ-ਤਿਲ ਕਰਕੇ ਮਾਰਨਾ ਹੈ। ਮਹਾਰਾਸ਼ਟਰ ਸਰਕਾਰ ਵੱਲੋਂ ਇਸ ਝੂਠੇ ਕੇਸ ਬਾਰੇ ਮੁੜ ਵਿਚਾਰ ਕਰਨ ਦਾ ਸੰਕੇਤ ਦਿੱਤੇ ਜਾਣ 'ਤੇ ਕੇਂਦਰੀ ਗ੍ਰਹਿ ਮੰਤਰਾਲੇ ਵੱਲੋਂ ਇਹ ਕੇਸ ਕੌਮੀ ਜਾਂਚ ਏਜੰਸੀ ਨੂੰ ਸੌਂਪੇ ਜਾਣ ਨੇ ਇਸ ਦੀ ਪੁਸ਼ਟੀ ਕਰ ਦਿੱਤੀ। ਪਿੱਛੇ ਜਿਹੇ ਕੌਮੀ ਸੁਰੱਖਿਆ ਸਲਾਹਕਾਰ ਅਜੀਤ ਡੋਵਾਲ ਵੱਲੋਂ ਸਿਵਲ ਸੁਸਾਇਟੀ ਨੂੰ 'ਲੜਾਈ ਦਾ ਨਵਾਂ ਮੋਰਚਾ' ਕਰਾਰ ਦਿੱਤੇ ਜਾਣ ਨਾਲ ਬਿੱਲੀ ਪੂਰੀ ਤਰ੍ਹਾਂ ਥੈਲਿਓਂ ਬਾਹਰ ਆ ਗਈ।

ਬੇਸ਼ੱਕ ਦੇਸ਼-ਵਿਦੇਸ਼ 'ਚੋਂ ਸਮੇਂ-ਸਮੇਂ 'ਤੇ ਇਸ ਪੂਰੀ ਤਰ੍ਹਾਂ ਨਾਵਾਜਬ ਕੇਸ ਵਿਰੁੱਧ ਜ਼ੋਰਦਾਰ ਆਵਾਜ਼ ਉੱਠਦੀ ਰਹੀ ਹੈ ਪਰ ਫਾਸ਼ੀਵਾਦੀ ਹਕੂਮਤ ਉੱਪਰ ਕੋਈ ਅਸਰ ਨਹੀਂ ਹੋਇਆ। ਜਦੋਂ ਇਸ ਕੇਸ 'ਚ ਨਾਮਜ਼ਦ ਕੁਝ ਸ਼ਖਸੀਅਤਾਂ ਦੀ ਗੁਜ਼ਾਰਿਸ਼ 'ਤੇ ਕੌਮਾਂਤਰੀ ਪੱਧਰ 'ਤੇ ਪ੍ਰਵਾਨਿਤ ਫੋਰੈਂਸਿਕ ਲੈਬਾਂ ਨੇ ਕੰਪਿਊਟਰਾਂ ਦੇ ਡੇਟਾ ਦੀ ਜਾਂਚ ਕਰ ਕੇ ਜਾਅਲੀ ਸਬੂਤ ਪਲਾਂਟ ਕੀਤੇ ਜਾਣ ਦੇ ਖੁਲਾਸੇ ਕੀਤੇ ਅਤੇ ਇਜ਼ਰਾਇਲੀ ਜਾਸੂਸੀ ਸਾਫਟਵੇਅਰ ਪੈਗਾਸਸ ਰਾਹੀਂ ਆਲੋਚਕ ਆਵਾਜ਼ਾਂ ਦੀ ਡਿਜੀਟਲ ਜਾਸੂਸੀ ਦਾ ਪਰਦਾਫਾਸ਼ ਕੀਤਾ ਤਾਂ ਕੇਂਦਰੀ ਹਕੂਮਤ ਅਤੇ ਇਸ ਦੀਆਂ ਹੱਥਠੋਕਾ ਜਾਂਚ ਏਜੰਸੀਆਂ ਬੁਰੀ ਤਰ੍ਹਾਂ ਬੁਖਲਾ ਗਈਆਂ। ਹਕੂਮਤ ਕੋਲ ਮੁੱਕਰਨ ਤੋਂ ਸਿਵਾਇ ਹੋਰ ਕੋਈ ਜਵਾਬ ਨਹੀਂ ਸੀ। ਪੈਗਾਸਸ ਮਾਮਲੇ 'ਚ ਕੇਂਦਰ ਸਰਕਾਰ ਨੇ ਬੇਸ਼ਰਮੀ ਨਾਲ ਝੂਠ ਬੋਲਿਆ ਕਿ 40 ਉੱਘੇ ਪੱਤਰਕਾਰਾਂ ਸਮੇਤ ਸੈਂਕੜੇ ਸ਼ਖਸੀਅਤਾਂ ਦੇ ਫੋਨਾਂ ਨੂੰ ਪੈਗਾਸਸ ਰਾਹੀਂ ਨਿਸ਼ਾਨਾ ਬਣਾਏ ਜਾਣ ਦੀ ਰਿਪੋਰਟ ਝੂਠੀ ਹੈ। ਪੈਗਾਸਸ ਮਾਮਲਾ ਸੁਪਰੀਮ ਕੋਰਟ 'ਚ ਸੁਣਵਾਈ ਅਧੀਨ ਹੈ। ਕੌਮਾਂਤਰੀ ਪੱਧਰ 'ਤੇ ਪ੍ਰਵਾਨਿਤ ਲੈਬਾਂ ਦੀਆਂ ਰਿਪੋਰਟਾਂ ਨੂੰ ਰੱਦ ਕਰਨ ਲਈ ਇਹ ਦਲੀਲ ਦਿੱਤੀ ਗਈ ਕਿ ਭਾਰਤ ਕੋਲ ਆਪਣੀਆਂ ਫੋਰੈਂਸਿਕ ਲੈਬ ਹਨ, ਅਸੀਂ ਵਿਦੇਸ਼ੀ ਲੈਬਾਂ 'ਤੇ ਭਰੋਸਾ ਕਿਉਂ ਕਰੀਏ, ਜਦਕਿ ਕਥਿਤ ਦਹਿਸ਼ਤਵਾਦ ਦੇ ਕੇਸਾਂ ਵਿਚ ਫੋਰੈਂਸਿਕ ਜਾਂਚ ਲਈ ਭਾਰਤ ਸਰਕਾਰ ਉਨ੍ਹਾਂ ਹੀ ਵਿਦੇਸ਼ੀ ਲੈਬਾਂ ਦੀ ਮਦਦ ਲੈਂਦੀ ਹੈ।

ਤਕਨੀਕੀ ਮਾਹਿਰਾਂ ਦੀ ਛਾਣਬੀਣ 'ਚ ਸਾਹਮਣੇ ਆਇਆ ਸੀ ਕਿ ਨੈੱਟਵੇਅਰ ਨਾਂ ਦੇ ਹੈਕਿੰਗ ਸਾਫਟਵੇਅਰ ਦੀ ਮਦਦ ਨਾਲ ਰੋਨਾ ਵਿਲਸਨ ਦੇ ਲੈਪਟਾਪ ਵਿਚ 32 ਫਾਈਲਾਂ ਪਲਾਂਟ ਕੀਤੀਆਂ ਗਈਆਂ ਸਨ। ਜਦੋਂ ਵਿਲਸਨ ਨੇ ਪ੍ਰੋਫੈਸਰ ਵਰਵਰਾ ਰਾਓ ਦੇ ਈਮੇਲ ਅਕਾਊਂਟ ਦੇ ਨਾਂ 'ਤੇ ਭੇਜੀ ਮੇਲ ਖੋਲ੍ਹੀ ਤਾਂ ਉਸ ਦਾ ਲੈਪਟਾਪ ਹੈਕ ਹੋ ਗਿਆ ਸੀ। ਜਦੋਂ ਪਿਛਲੇ ਸਾਲ ਦੀ 'ਵਾਸ਼ਿੰਗਟਨ ਪੋਸਟ' ਨੇ ਮੈਸਾਚਿਊਸੈਟਸ ਦੀ ਡਿਜੀਟਲ ਫੋਰੈਂਸਕ ਕੰਪਨੀ ਆਰਸੈਨਲ ਕੰਸਲਟਿੰਗ ਦੀ ਰਿਪੋਰਟ ਦੇ ਨਤੀਜੇ ਪ੍ਰਕਾਸ਼ਿਤ ਕੀਤੇ ਜਿਸ ਨੇ ਰੋਨਾ ਵਿਲਸਨ ਅਤੇ ਸੁਰਿੰਦਰ ਗੈਡਲਿੰਗ ਦੇ ਕੰਪਿਊਟਰਾਂ ਦੀਆਂ ਇਲੈਕਟ੍ਰਾਨਿਕ ਕਾਪੀਆਂ ਦੀ ਜਾਂਚ ਕੀਤੀ ਸੀ ਤਾਂ ਉਨ੍ਹਾਂ ਨੇ ਦੇਖਿਆ ਕਿ ਉਨ੍ਹਾਂ ਦੋਨਾਂ ਕੰਪਿਊਟਰਾਂ ਵਿਚ ਇਕ ਅਣਪਛਾਤੇ ਹੈਕਰ ਨੇ ਘੁਸਪੈਠ ਕੀਤੀ ਸੀ, ਤੇ ਉਨ੍ਹਾਂ ਦੀਆਂ ਹਾਰਡ ਡਿਸਕਾਂ ਵਿਚ ਹਿਡਨ (ਗੁਪਤ) ਫੋਲਡਰਾਂ 'ਚ ਉਨ੍ਹਾਂ ਨੂੰ ਫਸਾਉਣ ਵਾਲੇ ਦਸਤਾਵੇਜ ਰੱਖੇ ਸਨ। ਉਨ੍ਹਾਂ ਵਿਚ ਮੋਦੀ ਦੇ ਕਤਲ ਦੀ ਕਥਿਤ ਸਾਜ਼ਿਸ਼ ਦਾ 'ਸਬੂਤ' ਕਥਿਤ ਚਿੱਠੀ ਵੀ ਸੀ। ਇਸ ਸਾਲ ਫਰਵਰੀ 'ਚ ਕੈਲੀਫੋਰਨੀਆ ਆਧਾਰਿਤ ਸੈਂਟੀਨਲ ਵੰਨ ਨੇ ਫੋਰੈਂਸਿਕ ਅਧਿਐਨ ਤੋਂ ਬਾਅਦ ਰਿਪੋਰਟ ਦਿੱਤੀ ਸੀ ਕਿ ਰੋਨਾ ਵਿਲਸਨ ਦੇ ਲੈਪਟਾਪ ਨੂੰ ਹੈਕਿੰਗ ਕਰਤਾ ਸਾਈਡ ਵਿੰਡਰ ਨੇ 2013 ਅਤੇ 2014 'ਚ ਨਿਸ਼ਾਨਾ ਬਣਾਇਆ ਸੀ। ਉਸ ਦੇ ਲੈਪਟਾਪ ਨੂੰ ਜੂਨ 2018 'ਚ ਉਸ ਦੀ ਗ੍ਰਿਫਤਾਰੀ ਤੋਂ ਕੁਝ ਦਿਨ ਪਹਿਲਾਂ ਵੀ ਨਿਸ਼ਾਨਾ ਬਣਾਇਆ ਗਿਆ ਸੀ। ਸੈਂਟੀਨਲ ਵੰਨ ਵੱਲੋਂ ਡੇਟਾ ਫੋਰੈਂਸਿਕ ਵਿਸ਼ਲੇਸ਼ਣ ਕਰਨ 'ਤੇ ਸਾਈਡ ਵਿੰਡਰ ਦਾ ਇਕ ਹੋਰ ਹੈਕਿੰਗ ਕਰਤਾ ਮੌਡੀਫਾਈਡ ਐਲੀਫੈਂਟ ਨਾਲ ਲਿੰਕ ਸਾਬਤ ਹੋ ਗਿਆ।

ਵਿਸ਼ਲੇਸ਼ਣ ਅਨੁਸਾਰ ਇਸ ਦੀਆਂ ਬੀਤੇ ਦੀਆਂ ਕਾਰਵਾਈਆਂ ਦਿਖਾਉਂਦੀਆਂ ਸਨ ਕਿ ਇਹ ਭਾਰਤੀ ਰਾਜ ਦੇ ਹਿਤਾਂ ਨਾਲ ਉੱਘੜਵੇਂ ਰੂਪ 'ਚ ਮੇਲ ਖਾਂਦੀਆਂ ਹਨ ਪਰ ਉਪਰੋਕਤ ਵਿਚੋਂ ਕਿਸੇ ਵੀ ਰਿਪੋਰਟ ਵਿਚ ਪੁਣੇ ਪੁਲਿਸ ਦੀ ਭੂਮਿਕਾ ਦੀ ਸ਼ਨਾਖਤ ਨਹੀਂ ਸੀ ਹੋਈ। ਇਹ ਪਹਿਲੀ ਵਾਰ ਹੈ ਕਿ ਹਾਲੀਆ ਛਾਣਬੀਣ ਨਾਲ ਪੁਣੇ ਪੁਲਿਸ ਦਾ ਉਸ ਮਾਲਵੇਅਰ ਨਾਲ ਜੁੜੇ ਹੋਣਾ ਸਾਬਤ ਹੋ ਗਿਆ ਹੈ। ਰੋਨਾ ਵਿਲਸਨ, ਪ੍ਰੋਫੈਸਰ ਵਰਵਰਾ ਰਾਓ ਅਤੇ ਪ੍ਰੋਫੈਸਰ ਹਨੀ ਬਾਬੂ ਦੇ ਡਿਜੀਟਲ ਯੰਤਰਾਂ 'ਚ ਸੰਨ੍ਹ ਲਾ ਕੇ ਉਨ੍ਹਾਂ ਨੂੰ ਸੰਚਾਲਿਤ ਕਰਨ ਲਈ ਜੋ ਰਿਕਵਰੀ ਈਮੇਲ ਵਰਤੀ ਗਈ ਉਸ ਵਿਚ ਪੁਣੇ ਪੁਲਿਸ ਦੇ ਉਸ ਅਧਿਕਾਰੀ ਦਾ ਨਾਂ ਸਾਹਮਣੇ ਆਇਆ ਹੈ ਜੋ ਭੀਮਾ-ਕੋਰੇਗਾਓਂ ਕੇਸ ਨਾਲ ਨੇੜਿਓਂ ਜੁੜਿਆ ਹੋਇਆ ਹੈ। ਰਿਕਵਰੀ ਈਮੇਲ ਐਡਰੈੱਸ ਅਤੇ ਫੋਨ ਨੰਬਰ ਦੀ ਪੁਸ਼ਟੀ ਪੁਣੇ ਪੁਲਿਸ ਦੀ ਵੈੱਬਸਾਈਟ, ਪੁਲਿਸ ਡਾਇਰੈਕਟਰੀਆਂ ਅਤੇ ਹੋਰ ਸਰੋਤਾਂ ਤੋਂ ਹੋ ਗਈ ਹੈ। ਜਦੋਂ ਇਹ ਸਾਬਤ ਹੋ ਚੁੱਕਾ ਹੈ ਕਿ ਰਿਕਵਰੀ ਈਮੇਲ ਅਤੇ ਫੋਨ ਨੰਬਰ ਪੁਣੇ ਸਿਟੀ ਪੁਲਿਸ ਦੇ ਕੰਟਰੋਲ ਹੇਠ ਹਨ ਤਾਂ ਹੁਣ ਸ਼ੱਕ ਦੀ ਕੋਈ ਗੁੰਜਾਇਸ਼ ਨਹੀਂ ਰਹਿ ਜਾਂਦੀ ਕਿ ਮਨਘੜਤ ਭੀਮਾ-ਕੋਰੇਗਾਓਂ ਸਾਜ਼ਿਸ਼ ਸੱਤਾਧਾਰੀ ਸੰਘ ਬ੍ਰਿਗੇਡ ਦੇ ਇਸ਼ਾਰੇ 'ਤੇ ਪੁਣੇ ਪੁਲਿਸ ਦੇ ਅਧਿਕਾਰੀਆਂ ਨੇ ਘੜੀ ਸੀ। ਪੇਸ਼ ਕੀਤੇ ਸਬੂਤ ਕਾਨੂੰਨੀ ਤੌਰ 'ਤੇ ਨਾਵਾਜਬ ਸਾਬਤ ਹੋਣ ਨਾਲ ਪੁਲਿਸ ਵੱਲੋਂ ਪੇਸ਼ ਕੀਤਾ ਗ੍ਰਿਫਤਾਰੀਆਂ ਦਾ ਆਧਾਰ ਹੀ ਖਤਮ ਹੋ ਜਾਂਦਾ ਹੈ।

ਹੱਕਾਂ ਦੀਆਂ ਜਥੇਬੰਦੀਆਂ ਅਤੇ ਸਮੂਹ ਨਿਆਂਪਸੰਦ ਤਾਕਤਾਂ ਨੂੰ ਹੁਣ ਇਸ ਰਿਪੋਰਟ ਦੇ ਆਧਾਰ 'ਤੇ ਵਿਸ਼ਾਲ ਲੋਕ ਰਾਇ ਉਸਾਰ ਕੇ ਮੰਗ ਕਰਨੀ ਚਾਹੀਦੀ ਹੈ ਕਿ ਭੀਮਾ-ਕੋਰੇਗਾਓਂ ਸਾਜ਼ਿਸ਼ ਕੇਸ ਤੁਰੰਤ ਰੱਦ ਕੀਤਾ ਜਾਵੇ, ਜੇਲ੍ਹੀਂ ਡੱਕੇ ਬੁੱਧੀਜੀਵੀਆਂ ਨੂੰ ਤੁਰੰਤ ਬਿਨਾਂ ਸ਼ਰਤ ਰਿਹਾ ਕੀਤਾ ਜਾਵੇ। ਝੂਠੇ ਸਬੂਤ ਘੜਨ ਵਾਲੇ ਪੁਲਿਸ ਅਧਿਕਾਰੀਆਂ ਅਤੇ ਭੀਮਾ-ਕੋਰੇਗਾਓਂ 'ਚ ਹਿੰਸਾ ਕਰਵਾਉਣ ਵਾਲੇ ਭਗਵੇਂ ਆਗੂਆਂ ਸੰਭਾਜੀ ਭੀੜੇ ਅਤੇ ਮਿਲਿੰਦ ਏਕਬੋਟੇ ਨੂੰ ਤੁਰੰਤ ਗ੍ਰਿਫਤਾਰ ਕਰਕੇ ਉਨ੍ਹਾਂ ਵਿਰੁੱਧ ਮੁਕੱਦਮਾ ਚਲਾਇਆ ਜਾਵੇ।

## ਫੌਜ ਲਈ ਅਗਨੀਪਥ ਸਕੀਮ ਅਤੇ ਬੇਰੁਜ਼ਗਾਰੀ ਦੀ ਮਾਰ

*(ਪਿਛਲੇ ਸਫੇ ਦੀ ਬਾਕੀ)*

ਅਗਨੀਪਥ ਵਰਗੀਆਂ ਯੋਜਨਾਵਾਂ ਇਜ਼ਰਾਈਲ, ਦੱਖਣੀ ਕੋਰੀਆ, ਸੀਰੀਆ, ਸਵੀਡਨ, ਬ੍ਰਾਜ਼ੀਲ, ਸਵਿਟਜ਼ਰਲੈਂਡ, ਤੁਰਕੀ, ਇਰਾਨ, ਉੱਤਰੀ ਕੋਰੀਆ ਵਰਗੇ ਕਈ ਮੁਲਕਾਂ ਵਿਚ ਲਾਗੂ ਹਨ ਪਰ ਉਨ੍ਹਾਂ ਨੂੰ ਸ਼ਾਇਦ ਇਹ ਨਹੀਂ ਪਤਾ ਕਿ ਇਨ੍ਹਾਂ ਮੁਲਕਾਂ ਵਿਚ ਨੌਜਵਾਨਾਂ ਦੇ 'ਸਥਾਈ ਰੁਜ਼ਗਾਰ' ਦਾ ਇੱਕਮਾਤਰ ਸਾਧਨ ਫੌਜ ਨਹੀਂ, ਉੱਥੇ ਫੌਜੀ ਟਰੇਨਿੰਗ ਲੈਣ ਬਾਅਦ ਬਾਕੀ ਖੇਤਰਾਂ ਵਿਚ ਰੁਜ਼ਗਾਰ ਦੇ ਬਹੁਤ ਸਾਧਨ ਹਨ ਤੇ ਸੌਖਿਆਂ ਰੁਜ਼ਗਾਰ ਹਾਸਲ ਹੋ ਜਾਂਦਾ ਹੈ; ਨਾਲੇ ਜਿਹੜੇ ਮੁਲਕਾਂ ਦੀਆਂ ਉਦਾਹਰਨਾਂ ਦਿੱਤੀਆਂ ਜਾ ਰਹੀਆਂ ਹਨ, ਉਨ੍ਹਾਂ ਵਿਚ ਦੇਸ਼ ਭਗਤੀ ਪੈਦਾ ਕਰਕੇ ਹਾਕਮ ਧਿਰ ਨਾਲ ਸਬੰਧਤ ਲੋਕ ਵੀ ਫੌਜ ਵਿਚ ਜਾਂਦੇ ਹਨ ਪਰ ਭਾਰਤ ਵਿਚ ਫੌਜ ਰੁਜ਼ਗਾਰ ਦਾ ਅਹਿਮ ਸਾਧਨ ਹੈ ਤੇ ਰਾਜਨੀਤਕ ਲੀਡਰਾਂ ਦੇ ਬੱਚੇ ਕਦੇ ਫੌਜ ਵਿਚ ਭਰਤੀ ਨਹੀਂ ਹੁੰਦੇ।

ਬੇਰੁਜ਼ਗਾਰ ਨੌਜਵਾਨਾਂ ਦੇ ਭਾਰੀ ਵਿਰੋਧ ਦੇ ਬਾਵਜੂਦ ਫੌਜ ਦੀਆਂ ਤਿੰਨਾ ਸੈਨਾਵਾਂ ਦੇ ਅਫਸਰਾਂ ਨੇ ਪ੍ਰੈੱਸ ਕਾਨਫਰੰਸ ਕਰਕੇ 'ਅਗਨੀਪਥ' ਸਕੀਮ ਵਾਪਸ ਲੈਣ ਤੋਂ ਇਨਕਾਰ ਕਰ ਦਿੱਤਾ ਹੈ ਤੇ ਰੁਜ਼ਗਾਰ ਖਾਤਰ ਰੋਸ ਪ੍ਰਦਰਸ਼ਨ ਕਰਨ ਵਾਲੇ ਨੌਜਵਾਨਾਂ ਨੂੰ ਫੌਜ ਵਿਚ ਭਰਤੀ ਕਰਨ ਦਾ ਰਾਹ ਬੰਦ ਕਰਨ ਦਾ ਐਲਾਨ ਕਰ ਦਿੱਤਾ ਹੈ। ਫੌਜੀ ਅਫਸਰਾਂ/ਸਰਕਾਰ ਦਾ ਇਹ ਫੈਸਲਾ ਬਿਲਕੁੱਲ ਗੈਰ-ਜਮਹੂਰੀ ਹੈ। ਬਣਦਾ ਤਾਂ ਇਹ ਸੀ ਕਿ ਸਰਕਾਰ ਖੁੱਲ੍ਹੇ ਮਨ ਨਾਲ ਇਨ੍ਹਾਂ ਨੌਜਵਾਨਾਂ ਦੀ ਗੱਲ ਸੁਣਦੀ ਤੇ ਉਨ੍ਹਾਂ ਦੀ ਤਸੱਲੀ ਕਰਵਾਉਂਦੀ ਪਰ ਸਰਕਾਰ ਨੇ ਗੱਲ ਸੁਣਨ ਦਾ ਰਾਹ ਬੰਦ ਕਰਕੇ ਉਨ੍ਹਾਂ ਨੌਜਵਾਨਾਂ 'ਤੇ ਕੇਸ ਦਰਜ ਕਰਕੇ ਰੁਜ਼ਗਾਰ ਦੇ ਰਾਹ ਹਮੇਸ਼ਾ ਲਈ ਬੰਦ ਕਰਨ ਦਾ ਰਸਤਾ ਚੁਣਿਆ ਹੈ। ਸਰਕਾਰ ਦੇ ਇਸ ਗੈਰ-ਜਮਹੂਰੀ ਰਵੱਈਏ ਖਿਲਾਫ ਜਮਹੂਰੀ ਜਥੇਬੰਦੀਆਂ ਨੂੰ ਆਵਾਜ਼ ਬੁਲੰਦ ਕਰਨੀ ਚਾਹੀਦੀ ਹੈ।

# ਅਗਨੀਪਥ ਅਤੇ ਅਗਨੀਵੀਰ ਵਾਲਾ ਫੈਸਲਾ ਲੋਕਾਂ ਲਈ ਚੰਗਾ ਨਹੀਂ ਤਾਂ ਵੇਲੇ ਸਿਰ ਵਾਪਸ ਲੈ ਲੈਣਾ ਚਾਹੀਦੈ

**ਸਿਆਸਤ ਦਾ ਪਿੜ**



ਜਤਿੰਦਰ ਪਨੂੰ
ਫੋਨ: 91-98140-68455

ਇਸ ਵਿਚ ਕੋਈ ਸ਼ੱਕ ਨਹੀਂ ਕਿ ਭਾਰਤ ਦੇ ਸਭ ਤੋਂ ਵੱਡੇ ਧਾਰਮਿਕ ਭਾਈਚਾਰੇ ਦੇ ਲੋਕਾਂ ਦਾ ਹੀਰੋ ਮੰਨਿਆ ਜਾਣ ਕਰ ਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਲੀਡਰੀ ਨੂੰ ਇਸ ਵੇਲੇ ਕਿਸੇ ਤਰ੍ਹਾਂ ਦੀ ਕੋਈ ਚੁਣੌਤੀ ਨਹੀਂ। ਚੁਣੌਤੀ ਸਾਹਮਣੇ ਨਾ ਹੋਣ ਦੇ ਕਾਰਨਾਂ ਵਿਚੋਂ ਇੱਕ ਕਾਰਨ ਇਹ ਵੀ ਹੈ ਕਿ ਜਦੋਂ ਉਹਦੇ ਮੂਹਰੇ ਵਿਰੋਧੀ ਧਿਰ ਨਾ ਹੋਇਆਂ ਵਰਗੀ ਹੈ ਅਤੇ ਇਸ ਵਿਰੋਧੀ ਧਿਰ ਦੀ ਮੋਹਰੀ ਪਾਰਟੀ ਮਰਨਾਊ ਪਈ ਹੋਈ ਹੈ ਤਾਂ ਚੁਣੌਤੀ ਹੋ ਵੀ ਨਹੀਂ ਸਕਦੀ। ਇਸ ਪੱਖ ਤੋਂ ਨਰਿੰਦਰ ਮੋਦੀ ਸਿਰਹਾਣੇ ਬਾਂਹ ਦੇ ਕੇ ਵੀ ਸੁੱਤਾ ਰਹੇ ਤਾਂ ਉਸ ਦਾ ਰਾਜ ਚੱਲੀ ਜਾਵੇਗਾ ਤੇ ਇਸ ਨੂੰ ਚਲਾਉਣ ਵਾਲਿਆਂ ਦੀ ਗਿਣਤੀ ਬਹੁਤ ਵੱਡੀ ਤੇ ਅਜਿਹੀ ਹੈ ਕਿ ਉਹ ਕੋਈ ਮਿਹਨਤਾਨਾ ਵੀ ਨਹੀਂ ਮੰਗਦੇ, ਸਿਰਫ ਨਜ਼ਰ ਸਵੱਲੀ ਰੱਖਣ ਦੀ ਆਸ ਨੂੰ ਸਭ ਤੋਂ ਵੱਡਾ ਮਿਹਨਤਾਨਾ ਮੰਨ ਸਕਦੇ ਹਨ। ਭਾਰਤ ਵਿਚ ਲੰਮਾ ਸਮਾਂ ਰਾਜ ਕਰ ਚੁੱਕੀਆਂ ਵੱਖ-ਵੱਖ ਸਰਕਾਰਾਂ ਦੌਰਾਨ ਦੇਸ਼ ਨੂੰ ਚਲਾਉਣ ਅਤੇ ਦੁਨੀਆ ਤੱਕ ਦਾ ਤਜਰਬਾ ਹਾਸਲ ਕਰ ਚੁੱਕੇ ਰਿਟਾਇਰਡ ਅਫਸਰਾਂ ਦੀ ਫੌਜ ਉਸ ਕੋਲ ਚੋਖੀ ਤਕੜੀ ਹੈ ਅਤੇ ਅੱਗੋਂ ਰਿਟਾਇਰ ਹੋਣ ਵਾਲਿਆਂ ਵਿਚ ਵੀ ਇਸ ਗੱਲ ਦੀ ਹੋੜ ਲੱਗੀ ਦਿਸਦੀ ਹੈ ਕਿ ਦੂਜਿਆਂ ਤੋਂ ਪਹਿਲਾਂ ਇਸ ਦਰਬਾਰ ਵਿਚ ਖਿਦਮਤ ਦਾ ਮੌਕਾ ਹਾਸਲ ਕੀਤਾ ਜਾਵੇ। ਇਸ ਲਈ ਸਰਕਾਰ ਨੂੰ ਕੋਈ ਚੁਣੌਤੀ ਨਹੀਂ।

ਜਦੋਂ ਭਾਰਤ ਦੀ ਅਜੋਕੀ ਸਰਕਾਰ ਨੂੰ ਤੇ ਇਸ ਦੇ ਆਗੂ ਦੀ ਅਗਵਾਈ ਨੂੰ ਕੋਈ ਖਾਸ ਖਤਰਾ ਹੀ ਨਹੀਂ, ਏਦਾਂ ਦੇ ਸੁਖਾਵੇਂ ਸਮੇਂ ਵਿਚ ਵੀ ਇਹ ਸਰਕਾਰ ਇੱਕ ਪਿੱਛੋਂ ਦੂਸਰੇ ਇਹੋ ਜਿਹੇ ਕਦਮ ਚੁੱਕਦੀ ਪਈ ਹੈ, ਜਿਹੜੇ ਭਾਰਤ ਦੇ ਲੋਕਾਂ ਦੇ ਵੱਡੇ ਹਿੱਸੇ ਨੂੰ ਸਹੀ ਨਹੀਂ ਜਾਪਦੇ। ਇਨ੍ਹਾਂ ਵਿਚੋਂ ਹੀ ਇੱਕ ਕਦਮ ਖੇਤੀ ਖੇਤਰ ਵਾਲੇ ਤਿੰਨ ਬਿੱਲ ਧੱਕੇ ਨਾਲ ਪਾਸ ਕਰ ਕੇ ਲਾਗੂ ਕਰਵਾਉਣ ਦਾ ਸੀ, ਜਿਸ ਦਾ ਏਨਾ ਤਿੱਖਾ ਵਿਰੋਧ ਹੋਇਆ ਕਿ ਸਵਾ ਸਾਲ ਤੋਂ ਵੱਧ ਸਮਾਂ ਕਿਸਾਨ ਭਾਈਚਾਰੇ ਦੇ ਸਿਰੜੀ ਸੰਘਰਸ਼ ਤੋਂ ਬਾਅਦ ਆਖਰ ਉਹ ਤਿੰਨੇ ਬਿੱਲ ਰੱਦ ਕਰਨ ਦਾ ਮਤਾ ਓਸੇ ਪਾਰਲੀਮੈਂਟ ਤੋਂ ਪਾਸ ਕਰਵਾਉਣ ਦੀ ਨੌਬਤ ਆ ਗਈ, ਜਿਸ ਤੋਂ ਪਾਸ ਕਰਵਾ ਕੇ ਲਾਗੂ ਕਰਨੇ ਚਾਹੇ ਸਨ। ਓਦੋਂ ਤੱਕ ਇਹ ਕਿਹਾ ਜਾਂਦਾ ਸੀ ਕਿ ਦੇਸ਼ ਦੀ ਵਾਗ ਉਸ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਹੱਥਾਂ ਵਿਚ ਹੈ, ਜਿਸ ਦਾ ਪੁੱਟਿਆ ਕਦਮ ਕੋਈ ਵਾਪਸ ਨਹੀਂ ਕਰਵਾ ਸਕਦਾ ਅਤੇ ਜਿਹੜੀ ਗੱਲ ਉਸ ਨੇ ਕਹਿ ਦਿੱਤੀ, ਸਮਝ ਲਓ ਕਿ ਨਾਮੁਮਕਿਨ (ਨਾ ਹੋ ਸਕਣ ਵਾਲਾ) ਕੰਮ ਵੀ 'ਮੋਦੀ ਹੈ ਤਾਂ ਮੁਮਕਿਨ ਹੈ।' ਪੁੱਟਿਆ ਕਦਮ ਪਿੱਛੇ ਨਾ ਖਿਸਕਾਉਣ ਦੇ ਰਿਕਾਰਡ ਵਾਲੇ ਨਰਿੰਦਰ ਮੋਦੀ ਲਈ ਓਦੋਂ ਚੱਲੇ




ਕਿਸਾਨਾਂ ਦੇ ਸੰਘਰਸ਼ ਨੇ ਪਹਿਲੀ ਵਾਰੀ ਆਪਣੇ ਕਦਮ ਉੱਤੇ ਟਿਕੇ ਰਹਿਣਾ ਔਖਾ ਕਰ ਦਿੱਤਾ ਅਤੇ ਪੈਰ ਪਿੱਛੇ ਖਿੱਚਣੇ ਪਏ ਸਨ।

ਇੱਕ ਖਾਸ ਭਾਈਚਾਰੇ ਵਿਰੁੱਧ ਸੇਧੇ ਜਾਂਦੇ ਕਦਮਾਂ ਨੂੰ ਛੱਡ ਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸਰਕਾਰ ਚੋਖਾ ਚਿਰ ਹੋਰ ਕੋਈ ਮੁੱਦਾ ਖੜ੍ਹਾ ਕਰਨ ਵਾਲਾ ਕਦਮ ਚੁੱਕਣ ਤੋਂ ਬਚਦੀ ਰਹੀ ਸੀ। ਇਸ ਹਫਤੇ ਫਿਰ ਇਸ ਸਰਕਾਰ ਨੇ ਇਹੋ ਜਿਹਾ ਕਦਮ ਚੁੱਕਿਆ ਹੈ, ਜਿਸ ਦਾ ਸਾਰੇ ਦੇਸ਼ ਵਿਚ ਤਿੱਖਾ ਵਿਰੋਧ ਹੁੰਦਾ ਵੇਖਿਆ ਗਿਆ ਹੈ। ਇਹ ਕਦਮ ਭਾਰਤੀ ਫੌਜਾਂ ਦੇ ਤਿੰਨਾਂ ਅੰਗਾਂ ਵਿਚ ਦੇਸ਼ ਦੇ ਨੌਜਵਾਨਾਂ ਨੂੰ ਕੱਚੀ ਉਮਰ ਵਿਚ ਭਰਤੀ ਕਰਨ ਦੇ ਨਵੇਂ ਨਿਯਮਾਂ ਨਾਲ ਸੰਬੰਧਤ ਹੈ, ਜਿਸ ਨੂੰ 'ਅਗਨੀਪੱਥ' ਯੋਜਨਾ ਕਿਹਾ ਗਿਆ ਹੈ ਤੇ ਭਰਤੀ ਹੋਣ ਵਾਲਿਆਂ ਨੂੰ 'ਅਗਨੀਵੀਰ' ਕਿਹਾ ਜਾਣਾ ਹੈ। ਵਿਰੋਧ ਕਰ ਰਹੇ ਨੌਜਵਾਨਾਂ ਦੇ ਕੁਝ ਗੰਭੀਰ ਇਤਰਾਜ਼ ਇਸ ਯੋਜਨਾ ਦੀ ਭਰਤੀ ਲਈ ਰੱਖੀ ਮੁੱਢਲੀ ਉਮਰ ਦੀ ਹੱਦ ਬਾਰੇ ਅਤੇ ਕੁਝ ਹੋਰ ਇਤਰਾਜ਼ ਚਾਰ ਸਾਲਾਂ ਪਿੱਛੋਂ ਪੰਝੀ ਫੀਸਦੀ ਨੌਜਵਾਨਾਂ ਨੂੰ ਫੌਜ ਵਿਚ ਰੱਖਣ ਤੇ ਪੰਝੱਤਰ ਫੀਸਦੀ ਨੂੰ ਕੱਢ ਦੇਣ ਦੀ ਨੀਤੀ ਬਾਰੇ ਹਨ। ਜਿਹੜੇ ਪੰਝੀ ਫੀਸਦੀ ਨੌਜਵਾਨ ਕੱਢੇ ਜਾਣਗੇ, ਉਨ੍ਹਾਂ ਦੇ ਭਵਿੱਖ ਦਾ ਸਵਾਲ ਵੀ ਖੜ੍ਹਾ ਹੋ ਰਿਹਾ ਹੈ ਤੇ ਅਜਿਹੇ ਮਾਹੌਲ ਵਿਚ ਭੜਕੇ ਹੋਏ ਨੌਜਵਾਨ ਉਨ੍ਹਾਂ ਸਰਕਾਰੀ ਜਾਇਦਾਦਾਂ ਦੀ ਸਾੜ-ਫੂਕ ਤੇ ਭੰਨ-ਤੋੜ ਕਰ ਰਹੇ ਹਨ, ਜਿਨ੍ਹਾਂ ਨੂੰ ਬਣਾਉਣ ਉੱਤੇ ਉਨ੍ਹਾਂ ਵਰਗੇ ਭਾਰਤੀ ਨਾਗਰਿਕਾਂ ਦੀ ਖੂਨ-ਪਸੀਨੇ ਦੀ ਕਮਾਈ ਵਿਚੋਂ ਆਏ ਟੈਕਸਾਂ ਦਾ ਪੈਸਾ ਲੱਗਦਾ ਹੈ ਅਤੇ ਉਨ੍ਹਾਂ ਦੀ ਲੋੜ ਹੋਣ ਕਾਰਨ ਏਨਾ ਪੈਸਾ ਲਾ ਕੇ ਫਿਰ ਬਣਾਉਣੇ ਪੈਣਗੇ। ਕਈ ਸੱਜਣ ਇਸ ਸੰਘਰਸ਼ ਨੂੰ ਕਿਸਾਨਾਂ ਦੇ ਉਸ ਸੰਘਰਸ਼ ਨਾਲ ਬਰਾਬਰ ਤੋਲਦੇ ਹਨ, ਜਿਹੜਾ ਸਵਾ ਸਾਲ ਦੇ ਕਰੀਬ ਚੱਲਿਆ ਸੀ, ਪਰ ਕਿਸੇ ਥਾਂ ਹਿੰਸਾ ਦੀ ਪਹਿਲ ਉਨ੍ਹਾਂ ਨੇ ਨਹੀਂ ਸੀ ਕੀਤੀ, ਹਿੰਸਕ ਕੰਮ ਸਰਕਾਰ ਚਲਾਉਣ ਵਾਲਿਆਂ ਨੂੰ ਖੁਸ਼ ਕਰਨ ਲਈ ਮੌਕੇ ਦੇ ਅਫਸਰ ਤੇ ਸੰਬੰਧਤ ਥਾਵਾਂ ਦੇ ਇੱਕ ਖਾਸ ਪਾਰਟੀ ਨਾਲ ਜੁੜੇ ਲੀਡਰ ਕਰਦੇ ਅਤੇ ਕਰਾਉਂਦੇ ਰਹੇ ਸਨ। ਇਨ੍ਹਾਂ ਦੋਵਾਂ ਲਹਿਰਾਂ ਦੀ ਇੱਕ ਸਾਂਝ ਜ਼ਰੂਰ ਹੈ ਕਿ ਦੋਵਾਂ ਦੀ ਚਿੰਤਾ ਭਵਿੱਖ ਬਾਰੇ ਹੈ, ਕਿਸਾਨ ਸੰਘਰਸ਼ ਨਸਲਾਂ ਅਤੇ ਫਸਲਾਂ ਬਚਾਉਣ ਵਾਸਤੇ ਸੀ ਅਤੇ ਇਨ੍ਹਾਂ ਭੜਕੇ ਹੋਏ ਨੌਜਵਾਨਾਂ ਦੀ ਚਿੰਤਾ ਆਪਣੇ ਰੁਜ਼ਗਾਰ ਬਾਰੇ ਹੈ, ਜਿਸ ਦੇ ਬਿਨਾਂ ਜ਼ਿੰਦਗੀ ਗੁਜ਼ਾਰਨੀ ਮੁਸ਼ਕਲ ਹੈ।

ਦੂਸਰਾ ਪੱਖ ਕੁਝ ਸਿਆਸੀ ਸੂਝ ਵਾਲੇ ਲੀਡਰਾਂ ਤੇ ਫੌਜ ਦੇ ਸਾਬਕਾ ਜਰਨੈਲਾਂ ਦਾ ਹੈ। ਉਨ੍ਹਾਂ ਨੂੰ ਪਹਿਲਾ ਇਤਰਾਜ਼ ਇਸ ਤਜਵੀਜ਼ ਬਾਰੇ ਹੈ ਕਿ ਵੱਖ-ਵੱਖ ਸ਼੍ਰੇਣੀਆਂ ਤੋਂ ਆਏ ਨੌਜਵਾਨਾਂ ਨੂੰ ਅੱਜ ਤੱਕ ਉਨ੍ਹਾਂ ਲਈ ਵਿਸ਼ੇਸ਼ ਯੂਨਿਟਾਂ ਵਿਚ ਹੀ ਭਰਤੀ ਕੀਤਾ ਜਾਂਦਾ ਸੀ, ਪਰ ਨਵੀਂ ਸਕੀਮ ਵਿਚ ਉਨ੍ਹਾਂ ਨੂੰ ਕਿਸੇ ਵੀ ਯੂਨਿਟ ਨਾਲ ਜੋੜਿਆ ਜਾ ਸਕਦਾ ਹੈ। ਸੋਚਿਆ ਜਾ ਸਕਦਾ ਹੈ ਕਿ ਜਿਹੜੀਆਂ ਯੂਨਿਟਾਂ ਕਿਸੇ ਵਿਸ਼ੇਸ਼ ਭਾਈਚਾਰੇ ਜਾਂ ਕਿਸੇ ਖਾਸ ਰੇਸ ਨਾਲ ਜੁੜੀਆਂ ਸਨ, ਉਨ੍ਹਾਂ ਦੀ ਪਿਛਲੀ ਮਾਣ-ਮੱਤੀ ਵਿਰਾਸਤ ਉਨ੍ਹਾਂ ਨੂੰ ਪ੍ਰੇਰਤ ਕਰਦੀ ਸੀ ਤੇ ਦੂਸਰੀ ਗੱਲ ਇਹ ਕਿ ਕਿਸੇ ਖਾਸ ਸ਼੍ਰੇਣੀ ਵਿਚੋਂ ਆਏ ਨੌਜਵਾਨਾਂ ਨੂੰ ਉਸੇ ਕਿਸਮ ਦੇ ਸੱਭਿਆਚਾਰ ਵਾਲੀ ਯੂਨਿਟ ਵਿਚ ਐਡਜਸਟ ਕਰਨਾ ਸੌਖਾ ਹੁੰਦਾ ਸੀ। ਨਵੀਂ ਸਕੀਮ ਵਿਚ ਪੰਜਾਬੀ ਗੱਭਰੂ ਕਿਸੇ ਹੋਰ ਵਰਗ ਦੇ ਬਹੁਤੇ ਜਵਾਨਾਂ ਵਾਲੀ ਯੂਨਿਟ ਵਿਚ ਗਿਆ ਤਾਂ ਉਨ੍ਹਾਂ ਦੇ ਸੱਭਿਆਚਾਰਕ ਜਾਂ ਧਾਰਮਿਕ ਵਖਰੇਵਿਆਂ ਕਾਰਨ ਓਥੇ ਮੁੱਢਲੇ ਦਿਨਾਂ ਵਿਚ ਚੋਖੀ ਔਖ ਮਹਿਸੂਸ ਕਰੇਗਾ ਅਤੇ ਇਹ ਵੀ ਹੋ ਸਕਦਾ ਹੈ ਕਿ ਉਨ੍ਹਾਂ ਦੇ ਮਾਮਲੇ ਸਮਝਦਾ ਨਾ ਹੋਇਆ ਤਾਂ ਨਾ ਕਹਿਣ ਵਾਲੀ ਕੋਈ ਗੱਲ ਬੋਲ ਬੈਠਾ ਤਾਂ ਕਿਸੇ ਨਵੇਂ ਰੱਫੜ ਦਾ ਕਾਰਨ ਬਣ ਜਾਵੇਗਾ। ਇਸ ਕਰ ਕੇ ਇਹ ਸਮਝਿਆ ਜਾਂਦਾ ਹੈ ਕਿ ਪਿਛਲੇ ਪੌਣੇ ਦੋ ਸੌ ਸਾਲਾਂ ਤੋਂ ਜਿਹੜੀ ਪਿਰਤ ਵੱਖ-ਵੱਖ ਭਾਈਚਾਰਿਆਂ ਦੀ ਸੱਭਿਆਚਾਰ ਦੇ ਪੱਖੋਂ ਨਿਵੇਕਲੀ ਬਣਤਰ ਦਾ ਧਿਆਨ ਰੱਖ ਕੇ ਚੱਲ ਰਹੀ ਹੈ, ਉਸ ਨੂੰ ਛੇੜਨਾ ਨਹੀਂ ਚਾਹੀਦਾ। ਇਸ ਦੇ ਨਾਲ ਨੇਪਾਲ ਦੇ ਪਿਛੋਕੜ ਵਾਲੇ ਸਾਬਕਾ ਜਰਨੈਲਾਂ ਨੇ ਵੀ ਕਿਹਾ ਹੈ ਕਿ ਉਨ੍ਹਾਂ ਨੇ ਭਾਰਤੀ ਫੌਜ ਵਿਚ ਭਰਤੀ ਹੋ ਕੇ ਸਿਰਫ ਤਨਖਾਹਾਂ ਨਹੀਂ ਲਈਆਂ, ਇਸ ਦੇਸ਼ ਲਈ ਜੰਗਾਂ ਵਿਚ ਸ਼ਹੀਦੀਆਂ ਵੀ ਪਾਈਆਂ ਹਨ। ਉਨ੍ਹਾਂ ਦੇ ਇੱਕ ਨਿਵੇਕਲੇ ਸੱਭਿਆਚਾਰ ਅਤੇ ਜੰਗਾਂ ਵਿਚ ਅੱਗੇ ਹੋ ਕੇ ਜੂਝਣ ਦੀ ਮੁਹਾਰਤ ਕਾਰਨ ਬ੍ਰਿਟੇਨ ਵਰਗੇ ਮੁਲਕਾਂ ਦੀ ਫੌਜ ਵੀ ਉਚੇਚ ਨਾਲ ਉਨ੍ਹਾਂ ਨੂੰ ਆਪਣੇ ਦੇਸ਼ ਦੀ ਸੇਵਾ ਲਈ ਚੁਣਦੀ ਰਹਿੰਦੀ ਹੈ। ਕਈ ਸਾਲ ਪਹਿਲਾਂ ਇਨ੍ਹਾਂ ਸਤਰਾਂ ਦਾ ਲੇਖਕ ਬ੍ਰਿਟੇਨ ਦੌਰੇ ਸਮੇਂ ਪੰਜਾਬੀ ਪਾਰਲੀਮੈਂਟ ਮੈਂਬਰ ਵਰਿੰਦਰ ਸ਼ਰਮਾ ਤੇ ਮੇਅਰ ਰਣਜੀਤ ਧੀਰ ਨਾਲ ਇਹੋ ਜਿਹੇ ਇੱਕ ਸਮਾਗਮ ਵਿਚ ਸ਼ਾਮਲ ਹੋਇਆ ਸੀ, ਜਿਹੜਾ ਕਿਸੇ ਮੋਰਚੇ ਉੱਤੇ ਗੋਰੇ ਬ੍ਰਿਟਿਸ਼ ਨੌਜਵਾਨ ਅਤੇ ਇੱਕ ਗੋਰਖੇ ਫੌਜੀ ਦੇ ਇਕੱਠੇ ਮਾਰੇ ਜਾਣ ਪਿੱਛੋਂ ਉਨ੍ਹਾਂ ਦੀ ਯਾਦ ਵਿਚ ਕਰਾਇਆ ਗਿਆ ਸੀ। ਜਿਹੜੇ ਗੋਰਖੇ ਲੋਕ ਸਾਰੀ ਦੁਨੀਆ ਵਿਚ ਨਿਵੇਕਲੇ ਸੱਭਿਆਚਾਰ ਅਤੇ ਫੌਜੀ ਸੇਵਾ ਦੀ ਮੁਹਾਰਤ ਲਈ ਜਾਣੇ ਜਾਂਦੇ ਹਨ, ਉਹ ਵੀ ਭਾਰਤ ਸਰਕਾਰ ਦੀ ਨਵੀਂ ਸਕੀਮ ਤੋਂ ਸੰਤੁਸ਼ਟ ਨਹੀਂ ਹਨ।

ਇੱਕ ਵਾਰ ਫਿਰ ਕਹਿ ਦਿਆਂ ਕਿ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਲੀਡਰੀ ਨੂੰ ਕਿਸੇ ਤਰ੍ਹਾਂ ਦਾ ਖਤਰਾ ਕੋਈ ਨਹੀਂ, ਪਰ ਜਿੱਦਾਂ ਦੇ ਕਦਮ ਇਹ ਸਰਕਾਰ ਚੁੱਕਣ ਲੱਗ ਪਈ ਹੈ, ਇਹ ਕਦਮ ਦੇਸ਼ ਦੇ ਲੋਕਾਂ ਵਿਚ ਕਈ ਤਰ੍ਹਾਂ ਦੇ ਭਰਮ ਪੈਦਾ ਕਰਨ ਵਾਲੇ ਹਨ। ਪਹਿਲਾਂ ਪੁਰ-ਅਮਨ ਕਿਸਾਨੀ ਸੰਘਰਸ਼ ਅੱਗੇ ਝੁਕ ਕੇ ਸਰਕਾਰ ਨੂੰ ਆਪਣੇ ਬਣਾਏ ਹੋਏ ਤਿੰਨ ਬਿੱਲ ਆਪੇ ਵਾਪਸ ਲੈਣੇ ਪੈ ਗਏ ਸਨ, ਜਿਹੋ ਜਿਹੀ ਕੁੜੱਤਣ ਇਸ ਵਕਤ ਦੇਸ਼ ਦੇ ਨੌਜਵਾਨਾਂ ਵਿਚ ਭਰਦੀ ਜਾਂਦੀ ਹੈ, ਇਹ ਇਸ ਸਰਕਾਰ ਨੂੰ ਦੂਸਰੀ ਵਾਰੀ ਪਿੱਛੇ ਹਟਣ ਨੂੰ ਮਜਬੂਰ ਕਰ ਸਕਦੀ ਹੈ। ਲੋਕਤੰਤਰ ਵਿਚ ਸਰਕਾਰਾਂ ਨੂੰ ਕੋਈ ਵੀ ਫੈਸਲਾ ਕਰਦੇ ਸਮੇਂ ਦੇਸ਼ ਦੇ ਲੋਕਾਂ ਦੀਆਂ ਭਾਵਨਾਵਾਂ ਅਤੇ ਭਵਿੱਖ ਦੀ ਆਸ ਬਾਰੇ ਕਦਮ ਪੂਰੀ ਸੋਚ ਵਿਚਾਰ ਮਗਰੋਂ ਪੁੱਟਣਾ ਚਾਹੀਦਾ ਹੈ ਅਤੇ ਗਲਤ ਕਦਮ ਵੇਲੇ ਸਿਰ ਵਾਪਸ ਲੈਣਾ ਚਾਹੀਦਾ ਹੈ। ਜ਼ਿੱਦ ਕਰ ਕੇ ਪਿੱਛੋਂ ਕਦਮ ਪਿੱਛੇ ਖਿੱਚਣ ਨਾਲੋਂ ਗੱਲਬਾਤ ਰਾਹੀਂ ਕਾਂਟਾ ਬਦਲ ਲਿਆ ਜਾਵੇ ਤਾਂ ਜ਼ਿਆਦਾ ਚੰਗਾ ਹੁੰਦਾ ਹੈ।

# ਮਾਨਵਤਾ ਦੇ ਚਾਨਣ ਮੁਨਾਰੇ

ਇੰਦਰਜੀਤ ਚੁਗਾਵਾਂ

ਜ਼ਿੰਦਗੀ ਕਦੇ ਵੀ ਸਾਵੀਂ-ਪੱਧਰੀ ਨਹੀਂ ਹੋ ਸਕਦੀ। ਉਤਾਰ-ਚੜ੍ਹਾਅ ਜ਼ਿੰਦਗੀ ਦੇ ਸਫਰ ਦਾ ਅਹਿਮ ਹਿੱਸਾ ਹੁੰਦੇ ਹਨ। ਉਤਾਰ ਦੌਰਾਨ ਕਿਸੇ ਦੋਸਤ-ਰਿਸ਼ਤੇਦਾਰ ਵੱਲੋਂ ਨਿਭਾਇਆ ਰੋਲ ਤੁਹਾਡੇ ਚੇਤਿਆਂ 'ਚ ਉੱਕਰਿਆ ਜਾਂਦਾ ਹੈ। ਜੇ ਇਹ ਰੋਲ ਹੱਥ ਫੜਨਵਾਲਾ ਹੋਵੇ ਤਾਂ ਤੁਹਾਨੂੰ ਸਕੂਨ ਦਿੰਦਾ ਹੈ, ਤੁਸੀਂ ਉਸ ਹੱਥ ਨੂੰ ਹਮੇਸ਼ਾ ਆਪਣੇ ਅੰਗ-ਸੰਗ ਮਹਿਸੂਸ ਕਰਦੇ ਹੋ। ਮਨੁੱਖ ਦਰਅਸਲ ਇਕੱਲਾ ਰਹਿ ਹੀ ਨਹੀਂ ਸਕਦਾ। ਇੱਕ-ਦੂਸਰੇ ਦਾ ਹੱਥ ਫੜਨ ਨਾਲ ਭਾਈਚਾਰਾ ਬਣਦਾ ਹੈ। ਭਾਈਚਾਰਾ ਬਣਦਾ ਹੈ ਤਾਂ ਕਿਸ ੇਇੱਕ ਦੀ ਸਮੱਸਿਆ ਪੂਰੇ ਭਾਈਚਾਰੇ ਦੀ ਸਮੱਸਿਆ ਬਣ ਜਾਂਦੀ ਹੈ ਤੇ ਭਾਈਚਾਰੇ ਅੱਗੇ ਕੋਈ ਵੀ ਸਮੱਸਿਆ, ਸਮੱਸਿਆ ਨਹੀਂ ਰਹਿੰਦੀ।

ਦੂਸਰੇ ਪਾਸੇ ਇਨਸਾਨੀ ਫ਼ਿਤਰਤ ਇਹ ਵੀ ਹੈ ਕਿ ਕਿਸੇ ਦੋਸਤ-ਰਿਸ਼ਤੇਦਾਰ ਦੀ ਸੰਕਟ ਦੌਰਾਨ ਮਦਦ ਕਰਨ ਤੋਂ ਬਾਅਦ ਉਸਦੀ ਨਿੱਜੀ ਜ਼ਿੰਦਗੀ ਦੀ ਵਾਗਡੋਰ ਆਪਣੇ ਹੱਥਾਂ 'ਚ ਲੈਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਆਲ਼ੇ-ਦੁਆਲ਼ੇ ਪਰਚਾਰ ਕੀਤਾ ਜਾਂਦਾ ਹੈ, "ਮੈਂ ਉਹਦੇ ਲਈ ਆਹ ਕੁੱਝ ਕੀਤਾ, ਹੋਰ ਕੋਈ ਕਰਕੇ ਤਾਂ ਦਿਖਾਵੇ !" ਅਹਿਸਾਨ ਦੇ ਬੋਝ ਹੇਠ ਦੱਬਿਆ ਉਹ ਵਿਅਕਤੀ ਮੂੰਹੋਂ ਭਾਵੇਂ ਕੁੱਝ ਨਹੀਂ ਬੋਲਦਾ ਪਰ ਅੰਦਰੋ-ਅੰਦਰ ਇਹ ਜ਼ਰੂਰ ਆਖਦਾ ਹੈ ਕਿ ਅਜਿਹੀ ਮਦਦ ਨਾਲ਼ੋਂ ਤਾਂ ਮੌਤ ਹੀ ਚੰਗੀ ਸੀ।

ਬਹੁਤ ਘੱਟ ਲੋਕ ਹੁੰਦੇ ਹਨ ਜੋ ਸੰਕਟ ਵੇਲੇ ਬਿਨਾ ਕਿਸੇ ਸ਼ੋਰ-ਸ਼ਰਾਬੇ ਦੇ ਸੰਕਟ-ਮੋਚਨ ਬਣ ਕੇ ਆਉਂਦੇ ਹਨ ਤੇ ਮਸਲੇ ਦਾ ਹੱਲ ਕਰਕੇ ਤੁਰਦੇ ਬਣਦੇ ਹਨ। ਸੰਕਟ 'ਚ ਘਿਰੇ ਬੰਦੇ ਨੂੰ ਕੋਈ ਇਲਮ ਵੀ ਨਹੀਂ ਹੋਣ ਦਿੰਦੇ ਕਿ ਮੁਸੀਬਤ ਤੋਂ ਉਸਦਾ ਛੁਟਕਾਰਾ ਕਿਵੇਂ ਹੋਇਆ। ਪਤਾ ਲੱਗਣ 'ਤੇ ਜਦ ਉਹ ਬੰਦਾ ਆਪਣੇ ਸੰਕਟ-ਮੋਚਨ ਕੋਲ ਸ਼ੁਕਰਾਨੇ ਵਜੋਂ ਜਾਂਦਾ ਹੈ ਤਾਂ ਉਹ ਅੱਗੋਂ ਹੱਸ ਕੇ ਗੱਲ ਟਾਲ ਦਿੰਦਾ ਹੈ।

ਮੇਰੀ ਹਮਸਫ਼ਰ ਪੰਮ ਦੇ ਚਾਚਾ ਜੀ ਸ. ਗੁਰਦੀਪ ਸਿੰਘ ਅਣਖੀ, ਜੋ ਬੀਤੀ ਅਠਾਰਾਂ ਮਈ ਨੂੰ ਸਦੀਵੀ ਵਿਛੋੜਾ ਦੇ ਗਏ ਸਨ, ਅਜਿਹੀ ਹੀ ਸ਼ਖਸੀਅਤ ਦੇ ਮਾਲਕ ਸਨ। ਰਹਿੰਦੇ ਉਹ ਫਰਿਜ਼ਨੋ 'ਚ ਸਨ ਪਰ ਖ਼ਬਰ ਹਰ ਪਾਸੇ ਦੀ ਰੱਖਦੇ ਸਨ। ਮੁਸੀਬਤ 'ਚ ਫਸੇ ਵਿਅਕਤੀ ਦੀ ਮਦਦ ਕਰਨਾ ਆਪਣਾ ਫਰਜ਼ ਸਮਝਦੇ ਸਨ। ਜਦ ਤੱਕ ਸਮੱਸਿਆ ਹੱਲ ਨਾ ਹੋ ਜਾਵੇ, ਉਨ੍ਹਾ ਨੂੰ ਟੇਕ ਨਹੀਂ ਸੀ ਆਉਂਦੀ। ਆਪਣੇ ਪਿੰਡ ਕੰਗ ਅਰਾਈਆਂ ਦੇ ਕਿਸੇ ਗਰੀਬ ਪਰਿਵਾਰ ਦੀ ਮੁਸ਼ਕਲ ਬਾਰੇ ਪਤਾ ਲੱਗਣਾ ਤਾਂ ਆਪਣੇ ਬੇਟੇ ਹਰਜਿੰਦਰ ਨੂੰ ਉਸ ਪਰਿਵਾਰ ਦੀ ਮਦਦ ਕਰਨ ਲਈ ਆਖ ਦੇਣਾ। ਹਰਜਿੰਦਰ ਇਕੱਲਾ ਹੀ ਘਰ ਤੋਰਨ ਵਾਲਾ ਪਰ ਬਾਪ ਦੇ ਆਖੇ ਨੂੰ ਸਿਰ-ਮੱਥੇ ਮੰਨ ਕੇ ਵਿੱਤ ਮੁਤਾਬਕ ਪੈਸੇ ਭੇਜ ਦੇਣੇ।

ਚਾਚਾ ਅਣਖੀ ਦੇ ਦਿਹਾਂਤ ਤੋਂ ਬਾਅਦ ਅਸੀਂ (ਸੁਰਿੰਦਰ ਮੰਢਾਲੀ, ਮਹਿੰਦਰ ਸਿੰਘ ਢਾਹ, ਮਹਿੰਦਰ ਦੁਸਾਂਝ ਤੇ ਹੋਰ ਪਰਿਵਾਰਕ ਮੈਂਬਰ) ਘਰ ਬੈਠੇ ਸੀ ਤਾਂ "ਨੇਕੀ ਕਰ-ਖੂਹ 'ਚ ਪਾ" ਅਖਾਣ ਬਾਰੇ ਗੱਲ ਚੱਲੀ ਤੇ ਇਸ ਦੌਰਾਨ ਇਕ ਬਹੁਤ ਦਿਲਚਸਪ ਕਿੱਸਾ ਸਾਹਮਣੇ ਆਇਆ।

ਦੁਆਬੇ ਦੇ ਇੱਕ ਨਾਮਵਰ ਤੇ ਸਤਿਕਾਰਤ ਢਾਡੀ ਚਾਚਾ ਜੀ ਦੇ ਮਿੱਤਰ ਹੋਇਆ ਕਰਦੇ ਸਨ ਜਿਨ੍ਹਾਂ ਦਾ ਨਾਂਅ ਲਿਖਣਾ ਸਦਾਚਾਰ ਦੇ ਉਲਟ ਤਾਂ ਹੋਵੇਗਾ ਹੀ, ਅਣਖੀ ਜੀ ਨਾਲ ਵੀ ਦਗ਼ਾ ਕਮਾਉਣਾ ਹੋਵੇਗਾ। ਜਵਾਨੀ ਵੇਲੇ ਪ੍ਰੋਗਰਾਮ ਕਰਨ ਤੋਂ ਬਾਅਦ ਘਰ ਜਾ ਕੇ ਪੈੱਗ ਲਾਉਣਾ ਉਨ੍ਹਾ ਦੀ ਆਦਤ ਸੀ ਪਰ ਇਸ ਬਾਰੇ ਕੁੱਝ ਇੱਕ ਗਿਣੇ-ਚੁਣੇ ਬੰਦਿਆਂ ਤੋਂ ਇਲਾਵਾ ਕਿਸੇ ਨੂੰ ਵੀ ਇਲਮ ਨਹੀ ਸੀ। ਵੈਸੇ ਵੀ ਸ਼ਰਾਬ ਪੀਣਾ ਕੋਈ ਪਾਪ ਨਹੀਂ ਬਸ਼ਰਤੇ ਕਿ ਇਹ ਪਰਿਵਾਰ ਤੇ ਆਲੇ-ਦੁਆਲੇ ਦਾ ਜੀਵਨ ਨਰਕ ਨਾ ਬਣਾਵੇ।



ਅਣਖੀ ਹੁਰਾਂ ਦੇ ਦਿਹਾਂਤ ਤੋਂ ਕੁੱਝ ਦਿਨ ਪਹਿਲਾਂ ਲਈ ਗਈ ਇਸ ਤਸਵੀਰ 'ਚ ਮੇਰੇ ਤੇ ਪਰਮਜੀਤ ਨਾਲ ਉਨ੍ਹਾ ਦੀ ਬੇਟੀ ਬਲਜੀਤ ਵੀ ਨਜ਼ਰ ਆ ਰਹੀ ਹੈ

ਇੱਕ ਵਾਰ ਪ੍ਰੋਗਰਾਮ ਤੋਂ ਵਾਪਸੀ ਵੇਲੇ ਉਨ੍ਹਾ ਫਗਵਾੜਿਓਂ ਠੇਕੇ ਤੋਂ ਬੋਤਲ ਲਈ ਤੇ ਝੋਲੇ 'ਚ ਪਾ ਕੇ ਬੱਸ 'ਚ ਬੈਠ ਗਏ। ਕਿਸੇ ਲੱਗਦੀ ਵਾਲੇ ਨੇ ਪੁਲਿਸ ਨੂੰ ਖ਼ਬਰ ਕਰ ਦਿੱਤੀ ਤੇ ਪੁਲਿਸ ਨੇ ਬੱਸ ਦੀ ਤਲਾਸ਼ੀ ਦੇ ਬਹਾਨੇ ਉਨ੍ਹਾ ਦੇ ਝੋਲੇ 'ਚੋਂ ਬੋਤਲ ਬਰਾਮਦ ਕਰ ਲਈ। ਥਾਣੇ ਲਿਜਾ ਕੇ ਕੇਸ ਪਾ ਦਿੱਤਾ ਗਿਆ।

ਉਨ੍ਹਾਂ ਦਿਨਾਂ 'ਚ ਸੋਸ਼ਲ ਮੀਡੀਆ ਤਾਂ ਦੂਰ ਦੂਰ ਤੱਕ ਨਜ਼ਰ ਨਹੀਂ ਸੀ ਆਉਂਦਾ। ਇਸ ਲਈ ਇਹ ਖ਼ਬਰ ਚਰਚਾ ਵਿੱਚ ਨਾ ਆਈ। ਕੇਸ ਫਗਵਾੜਾ ਦੀ ਅਦਾਲਤ 'ਚ ਚੱਲ ਰਿਹਾ ਸੀ। ਤਰੀਕਾਂ ਪੈਣ ਤੋਂ ਬਾਅਦ ਗੱਲ ਫੈਸਲੇ 'ਤੇ ਆ ਗਈ। ਇਸ ਪੜਾਅ 'ਤੇ ਗੱਲ ਅਣਖੀ ਹੁਰਾਂ ਦੇ ਕੰਨੀ ਪਈ।

ਫਗਵਾੜਾ ਦੀ ਅਦਾਲਤ ਦਾ ਜੱਜ ਦੂਰੋਂ ਨੇੜਿਓਂ (ਮਰਹੂਮ) ਨੌਨਿਹਾਲ ਸਿੰਘ ਚੱਠਾ (ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਦੇ ਟਰੱਸਟੀ) ਹੁਰਾਂ ਦਾ ਨਜ਼ਦੀਕੀ ਨਿਕਲਿਆ। ਅਣਖੀ ਜੀ ਨੇ ਨੌਨਿਹਾਲ ਹੁਰਾਂ ਅੱਗੇ ਮਾਮਲਾ ਰੱਖਿਆ ਤੇ ਦੋਵੇਂ ਮਿੱਤਰ ਜੱਜ ਦੇ ਘਰ ਜਾ ਪਹੁੰਚੇ।

ਜੱਜ ਨੂੰ ਉਨ੍ਹਾ ਸਾਫ਼ ਲਫਜ਼ਾਂ 'ਚ ਦੱਸ ਦਿੱਤਾ ਕਿ ਸ਼ਰਾਬ ਬਿਲਕੁਲ ਉਸਦੇ ਝੋਲੇ 'ਚੋਂ ਮਿਲੀ ਹੈ ਤੇ ਇਹ ਕੋਈ ਵੱਡੀ ਗੱਲ ਵੀ ਨਹੀਂ ਕਿਉਂਕਿ ਇਹ ਬੋਤਲ ਉਸਨੇ ਪੀਣ ਲਈ ਖਰੀਦੀ ਸੀ, ਵੇਚਣ ਲਈ ਨਹੀਂ। ਕਾਨੂੰਨ ਦੀਆਂ ਨਜ਼ਰਾਂ 'ਚ ਉਹ ਦੋਸ਼ੀ ਹੋ ਸਕਦਾ ਹੈ ਪਰ ਉਸਨੂੰ ਸਜ਼ਾ ਦੇ ਕੇ ਜੇ ਜੇਲ੍ਹ ਭੇਜ ਦਿੱਤਾ ਗਿਆ ਤਾਂ ਉਸਦੇ ਬੱਚੇ ਭੁੱਖੇ ਮਰ ਜਾਣਗੇ ਤੇ ਲੋਕਾਂ ਦੀਆਂ ਨਜ਼ਰਾਂ 'ਚ ਉਸਦਾ ਮਾਣ ਵੀ ਜਾਂਦਾ ਲੱਗੇਗਾ। ਅਖੀਰ 'ਚ ਅਣਖੀ ਜੀ ਨੇ ਕਿਹਾ," ਜੱਜ ਤੁਸੀਂ ਹੋ। ਫੈਸਲਾ ਤੁਹਾਡੇ ਹੱਥ ਹੈ। ਅਸੀਂ ਨਹੀਂ ਕਹਿੰਦੇ ਕਿ ਉਹਨੂੰ ਬਖ਼ਸ਼ ਦਿਓ! ਸਾਡੀ ਤਾਂ ਇਹੋ ਅਰਜੋਈ ਹੈ ਕਿ ਫੈਸਲਾ ਸੁਣਾਉਣ ਲੱਗੇ ਇਨ੍ਹਾਂ ਪਹਿਲੂਆਂ ਵੱਲ ਜ਼ਰੂਰ ਨਜ਼ਰ ਮਾਰ ਲਿਓ!"

ਜੱਜ ਨੇ ਕੋਈ ਭਰੋਸਾ ਨਾ ਦਿੱਤਾ। ਏਨਾ ਜ਼ਰੂਰ ਕਿਹਾ, "ਦੇਖਾਂਗਾ ਮੈਂ..!"

ਦੋਵੇਂ ਮਿੱਤਰ ਆਪਣਾ ਰੋਲ ਅਦਾ ਕਰਕੇ ਵਾਪਸ ਆ ਗਏ। ਨੌਨਿਹਾਲ ਹੁਰੀਂ ਕਹਿਣ ਲੱਗੇ, "ਅਣਖੀ ਯਾਰ, ਜੱਜ ਨੇ ਕੋਈ ਬਹੁਤਾ ਧਿਆਨ ਨਹੀਂ ਦਿੱਤਾ ..." ਅਣਖੀ ਜੀ ਦਾ ਜੁਆਬ ਸੀ, "ਘੱਟੋ-ਘੱਟ ਆਪਣੀ ਜ਼ਮੀਰ 'ਤੇ ਤਾਂ ਕੋਈ ਬੋਝ ਨਹੀਂ...ਜੇ ਪਤਾ ਹੁੰਦੇ ਕੁੱਝ ਨਾ ਕਰਦੇ, ਫੇਰ ਜ਼ਿਆਦਾ ਮਾੜੀ ਗੱਲ ਹੋਣੀ ਸੀ।

ਲਓ ਜੀ, ਫੈਸਲੇ ਵਾਲਾ ਦਿਨ ਆ ਗਿਆ। ਅਦਾਲਤ ਜੁੜੀ। ਅਣਖੀ ਹੁਰਾਂ ਦਾ ਮਿੱਤਰ ਢਾਡੀ ਪੂਰੀ ਤਿਆਰੀ ਕਰਕੇ ਆਇਆ ਸੀ ਜੇਲ੍ਹ ਜਾਣ ਦੀ। ਜਦੋਂ ਜੱਜ ਨੇ ਉਨ੍ਹਾ ਨੂੰ ਦੋਸ਼ਮੁਕਤ ਕਰਾਰ ਦੇ ਦਿੱਤਾ ਤਾਂ ਉਹ ਹੱਕਾ-ਬੱਕਾ ਰਹਿ ਗਏ।

ਜ਼ਿੰਦਗੀ ਆਪਣੀ ਪਹਿਲੀ ਚਾਲੇ ਹੀ ਨਹੀਂ ਤੁਰੀ, ਸਗੋਂ ਹੋਰ ਵੀ ਰਵਾਨਗੀ ਨਾਲ ਤੁਰਦੀ ਗਈ। ਦੇਸ਼ ਬਦੇਸ਼ 'ਚ ਉਸ ਢਾਡੀ ਨੇ ਬਹੁਤ ਇੱਜ਼ਤ ਕਮਾਈ। ਵਰ੍ਹਿਆਂ ਬਾਅਦ ਜਦ ਉਨ੍ਹਾਂ ਨੂੰ ਪਤਾ ਲੱਗਾ ਕਿ ਉਨ੍ਹਾ ਨੂੰ ਬਰੀ ਕਰਵਾਉਣ ਵਾਲੇ ਤਾਂ ਅਣਖੀ ਜੀ ਹਨ, ਉਹ ਵਿਸ਼ੇਸ਼ ਤੌਰ 'ਤੇ ਅਣਖੀ ਜੀ ਨੂੰ ਮਿਲਣ ਆਏ। ਹੱਥ ਘੁੱਟ ਕੇ ਕਹਿਣ ਲੱਗੇ, "ਮੇਰਾ ਯਾਰ ਅਣਖੀ ਇੱਕ ਜਿਊਂਦਾ ਜਾਗਦਾ ਰੱਬ ਹੈ..!"


ਅਣਖੀ ਹੁਰਾਂ ਮੁੜ ਕੇ ਇੱਕ ਵਾਰ ਵੀ ਇਸ ਗੱਲ ਦਾ ਜ਼ਿਕਰ ਕਿਸੇ ਕੋਲ ਨਹੀਂ ਕੀਤਾ। ਅੰਤਲੇ ਦਿਨਾਂ 'ਚ ਪੁਰਾਣੇ ਦਿਨਾਂ ਨੂੰ ਯਾਦ ਕਰਦਿਆਂ ਜਦ ਉਨ੍ਹਾਂ ਦੇ ਉਸ ਢਾਡੀ ਮਿੱਤਰ ਦਾ ਜ਼ਿਕਰ ਆਇਆ ਤਾਂ ਜਾ ਕੇ ਉਨ੍ਹਾ ਦੇ ਮੂੰਹੋਂ ਇਹ ਗੱਲ ਸਹਿਵਨ ਹੀ ਨਿਕਲ ਗਈ ।

ਮੈਂ ਸੋਚ ਰਿਹਾ ਸੀ ਕਿ ਜੇ ਅਣਖੀ ਹੁਰਾਂ ਦੀ ਥਾਂ ਕੋਈ ਸੌਦੇਬਾਜ਼ ਮਿੱਤਰ ਹੁੰਦਾ ਤਾਂ ਸਾਰੀ ਉਮਰ ਉਸ ਢਾਡੀ ਨੂੰ ਆਪਣੇ ਅਹਿਸਾਨ ਥੱਲਿਓਂ ਨਿਕਲਣ ਨਹੀਂ ਸੀ ਦੇਣਾ।

ਅਜਿਹੇ ਮਨੁੱਖ ਮਾਨਵਤਾ ਦੇ ਚਾਨਣ ਮੁਨਾਰੇ ਹੁੰਦੇ ਹਨ ਜੋ ਖ਼ੁਦ ਬਲ਼ ਕੇ ਦੂਸਰਿਆਂ ਲਈ ਰਾਹ ਦਰਸਾਵੇ ਬਣ ਜਾਂਦੇ ਹਨ ਤੇ ਲੋਕ ਆਪਣੇ ਦਿਲਾਂ 'ਚ ਉਨ੍ਹਾਂ ਨੂੰ ਸਦਾ ਜਿਊਂਦਾ ਰੱਖਦੇ ਹਨ!

# ਸੁਰੀਲੀ ਅਵਾਜ਼ ਦੀ ਮਲਕਾ ਜੋਤ ਰਣਜੀਤ ਕੌਰ ਆਪਣੇ ਨਵੇਂ ਗੀਤ 'ਸੱਜਣਾਂ ਵੇ' ਨਾਲ ਚਰਚਾ 'ਚ








*ਗੁਰਿੰਦਰਜੀਤ ਸਿੰਘ ਨੀਟਾ ਮਾਛੀਕੇ*
*ਫਰਿਜ਼ਨੋ ਕੈਲੀਫੋਰਨੀਆ*
*ਫ਼ੋਨ: 559-333-5776*

ਗਾਉਣਾ ਜਾਂ ਲਿਖਣਾ ਹਰ ਕਿਸੇ ਦੇ ਵੱਸ ਦੀ ਗੱਲ ਨਹੀਂ, ਇਹ ਪਰਮਾਤਮਾ ਵੱਲੋਂ ਮਿਲਿਆ ਉਹ ਤੋਹਫ਼ਾ ਹੈ, ਜੋ ਬੜੇ ਘੱਟ ਲੋਕਾਂ ਨੂੰ ਨਸੀਬ ਹੁੰਦਾ ਹੈ। ਗੀਤਕਾਰੀ ਓਹੀ ਕਾਰਗਰ ਹੁੰਦੀ ਹੈ, ਜੋ ਸ੍ਰੋਤੇ 'ਤੇ ਛਾਪ ਛੱਡ ਜਾਵੇ। ਗਾਇਕ ਓਹੀ ਸਫਲ ਮੰਨਿਆ ਜਾਂਦੈ, ਜੀਹਦੀ ਅਵਾਜ਼ ਵਿਚ ਕਸ਼ਸ਼ ਹੋਵੇ। ਮਿਊਜਕ ਓਹੀ ਅਨੰਦਮਈ ਹੁੰਦੈ, ਜੋ ਤੁਹਾਨੂੰ ਕਿਸੇ ਵਿਸਮਾਦ ਵਿਚ ਲੈ ਜਾਵੇ। ਵੀਡੀਓ ਓਹੀ ਪ੍ਰਵਾਨ ਚੜ੍ਹਦੀ, ਜਿਹੜੀ ਥੋੜੇ ਸਮੇਂ ਵਿਚ ਵੱਡਾ ਮੈਸੇਜ ਦੇ ਜਾਵੇ। ਜੀ ਹਾਂ! ਪਿਛਲੇ ਦਿਨੀਂ ਕੁਝ ਅਜਿਹੇ ਗੁਣਾਂ ਨਾਲ ਭਰਪੂਰ ਗੀਤ 'ਸੱਜਣਾਂ ਵੇ' ਯੂ-ਟੂਬ 'ਤੇ ਸੁਣਨ ਨੂੰ ਮਿਲਿਆ, ਇਸ ਗੀਤ ਨੂੰ ਲਿਖਿਆ ਅਤੇ ਗਾਇਆ ਹੈ ਫਰਿਜ਼ਨੋ ਨਿਵਾਸੀ ਗਾਇਕਾ ਅਤੇ ਹੋਸਟ ਜੋਤ ਰਣਜੀਤ ਕੌਰ ਨੇ। ਇਸ ਗੀਤ ਦਾ ਕੰਨਾਂ ਵਿਚ ਰਸ ਘੋਲਦਾ ਮਿਊਜ਼ਕ ਜੱਸੀ ਬ੍ਰਦਰਜ਼ ਵੱਲੋਂ ਦਿੱਤਾ ਗਿਆ ਹੈ। ਗੀਤ ਦੇ ਬੋਲਾਂ 'ਤੇ ਖਰੀ ਉਤਰਦੀ ਵੀਡੀਓਗ੍ਰਾਫੀ ਜੱਸੀ ਧਨੋਆ ਨੇ ਰੂਹ ਲਾ ਕੇ ਕੀਤੀ ਹੈ। ਇਸ ਗੀਤ ਨੂੰ ਅੰਜਾਮ ਤੱਕ ਪਹੁੰਚਾਉਣ ਲਈ ਜ਼ੈਂਡਰ ਮੌਰਗੇਜ਼ ਵਾਲੇ ਮੋਹਨ ਚੀਮਾ ਜੀ ਦਾ ਵਿਸ਼ੇਸ਼ ਯੋਗਦਾਨ ਰਿਹਾ। ਇਸ ਗੀਤ ਨੂੰ ਸਪੀਡ ਰੈਕਰਡ ਵੱਲੋ ਵੱਡੇ ਪੱਧਰ 'ਤੇ ਰਿਲੀਜ਼ ਕੀਤਾ ਗਿਆ ਹੈ। ਇਸ ਗੀਤ ਨੂੰ ਜੋਤ ਰਣਜੀਤ ਕੌਰ ਨੇ ਜਿੰਨਾ ਵਧੀਆ ਲਿਖਿਆ, ਉਸ ਤੋ ਕਿਤੇ ਵਧੀਆ ਗਾਇਆ ਹੈ। ਇਹ ਗੀਤ ਦੋ ਰੂਹਾਂ ਦੇ ਪਿਆਰ ਦੇ ਇਜ਼ਹਾਰ ਦੀ ਕਹਾਣੀ ਹੈ। ਇਹ ਗੀਤ ਵਿਛੋੜੇ ਦੇ ਦਰਦ ਦੀ ਬਾਤ ਪਾਉਂਦਾ, ਬਿਰਹੋਂ ਵਿਚ ਗੜੁੱਚ ਸ਼ਾਇਰੀ ਦਾ ਸ਼ਿਖਰ ਹੈ। ਇਸ ਗੀਤ ਨੂੰ ਵਾਰ ਵਾਰ ਸੁਣਨ ਨੂੰ ਦਿਲ ਕਰਦੈ 'ਤੇ ਸੁਣ ਕੇ ਮਨ ਨੂੰ ਸਕੂਨ ਮਿਲਦਾ ਹੈ। ਅਦਾਕਾਰੀ ਪੱਖੋਂ ਗੁੰਨ੍ਹਿਆਂ ਗੀਤ ਹਰ ਪੱਖ ਤੋ ਸੰਪੂਰਨ ਨਜ਼ਰ ਆਉਂਦਾ ਹੈ। ਜੋਤ ਰਣਜੀਤ ਕੌਰ ਨੇ ਸੰਗੀਤ ਦੀ ਉਚੇਚੀ ਵਿੱਦਿਆ ਉਸਤਾਦ ਅਲੀ ਅਕਬਰ ਜੀ (ਮੁਹੰਮਦ ਸਾਦਿਕ ਦੇ ਭਤੀਜੇ) ਅਤੇ ਅਰਵਿੰਦਰ ਰੈਨਾ ਕੋਲੋ ਬਕਾਇਦਾ ਤੌਰ 'ਤੇ ਲਈ, ਸ਼ਾਇਦ ਇਸੇ ਕਰਕੇ ਜੋਤ ਰਣਜੀਤ ਕੌਰ ਨੂੰ ਸੁਰ-ਤਾਲ ਦਾ ਖ਼ੂਬ ਗਿਆਨ ਹੈ। ਜੋਤ ਰਣਜੀਤ ਕੌਰ ਜਦੋਂ ਕਿਸੇ ਵਜ਼ਦ ਵਿਚ ਆ ਕੇ ਗਾਉਂਦੀ ਹੈ 'ਤਾਂ ਜਿਵੇਂ ਸਮਾਂ ਰੁਕ ਜਾਂਦਾ ਹੈ। ਮਿਲਾਪੜੇ ਸੁਭਾਅ ਦੀ ਕੋਮਲ ਜਿਹੀ ਕੁੜੀ ਜਦੋਂ ਮਾਇਕ ਤੇ ਖੜ੍ਹ ਕੇ ਬੋਲਦੀ ਹੈ 'ਤਾਂ ਪਤਾ ਲਗਦੈ ਕਿ ਸਾਹਿਤ ਨਾਲ ਗੂੜਾ ਨਾਤਾ ਰੱਖਦੀ ਹੈ। ਢੱਡ ਫੜ੍ਹ ਕੇ ਜਦੋ ਢਾਡੀ ਕਲਾ ਦਾ ਰੰਗ ਵਿਖੇਰਦੀ ਹੈ ਤਾਂ ਸ੍ਰੋਤੇ ਅੱਸ਼-ਅੱਸ਼ ਕਰ ਉੱਠਦੇ ਨੇ। ਜੋਤ ਰਣਜੀਤ ਕੌਰ 2014 ਵਿਚ ਅਮਰੀਕਾ ਆਈ, ਓਦੋਂ ਤੋ ਲੈ ਕੇ ਹੁਣ ਤੱਕ ਜਿੱਥੇ ਉਸਨੇ ਵੱਖੋ-ਵੱਖ ਰੇਡੀਓ ਸਟੇਸ਼ਨਾਂ ਤੋਂ ਆਪਣੀ ਅਵਾਜ਼ ਨਾਲ ਸੇਵਾ ਕੀਤੀ, ਓਥੇ ਵੱਡੇ ਵੱਡੇ ਸ਼ੋਅ ਹੋਸਟ ਕਰਨ ਦਾ ਮਾਣ ਵੀ ਜੋਤ ਰਣਜੀਤ ਕੌਰ ਨੂੰ ਜਾਂਦਾ ਹੈ। ਜੋਤ ਰਣਜੀਤ ਕੌਰ ਦਾ ਪੰਜਾਬ ਵਿਚ ਪਿੰਡ ਤਲਵੰਡੀ ਭਾਈ ਜਿਲਾ ਫਿਰੋਜ਼ਪੁਰ ਵਿਚ ਪੈਂਦਾ ਹੈ। ਜੋਤ ਰਣਜੀਤ ਦਾ ਪਹਿਲਾ ਸੋਲੋ ਗੀਤ "ਸੁੱਖੇ ਜਿੰਦੇ ਦੀ ਘੋੜੀ" ਕਈ ਸਾਲ ਪਹਿਲਾ ਮਾਰਕੀਟ ਵਿਚ ਆਇਆ ਸੀ, ਜਿਸਨੂੰ ਸ੍ਰੋਤਿਆਂ ਵੱਲੋਂ ਬਹੁਤ ਪਿਆਰ ਮਿਲਿਆ । ਉਸਤੋਂ ਬਾਅਦ ਉਨ੍ਹਾਂ ਗੀਤਕਾਰ ਮੰਗਲ ਹਠੂਰ ਦਾ ਲਿਖਿਆ ਡਿਊਟ ਗੀਤ "ਫੋਟੋ ਖਿੱਚ ਮਾਹੀਆ" ਗਾਇਕ ਧਰਮਵੀਰ ਥਾਂਦੀ ਨਾਲ ਗਾਇਆ, ਪੰਜਾਬੀ ਮਾਂ ਬੋਲੀ ਦੇ ਵਿਹੜੇ ਦਾ ਸ਼ਿੰਗਾਰ ਬਣਿਆ, ਜਿਸਨੂੰ ਡੀਜੇ 'ਤੇ ਲੋਕਾਂ ਵੱਲੋ ਭਰਪੂਰ ਹੁੰਗਾਰਾ ਮਿਲਿਆ । ਆਉਣ ਵਾਲੇ ਸਮੇਂ ਵਿਚ ਜੋਤ ਰਣਜੀਤ ਕੌਰ ਦੇ ਹੋਰ ਵੀ ਬਹੁਤ ਸਾਰੇ ਗੀਤ ਮਾਰਕੀਟ ਵਿਚ ਆ ਰਹੇ ਹਨ। ਆਸ ਕਰਦੇ ਹਾਂ ਉਹ ਵੀ ਕੰਨ ਖਾਊ ਮਿਊਜ਼ਿਕ ਤੋ ਹਟ ਕੇ, ਮਿਆਰੀ 'ਤੇ ਰੂਹ ਨੂੰ ਸਕੂਨ ਦੇਣ ਵਾਲੇ ਹੋਣਗੇ।

ਜੋਤ ਰਣਜੀਤ ਕੌਰ ਦੀ ਸ਼ਾਇਰੀ ਦਾ ਕੁਝ ਕੁ ਰੰਗ ਉਸਦੀਆਂ ਕਵਿਤਾਵਾਂ ਜ਼ਰੀਏ ਤੁਹਾਡੇ ਰੂਬਰੂ ਕਰ ਰਿਹਾ ਹਾਂ:

ਉਹ ਕਹਿੰਦੇ ਬਹਿਰ ਨੂੰ ਵੀ ਵੇਖਿਆ ਕਰ, ਲਿਖਣ ਤੋ ਪਹਿਲਾਂ
ਮੈ ਪੁੱਛਿਆ...ਸੋਚਿਆ ਸੀ ਇੱਕ ਦੂਜੇ ਨੂੰ
ਮਿਲਣ ਤੋ ਪਹਿਲਾ?
ਮੈਂ ਕੁਝ ਕੁ ਗੀਤ ਲਿਖੇ ਸੀ, ਉਹਦੇ ਤੁਰ ਜਾਣ ਦੇ ਮਗਰੋਂ
ਇਨ੍ਹਾਂ ਦੀ ਧੁਨ ਬਣਾ ਲਈਏ, ਓਹਦੇ ਮੁੜ ਆਉਣ ਤੋ ਪਹਿਲਾਂ
ਤਿੰਨਾ ਪੁਤਰਾਂ ਦੀ ਮਾਂ ਕਹਿੰਦੀ ਸੁਣੀ ਸੀ
ਆਸ਼ਰਮ ਦੇ ਵਿਚ
ਦੁਪੱਟਾ ਵੀ ਜ਼ਰੂਰੀ ਸੀ, ਕਿ ਇੱਕ ਦਸਤਾਰ ਤੋ ਪਹਿਲਾਂ
ਕਹਿੰਦੇ ਭੱਜ ਦੌੜ ਦਿਨ ਭਰ ਦੀ, ਗਮਾਂ ਨੂੰ ਤੋੜ ਦਿੰਦੀ ਏ
ਖਬਰ ਮਾੜੀ ਜੇ ਆਉਣੀ ਏ, ਤਾਂ ਆਵੇ ਰਾਤ ਤੋ ਪਹਿਲਾਂ..!

ਕਦੇ ਉਹ ਛੋਟੇ ਬਹਿਰ ਵਿਚ ਵੱਡਾ ਸੁਨੇਹਾ ਦਿੰਦੀ ਕੁਝ ਏਦਾਂ ਵੀ ਆਖ ਜਾਂਦੀ ਏ:



ਆਜਾ ਬਹਿ ਕੇ ਗੱਲ ਕਰ ਲਈਏ
ਵਿਗੜੇ ਮਸਲੇ ਹੱਲ ਕਰ ਲਈਏ
ਕੱਲ ਕੱਲ ਕਰਦੇ ਦੇਰ ਨਾ ਹੋ'ਜੇ
ਚੱਲ ਇਹਨੂੰ ਅੱਜਕੱਲ ਕਰ ਲਈਏ..!

ਕਦੇ ਉਹ ਸ਼ਾਇਰੀ ਦੇ ਤੀਰ ਛੱਡਦੀ, ਪਿਆਰ ਮੁਹੱਬਤ ਦੀ ਬਾਤ ਪਾਉਂਦੀ, ਰੂਹਾਂ ਦੇ ਰਿਸ਼ਤੇ ਦੀ ਗੱਲ ਕਰਦੀ ਹੈ:

ਮੇਰੀ ਹਰ ਅਧੂਰੀ ਗਜ਼ਲ 'ਤੇ
ਨਜ਼ਰਾਂ ਇਲਾਹੀ ਪੈ ਗਈਆਂ।
ਅੱਖਰ ਮੁਹੱਬਤ ਬਣ ਗਏ
ਬਹਿਰਾਂ ਇਬਾਦਤ ਹੋ ਗਈਆਂ।
ਤੇਰਾ ਹੁਨਰ ਮੇਰਾ ਇਲਮ
ਇੱਕ ਨੂਰ ਹੋ ਜਾਣਾ ਕਦੇ
ਸਤਰਾਂ ਮੁਕੱਦਸ ਹੋ ਗਈਆਂ
ਨਜ਼ਮਾਂ ਨਾਂ.. ਨਜ਼ਮਾਂ ਰਹਿ ਗਈਆਂ..!

ਅਖੀਰ ਵਿਚ ਇਹੀ ਕਹਿਣਾ ਚਾਵਾਂਗਾ ਕਿ ਚੰਗੀ ਸ਼ਾਇਰੀ, ਚੰਗੇ ਗੀਤਾਂ ਦੀ ਸਾਨੂੰ ਕਦਰ ਕਰਨੀ ਚਾਹੀਦੀ ਹੈ। ਮਿਆਰੀ ਗੀਤਾਂ ਨੂੰ ਹੁੰਗਾਰਾ ਦੇਣਾ ਚਾਹੀਦੈ, ਤਾਂ ਹੀ ਜੋਤ ਰਣਜੀਤ ਕੌਰ ਵਰਗੀਆਂ ਕਲਮਾਂ ਅਤੇ ਅਵਾਜ਼ਾਂ ਅੱਜ ਦੀ ਕਾਂਵਾਂ-ਰੌਲ਼ੀ ਵਿਚ ਵੱਖਰਾ ਹੋਕਾ ਦਿੰਦੀਆਂ ਰਹਿ ਸਕਣਗੀਆਂ। ਸਾਡੇ ਮਾਛੀਕੇ ਐਂਡ ਧਾਲੀਆਂ ਮੀਡੀਆ ਗਰੁੱਪ ਵੱਲੋ ਜੋਤ ਰਣਜੀਤ ਕੌਰ ਲਈ ਸ਼ੁੱਭ ਇੱਛਾਵਾਂ।

# ਸਾਂਫਰਾਂਸਿਸਕੋ ਕੌਮਾਂਤਰੀ ਹਵਾਈ ਅੱਡੇ ’ਤੇ ਤੇਜ਼ਧਾਰ ਹਥਿਆਰ ਨਾਲ ਹਮਲਾ ਕਰ ਕੇ 3 ਨੂੰ ਕੀਤਾ ਜ਼ਖਮੀ

**ਸੈਕਰਾਮੈਂਟੋ:** ਸਾਂਫਰਾਂਸਿਸਕੋ ਕੌਮਾਂਤਰੀ ਹਵਾਈ ਅੱਡੇ ‘ਤੇ ਇਕ ਵਿਅਕਤੀ ਨੇ ਤੇਜ਼ਧਾਰ ਹਥਿਆਰ ਨਾਲ ਹਮਲਾ ਕਰ ਕੇ ਤਿੰਨ ਵਿਅਕਤੀਆਂ ਨੂੰ ਜ਼ਖਮੀ ਕਰ ਦਿੱਤਾ। ਪੁਲਿਸ ਅਨੁਸਾਰ ਇਕ ਵਿਅਕਤੀ ਨੇ ਸਾਂਫਰਾਂਸਿਸਕੋ ਕੌਮਾਂਤਰੀ ਹਵਾਈ ਅੱਡੇ ਵਿਚ ਦਾਖਲ ਹੋ ਕੇ ਬਾਹਰ ਜਾਣ ਵਾਲੇ ਰਸਤੇ ਉਪਰ ਤੇਜ਼ਧਾਰ ਹਥਿਆਰ ਨਾਲ ਲੋਕਾਂ ਉਪਰ ਹਮਲਾ ਕੀਤਾ। ਇਹ ਘਟਨਾ ਸ਼ਾਮ 6 ਵਜੇ ਦੇ ਕਰੀਬ ਵਾਪਰੀ। ਹਵਾਈ ਅੱਡੇ ਦੇ ਡਿਊਟੀ ਮੈਨੇਜਰ ਰੂਸਲ ਮੈਕੀ ਨੇ ਦੱਸਿਆ ਕਿ ਯਾਤਰੀਆਂ ਉਪਰ ਉਸ ਸਮੇਂ ਹਮਲਾ ਕੀਤਾ ਗਿਆ ਜਦੋਂ ਉਹ ਸੁਰੱਖਿਆ ਜਾਂਚ ਖੇਤਰ ਦੇ ਅਗਲੇ ਹਿੱਸੇ ਵਿਚ ਸਨ। ਉਨ੍ਹਾਂ ਦੱਸਿਆ ਕਿ ਇਹ ਵੀ ਪਤਾ ਨਹੀਂ ਲੱਗ ਸਕਿਆ ਕਿ ਹਮਲਾਵਰ ਮੁਸਾਫਿਰਾਂ ਵਿਚ ਸ਼ਾਮਲ ਸੀ ਜਾਂ ਨਹੀਂ ਤੇ ਹਮਲਾ ਕਰਨ ਪਿੱਛੇ ਉਸ ਦਾ ਮਕਸਦ ਕੀ ਸੀ। ਪੁਲਿਸ ਨੇ ਤੁਰੰਤ ਕਾਰਵਾਈ ਕਰ ਕੇ ਹਮਲਾਵਰ ਨੂੰ ਹਿਰਾਸਤ ਵਿਚ ਲੈ ਲਿਆ ਜਿਸ ਦੀ ਅਜੇ ਸ਼ਨਾਖਤ ਨਹੀਂ ਹੋ ਸਕੀ। ਪ੍ਰਾਪਤ ਜਾਣਕਾਰੀ ਅਨੁਸਾਰ ਪੀੜਤਾਂ ਦੇ ਜ਼ਖਮ ਜ਼ਿਆਦਾ ਗੰਭੀਰ ਨਹੀਂ ਹਨ ਤੇ ਉਨ੍ਹਾਂ ਨੂੰ ਮੌਕੇ ਉਪਰ ਹੀ ਮੁੱਢਲੀ ਸਹਾਇਤਾ ਦਿੱਤੀ ਗਈ ਤੇ ਮਰਹਮ ਪੱਟੀ ਕੀਤੀ ਗਈ।





Personal Injury and Wrongful Death Attorneys

Case Results*

$10 MILLION
Motorcycle vs. Truck Collision


$8 MILLION
Wrongful Death

$5.25 MILLION
Traumatic Brain Injury

$1.1 MILLION
Burn Injury

$1.1 MILLION
Pedestrian vs. Motor Vehicle Collision

*Past Performance Not a Guarantee of Future Results



WILLIAM E. WEISS
Of Counsel

Offices in San Francisco and Union City

No Fees Unless Recovery for Your Injuries is Made

CONTACT US AT:

Phone: (510) 474-0028 • E-mail: info@thebainsfirm.com

www.thebainsfirm.com


# ਫਾਦਰ’ਜ਼ ਡੇਅ ਨੂੰ ਸਮਰਪਿਤ ਦੌੜ ਵਿਚ ਪੰਜਾਬੀਆਂ ਨੇ ਗੱਡੇ ਝੰਡੇ

**ਫਰਿਜ਼ਨੋ (ਕੈਲੀਫੋਰਨੀਆ):** ਸਥਾਨਕ ਵੁੱਡਵੁਰਡ ਪਾਰਕ ਵਿਚ ਲੰਘੇ ਐਤਵਾਰ ਫਾਦਰਜ਼ ਡੇਅ ਨੂੰ ਸਮਰਪਿਤ 56ਵੀਂ 2 ਮੀਲ ਅਤੇ 10 ਕੇ ਰੇਸ ਕਰਵਾਈ ਗਈ। ਇਸ ਦੌੜ ਵਿਚ ਵੱਡੀ ਗਿਣਤੀ ਦੌੜਾਕਾਂ ਨੇ ਕੈਲੀਫੋਰਨੀਆ ਤੋਂ ਹਿੱਸਾ ਲਿਆ। ਇਸ ਮੌਕੇ ਹੋਈ ਮੈਰਾਥਨ ਵਿਚ ਕੈਲੀਫੋਰਨੀਆ ਵਾਸੀ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕਮਲਜੀਤ ਬੈਨੀਪਾਲ ਨੇ ਦੱਸਿਆ ਕਿ ਉਨ੍ਹਾਂ ਤੋਂ ਇਲਾਵਾ ਮੇਜਰ ਸਿੰਘ ਸੇਖੋਂ, ਰਜਿੰਦਰ ਸਿੰਘ ਸੇਖੋਂ, ਨਰਿੰਦਰ ਕੌਰ ਸੇਖੋਂ ਅਤੇ ਮਲਕੀਤ ਕੌਰ ਸੇਖੋਂ ਆਦਿ ਨੇ ਵੀ ਰੇਸ ਵਿਚ ਭਾਗ ਲਿਆ ਅਤੇ ਬਹੁਤ ਵਧੀਆ ਪ੍ਰਦਰਸ਼ਨ ਕੀਤਾ। ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਕਮਲਜੀਤ




6 ਪੰਜਾਬੀ ਚੋਬਰਾਂ ਅਤੇ ਮੁਟਿਆਰਾਂ ਨੇ ਭਾਗ ਲਿਆ ਤੇ ਕਮਲਜੀਤ ਸਿੰਘ ਬੈਨੀਪਾਲ ਨੇ 50 ਸਾਲ ਉਮਰ ਗਰੁੱਪ ਵਿਚ ਤੀਜਾ ਸਥਾਨ ਪ੍ਰਾਪਤ ਕੀਤਾ। 60 ਸਾਲ ਉਮਰ ਵਰਗ ਵਿਚ ਹਰਭਜਨ ਸਿੰਘ ਰੰਧਾਵਾ ਨੇ ਦੂਸਰਾ ਸਥਾਨ ਹਾਸਲ ਕੀਤਾ। ਬੈਨੀਪਾਲ ਅਤੇ ਹਰਭਜਨ ਸਿੰਘ ਰੰਧਾਵਾ ਕੈਲੀਫੋਰਨੀਆ ਦੀਆਂ ਹੋਰ ਵੀ ਬਹੁਤ ਸਾਰੀਆਂ ਮੈਰਾਥਨ ਦੌੜਾਂ ਵਿਚ ਹਿੱਸਾ ਲੈ ਕੇ ਪੰਜਾਬੀ ਭਾਈਚਾਰੇ ਦਾ ਨਾਮ ਸਟੇਟ ਲੈਵਲ ‘ਤੇ ਚਮਕਾਉਂਦੇ ਰਹਿੰਦੇ ਹਨ। ***–ਗੁਰਿੰਦਰਜੀਤ ਨੀਟਾ ਮਾਛੀਕੇ/ ਕੁਲਵੰਤ ਧਾਲੀਆਂ***


**Homeopathicvibes**

**Harminder Singh Gill**

Homeopathic Consultant and Practitioner



*D.H.M.S; B.C.I.H*

(Ex Homeopathic Medical officer Punjab Govt.)

**Now we have two locations:**

940 E. El Camino Real, Sunnyvale, CA 94087

39039 Paseo Padre Pkwy, Suite# 209 (upstairs), Fremont, CA 94538

We also do Virtual appointments for long distance patients.

**Ph: (408) 737-7100**

www.homeopathicvibes.com

*We sell and ship homeopathic remedies through out North America.*

**ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ**

GLOBAL MULTI SERVICES

ਪਿਛਲੇ 15 ਸਾਲਾਂ ਤੋਂ ਤੁਹਾਡੀ ਸੇਵਾ ਵਿਚ

ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ

SAME DAY
ਲਾਇਸੰਸ ਪਲੇਟ ਲੈਣ ਵਾਸਤੇ
ਸਾਨੂੰ ਸੰਪਰਕ ਕਰੋ ।

ਹੁਣ ਅਸੀਂ
DPF Cleaning ਅਤੇ Baking
ਵੀ ਕਰਦੇ ਹਾਂ।

STOCKTON ਵਿੱਚ ਪੰਜਾਬੀ ਭਰਾਂਵਾਂ
ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150

**Grand Opening**
**Special Price for Truck Wash**

ਗਲੋਬਲ ਮਲਟੀ ਸਰਵਿਸਿਜ਼ ਦੀ
ਨਵੀਂ ਲੋਕੇਸ਼ਨ STOCKTON ਵਿਚ
HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205

**Ph: 209.982.9996**

FAX: 209.982.9997

www.globalmultiservices.com info@globalmultiservices.com

**REPAIR SHOP**

ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 500+ ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।

**TEL: 209.547.9210**

FAX: 209.547.9211

**REGISTRATION SERVICES**

ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।

**TEL: 209.982.9996**

FAX: 209.982.9997

# ਜੈਨਕੋ ਨੇ ਸਾਲਾਨਾ ਸਭਿਆਚਾਰਕ ਸਮਾਗਮ ਧੂਮ-ਧਾਮ ਨਾਲ ਮਨਾਇਆ

**ਮਿਲਪੀਟਸ:** ਗੁਰੂ ਨਾਨਕ ਇੰਜਨੀਅਰਿੰਗ ਕਾਲਜ ਦੇ ਪੁਰਾਣੇ ਵਿਦਿਆਰਥੀਆਂ ਦੀ ਸੰਸਥਾ ਜੈਨਕੋ ਵਲੋਂ 23ਵਾਂ ਸਾਲਾਨਾ ਸਭਿਆਚਾਰਕ ਸਮਾਗਮ ਸਥਾਨਕ ਕਮਿਊਨਿਟੀ ਸੈਂਟਰ ਵਿਖੇ ਧੂਮ-ਧਾਮ ਨਾਲ ਮਨਾਇਆ ਗਿਆ। ਸਮਾਗਮ ਦੀ ਸ਼ੁਰੂਆਤ ਵਿਚ ਸ. ਗੁਰਤੇਜ ਸਿੰਘ ਨੇ ਆਏ ਮਹਿਮਾਨਾਂ ਨੂੰ ਜੀ ਆਇਆਂ ਆਖਿਆ, ਜਿਸ ਉਪਰੰਤ ਹਰਪਾਲ ਹਰੀਕਾ ਨੇ ਧਾਰਮਿਕ ਗੀਤ ਗਾ ਕੇ ਪ੍ਰੋਗਰਾਮ ਦੀ ਆਰੰਭਤਾ ਕੀਤੀ। ਛੋਟੀਆਂ ਬੱਚੀਆਂ ਦੇ ਗਿੱਧਾ ਗਰੁੱਪ 'ਖਿੜੇ ਫੁੱਲ ਗੁਲਾਬ ਦੇ' ਵਿਚ ਮੇਹਰ ਸਹੋਤਾ, ਸਾਹਿਬ ਢੀਂਡਸਾ, ਖੀਵੀ ਬਦੇਸ਼ਾ, ਦੀਆ ਭਾਟੀਆ, ਮਾਹੀ ਸ਼ਰਮਾ ਨੇ ਮਹਿਕ ਕੌਰ ਢਿਲੋਂ ਤੇ ਰੁਚੀ ਸਹੋਤਾ ਦੀ ਨਿਗਰਾਨੀ ਹੇਠ ਗਿੱਧਾ ਪਾ ਕੇ ਦਰਸ਼ਕਾਂ ਦਾ ਮਨੋਰੰਜਨ ਕੀਤਾ। ਜੈਂਕੋ ਦੀ ਧੜਕਣ ਹਰਪਾਲ ਹਰੀਕਾ ਤੇ ਨਿਰਮਜੀਤ ਸਿੰਘ ਦੀ ਅਗਵਾਈ ਹੇਠ ਭੰਗੜਾ ਪਾ ਕੇ ਦਰਸ਼ਕਾਂ ਦੀ ਵਾਹ-ਵਾਹ ਖੱਟੀ। ਦਰਸ਼ਕਾਂ ਦਾ ਮਨੋਰੰਜਨ ਕੀਤਾ। ਗਿੱਧਾ ਟੀਮ 'ਚ ਕੁਲਬੀਰ ਅਟਵਾਲ, ਨਵੀ ਚੌਹਾਨ, ਰੁਚੀ ਸਹੋਤਾ, ਜਸਪ੍ਰੀਤ ਹਰੀਕਾ, ਅਨੀਤ ਨਾਰੰਗ, ਨੀਰੂ ਬਾਜਵਾ, ਇਸ਼ਵਿੰਦਰ ਸਿੱਧੂ, ਹਰਦੀਪ ਢੀਂਡਸਾ, ਹਰਮਨ ਪੰਧੇਰ ਤੇ ਕੰਵਲਜੀਤ ਸਿੰਘ ਢਿੱਲੋਂ ਨੇ ਗੈਰੀ ਬਾਸੀ ਤੇ ਇਸ਼ਵਿੰਦਰ ਸਿੰਘ ਸਿੱਧੂ ਦੀ ਦੇਖ ਰੇਖ ਹੇਠ ਕਾਲਜ ਦੇ ਵਿਦਿਆਰਥੀਆਂ ਨੂੰ ਦਿੱਤੀ ਜਾ ਰਹੀ ਵਿੱਤੀ ਸਹਾਇਤਾ ਬਾਰੇ ਚਾਨਣਾ ਪਾਇਆ। ਉਨ੍ਹਾਂ ਦੱਸਿਆ ਕਿ ਪਿਛਲੇ ਪੰਜ ਸਾਲ ਦੌਰਾਨ ਸੰਸਥਾ ਵਲੋਂ ਕਾਲਜ ਦੇ ਲੋੜਵੰਦ ਵਿਦਿਆਰਥੀਆਂ ਨੂੰ ਲਗਭਗ ਦੋ ਕਰੋੜ ਰੁਪਏ ਦੀ ਸਹਾਇਤਾ ਦੇ ਚੁੱਕੇ ਹਨ। ਉਨ੍ਹਾਂ ਨੇ ਕਿਹਾ ਕਿ ਸੈਂਟਰਲ ਵੈਲੀ ਵਿਚ ਵੀ ਕਮਿਊਨਿਟੀ ਨਾਲ ਸੰਪਰਕ ਕਰਨ ਤੋਂ ਇਲਾਵਾ ਹਰ ਵਕਤ ਕਮਿਊਨਿਟੀ ਦੇ ਮੈਂਬਰਾਂ ਨੂੰ ਸਿੱਖਿਆ ਸਬੰਧੀ ਜਾਗਰੁਕਤਾ ਪੈਦਾ ਕਰਦੇ ਰਹਿੰਦੇ ਹਨ। ਇਸ ਤੋਂ ਇਲਾਵਾ ਵੱਖ ਵੱਖ ਗੁਰਦੁਆਰਾ ਸਾਹਿਬਾਨਾਂ ਵਿਚ ਸਿੱਖਿਆ ਤੇ ਤਕਨੀਕੀ ਸਿੱਖਿਆ ਬਾਰੇ ਜਾਣਕਾਰੀ ਦਿੰਦੇ ਰਹਿੰਦੇ ਹਨ।

ਸਮਾਗਮ ਨੂੰ ਸਫਲ ਕਰਨ ਲਈ ਜੈਨਕੋ ਦੇ ਆਗੂ ਖੁਸ਼ਵਿੰਦਰ ਚੀਮਾ, ਕੁਲਦੀਪ ਸਿੱਧੂ, ਕੰਵਲਦੀਪ ਢਿਲੋਂ, ਸਤਵੰਤ ਸਿੰਘ, ਦੀਪ ਇੰਦਰ







ਗਰੁੱਪ ਦੇ ਸੁਨੀਤ ਗਰੋਵਰ, ਆਰੀਆ ਮਾਨ, ਏਕਮ ਭਾਟੀਆ, ਗੁਰਨਿਹਾਲ ਸਿੰਘ ਹੰਸਰਾ, ਨੂਰ ਨਾਰੰਗ, ਆਸਨਾ ਮਾਨ, ਰਾਜਵੀਰ ਢਿਲੋਂ ਨੇ ਕੋਚ ਜਗਜੋਤ ਸਿੰਘ ਨਾਰੰਗ ਤੇ ਨਵਦੀਪ ਗਰੋਵਰ ਦੀ ਨਿਗਰਾਨੀ ਹੇਠ ਸ਼ਾਨਦਾਰ ਭੰਗੜਾ ਪਾ ਕੇ ਆਪਣੀ ਕਲਾ ਦਾ ਪ੍ਰਦਰਸ਼ਨ ਕੀਤਾ। ਇਸ ਉਪਰੰਤ ਅਰਨਵ ਚੌਹਾਨ, ਅਭੈ ਸਿੰਘ ਉਪਲ, ਮਾਹੀ ਗਰੋਵਰ, ਗੁਰਸਿਮਰ ਕੌਰ ਹੰਸਰਾ, ਯੁਵਰਾਜ ਅਟਵਾਲ, ਸਾਹਿਬ ਸਿੰਘ, ਸਹਿਜ ਮਾਹਲ ਦੇ ਕਲਾਕਾਰਾਂ ਨੇ

ਭੰਗੜੇ ਦੇ ਨਾਮੀ ਗਰੁੱਪ 'ਗੱਭਰੂ ਸ਼ੌਕੀਨ' ਦੇ ਮੈਂਬਰ ਯੁਵਰਾਜ ਸਿੰਘ ਢਿੱਲੋਂ, ਅਰਮਾਨ ਹਰੀਕਾ, ਗੁਰਸ਼ਾਨ ਹਰੀਕਾ, ਅਗਮਜੋਤ ਸਿੰਘ ਚਾਹਲ, ਅੰਗਦ ਸਿੰਘ ਉਪਲ, ਲੋਗਨ ਸਿੰਘ ਮਾਨ, ਜਗਜੋਤ ਸਿੰਘ ਨਾਰੰਗ, ਸੁਜਾਨ ਹਰੀਕਾ, ਅਰਪਿਤ ਗਰੇਵਾਲ ਨੇ ਕੰਵਲਦੀਪ ਸਿੰਘ ਢਿੱਲੋਂ ਤੇ ਗੈਰੀ ਬਾਸੀ ਦੀ ਨਿਰਦੇਸ਼ਨਾ ਹੇਠ ਭੰਗੜਾ ਪਾ ਕੇ ਦਰਸ਼ਕਾਂ ਦੇ ਦਿਲਾਂ 'ਤੇ ਅਮਿੱਟ ਛਾਪ ਛੱਡੀ। ਹਰਪਾਲ ਹਰੀਕਾ ਨੇ ਸ਼ਾਨਦਾਰ ਗੀਤ ਗਾ ਕੇ ਅਜੁਨੀ ਬਾਜਵਾ, ਸੁਖੀ ਹੰਸ, ਜਗਬੀਰ ਕੰਗ, ਹਰਮਨ ਸਿੱਧੂ, ਮਹਿਕ ਕੌਰ ਢਿੱਲੋਂ ਤੇ ਸੋਨੂੰ ਢਿੱਲੋਂ ਨੇ ਹਰਮਨ ਸਿੱਧੂ ਤੇ ਨਵੀ ਚੌਹਾਨ ਦੀ ਅਗਵਾਈ ਹੇਠ ਗਿੱਧਾ ਪਾ ਕੇ ਧਰਤ ਹਿਲਾ ਦਿੱਤੀ।

ਜੈਨਕੋ ਭੰਗੜਾ ਦੇ ਕਲਾਕਾਰ ਗੁਰਤੇਜ ਅਟਵਾਲ, ਖੁਸ਼ਵਿੰਦਰ ਸਿੰਘ ਚੀਮਾ, ਅਮਰਦੀਪ ਚੌਹਾਨ, ਸਤਵੰਤ ਰਾਣੂੰ, ਹਰਪਾਲ ਹਰੀਕਾ, ਸ਼ਾਨਦਾਰ ਭੰਗੜਾ ਪਾ ਕੇ ਪੰਜਾਬ ਦੀ ਧਰਤੀ ਦੀ ਯਾਦ ਦਿਵਾ ਦਿੱਤੀ। ਇਸ ਮੌਕੇ ਸੰਸਥਾ ਦੇ ਪ੍ਰਧਾਨ ਗੁਰਤੇਜ ਸਿੰਘ ਅਟਵਾਲ ਨੇ ਦੱਸਿਆ ਕਿ ਉਹ ਹਰ ਸਾਲ ਇਸ ਸੰਸਥਾ ਵਲੋਂ ਗੁਰੂ ਨਾਨਕ ਇੰਜਨੀਅਰਿੰਗ ਕਾਲਜ ਲੁਧਿਆਣਾ ਦੇ ਲੋੜਵੰਦ ਵਿਦਿਆਰਥੀਆਂ ਦੀ ਸਹਾਇਤਾ ਕਰਦੇ ਰਹਿੰਦੇ ਹਨ। ਜੈਂਕੋ ਦੇ ਆਗੂ ਰਜਿੰਦਰ ਸਿੰਘ ਟਾਂਡਾ ਨੇ ਬਦੇਸ਼ਾ, ਅੰਮ੍ਰਿਤਪਾਲ ਸਰਾਂ, ਇਸ਼ਵਿੰਦਰ ਸਿੱਧੂ, ਸੰਜੈ ਕਪੂਰ, ਸਤਿੰਦਰ ਗਰੇਵਾਲ ਤੇ ਅਮਰਦੀਪ ਚੌਹਾਨ ਨੇ ਅਣਥੱਕ ਯਤਨ ਕੀਤੇ। ਸਮਾਪਤੀ ਉਪਰੰਤ ਪ੍ਰਬੰਧਕਾਂ ਵਲੋਂ ਆਏ ਹੋਏ ਮਹਿਮਾਨਾਂ ਨੂੰ ਰਾਤਰੀ ਭੋਜਨ ਦਿੱਤਾ ਗਿਆ।

***-ਤਸਵੀਰਾਂ ਤੇ ਵੇਰਵਾ: ਨੀਟਾ ਮਾਛੀਕੇ/ ਕੁਲਵੰਤ ਧਾਲੀਆਂ***

# ਦੂਜੇ ਪੁਸਤਕ ਮੇਲੇ 'ਤੇ ਕੈਲਗਰੀ ਦੇ ਪਾਠਕਾਂ ਨੇ ਦਿਖਾਇਆ ਉਤਸ਼ਾਹ

**ਕੈਲਗਰੀ:** ਲੰਘੀ 12 ਜੂਨ ਨੂੰ ਮਾਸਟਰ ਭਜਨ ਸਿੰਘ ਤੇ ਸਾਥੀਆਂ ਵਲੋਂ 'ਸ਼ਹੀਦ ਭਗਤ ਸਿੰਘ ਬੁੱਕ ਸੈਂਟਰ' ਦੇ ਬੈਨਰ ਹੇਠ ਇਸ ਸਾਲ ਦਾ ਦੂਜਾ ਇੱਕ ਰੋਜ਼ਾ ਪੁਸਤਕ ਮੇਲਾ ਗਰੀਨ ਪਲਾਜ਼ਾ ਵਿਖੇ ਲਗਾਇਆ ਗਿਆ। ਇਸ ਮੌਕੇ ਸੈਂਟਰ ਦੇ ਸੰਚਾਲਕ ਮਾਸਟਰ ਭਜਨ ਸਿੰਘ ਨੇ ਪਾਠਕਾਂ ਨੂੰ ਅਪੀਲ ਕੀਤੀ ਕਿ ਸਾਨੂੰ ਕਿਤਾਬਾਂ ਨੂੰ ਆਪਣੇ ਸੰਬੋਧਨ ਕਰਦੇ ਹੋਏ ਕਿਹਾ ਕਿ ਲੈਨਿਨ ਨੇ ਕਿਹਾ ਸੀ ਕਿ ਮੈਨੂੰ ਆਪਣੇ ਨੌਜਵਾਨਾਂ ਦੇ ਹੱਥਾਂ ਵਿਚ ਕਿਤਾਬਾਂ ਤੇ ਜ਼ੁਬਾਨ 'ਤੇ ਗਾਣਿਆਂ ਬਾਰੇ ਦੱਸੋ ਤਾਂ ਮੈਂ ਤੁਹਾਡੇ ਦੇਸ਼ ਦਾ ਭਵਿੱਖ ਦੱਸ ਸਕਦਾ ਹਾਂ। ਉਨ੍ਹਾਂ ਕਿਹਾ ਕਿ ਬਦਕਿਸਮਤੀ ਨਾਲ਼ ਅੱਜ ਸਾਡੇ ਨੌਜਵਾਨਾਂ ਦੇ ਹੱਥਾਂ ਵਿਚੋਂ ਨਾ ਸਿਰਫ ਕਿਤਾਬਾਂ ਗਾਇਬ ਹੋ ਚੁੱਕੀਆਂ ਹਨ, ਸਗੋਂ ਹਥਿਆਰਾਂ, ਨਸ਼ਿਆਂ, ਗੈਂਗਵਾਰ ਹੈ। ਹਰ ਵਾਰ ਦੀ ਤਰ੍ਹਾਂ ਇਸ ਪੁਸਤਕ ਮੇਲੇ ਵਿਚ ਵੀ ਪੰਜਾਬੀ, ਹਿੰਦੀ, ਅੰਗਰੇਜ਼ੀ ਦੀਆਂ ਸਾਹਿਤਕ, ਰਾਜਨੀਤਕ, ਸਮਾਜਿਕ, ਸਿਹਤ ਸਬੰਧੀ ਕਿਤਾਬਾਂ ਦੇ ਨਾਲ਼-ਨਾਲ਼ ਹੋਰ ਭਾਸ਼ਾਵਾਂ ਵਿਚੋਂ ਪੰਜਾਬੀ ਵਿਚ ਅਨੁਵਾਦਕ ਵਿਸ਼ਵ ਪ੍ਰਸਿੱਧ ਪੁਸਤਕਾਂ ਵੀ ਰੱਖੀਆਂ ਗਈਆਂ ਸਨ। ਪਾਠਕਾਂ ਵਲੋਂ ਦਿਖਾਏ ਉਤਸ਼ਾਹ ਨਾਲ ਪ੍ਰਬੰਧਕਾਂ ਦੇ ਹੌਸਲੇ ਵੀ



ਰੋਜ਼ਾਨਾ ਜੀਵਨ ਦਾ ਹਿੱਸਾ ਬਣਾਉਣ ਦੇ ਨਾਲ-ਨਾਲ ਆਪਣੇ ਘਰਾਂ ਵਿਚ ਮਿੰਨੀ ਲਾਇਬ੍ਰੇਰੀਆਂ ਵੀ ਬਣਾਉਣ ਦੀ ਲੋੜ ਹੈ। ਉਨ੍ਹਾਂ ਪਾਠਕਾਂ ਨੂੰ ਸੁਝਾਅ ਦਿੱਤਾ ਕਿ ਉਹ ਆਪਣੇ ਬੱਚਿਆਂ ਵਿਚ ਕਿਤਾਬਾਂ ਪੜ੍ਹਨ ਦਾ ਉਤਸ਼ਾਹ ਪੈਦਾ ਕਰਨ। ਉਨ੍ਹਾਂ ਮੀਡੀਆ ਵਲੋਂ ਕੀਤੇ ਸਹਿਯੋਗ ਲਈ ਧੰਨਵਾਦ ਕੀਤਾ। ਇਸ ਪੁਸਤਕ ਮੇਲੇ ਦਾ ਉਦਘਾਟਨ ਮੰਡੀ ਮੁੱਲਾਂਪੁਰ ਤੋਂ ਲੋਕ ਕਲਾ ਮੰਚ ਦੇ ਲੇਖਕ ਤੇ ਡਾਇਰੈਕਟਰ ਹਰਕੇਸ਼ ਚੌਧਰੀ ਵਲੋਂ ਕੀਤਾ ਗਿਆ। ਉਨ੍ਹਾਂ ਜਿੱਥੇ ਸ਼ਹੀਦ ਭਗਤ ਸਿੰਘ ਬੁੱਕ ਸੈਂਟਰ ਦੇ ਸੰਚਾਲਕਾਂ ਵਲੋਂ ਵਿਦੇਸ਼ਾਂ ਵਿਚ ਅਜਿਹੇ ਪੁਸਤਕ ਮੇਲੇ ਲਗਾਉਣ ਦੀ ਸ਼ਲਾਘਾ ਕੀਤੀ, ਉਥੇ ਕਾਮਰੇਡ ਲੈਨਿਨ ਦੇ ਕਥਨ ਦੇ ਹਵਾਲੇ ਨਾਲ਼ ਪਾਠਕਾਂ ਨੂੰ ਦੇ ਗੀਤ ਉਨ੍ਹਾਂ ਦੀਆਂ ਜ਼ਬਾਨਾਂ 'ਤੇ ਹਨ।

ਇੱਕ ਰੋਜ਼ਾ ਪੁਸਤਕ ਮੇਲੇ ਵਿਚ ਹਰ ਵਰਗ ਦੇ ਪਾਠਕਾਂ ਨੇ ਨਾ ਸਿਰਫ ਬੜੇ ਉਤਸ਼ਾਹ ਨਾਲ ਕਿਤਾਬਾਂ ਖਰੀਦੀਆਂ, ਸਗੋਂ ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਵਲੋਂ 19 ਜੂਨ, 2022 ਨੂੰ ਕਰਵਾਏ ਜਾ ਰਹੇ 11ਵੇਂ ਨਾਟਕ ਸਮਾਗਮ ਦੀਆਂ ਟਿਕਟਾਂ ਵੀ ਖਰੀਦੀਆਂ। ਪ੍ਰਬੰਧਕਾਂ ਵਲੋਂ 19 ਜੂਨ ਦੇ ਨਾਟਕ ਸਮਾਗਮ ਵਿਚ ਪਹੁੰਚਣ ਦਾ ਸਭ ਨੂੰ ਖੁੱਲ੍ਹਾ ਸੱਦਾ ਦਿੱਤਾ ਗਿਆ। ਪੁਸਤਕ ਮੇਲੇ ਦੇ ਪ੍ਰਬੰਧਕਾਂ ਨੇ ਪਾਠਕਾਂ ਵਲੋਂ ਦਿਖਾਏ ਉਤਸ਼ਾਹ 'ਤੇ ਖੁਸ਼ੀ ਅਤੇ ਤਸੱਲੀ ਦਾ ਪ੍ਰਗਟਾਵਾ ਕੀਤਾ ਕਿ ਕੈਲਗਰੀ ਵਿਚ ਦਿਨੋਂ ਦਿਨ ਪਾਠਕਾਂ ਦੀ ਗਿਣਤੀ ਵਿਚ ਵਾਧਾ ਹੋ ਰਿਹਾ ਬੁਲੰਦ ਹੋਏ ਹਨ ਤੇ ਉਨ੍ਹਾਂ ਵਲੋਂ ਵਾਅਦਾ ਕੀਤਾ ਗਿਆ ਕਿ ਹਰ ਸੰਭਵ ਯਤਨ ਕਰ ਕੇ ਅੱਗੇ ਤੋਂ ਸਮਾਜਿਕ ਸਰੋਕਾਰਾਂ ਨੂੰ ਸਮਰਪਿਤ ਵਿਗਿਆਨਕ ਤੇ ਅਗਾਂਹਵਧੂ ਸੋਚ ਵਾਲੀਆਂ ਹੋਰ ਕਿਤਾਬਾਂ ਵੀ ਰੱਖੀਆਂ ਜਾਣਗੀਆਂ। ਬੇਸ਼ਕ ਇਹ ਪੁਸਤਕ ਮੇਲਾ ਤਾਂ ਉਸੇ ਦਿਨ ਸਮਾਪਤ ਹੋ ਗਿਆ ਸੀ, ਪਰ ਮਾਸਟਰ ਜੀ ਕੋਲ਼ ਕਿਤਾਬਾਂ ਦਾ ਸਟਾਕ ਖਤਮ ਨਹੀਂ ਹੋਇਆ। ਤੁਸੀਂ ਮਾਸਟਰ ਭਜਨ ਸਿੰਘ ਨਾਲ 403-455-4220 'ਤੇ ਸੰਪਰਕ ਕਰ ਕੇ ਉਨ੍ਹਾਂ ਤੋਂ ਆਪਣੇ ਮਨਪਸੰਦ ਦੀਆਂ ਕਿਤਾਬਾਂ ਉਨ੍ਹਾਂ ਦੇ ਘਰੋਂ ਜਾ ਕੇ ਖਰੀਦ ਸਕਦੇ ਹੋ ਅਤੇ ਜੇ ਕੋਈ ਕਿਤਾਬ ਸਟਾਕ ਵਿਚ ਨਾ ਹੋਵੇ ਤਾਂ ਆਰਡਰ ਵੀ ਕਰ ਸਕਦੇ ਹੋ।

# ਸੈਕਰਾਮੈਂਟੋ ਵਿਚ ਖੂਬ ਭਰਿਆ 32ਵਾਂ ਸੱਭਿਆਚਾਰਕ ਮੇਲਾ, ਲੱਗੀਆਂ ਰੌਣਕਾਂ

**ਸੈਕਰਾਮੈਂਟੋ:** ਪੰਜਾਬੀ ਕਲਚਰਲ ਸੋਸਾਇਟੀ ਸੈਕਰਾਮੈਂਟੋ ਵਲੋਂ ਕਰਵਾਏ ਗਏ 32ਵੇਂ ਸੱਭਿਆਚਾਰਕ ਮੇਲੇ ਵਿੱਚ ਪੰਜਾਬੀ ਪਰਿਵਾਰਾਂ ਨੇ ਵੱਡੀ ਗਿਣਤੀ ਵਿਚ ਸ਼ਾਮਲ ਹੋ ਕੇ ਸਮਾਗਮ ਦਾ ਭਰਪੂਰ ਆਨੰਦ ਮਾਣਿਆ। ਕੋਵਿਡ-19 ਦੇ ਹਾਲਾਤ ਦੇ ਮੱਦੇਨਜ਼ਰ ਇਸ ਵਾਰ ਸਮਾਗਮ 'ਰੌਇਲ ਇਵੈਂਟ ਹਾਲ' ਸੈਕਰਾਮੈਂਟੋ ਵਿਚ ਕਰਵਾਇਆ ਗਿਆ। ਕੋਈ ਤਿੰਨ ਘੰਟੇ ਚੱਲੇ ਇਸ ਪ੍ਰੋਗਰਾਮ ਵਿਚ 90 ਦੇ ਕਰੀਬ ਕਲਾਕਾਰਾਂ ਨੇ ਪੰਜਾਬ ਦੇ ਲੋਕ ਨਾਚ ਗਿੱਧੇ ਅਤੇ ਭੰਗੜੇ ਦੀਆਂ ਖੂਬਸੂਰਤ ਵੰਨਗੀਆਂ ਪੇਸ਼ ਕੀਤੀਆਂ। ਰੰਗ-ਬਰੰਗੀਆਂ ਖੂਬਸੂਰਤ ਰਵਾਇਤੀ ਪੰਜਾਬੀ ਪੌਸ਼ਾਕਾਂ ਅਤੇ ਗਹਿਣਿਆਂ ਵਿਚ ਸਜੀਆਂ ਛੋਟੀਆਂ ਬੱਚੀਆਂ ਅਤੇ ਪੰਜਾਬੀ ਮੁਟਿਆਰਾਂ ਨੇ ਗਿੱਧਾ ਪਾ ਕੇ ਦਰਸ਼ਕਾਂ ਦੇ ਮਨ ਮੋਹ ਲਏ। ਮੁੰਡਿਆਂ ਨੇ ਵੀ ਕੁੜਤੇ ਪਜਾਮਿਆਂ ਨਾਲ ਜਚਵੀਆਂ ਪੱਗਾਂ ਬੰਨ੍ਹ ਕੇ ਭੰਗੜੇ ਦੇ ਚੰਗੇ ਜੌਹਰ ਵਿਖਾਏ। ਅਖੀਰ ਵਿਚ ਕੁੜੀਆਂ ਨੇ ਵੀ 'ਰੰਗਲਾ ਪੰਜਾਬ ਭੰਗੜਾ' ਗਰੁੱਪ ਵਲੋਂ ਕਮਾਲ ਦਾ ਭੰਗੜਾ ਪੇਸ਼ ਕੀਤਾ। ਗਾਇਕਾ ਪੂਨਮ ਨੇ ਦੋ ਸੱਭਿਆਚਾਰਕ ਗੀਤ ਗਾ ਕੇ ਦਰਸ਼ਕ ਝੂਮਣ ਲਾ ਦਿੱਤੇ।

ਸੋਸਾਇਟੀ ਦੇ ਮੋਢੀ ਅਤੇ ਰੂਹੇ-ਰਵਾਂ ਰਛਪਾਲ ਸਿੰਘ ਫਰਵਾਲਾ (ਰੇਡੀ" ਸਿੰਗਰ) ਨੇ ਦੋਸਤਾਂ ਦੀ ਫਰਮਾਇਸ਼ 'ਤੇ ਪੂਨਮ ਦੇ ਨਾਲ ਇੱਕ ਪੁਰਾਣਾ ਮਸ਼ਹੂਰ ਗੀਤ 'ਜੇ ਮੁੰਡਿਆ ਸਾਡੀ ਤੋਰ ਤੂੰ ਵੇਖਣੀ' ਗਾ ਕੇ ਦਰਸ਼ਕਾਂ ਤੋਂ ਭਰਪੂਰ ਦਾਦ ਖੱਟੀ। ਨਰਿੰਦਰ ਬੱਗਾ ਅਤੇ ਮੀਕਾ ਨੇ ਢੁਕਵੇਂ ਸੰਗੀਤ ਨਾਲ ਸਾਥ ਦਿੱਤਾ। ਸੋਸਾਇਟੀ ਦੀ ਰਵਾਇਤ ਅਨੁਸਾਰ ਪੰਜਾਬੀ ਭਾਈਚਾਰੇ ਲਈ ਕੰਮ ਕਰਨ ਵਾਲੀਆਂ ਕੁਝ ਸ਼ਖਸੀਅਤਾਂ ਨੂੰ ਸਨਮਾਨਿਤ ਕੀਤਾ ਜਾਂਦਾ ਹੈ। ਇਸ ਵਾਰ ਸ. ਅਮਰੀਕ ਸਿੰਘ ਪਰਹਾਰ, ਸੁਰਿੰਦਰ ਬਿੰਦਰਾ, ਬੌਬੀ ਸਿੰਘ ਐਲਨ ਮੇਅਰ ਸਿਟੀ ਆਫ ਐਲਕ ਗਰੋਵ, ਪਰਗਟ ਸਿੰਘ ਸੰਧੂ ਮੇਅਰ ਗਾਲਟ ਸਿਟੀ ਨੂੰ ਉਨ੍ਹਾਂ ਦੀਆਂ ਸੇਵਾਵਾਂ ਬਦਲੇ ਸਨਮਾਨਿਤ ਕੀਤਾ ਗਿਆ। ਸਟੇਜ ਸੰਚਾਲਨ ਹਰ ਸਾਲ ਦੀ ਤਰਾਂ ਜਸਵੰਤ ਸਿੰਘ ਸ਼ਾਦ ਨੇ ਪੂਰੀ ਜ਼ਿੰਮੇਵਾਰੀ ਨਾਲ ਨਿਭਾਇਆ। ਮਨਦੀਪ ਕੌਰ ਫਰਵਾਲਾ ਨੇ ਗਿੱਧਾ ਟੀਮਾਂ ਤਿਆਰ ਕਰਵਾਉਣ ਵਾਲੀਆਂ ਕੋਚ ਕੁੜੀਆਂ ਬਾਰੇ ਦਿਲਚਸਪ ਜਾਣਕਾਰੀ ਦਿੰਦਿਆਂ ਉਨ੍ਹਾਂ ਦਾ ਹੌਂਸਲਾ ਵਧਾਇਆ। ਵੀਡੀਓ ਤੇ ਫੋਟੋਗ੍ਰਾਫੀ ਮਾਧੋ ਸਿੰਘ ਚਾਹਲ ਨੇ ਕੀਤੀ। ਸਾਰੇ ਪ੍ਰਬੰਧਕ ਮੈਂਬਰ ਅਮਰੀਕ ਸਿੰਘ ਪਰਹਾਰ, ਤੀਰਥ ਸਹੋਤਾ, ਪਰਮਜੀਤ ਢਿਲੋਂ, ਜਤਿੰਦਰ ਬੀਸਲਾ, ਵਰਿੰਦਰ ਸੰਘੇੜਾ, ਕਮਲ ਬੰਗਾ, ਜੱਸੀ ਸੰਘਾ, ਅਵਤਾਰ ਡੋਡ, ਮਨੋਹਰ ਲਾਲ ਰੱਤੀ, ਭੀਲੀ ਸੰਧੂ, ਗੁਰਮਿੰਦਰ ਗੁਰੀ, ਗੁਰਨੇਕ ਸਿੰਘ, ਸੁਰਿੰਦਰ ਬਿੰਦਰਾ, ਬਖਸ਼ੀਸ਼ ਗਿੱਲ, ਬਲਵੰਤ ਸਿੰਘ ਕੰਦੋਲਾ, ਵਿਜੇ ਪਰਹਾਰ, ਰਾਜ ਬਰਾੜ, ਰਾਜਿੰਦਰ ਪਾਲ ਸਿੰਘ, ਮਾਧੋ ਚਾਹਲ, ਜਰਨੈਲ ਮੰਡੇਰ, ਪਵਿੱਤਰ ਨਾਹਲ ਤੇ ਜੱਗੀ ਕੰਦੋਲਾ ਪੂਰੇ ਸਮਾਗਮ ਦੌਰਾਨ ਪੱਬਾਂ ਭਾਰ ਰਹੇ।

# ਸਮੁੰਦਰ ਵਿਚ ਦੋ ਕਿਸ਼ਤੀਆਂ ਟਕਰਾਈਆਂ, 2 ਮੌਤਾਂ

ਸੈਕਰਾਮੈਂਟੋ: ਫਲੋਰਿਡਾ ਦੀ ਬਿਸਕੇਨ ਖਾੜੀ ਦੇ ਪਾਣੀਆਂ ਵਿਚ ਦੋ ਕਿਸ਼ਤੀਆਂ ਵਿਚਾਲੇ ਹੋਈ ਟੱਕਰ ਦੌਰਾਨ 2 ਲੋਕਾਂ ਦੀ ਮੌਤ ਹੋ ਗਈ ਤੇ 10 ਹੋਰਨਾਂ ਨੂੰ ਬਚਾ ਲਿਆ ਗਿਆ। ਯੂ ਐਸ ਕੋਸਟ ਗਾਰਡ ਨੇ ਇਹ ਜਾਣਕਾਰੀ ਦਿੰਦਿਆਂ ਕਿਹਾ ਹੈ ਕਿ ਕਿਸ਼ਤੀਆਂ ਵਿਚਾਲੇ ਟੱਕਰ ਹੋਣ ਉਪਰੰਤ ਉਨ੍ਹਾਂ ਵਿਚ ਸਵਾਰ 12 ਵਿਅਕਤੀ ਪਾਣੀ ਵਿਚ ਜਾ ਡਿੱਗੇ। ਕੋਸਟ ਗਾਰਡ ਸਟੇਸ਼ਨ ਮਿਆਮੀ ਬੀਚ ਦੇ ਅਮਲੇ ਤੇ ਐਮ ਐਚ-65 ਡੌਲਫਿਨ ਹੈਲੀਕਾਪਟਰ ਦੇ ਅਮਲੇ ਨੇ ਤੁਰੰਤ ਕਾਰਵਾਈ ਕਰ ਕੇ 10 ਲੋਕਾਂ ਨੂੰ ਪਾਣੀ ਵਿਚੋਂ ਕੱਢ ਲਿਆ ਜਦ ਕਿ 2 ਨੂੰ ਬਚਾਇਆ ਨਹੀਂ ਜਾ ਸਕਿਆ ਜਿਨ੍ਹਾਂ ਦੀਆਂ ਲਾਸ਼ਾਂ ਬਰਾਮਦ ਕਰ ਲਈਆਂ ਗਈਆਂ ਹਨ। ਮਿਆਮੀ ਫਾਇਰ ਵਿਭਾਗ ਦੇ ਬੁਲਾਰੇ ਲੈਫਟੀਨੈਂਟ ਪੀਟੇ ਸਾਂਚੇਜ਼ ਅਨੁਸਾਰ ਇਹ ਘਟਨਾ ਨਿਕਸਨ ਬੀਚ ਸੈਂਡਬਾਰ ਨੇੜੇ ਵਾਪਰੀ। ਉਨ੍ਹਾਂ ਕਿਹਾ ਕਿ ਬਚਾਏ ਗਏ ਲੋਕਾਂ ਵਿਚੋਂ ਇਕ ਵਿਅਕਤੀ ਦੀ ਹਾਲਤ ਗੰਭੀਰ ਹੈ, ਜਿਸ ਨੂੰ ਜੈਕਸਨ ਮੈਮੋਰੀਅਲ ਮੈਡੀਕਲ ਸੈਂਟਰ ਵਿਚ ਦਾਖਲ ਕਰਵਾਇਆ ਗਿਆ ਹੈ। ਹਾਦਸੇ ਦੇ ਕਾਰਨ ਦਾ ਪਤਾ ਨਹੀਂ ਲੱਗ ਸਕਿਆ।

# ਪਸ਼ੂ-ਪੰਛੀਆਂ ਨਾਲ ਜੁੜੇ ਅਖਾਣ

ਕਲਾ ਪਰਿਕਰਮਾ

ਅਖਾਣਾਂ ਆਮ ਲੋਕਾਂ ਦੇ ਅਨੁਭਵ ਵਾਲੇ ਗਿਆਨ ਵਿਚੋਂ ਜਨਮ ਲੈਂਦੀਆਂ ਹਨ। ਇਨ੍ਹਾਂ ਬਾਰੇ ਆਖਿਆ ਜਾਂਦਾ ਹੈ ਕਿ ਇਹ ਵੱਡੇ-ਵਡੇਰਿਆਂ ਦੇ ਕੱਢੇ ਤੱਤ ਹਨ ਜਿਹੜੇ ਬਿਨਾਂ ਕਿਸੇ ਉਚੇਚ ਪੇਸ਼ ਕੀਤੇ ਗਏ ਹਨ। ਅਖਾਣ ਨੂੰ ਕਹਾਵਤ, ਲੋਕਤੰਤਰ, ਜਨ-ਉਕਤੀ, ਨੀਤੀ ਬਚਨ ਅਤੇ ਸੂਤਰਵਾਕ ਵੀ ਆਖਿਆ ਜਾਂਦਾ ਹੈ। ਅਖਾਣ ਅਸਲ ਵਿਚ ਸੰਖੇਪ ਅਰਥਪੂਰਨ ਕਥਨ ਹੁੰਦੀ ਹੈ ਜਿਸ ਵਿਚ ਵਿਭਿੰਨ ਪ੍ਰਕਾਰ ਦੇ ਵਿਅਕਤੀਆਂ ਦੇ ਲੱਛਣ ਜਾਂ ਉਨ੍ਹਾਂ ਦਾ ਸੁਭਾਅ ਬਿਆਨ ਕੀਤਾ ਗਿਆ ਹੁੰਦਾ ਹੈ। ਥੋੜ੍ਹੇ ਸ਼ਬਦਾਂ ਵਿਚ ਆਖੀ ਅਰਥਪੂਰਨ ਗੱਲ ਹੀ ਅਖਾਣ ਬਣਦੀ ਹੈ।

ਮਨੁੱਖੀ ਜੀਵਨ ਸੁਖਾਲਾ ਬਣਾਉਣ ਲਈ ਜਿਹੜੀਆਂ ਨਸੀਹਤਾਂ ਸਾਧਾਰਨ ਲੋਕਾਂ ਨੇ ਆਲੇ-ਦੁਆਲੇ ਦੇ ਲੋਕਾਂ ਜਾਂ ਆਪਣੇ ਪੁੱਤਾਂ-ਪੋਤਰਿਆਂ ਨੂੰ ਦਿੱਤੀਆਂ ਹਨ, ਉਹ ਅਖਾਣਾਂ ਬਣ ਗਈਆਂ ਹਨ। ਅਖਾਣਾਂ ਦੇ ਨਿਰਮਾਣ ਵਿਚ ਪਸ਼ੂ-ਪੰਛੀਆਂ ਦਾ ਵੱਡਾ ਯੋਗਦਾਨ ਰਿਹਾ ਹੈ। ਉਨ੍ਹਾਂ ਦੀ ਸਰੀਰਕ ਬਣਤਰ, ਸੁਭਾਅ ਅਤੇ ਕਾਰ-ਵਿਹਾਰ ਨਾਲ ਸਮਰੂਪਤਾ ਤਲਾਸ਼ ਕਰਕੇ ਇਨ੍ਹਾਂ ਅਖਾਣਾਂ ਰਾਹੀਂ ਡੂੰਘੀਆਂ ਰਮਜ਼ਾਂ ਅਤਿਅੰਤ ਸਹਿਜ ਨਾਲ ਬਿਆਨ ਕੀਤੀਆਂ ਹਨ। ਆਓ ਕੁਝ ਅਜਿਹੀਆਂ ਅਖਾਣਾਂ 'ਤੇ ਝਾਤ ਪਾਈਏ ਜਿਹੜੀਆਂ ਪਸ਼ੂ-ਪੰਛੀਆਂ ਦੇ ਹਵਾਲੇ ਨਾਲ ਹੋਂਦ ਵਿਚ ਆਈਆਂ ਹਨ।



**ਡਾ. ਨਰੇਸ਼**

ਊਠ ਭਾਰਤ ਵਿਚ ਮਹੱਤਵਪੂਰਨ ਪਸ਼ੂ ਹੈ। ਇਸ ਤੋਂ ਸਵਾਰੀ ਦਾ ਕੰਮ ਵੀ ਲਿਆ ਜਾਂਦਾ ਹੈ ਅਤੇ ਢੋਆ-ਢੁਆਈ ਦਾ ਵੀ। ਕਿਸੇ ਨੂੰ ਉਸ ਦੀ ਨਿਤਾਣਪੁਣੇ ਤੋਂ ਮੁਕਤੀ ਦਿਵਾਉਣ ਲਈ ਸਮਝਾਇਆ ਜਾਂਦਾ ਹੈ ਕਿ 'ਉੱਠੇ ਤਾਂ ਉੱਠ (ਊਠ) ਨਹੀਂ ਤਾਂ ਰੇਤੇ ਦੀ ਮੁੱਠ'। ਨਾਂਹ-ਨੁੱਕਰ ਕਰ ਰਹੇ ਆਦਮੀ ਤੋਂ ਕੰਮ ਲੈਣ ਲਈ 'ਊਠ ਅੜਾਉਂਦੇ ਹੀ ਲੱਦੇ ਜਾਂਦੇ ' ਆਖਿਆ ਜਾਂਦਾ ਹੈ। ਕਿਸੇ ਦਾ ਹੰਕਾਰ ਦਰਸਾਉਣ ਲਈ 'ਊਠ 'ਤੇ ਚੜ੍ਹੀ ਨੂੰ ਦੋ-ਦੋ ਦਿਸਦੇ' ਅਖਾਣ ਹੈ। ਮੁਸ਼ਕਿਲ ਪੈਣ 'ਤੇ ਨਿੱਕਾ-ਮੋਟਾ ਆਹਰ ਵਿਅਰਥ ਹੁੰਦਾ ਹੈ, ਇਸ ਲਈ ਆਖਦੇ ਹਨ ਕਿ 'ਊਠ ਤੋਂ ਛਾਨਣੀ ਲਾਹੁਣ ਨਾਲ ਬੋਝ ਹਲਕਾ ਨਹੀਂ ਹੁੰਦਾ'। ਅਣਮੇਲ ਵਿਆਹ ਨੂੰ 'ਊਠ ਦੇ ਗਲ ਟੱਲੀ' ਆਖਿਆ ਜਾਂਦਾ ਹੈ। ਬੁਰਾ ਸਮਾਂ ਆਉਣ 'ਤੇ ਕਿਸੇ ਬਾਰੇ ਕਿਹਾ ਜਾਂਦਾ ਹੈ ਕਿ 'ਮਾੜੇ ਦਿਨ ਹੁੰਦੇ ਤਾਂ ਊਠ ਚੜ੍ਹੇ ਨੂੰ ਵੀ ਕੁੱਤਾ ਵੱਢ ਲੈਂਦੈ'। ਅਸਮਾਨੀਂ ਉੱਡਦੀ ਇੱਲ੍ਹ ਛਪਾਕ ਹੇਠਾਂ ਉਤਰਦੀ ਹੈ ਅਤੇ ਝਪੱਟਾ ਮਾਰ ਕੇ ਕੁਝ ਨਾ ਕੁਝ ਚੁੱਕ ਕੇ ਲੈ ਜਾਂਦੀ ਹੈ। ਬੇਧਿਆਨੇ ਹੋਏ ਨੁਕਸਾਨ ਦਾ ਬਿਆਨ ਇਹ ਆਖ ਕੇ ਕੀਤਾ ਜਾਂਦਾ ਹੈ- 'ਅੱਖ ਅੱਡੀ ਰਹਿ ਗਈ ਕੱਜਲ ਇੱਲ੍ਹ ਲੈ ਗਈ'। ਦੋ ਮਾੜੇ ਬੰਦਿਆਂ ਦੀ ਸਮਰੂਪਤਾ ਦਿਖਾਉਣ ਲਈ 'ਇੱਲ੍ਹ ਦਾ ਨਣਦੋਈਆ ਕਾਂ' ਅਖਾਣ ਦੀ ਵਰਤੋਂ ਕੀਤੀ ਜਾਂਦੀ ਹੈ। ਕਿਸੇ ਨੂੰ ਅਕਾਰਨ ਦੋਸ਼ ਦੇਣ 'ਤੇ ਆਖਦੇ ਹਨ: 'ਇੱਲ੍ਹ ਮੰਡਾ ਲੈ ਗਈ ਜਠੇਰਿਆਂ ਦਾ ਨਾਂ'।

ਖੇਤੀ ਕਰਦੇ ਕਿਸਾਨ ਦਾ ਸੱਪਾਂ ਦੀਆਂ ਸਿਰੀਆਂ ਮਿੱਧਣਾ ਪੇਂਡੂ ਜੀਵਨ ਵਿਚ ਸਾਧਾਰਨ ਜਿਹੀ ਗੱਲ ਹੈ ਕਿਉਂਕਿ ਸੱਪ ਡੰਗ ਸਕਦਾ ਹੈ। ਕਿਸੇ ਵਿਅਕਤੀ ਵਿਚ ਇੱਕ ਤੋਂ ਵੱਧ ਐਬ ਹੋਣ ਤਾਂ ਉਸ ਬਾਰੇ ਆਖਦੇ ਹਨ: 'ਇੱਕ ਸੱਪ ਦੂਜਾ ਉੱਡਣਾ'। ਨੁਕਸਾਨ ਉਠਾਉਣ ਮਗਰੋਂ ਸੁਚੇਤ ਹੋਏ ਬੰਦੇ ਬਾਰੇ ਆਖਿਆ ਜਾਂਦਾ ਹੈ: 'ਸੱਪ ਦਾ ਡੰਗਿਆ ਰੱਸੀ ਤੋਂ ਵੀ ਡਰਦੈ।' ਦੋ ਮਾੜੇ ਸੁਭਾਅ ਦੇ ਬੰਦਿਆਂ ਦੀ ਲੜਾਈ 'ਸੱਪ ਨਾਲ ਸੱਪ ਲੜੇ ਵਿਹੁ ਕੀਹਨੂੰ ਚੜ੍ਹੇ' ਅਖਾਣ ਰਾਹੀਂ ਪ੍ਰਗਟਾਈ ਜਾਂਦੀ ਹੈ। ਸ਼ੇਰ ਦੇ ਸੁਭਾਅ ਤੋਂ ਵੀ ਅਖਾਣਾਂ ਬਣੀਆਂ ਹਨ। ਕਿਸੇ ਜ਼ੋਰਾਵਰ ਦਾ ਗੁੱਸਾ ਠੰਢਾ ਕਰਨ ਲਈ ਮਾੜੇ-ਥੀੜੇ ਨੂੰ ਉਸ ਤੋਂ ਮੁਆਫੀ ਮੰਗਣ ਦੀ ਸਲਾਹ ਦਿੱਤੀ ਜਾਂਦੀ ਹੈ ਅਤੇ ਉਸ ਤੋਂ ਨਾ ਡਰਨ ਲਈ ਸਮਝਾਇਆ ਜਾਂਦਾ ਹੈ ਕਿ 'ਮੋਹਰੇ ਪਏ ਨੂੰ ਤਾਂ ਸ਼ੇਰ ਵੀ ਨਹੀਂ ਖਾਂਦਾ'। ਦੋ ਧੜੱਲੇਦਾਰ ਵਿਅਕਤੀ ਇੱਕ ਥਾਂ 'ਤੇ ਇਕੱਠੇ ਰਹਿੰਦੇ ਹਨ ਤਾਂ ਨਿੱਤ ਦਾ ਕਲੇਸ਼ ਪਿਆ ਰਹਿੰਦਾ ਹੈ, ਇਸ ਲਈ ਆਖਦੇ ਹਨ: 'ਇੱਕ ਬੇਲੇ ਵਿਚ ਦੋ ਸ਼ੇਰ ਨਹੀਂ ਰਹਿ ਸਕਦੇ'। ਹਾਥੀ ਦੇ ਹਵਾਲੇ ਨਾਲ ਵੀ ਸਾਡੀ ਭਾਸ਼ਾ ਵਿਚ ਕਈ ਅਖਾਣਾਂ ਪ੍ਰਚੱਲਿਤ ਹਨ; ਜਿਵੇਂ 'ਹਾਥੀ ਦੇ ਦੰਦ ਖਾਣ ਦੇ ਹੋਰ ਵਿਖਾਣ ਦੇ ਹੋਰ', 'ਹਾਥੀ ਲੰਘ ਗਿਆ ਪੂਛ ਰਹਿ ਗਈ' ਆਦਿ। ਹਾਥੀ ਦੇ ਦਿਖਾਉਣ ਵਾਲੇ ਦੰਦ ਬੜੇ ਕੀਮਤੀ ਹੁੰਦੇ ਹਨ ਜਿਨ੍ਹਾਂ ਤੋਂ ਅਨੇਕ ਅਲੰਕ੍ਰਿਤ ਵਸਤੂਆਂ ਬਣਾਈਆਂ ਜਾਂਦੀਆਂ ਹਨ, ਇਸ ਲਈ ਹਾਥੀ ਬਾਰੇ ਆਖਦੇ ਹਨ 'ਜਿਊਂਦਾ ਹਾਥੀ ਲੱਖ ਦਾ ਮੋਇਆ ਸਵਾ ਲੱਖ ਦਾ।' ਘਟੀਆ ਚੀਜ਼ 'ਤੇ ਵਧੀਆ ਚੀਜ਼ ਚਾੜ੍ਹੀ ਜਾਂਦੀ ਹੈ ਤਾਂ ਆਖਿਆ ਜਾਂਦਾ ਹੈ: 'ਕੱਖਾਂ ਦੀ ਕੁੱਲੀ ਹਾਥੀ ਦੰਦ ਦਾ ਪਰਨਾਲਾ'।

ਸ਼ਰਾਧਾਂ ਵਿਚ ਕਾਂ ਨੂੰ ਯਮਰਾਜ ਦਾ ਦੂਤ ਸਮਝ ਕੇ ਇਸ ਦਾ ਮਾਣ ਸਤਿਕਾਰ ਕੀਤਾ ਜਾਂਦਾ ਹੈ। ਘਰ ਦੇ ਬਨੇਰੇ 'ਤੇ ਕਾਂ ਬੋਲੇ ਤਾਂ ਕਿਸੇ ਮਹਿਮਾਨ ਦੇ ਆਉਣ ਦੀ ਅਗਾਊਂ ਸੂਚਨਾ ਸਮਝੀ ਜਾਂਦੀ ਹੈ ਪਰ ਉਸ ਦੀਆਂ ਹਰਕਤਾਂ ਤੋਂ ਅਸੀਂ ਕਈ ਅਖਾਣਾਂ ਦੀ ਸਿਰਜਣਾ ਕੀਤੀ ਹੋਈ ਹੈ, ਜਿਵੇਂ 'ਸਿਆਣਾ ਕਾਂ ਰੂੜੀ 'ਤੇ ਬੈਠਦੈ', 'ਭਰਾ ਭਰਾਵਾਂ ਦੇ ਚਿੱਚੜ ਕਾਵਾਂ ਦੇ', 'ਕਾਵਾਂ ਦੇ ਆਖੇ ਢੱਗੇ ਨ੍ਹੀਂ ਮਰਦੈ' ਆਦਿ। ਕਿਰਲੀ ਜਿਹਾ ਨਿਮਾਣਾ ਜੀਵ ਵੀ ਅਸੀਂ ਅਖਾਣ ਬਣਾਉਣ ਵਿਚ ਵਰਤ ਲਿਆ ਹੈ, ਜਿਵੇਂ 'ਜਾਤ ਦੀ ਕੋਹੜ ਕਿਰਲੀ ਸ਼ਤੀਰਾਂ ਨੂੰ ਜੱਫੇ'। ਤੁੱਛ ਜਿਹੇ ਜੀਵ ਕੀੜੀ 'ਤੇ ਵੀ ਅਸੀਂ ਅਖਾਣਾਂ ਬਣਾਈਆਂ ਹੋਈਆਂ ਹਨ, ਜਿਵੇਂ 'ਕੀੜੀ ਦੇ ਘਰ ਭਗਵਾਨ', 'ਕੀੜੀ ਦੀ ਮੌਤ ਆਉਂਦੀ ਹੈ ਤਾਂ ਉਸ ਨੂੰ ਖੰਭ ਲੱਗ ਜਾਂਦੇ ਹਨ' ਆਦਿ। ਕੁੱਕੜ-ਕੁੱਕੜੀ ਪਾਲਣਾ ਵੀ ਪੇਂਡੂ ਜੀਵਨ ਦਾ ਮਹੱਤਵਪੂਰਨ ਅੰਗ ਹੈ। ਕੋਈ ਸਾਡੀ ਆਸ ਤੋਂ ਉਲਟ ਨਿਕਲਦਾ ਹੈ ਤਾਂ ਅਸੀਂ ਆਖਦੇ ਹਾਂ 'ਇੱਕੋ ਅੰਡਾ ਉਹ ਵੀ ਗੰਦਾ'। ਨਿਮਨ ਪੱਧਰ ਦੀ ਵਸਤੂ ਨੂੰ ਮਹਿੰਗੀ ਵਸਤੂ ਨਾਲ ਕੱਜਿਆ ਜਾਵੇ ਤਾਂ ਆਖਦੇ ਹਨ 'ਅੰਨ੍ਹੀ ਕੁੱਕੜੀ ਖਸਖਸ ਦਾ ਚੋਗਾ'। ਆਪ ਤੰਗੀ ਕੱਟ ਕੇ ਕਿਸੇ ਦਾ ਭਲਾ ਕਰਨ ਨੂੰ 'ਆਂਡੇ ਹੋਰ ਘਰ, ਕੁੜਕੁੜ ਸਾਡੇ ਘਰ' ਆਖਿਆ ਜਾਂਦਾ ਹੈ। 'ਘਰ ਦੀ ਮੁਰਗੀ ਦਾਲ ਬਰਾਬਰ', 'ਕੁੱਕੜ ਖੇਹ ਉਡਾਈ ਆਪਣੇ ਸਿਰ ਪਾਈ' ਜਿਹੀਆਂ ਅਖਾਣਾਂ ਵੀ ਇਸੇ ਜੀਵ ਦੇ ਪ੍ਰਸੰਗ ਵਿਚ ਬਣੀਆਂ ਹੋਈਆਂ ਹਨ।

ਵਫਾਦਾਰ ਜਾਨਵਰ ਸਮਝ ਕੇ ਖਾਂਦੇ-ਪੀਂਦੇ ਲੋਕ ਕੁੱਤਿਆਂ ਨੂੰ ਸਿਖਲਾਈ ਦੇ ਕੇ ਪਰਿਵਾਰਕ ਮੈਂਬਰਾਂ ਵਾਂਗ ਵੀ ਪਾਲਦੇ ਹਨ। ਇਨ੍ਹਾਂ ਜਾਨਵਰਾਂ ਤੋਂ ਅਸੀਂ ਕਈ ਅਖਾਣਾਂ ਬਣਾ ਛੱਡੀਆਂ ਹਨ, ਜਿਵੇਂ 'ਇੱਕ ਬੋਟੀ ਸੌ ਕੁੱਤਾ', 'ਕੁੱਤੇ ਦਾ ਕੁੱਤਾ ਵੈਰੀ', 'ਸਰਫਾ ਕਰਕੇ ਸੁੱਤੀ ਆਟਾ ਖਾ ਗਈ ਕੁੱਤੀ', 'ਸਾਂਝੀ ਦੇਗ ਕੁੱਤਿਆਂ ਖਾਧੀ', 'ਭਰੇ ਘਰਾਂ ਦਾ ਕੁੱਤਾ ਭੁੱਖਾ', 'ਪਿੰਡ ਨੂੰ ਅੱਗ ਲੱਗੀ ਕੁੱਤਾ ਰੂੜੀ 'ਤੇ', 'ਜਿਹੜੇ ਭੌਂਕਦੇ ਹਨ ਉਹ ਵੱਢਦੇ ਨਹੀਂ', 'ਧੋਬੀ ਦਾ ਕੁੱਤਾ ਨਾ ਘਰ ਦਾ ਨਾ ਘਾਟ ਦਾ', 'ਕੁੱਤੇ ਨੂੰ ਹੱਡੀ ਦਾ ਸਵਾਦ', 'ਕੁੱਤੇ ਨੂੰ ਘਿਉ ਨਹੀਂ ਪਚਦਾ', 'ਕੁੱਤੇ ਦੀ ਪੂਛ ਕਦੇ ਸਿੱਧੀ ਨਹੀਂ ਹੁੰਦੀ', 'ਅੰਨ੍ਹਾ ਕੁੱਤਾ 'ਵਾ ਨੂੰ ਭੌਂਕੇ', 'ਅੰਨ੍ਹੀ ਕੁੱਤੀ ਜਲੇਬੀਆਂ ਦੀ ਰਾਖੀ' ਆਦਿ। ਸਿਆਣੇ ਅਤੇ ਮੂਰਖ ਵਿਅਕਤੀ ਦਾ ਫਰਕ ਸਪਸ਼ਟ ਕਰਨ ਲਈ ਆਖਿਆ ਜਾਂਦਾ ਹੈ: 'ਸਿਆਣੇ ਨੂੰ ਸੈਨਤ ਗਧੇ ਨੂੰ ਸੋਟਾ'। ਗਧੇ ਦੇ ਹਵਾਲੇ ਨਾਲ ਇਹ ਅਖਾਣਾਂ ਵੀ ਪ੍ਰਚੱਲਿਤ ਹਨ- 'ਡਿੱਗੀ ਖੋਤੇ ਤੋਂ ਗੁੱਸਾ ਘੁਮਿਆਰ 'ਤੇ', 'ਕੰਮ ਕੱਢਣ ਲਈ ਗਧੇ ਨੂੰ ਵੀ ਬਾਪ ਬਣਾਉਣਾ ਪੈਂਦੈ' ਅਤੇ 'ਗਧੇ ਨੂੰ ਦਿੱਤਾ ਲੂਣ ਅਖੇ ਮੇਰੀਆਂ ਅੱਖਾਂ ਭੰਨਦੈ।'

ਭਾਰਤੀ ਪਸ਼ੂਆਂ ਵਿਚ ਗਾਂ ਨੂੰ ਸਭ ਤੋਂ ਵੱਧ ਮਹੱਤਵ ਪ੍ਰਾਪਤ ਹੈ। ਹਿੰਦੂ ਇਸ ਨੂੰ 'ਗਊ ਮਾਤਾ' ਆਖਦੇ ਹਨ। ਇਹ ਦੁਧਾਰੂ ਪਸ਼ੂ ਵਧੇਰੇ ਕਰਕੇ ਅਸੀਲ ਹੁੰਦਾ ਹੈ ਪਰ ਕਈ ਗਊਆਂ ਮਾਰਖੰਡ ਵੀ ਹੁੰਦੀਆਂ ਹਨ, ਇਸ ਲਈ ਜੇਕਰ ਪਿਓ-ਪੁੱਤਰ ਦੋਵਾਂ ਦਾ ਵਿਹਾਰ ਮਾੜਾ ਹੋਵੇ ਤਾਂ ਆਖਿਆ ਜਾਂਦਾ ਹੈ 'ਭੈੜੀ ਗਾਂ ਦਾ ਭੈੜਾ ਵੱਛਾ'। ਪੁੱਤਰ ਪਿਓ ਦੀ ਉਂਗਲੀ ਫੜੀ ਫਿਰਦਾ ਰਹੇ ਤਾਂ ਆਖਦੇ ਹਨ- 'ਜਿੱਥੇ ਗਾਂ ਉੱਥੇ ਵੱਛਾ'। ਗਿੱਦੜ ਨੂੰ ਕਮਜ਼ੋਰ ਪਰ ਚਲਾਕ ਜਾਨਵਰ ਸਮਝਿਆ ਜਾਂਦਾ ਹੈ। ਅੰਦਰੋਂ ਡਰਿਆ ਵਿਅਕਤੀ ਜਦੋਂ ਬੜ੍ਹਕ ਮਾਰਦਾ ਹੈ ਤਾਂ ਉਸ ਨੂੰ 'ਗਿੱਦੜ ਭਬਕੀ' ਆਖਿਆ ਜਾਂਦਾ ਹੈ। ਬਹੁਤੀ ਮਾਰਕੁੱਟ ਨੂੰ 'ਗਿੱਦੜ ਕੁੱਟ' ਆਖਦੇ ਹਨ। 'ਆਪਣੇ ਘਰ ਗਿੱਦੜ ਵੀ ਸ਼ੇਰ', 'ਗਿੱਦੜ ਦਾਖ ਨਾ ਅੱਪੜੀ ਆਖੇ ਥੂਹ ਕੌੜੀ', 'ਕੱਲ੍ਹ ਜੰਮੀ ਗਿੱਦੜੀ ਤੇ ਅੱਜ ਵਿਆਹ' ਜਿਹੀਆਂ ਅਖਾਣਾਂ ਵੀ ਇਸੇ ਜਾਨਵਰ ਨਾਲ ਸਬੰਧਤ ਹਨ।

ਘੋੜਾ ਆਪਣੇ ਮਾਲਕ ਪ੍ਰਤੀ ਅਤਿਅੰਤ ਵਫਾਦਾਰ ਹੁੰਦਾ ਹੈ। ਘੋੜੇ ਨਾਲ ਸਬੰਧਤ ਕਈ ਅਖਾਣਾਂ ਵੀ ਪੰਜਾਬੀ ਵਿਚ ਮੌਜੂਦ ਹਨ। ਬਿਮਾਰ ਵਿਅਕਤੀ ਤੰਦਰੁਸਤ ਹੋ ਜਾਵੇ ਤਾਂ ਉਸ ਨੂੰ 'ਘੋੜੇ ਵਰਗਾ' ਆਖਿਆ ਜਾਂਦਾ ਹੈ। ਵਿਆਹ ਸਮੇਂ ਲਾੜੇ ਦਾ 'ਘੋੜੀ ਚੜ੍ਹਨਾ' ਅਤੇ ਸੁਆਣੀਆਂ ਦੁਆਰਾ 'ਘੋੜੀਆਂ ਗਾਉਣਾ' ਪੰਜਾਬ ਦੀ ਲੋਕਪ੍ਰਿਯਾ ਪਰੰਪਰਾ ਹੈ।


ਚਿੜੀ ਬਹੁਤ ਨਿਮਾਣਾ ਜਿਹਾ ਜੀਵ ਹੈ। ਪੰਜਾਬ ਦੀਆਂ ਕੁਆਰੀਆਂ ਕੁੜੀਆਂ ਆਪਣੇ ਆਪ ਨੂੰ 'ਚਿੜੀਆਂ' ਆਖਦੀਆਂ ਹਨ, 'ਸਾਡਾ ਚਿੜੀਆਂ ਦੇ ਚੰਬਾ ਵੇ ਬਾਬਲ ਅਸੀਂ ਉੱਡ ਜਾਣਾ'। ਚਿੜੀ ਦੇ ਭੋਲੇਪਣ ਤੋਂ ਉਪਜੀ ਅਖਾਣ ਹੈ 'ਚਿੜੀ ਵਿਚਾਰੀ ਕੀ ਕਰੇ, ਠੰਢਾ ਪਾਣੀ ਪੀ ਮਰੇ'। ਆਪਣੇ ਬੋਲ ਪੁਗਾਉਣ ਤੋਂ ਆਹਰੀ ਵਿਅਕਤੀ ਸੱਜੇ-ਖੱਬੇ ਦੀ ਗੱਲ ਕਰਦਾ ਹੈ ਤਾਂ ਉਹ 'ਮਰ ਜਾ ਚਿੜੀਏ ਜਿਉਂ ਜਾ ਚਿੜੀਏ' ਕਰ ਰਿਹਾ ਹੁੰਦਾ ਹੈ। ਢੱਗਾ ਜਾਂ ਬਲਦ ਕਿਸਾਨ ਦੀ ਜਿੰਦ-ਜਾਨ ਹੁੰਦਾ ਹੈ। ਪੰਜਾਬ ਵਿਚ ਕਿਸੇ ਦਾ ਹਾਲਚਾਲ ਜਾਣਨ ਲਈ ਪੁੱਛਦੇ ਹਨ- 'ਹੋਰ ਸੁਣਾ ਢੱਗਾ ਵੱਛਾ ਰਾਜ਼ੀ?' ਮਾੜੇ-ਧੀੜੇ ਨਕਾਰੇ ਬੰਦੇ ਨੂੰ 'ਖੱਸੀ ਢੱਗਾ' ਆਖਦੇ ਹਨ। ਬੱਕਰੀ ਵੀ ਦੁਧਾਰੂ ਪਾਲਤੂ ਪਸ਼ੂ ਹੈ। ਸਾਡੀਆਂ ਕੁਝ ਅਖਾਣਾਂ ਬੱਕਰੀ ਨਾਲ ਵੀ ਸੰਬਧਿਤ ਹਨ ਜਿਵੇਂ 'ਬੱਕਰੀ ਜਾਨੋਂ ਗਈ ਖਾਣ ਵਾਲੇ ਨੂੰ ਸਵਾਦ ਨਾ ਆਇਆ' ਅਤੇ 'ਬੱਕਰੀ ਨੇ ਦੁੱਧ ਦਿੱਤਾ ਉਹ ਵੀ ਮੀਂਗਣਾਂ ਪਾ ਕੇ।' ਬਾਂਦਰ ਬਾਰੇ ਪ੍ਰਸਿੱਧ ਹੈ 'ਬਾਂਦਰ ਕੀ ਜਾਣੇ ਅਦਰਕ ਦਾ ਸੁਆਦ।' ਬਿੱਲੀ ਦੇ ਹਵਾਲੇ ਨਾਲ ਕਈ ਅਖਾਣਾਂ ਹਨ- ਜਿਵੇਂ 'ਛਿੱਕਾ ਟੁੱਟਾ ਬਿੱਲੀ ਦੇ ਭਾਗੀ', 'ਨੌਂ ਸੌ ਚੂਹੇ ਖਾ ਕੇ ਬਿੱਲੀ ਚੱਲੀ ਹੱਜ ਨੂੰ', 'ਬਿੱਲੀ ਨੂੰ ਚੂਹੇ ਦੇ ਸੁਪਨੇ', 'ਬਿੱਲੀ ਦੇ ਸਰ੍ਹਾਣੇ ਦੁੱਧ ਨਹੀਂ ਜੰਮਦਾ', 'ਬਿੱਲੀ ਨੇ ਸ਼ੀਂਹ ਪੜ੍ਹਾਇਆ ਸ਼ੀਂਹ ਖਾਣ ਨੂੰ ਆਇਆ', 'ਕਾਠ ਦੀ ਬਿੱਲੀ ਮਿਆਉਂ ਕੌਣ ਕਰੇ' ਆਦਿ। ਭੇਡ ਦੁੱਧ ਵੀ ਦਿੰਦੀ ਹੈ ਅਤੇ ਉੱਨ ਵੀ, ਪਰ ਸੁਭਾਅ ਵਜੋਂ ਭੇਡਾਂ ਇੱਕ ਦੂਜੀ ਦੇ ਮਗਰ ਤੁਰਦੀਆਂ ਹਨ, ਇਸ ਲਈ ਬਿਨਾਂ ਸੋਚੇ ਸਮਝੇ ਲੋਕ ਕਿਸੇ ਦੇ ਮਗਰ ਲੱਗਦੇ ਹਨ ਤਾਂ ਉਸ ਨੂੰ 'ਭੇਡ ਚਾਲ' ਆਖਿਆ ਜਾਂਦਾ ਹੈ।

ਮੱਖੀ ਤੁੱਛ ਜਿਹਾ ਜੀਵ ਹੈ; ਉਸ ਦੀ ਭੀਂ-ਭੀਂ ਕੰਨ ਨੂੰ ਸੁਖਾਵੀਂ ਨਹੀਂ ਜਾਪਦੀ। ਵਿਹਲੇ ਬੰਦੇ ਬਾਰੇ 'ਬੈਠਾ ਮੱਖੀਆਂ ਮਾਰਦੈ' ਕਿਹਾ ਜਾਂਦਾ ਹੈ। 'ਅੱਖੀਂ ਦੇਖ ਕੇ ਮੱਖੀ ਨਹੀਂ ਨਿਗਲੀ ਜਾਂਦੀ', 'ਨ੍ਹਾਤੀ-ਧੋਤੀ ਰਹਿ ਗਈ, ਉਤੇ ਮੱਖੀ ਬਹਿ ਗਈ', 'ਉਹ ਤਾਂ ਨੱਕ 'ਤੇ ਮੱਖੀ ਨਹੀਂ ਬੈਠਣ ਦਿੰਦਾ' ਆਦਿ ਅਖਾਣਾਂ ਦਾ ਸਬੰਧ ਮੱਖੀ ਨਾਲ ਹੈ। ਮੱਛੀ ਪਾਣੀ ਦਾ ਜੀਵ ਹੈ। ਪਾਣੀ ਤੋਂ ਬਾਹਰ ਕੱਢੀ ਜਾਂਦੀ ਹੈ ਤਾਂ ਉਹ ਤੜਫ-ਤੜਫ ਕੇ ਜਾਨ ਦੇ ਦਿੰਦੀ ਹੈ। ਇਸੇ ਤੋਂ 'ਤਰਲੋਮੱਛੀ ਹੋਣਾ' ਮੁਹਾਵਰਾ ਹੈ। ਆਰਥਿਕ ਸ਼ੋਸ਼ਣ ਬਾਰੇ ਗੱਲ ਕਰਨ ਲਈ ਵੀ ਮੱਛੀ ਸਬੰਧੀ ਅਖਾਣ ਤੋਂ ਕੰਮ ਲਿਆ ਜਾਂਦਾ ਹੈ ਕਿ 'ਵੱਡੀ ਮੱਛੀ ਛੋਟੀ ਮੱਛੀ ਨੂੰ ਖਾ ਜਾਂਦੀ ਹੈ।' ਮੱਝ ਤੋਂ ਵੀ ਅਸੀਂ ਕੁਝ ਅਖਾਣਾਂ ਘੜ ਰੱਖੀਆਂ ਹਨ ਜਿਵੇਂ 'ਮੱਝ ਵੇਚ ਕੇ ਘੋੜੀ ਲਈ, ਦੁੱਧ ਪੀਣੋਂ ਗਏ ਲਿੱਦ ਚੁੱਕਣੀ ਪਈ'।

## ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 2 ਜੁਲਾਈ 2022 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-540



**ਸ਼ਾਇਦ ਦਰ ਕਿਤੇ ਵੇਖਦਾ ਹੈ ਭਵਿੱਖ ਆਪਣਾ,**
**ਗੁਰਬਤ ਵਿਚ ਰਹਿ ਕੇ ਵੀ ਹੈ ਅਦਿੱਖ ਮਾਪਣਾ।**
**ਸੁਫ਼ਨਿਆਂ ਨੂੰ ਸੱਚ ਕਰਨਾ ਹੈ ਜੀਣਾ ਜ਼ਿੰਦਗੀ,**
**ਨਵੇਂ ਦਹਦਿਸੇ ਖੜ੍ਹੇ ਕਰਨਾ ਹੈ ਸੱਚੀ ਬੰਦਗੀ।**

### ਕੈਪਸ਼ਨ ਮੁਕਾਬਲਾ-538



ਚੁੱਲ੍ਹੇ ਨੇ ਕਦੇ ਸੋਚਿਆ ਨ੍ਹੀਂ ਸੀ,
ਮੇਰੀ ਵੀ ਕਦੇ, ਇਹ ਹਾਲਤ ਹੋਜੂ।
ਗੈਸ ਦੀ ਥਾਂ 'ਤੇ ਮੇਰੇ ਅੰਦਰ,
ਮਹਿੰਗਾਈ ਦੀ ਮਾਰ, ਬਾਲਣ ਘਸੋਜੂ।
***-ਗੁਰਦੇਵ ਸਿੰਘ ਢਪਾਲੀ***
***ਗੁਰੂ ਤੇਗ ਬਹਾਦਰ ਨਗਰ, ਬਠਿੰਡਾ।***
***ਫੋਨ: 94176-49275***

---

ਚੁੱਲ੍ਹਾ ਦੇ ਕੇ, ਵੋਟਾਂ ਲੈ ਗਏ
ਬੜੀ ਅਸਾਂ ਨੇ ਖੁਸ਼ੀ ਮਨਾਈ।
ਅੱਖਾਂ ਸਾਡੀਆਂ ਓਦੋਂ ਖੁੱਲ੍ਹੀਆਂ
ਜਦ ਗੈਸ ਨਾ ਘਰ ਵਿਚ ਆਈ।
ਪੱਟ ਪਟਾ ਸਭ ਲੱਲਾ-ਭੱਭਾ
ਆਪਣੀ ਹੀ ਇੱਕ ਜੁਗਤ ਬਣਾਈ।
***-ਜਗਮੀਤ ਸਿੰਘ ਪੰਧੇਰ***
***ਵਿੰਨੀਪੈਗ, ਕੈਨੇਡਾ***
***ਫੋਨ: +1 2042963177***

---

ਮਹਿੰਗਾਈ ਦੀ ਮਾਰ
ਗਰੀਬੀ 'ਤੇ ਪੈ ਗਈ ਹੈ ਭਾਰੀ,
ਗੈਸ ਸਿਲੰਡਰ ਭਰਵਾਏ ਨਹੀਂ ਜਾਂਦੇ
ਮੁੜ ਆਈ ਬਾਲਣ ਫੂਕਣ ਦੀ ਵਾਰੀ,
ਇੰਨਾ ਮਹਿਗਾ ਕਿੱਥੋਂ ਭਰਾਵਾਂ
ਗੈਸ ਸਿਲੰਡਰ ਖੂੰਝੇ ਲਾਵਾਂ,
ਚੱਲ ਸੁੱਕਾ ਬਾਲਣ ਹੀ ਲੱਭ ਲਿਆਵਾਂ,
ਪਰ ਹੁਣ ਬਾਲਣ ਨੂੰ ਅੱਗ ਕਿੱਥੇ ਲਾਵਾਂ,
ਰੋਟੀ ਸਬਜ਼ੀ ਕਿਵੇਂ ਬਣਾਵਾਂ,
ਹੁਣ ਫਿਰ ਕੋਈ ਜੁਗਾੜ ਹੀ ਲਾਵਾਂ।
ਇਸ ਚੁੱਲ੍ਹੇ ਵਿਚ ਹੀ ਬਾਲਣ ਪਾਵਾਂ,
ਬਹੁਤੀ ਹੋਰ ਦੇਰ ਨਾ ਲਾਵਾਂ।
ਪਰਿਵਾਰ ਲਈ ਮੈਂ ਰੋਟੀ ਪਕਾਵਾਂ,
ਇਸ ਚੁੱਲ੍ਹੇ ਕੋਲ ਹੀ ਬੈਠ ਖਵਾਵਾਂ।
**-ਨਵਜੋਧ ਸਿੰਘ ਬਾਜਵਾ**

---

**ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਕਾਲ ਕਰੋ: 847-359-0746**

# ਦੁੱਖ ਦਾ ਮਾਪ ਯੰਤਰ

ਅਗਰ ਕਿਸੇ ਦੇ ਦੁੱਖ ਨੂੰ ਨਾਪਣਾ ਹੋਵੇ ਤਾਂ ਇਕ ਹੀ ਯੰਤਰ ਹੈ ਕਿ ਦੁੱਖ ਨਾਲ ਕਿਸੇ ਦੀ ਨੇੜਤਾ ਕਿੰਨੀ ਹੈ। ਇਸ ਹਿਸਾਬ ਨਾਲ ਸਭ ਤੋਂ ਵਧੇਰੇ ਦੁਖੀ ਤਾਂ ਕੋਈ ਖੁਦ ਹੁੰਦਾ ਹੈ, ਜਿਸ ਨਾਲ ਦੁੱਖ ਵਾਪਰਿਆ ਹੋਵੇ। ਦੂਜੇ ਨੰਬਰ 'ਤੇ ਉਸਨੂੰ ਪਿਆਰ ਕਰਨ ਵਾਲੇ ਦੁਖੀ ਹੁੰਦੇ ਹਨ। ਪਿਆਰ ਨੂੰ ਨਾਪਣ ਦਾ ਯੰਤਰ ਵੀ ਦੁੱਖ ਹੀ ਹੈ। ਜਿੰਨਾ ਅਸੀਂ ਕਿਸੇ ਦੇ ਦੁੱਖ ਵਿਚ ਦੁਖੀ ਹੁੰਦੇ ਹਾਂ, ਓਨਾ ਹੀ ਅਸੀਂ ਉਸ ਨੂੰ ਪਿਆਰ ਕਰਦੇ ਹਾਂ।

ਦੁੱਖ ਵੇਲੇ ਪਿਆਰ ਦੇ ਇਲਾਵਾ ਇਨਸਾਨੀਅਤ ਦਾ ਅਹਿਸਾਸ ਵੀ ਨਾਪਿਆ ਜਾ ਸਕਦਾ ਹੈ। ਮੈਂ ਕਿਸੇ ਨੂੰ ਪਿਆਰ ਨਹੀਂ ਵੀ ਕਰਦਾ, ਫਿਰ ਵੀ ਮੈਂ ਉਸਦੇ ਦੁੱਖ ਨੂੰ ਮਹਿਸੂਸ ਕਰਦਾ ਹਾਂ ਤਾਂ ਇਹ ਮੇਰੀ ਇਨਸਾਨੀਅਤ ਹੈ। ਜਿੰਨੀ ਕਿਸੇ ਵਿਚ ਵਧੇਰੇ ਇਨਸਾਨੀਅਤ ਹੋਵੇਗੀ, ਓਨਾ ਹੀ ਉਹ ਦੂਰ ਦੇ ਦੁੱਖ ਵਿਚ ਦੁਖੀ ਹੋਵੇਗਾ। ਮੇਰੀ ਨਜ਼ਰ ਵਿਚ ਇਨਸਾਨੀਅਤ ਦੀ ਪੱਧਰ 'ਤੇ ਦੁੱਖ ਨੂੰ ਮਹਿਸੂਸ ਕਰਨਾ ਵੱਡੀ ਗੱਲ ਹੈ। ਪਿਆਰ

**ਅਵਤਾਰ ਸਿੰਘ**
**ਫੋਨ: 94175-18384**

ਅਤੇ ਰਿਸ਼ਤੇ ਦੀ ਨੇੜਤਾ ਵਿਚ ਤਾਂ ਹਰ ਕੋਈ ਦੁੱਖ ਮਹਿਸੂਸ ਕਰ ਸਕਦਾ ਹੈ, ਪਰ ਇਨਸਾਨੀਅਤ ਦੀ ਪੱਧਰ 'ਤੇ ਕੋਈ ਵਿਰਲਾ ਹੀ ਨਿੱਤਰਦਾ ਹੈ। ਦੂਰ ਦੇ ਦੁੱਖ ਦਾ ਅਹਿਸਾਸ ਕੁਝ ਇਸਤਰ੍ਹਾਂ ਦਾ ਹੁੰਦਾ ਹੋਵੇਗਾ:

ਇਸ ਲੀਏ ਭੀ ਰਾਤ ਕੋ ਘਰ ਸੇ ਨਿਕਲ ਆਤਾ ਹੂੰ ਮੈਂ,
ਕਿ ਸਰਦੀਓਂ ਕੇ ਚਾਂਦ ਕੋ ਅਹਿਸਾਸੇ ਤਨਹਾਈ ਨ ਹੋ।

ਮੂਸੇਵਾਲੇ ਦੇ ਕਤਲ ਉਪਰੰਤ ਸਭ ਤੋਂ ਵਧੇਰੇ ਦੁਖੀ ਉਹਦੇ ਮਾਪੇ, ਰਿਸ਼ਤੇਦਾਰ, ਪਿਆਰ ਕਰਨ ਵਾਲੇ ਤੇ ਉਹਦੇ ਗੀਤਾਂ ਦੇ ਉਪਾਸ਼ਕ ਸਨ। ਉਹਦੇ ਗੀਤਾਂ ਦੀ ਉਪਾਸ਼ਨਾ ਕਰਨ ਵਾਲਿਆਂ ਵਿਚ ਅਣੋਭੜ ਤੇ ਅਨਾੜੀ ਕਿਸਮ ਦੇ ਨੌਜਵਾਨਾਂ ਦੀ ਵੱਡੀ ਗਿਣਤੀ ਸੀ, ਜਿਨ੍ਹਾਂ ਨੂੰ ਅਸੀਂ ਅਕਸਰ ਮੁੰਡੇ ਕਹਿੰਦੇ ਹਾਂ ਤੇ ਜਿਨ੍ਹਾਂ ਨੂੰ ਕਿਸੇ ਗੀਤ ਦੇ ਚੰਗੇ ਮਾੜੇ ਹੋਣ ਦੀ ਸੋਝੀ ਨਹੀਂ ਹੁੰਦੀ। ਉਨ੍ਹਾਂ ਲਈ ਗੀਤ ਦੇ ਚੰਗੇ-ਮਾੜੇ ਹੋਣ ਦਾ ਪੈਮਾਨਾ ਇਹੀ ਹੁੰਦਾ ਹੈ, ਜੋ ਉਨ੍ਹਾਂ ਦੇ ਅੰਦਰ ਹਉਮੈ ਜਗਾਉਂਦਾ ਹੈ ਤੇ ਹੰਕਾਰ ਨੂੰ ਪੱਠੇ ਪਾਉਂਦਾ ਹੈ, ਉਹ ਚੰਗਾ ਹੈ ਤੇ ਜਿਹੜਾ ਨਹੀਂ ਪਾਉਂਦਾ ਉਹ ਮਾੜਾ ਹੈ। ਬਹੁਤ ਸਾਰੇ ਗਾਣੇ ਅਜਿਹੇ ਹੁੰਦੇ ਹਨ, ਜਿਨ੍ਹਾਂ ਨੂੰ ਸੁਣਦਿਆਂ ਇਵੇਂ ਮਹਿਸੂਸ ਹੁੰਦਾ ਹੈ, ਜਿਵੇਂ ਪੈਰਾਂ ਹੇਠ ਸਪ੍ਰਿੰਗ ਲੱਗ ਗਏ ਹੋਣ ਤੇ ਅੱਡੀਆਂ ਉਪਰ ਨੂੰ ਚੱਕ ਹੋਣ ਲੱਗ ਪੈਣ।

ਪੰਜਾਬ ਦੇ ਅਣੋਭੜ ਤੇ ਅਨਾੜੀ ਲੋਕ ਹਰ ਚੀਜ਼ ਚੱਕਵੀਂ ਪਸੰਦ ਕਰਦੇ ਹਨ; ਗਾਣੇ, ਗੱਡੀਆਂ ਤੇ ਨਸ਼ੇ ਵੀ। ਸ਼ਾਇਦ ਅਜਿਹੇ ਲੋਕਾਂ ਲਈ ਹੀ ਜਸਪਿੰਦਰ ਨਰੂਲਾ ਨੇ ਦੁਗਾਣਾ ਗਾਇਆ ਸੀ:

'ਮੈਂ ਤਾਂ ਦਿੰਨੀ ਹਾਂ ਪੈਰਾਂ ਤੋਂ ਬੰਦਾ ਚੱਕ ਸੋਹਣਿਆਂ।'


ਸਭ ਤੋਂ ਵੱਧ ਬੁਲਟ ਮੋਟਰ-ਸਾਈਕਲ ਪੰਜਾਬ 'ਚ ਵਿਕਦਾ ਹੈ। ਖੁੱਲ੍ਹੀਆਂ ਜੀਪਾਂ ਤੇ ਬੇਲੋੜੇ ਸ਼ਕਤੀਸ਼ਾਲੀ ਟ੍ਰੈਕਟਰ ਪੰਜਾਬ 'ਚ ਹੀ ਨਜ਼ਰ ਆਉਂਦੇ ਹਨ। ਇੱਥੇ ਸ਼ਰਾਬ ਵੀ ਉਹੀ ਪਸੰਦ ਕੀਤੀ ਜਾਂਦੀ ਹੈ, ਜਿਹਦੇ ਦੋ ਘੁੱਟ ਹੀ ਏਨੇ ਪੈਰ ਚੱਕ ਦੇਣ ਕਿ ਬੰਦਾ ਅੰਗਰੇਜ਼ੀ ਬੋਲਣ ਲੱਗ ਪਵੇ ਤੇ ਕਿਸੇ ਦੀ ਧੀ-ਭੈਣ ਨੂੰ ਬੇਝਿਜਕ ਤਾੜ ਸਕੇ।

ਮੈਂ ਆਪਣੇ ਮਲਵਈ ਦੋਸਤ ਦੇ ਘਰੇ ਗਿਆ ਹੋਇਆ ਸੀ ਤੇ ਰਾਤ ਨੂੰ ਉਸ ਦੋਸਤ ਦੇ ਜੀਜੇ ਨੇ ਦਾਰੂ ਦੇ ਦੋ ਘੁੱਟ ਪੀ ਕੇ ਹੀ ਆਪਣੇ ਸਾਲੇ ਨੂੰ ਅਜਿਹੀ ਗੱਲ ਕਹੀ, ਜਿਹੜੀ ਕਿਸੇ ਵੀ ਸਾਹਿਤ ਦੀ ਵਿਧਾ ਵਿਚ ਕਹੀ ਨਹੀਂ ਜਾ ਸਕਦੀ।

ਚੱਕਵੇਂ ਗੀਤ ਅਕਸਰ ਮਰਦਾਵੇਂ ਸ਼ੌਵਨਿਜ਼ਮ ਨਾਲ ਸਬੰਧਤ ਹੁੰਦੇ ਹਨ। ਪਰ ਪੰਜਾਬੀ ਗੀਤਾਂ ਵਿੱਚ ਮਰਦ ਸ਼ੌਵਨਿਜ਼ਮ ਨਹੀਂ ਹੁੰਦਾ, ਬਲਕਿ ਇਕ ਜਾਤੀ ਵਿਸ਼ੇਸ਼ ਦਾ ਮਰਦ ਸ਼ੌਵਨਿਜ਼ਮ ਹੁੰਦਾ ਹੈ। ਇਸੇ ਕਰਕੇ ਮੂਸੇਵਾਲੇ ਦੇ ਗੀਤ ਬਹੁਤੇ ਟ੍ਰੈਕਟਰਾਂ 'ਤੇ ਵੱਜਦੇ ਸਨ। ਦੂਸਰੇ ਲੋਕ ਉਸਦੇ ਗੀਤਾਂ ਦੇ ਉਪਾਸ਼ਕ ਨਹੀਂ ਸਨ, ਕਿਉਂਕਿ ਉਨ੍ਹਾਂ ਲਈ ਤਾਂ ਉਸਦੇ ਗੀਤਾਂ ਵਿਚ ਵੱਡੀ ਗਾਲ ਅਤੇ ਧਮਕੀ ਦਾ ਬਲੈਂਡ ਹੁੰਦਾ ਸੀ। ਇਸਦੇ ਇਲਾਵਾ ਲੜਕੀਆਂ ਵੀ ਉਸਦੇ ਗੀਤਾਂ ਦੀਆਂ ਉਪਾਸ਼ਕ ਨਹੀਂ ਸਨ, ਕਿਉਂਕਿ ਉਸਦੇ ਗੀਤਾਂ ਵਿਚ ਕੁੜੀਆਂ ਦੀ ਹੈਸੀਅਤ ਮੂਸੇਵਾਲਾ ਬ੍ਰੈਂਡ ਮਰਦ ਅਧਿਕਾਰ ਦੇ ਬਾਹਰ ਸਿਰਫ ਸਿਫ਼ਰ ਦੇ ਬਰਾਬਰ ਸੀ।

ਮੇਰੇ ਕਈ ਦੋਸਤ ਮਹਿਸੂਸ ਕਰਦੇ ਹਨ ਕਿ ਅਜਿਹੇ ਗੀਤ ਪੰਜਾਬ ਦੀ ਕਮਿਊਨਲ ਹਾਰਮਨੀ ਲਈ ਸਿਹਤਮੰਦ ਨਹੀਂ ਹਨ। ਕੈਨੇਡਾ ਰਹਿਣ ਵਾਲਾ ਮੇਰਾ ਬਹੁਤ ਹੀ ਸੰਵੇਦਨਸ਼ੀਲ ਅਤੇ ਸੂਝਵਾਨ ਦੋਸਤ ਸਵਰਨਜੀਤ ਬਰਾੜ ਅਜਿਹੀ ਗੀਤਕਾਰੀ ਤੋਂ ਬੇਹੱਦ ਨਿਰਾਸ਼ ਅਤੇ ਪਰੇਸ਼ਾਨ ਹੁੰਦਾ ਹੈ ਕਿ ਇਹ ਗੀਤ ਬਰਾਦਰੀ ਨੂੰ ਵੀ ਅਸਲੀਅਤ ਦੇ ਵਿਰੁੱਧ ਬਦਨਾਮ ਕਰਦੇ ਹਨ ਤੇ ਪੰਜਾਬ ਦੀ ਸਮਾਜਿਕਤਾ ਵਿਚ ਵੀ ਜ਼ਹਿਰ ਘੋਲਦੇ ਹਨ। ਉਹ ਖੁਦ ਕਦੇ-ਕਦੇ ਬਹੁਤ ਸੋਹਣੇ ਗੀਤ ਗਾ ਕੇ ਮੈਨੂੰ ਭੇਜਦਾ ਹੈ, ਜਿਨ੍ਹਾਂ ਨੂੰ ਸੁਣ ਕੇ ਧਰਵਾਸ ਬੱਝਦਾ ਹੈ ਕਿ ਚਲੋ 'ਕੋਈ ਹਰਿਆ ਬੂਟ' ਹਾਲੇ ਕਾਇਮ ਹੈ। ਉਸਤੋਂ ਉਮੀਦ ਹੈ ਕਿ ਉਹ ਪੰਜਾਬ ਦੀ ਸੋਚ ਅਤੇ ਤਹਿਜ਼ੀਬ ਲਈ ਜ਼ਰੂਰ ਕੁਝ ਅੱਛਾ ਕਰੇਗਾ। ਮੇਰੀ ਇਸ ਦੋਸਤ ਨੂੰ ਸਲਾਹ ਹੈ ਕਿ ਉਹ ਆਪਣੇ ਜਿਹੇ ਲੋਕਾਂ ਨਾਲ ਮਿਲ ਕੇ ਪੰਜਾਬ ਦੀ ਗੀਤਕਾਰੀ ਵਿਚ ਸਵੱਛਤਾ ਲਿਆਉਣ ਲਈ ਕੋਈ ਉਪਰਾਲਾ ਕਰਨ, ਜਿਹਦੇ ਨਾਲ ਪੰਜਾਬ ਵਿਚ ਇਨਸਾਨੀ ਵੇਦਨਾ, ਸੰਵੇਦਨਾ ਅਤੇ ਯਥਾਰਥ ਦਾ ਬੋਲਬਾਲਾ ਹੋ ਸਕੇ।

ਮੇਰੇ ਇਕ ਪ੍ਰੋਫੈਸਰ ਦੋਸਤ ਨੇ 'Robber Noblemen: A study of the poilitcal system of the Sikh Jats' ਕਿਤਾਬ ਪੜ੍ਹੀ ਤੇ ਉਹ ਏਨੇ ਪਰੇਸ਼ਾਨ ਹੋ ਗਏ ਕਿ ਮੈਨੂੰ ਫ਼ੋਨ ਕਰਕੇ ਪੁੱਛਣ ਲੱਗੇ, "ਯਾਰ ਅਸੀਂ ਐਨੇ ਮਾੜੇ ਹਾਂ?" ਉਹ ਕਿਤਾਬ ਸ਼ਾਇਦ ਮਾਨਸਾ ਜ਼ਿਲ੍ਹੇ ਦੇ ਸਰਵੇ ਅਧਾਰਤ ਹੈ ਤੇ ਫ਼ਰਾਂਸੀਸੀ ਔਰਤ Joyce Petitgrew ਦੀ ਲਿਖੀ ਹੋਈ ਤੇ




1978 ਦੀ ਛਪੀ ਹੋਈ ਹੈ।

ਪ੍ਰੋ ਸਾਹਿਬ ਦੇ ਸਵਾਲ ਦਾ ਜਵਾਬ ਦੇਣ ਲਈ ਮੇਰੇ ਉੱਤੇ ਦੋਸਤੀ ਅਤੇ ਸ਼ਿਸ਼ਟਾਚਾਰ ਦਾ ਮਣਾਂਮੂੰਹੀਂ ਬੋਝ ਪੈ ਗਿਆ, ਜਿਸ ਹੇਠ ਦੱਬਿਆ ਹੋਇਆ ਮੈਂ ਏਨਾ ਹੀ ਕਹਿ ਸਕਿਆ ਕਿ ਕੋਈ ਵੀ ਬਰਾਦਰੀ ਕਦੇ ਵੀ ਜਨਮ ਤੋਂ ਅਤੇ ਥੋਕ ਵਿਚ ਖਰਾਬ ਨਹੀਂ ਹੁੰਦੀ। ਜੇ ਕੋਈ ਬਰਾਦਰੀ ਪੰਜਾਹ ਸੱਠ ਸਾਲ ਲਗਾਤਾਰ ਰਾਜ-ਸੱਤਾ ਦੇ ਝੂਟੇ ਲੈਂਦੀ ਰਹੇ ਤਾਂ ਉਸਦਾ ਅਕਸ ਅਤੇ ਵਿਵਹਾਰ ਇਹੋ ਜਿਹਾ ਹੋ ਹੀ ਜਾਂਦਾ ਹੈ। ਇਸ ਲਈ ਰਾਜ-ਸੱਤਾ ਵਿਚ ਜਲਦੀ ਜਲਦੀ ਤਬਦੀਲੀ ਹੁੰਦੀ ਰਹਿਣੀ ਕਿਸੇ ਵੀ ਸਮਾਜ ਅਤੇ ਭਾਈਚਾਰੇ ਦੇ ਮਨੋ-ਬਲ ਅਤੇ ਮਨੋ-ਦਸ਼ਾ ਦੇ ਠੀਕ ਤਵਾਜ਼ਨ ਲਈ ਬੇਹੱਦ ਲਾਜ਼ਮੀ ਹੁੰਦੀ ਹੈ। ਹਿਸਟੋਰੀਅਨ ਲੌਰਡ ਐਕਟਨ ਦਾ ਕਥਨ ਹੈ: Power tends to corrupt, and absolute power corrupts absolutely

ਪੰਜਾਬ ਸਮਾਜਿਕ, ਸੱਭਿਆਚਾਰਕ, ਬੋਲੀ, ਕਿੱਤੇ ਅਤੇ ਰੰਗ ਢੰਗ ਪੱਖੋਂ ਵੰਨਸੁਵੰਨਤਾ ਵਾਲਾ ਸੂਬਾ ਹੈ। ਅਗਰ ਅਸੀਂ ਚਾਹੁੰਦੇ ਹਾਂ ਕਿ ਹਰ ਧਿਰ ਨੂੰ ਸਨਮਾਨ ਮਿਲੇ, ਪਰ ਮਾਣ ਅਤੇ ਅਭਿਮਾਨ ਤੋਂ ਪਰਹੇਜ਼ ਕਰੇ ਤਾਂ ਜ਼ਰੂਰੀ ਹੈ ਕਿ ਸਾਰੀਆਂ ਧਿਰਾਂ ਨੂੰ ਪੰਜਾਬ ਦੀ ਰਾਜ-ਸੱਤਾ ਦੀ ਵਾਰੀ ਵਾਰੀ ਜ਼ਿੰਮੇਵਾਰੀ ਦਾ ਅਹਿਸਾਸ ਅਤੇ ਤਜਰਬਾ ਕਰਾਇਆ ਜਾਵੇ।

ਅਜਿਹਾ ਨਾ ਹੋਣ ਕਰਕੇ ਹੀ ਪੰਜਾਬ ਦੇ ਗ਼ੈਰ ਟ੍ਰੈਕਟਰ ਲੋਕਾਂ ਦਾ ਜੀਣ-ਥੀਣ ਬਲਬੀਰ ਮਾਧੋਪੁਰੀ ਦੀ ਕਿਤਾਬ 'ਛਾਂਗਿਆ ਰੁੱਖ' ਜਿਹਾ ਹੋ ਗਿਆ ਹੈ। ਇਹ ਕਿਤਾਬ ਪੰਜਾਬੀ ਵਿਚ ਸੋਲਾਂ ਵਾਰੀ ਛਪ ਚੁੱਕੀ ਹੈ ਤੇ ਔਕਸਫੋਰਡ ਨੇ ਇਸਦਾ ਅੰਗਰੇਜ਼ੀ ਅਨੁਵਾਦ ਦੋ ਵਾਰੀ ਛਾਪਿਆ ਹੈ। ਇਹ ਰੂਸੀ ਅਤੇ ਪੋਲਿਸ਼ ਭਾਸ਼ਾ ਵਿਚ ਵੀ ਅਨੁਵਾਦ ਹੋ ਚੁੱਕੀ ਹੈ ਤੇ ਪੋਲੈਂਡ ਦੀ ਯੂਨੀਵਰਸਿਟੀ ਵਿਚ ਪੜ੍ਹਾਈ ਵੀ ਜਾ ਰਹੀ ਹੈ। ਇਹ ਕਿਤਾਬ ਦੇਸ਼ ਦੀਆਂ ਦਸ ਜ਼ੁਬਾਨਾਂ ਵਿਚ ਅਨੁਵਾਦ ਹੋ ਚੁੱਕੀ ਹੈ ਤੇ ਦਿੱਲੀ ਯੂਨੀਵਰਸਿਟੀ ਵਿਚ ਪੜ੍ਹੀ ਅਤੇ ਪੜ੍ਹਾਈ ਵੀ ਜਾ ਰਹੀ ਹੈ। ਸਿਰਫ਼ ਪੰਜਾਬ ਵਿਚ ਹੀ ਇਹਦਾ ਜ਼ਿਕਰ ਕਰਨਾ ਮਕਰੂਹ ਹੈ।

ਪੰਜਾਬ ਨਾਲ ਸਬੰਧਤ ਵਿਰਲੇ ਵਿਰਲੇ ਲੋਕ ਪੰਜਾਬ ਦੀ ਵਿਗੜੀ ਅਤੇ ਨਿਘਰੀ ਹੋਈ ਸਮਾਜਿਕ ਵਿਵਸਥਾ ਬਾਰੇ ਬੋਲਦੇ ਹਨ ਤੇ ਬਹੁਤ ਥੋੜ੍ਹੇ ਹਨ ਜੋ ਲਿਖਣ ਦੀ ਕੋਸ਼ਿਸ਼ ਕਰਦੇ ਹਨ। ਮੂਸੇਵਾਲੇ ਦੇ ਬੇਕਿਰਕ ਕਤਲ ਉਪਰੰਤ ਮਾਪਿਆਂ ਨਾਲ ਬੇਟੇ ਦੇ ਕਤਲ ਦਾ ਦੁੱਖ ਸਾਂਝਾ ਕਰਨਾ ਹਰ ਕਿਸੇ ਦਾ ਫ਼ਰਜ਼ ਬਣਦਾ ਸੀ। ਪਰ ਇਸ ਦੁੱਖ ਦੇ ਨਾਲ ਨਾਲ ਉਸਦੇ ਗੀਤਾਂ ਵਿਚ ਪੇਸ਼ ਹੋਏ ਮਰਦ ਸ਼ੌਵਨਿਜ਼ਮ, ਧੌਂਸ, ਧਮਕੀ, ਧੱਕੇ, ਹੁੱਲੜਬਾਜ਼ ਹਿੰਸਾ ਅਤੇ ਅਤਿ ਆਧੁਨਿਕ ਹਥਿਆਰਾਂ ਦੇ ਪ੍ਰਚਾਰ ਨੂੰ ਦਸਮੇਸ਼ ਪਿਤਾ ਦੇ ਆਦੇਸ਼ ਨਾਲ ਜੋੜ ਦੇਣ ਦੀ ਹਿਮਾਕਤ ਕਿਸੇ ਤਰ੍ਹਾਂ ਵੀ ਜਾਇਜ਼ ਨਹੀਂ ਕਹੀ ਜਾ ਸਕਦੀ।

ਕਿਸੇ ਕਥਾਵਾਚਕ ਦਾ ਏਨਾ ਹੌਸਲਾ ਵਧ ਗਿਆ ਕਿ ਉਹ ਮੂਸੇਵਾਲ ਦਾ ਗਾਣਾ ਇਸ ਤਰ੍ਹਾਂ ਗਾਉਣ ਲੱਗ ਪਿਆ, ਜਿਸ ਤਰ੍ਹਾਂ ਸ਼ਾਇਦ ਉਹ ਮੀਰਾਂਬਾਈ ਦਾ ਭਜਨ ਵੀ ਨਾ ਗਾ ਸਕੇ। ਹੋਰ ਤਾਂ ਹੋਰ ਆਧੁਨਿਕ ਗਿਆਨ ਦਾ ਮੱਕਾ ਸਮਝੀ ਜਾਂਦੀ ਯੂਨੀਵਰਸਿਟੀ ਦੇ ਛੇ ਫੁੱਟੇ ਦਰਸ਼ਨੀ ਵਿਦਵਾਨ ਨੇ ਵੀ ਮੂਸੇਵਾਲੇ ਦੇ ਹੱਕ ਵਿੱਚ ਆਪਣੀ ਚੋਣਵੀਂ ਸ਼ਬਦਾਵਲੀ ਇੱਥੋਂ ਤੱਕ ਨਿਛਾਵਰ ਕਰ ਦਿੱਤੀ ਕਿ ਆਪਣੇ ਵਿਦਵਤਾ ਵਾਲੇ ਅਕਸ ਦਾ ਵੀ ਖਿਆਲ ਨਾ ਰੱਖਿਆ।

ਦਿੱਲੀ ਦੇ ਸੂਝਵਾਨ ਤੇ ਸੰਵੇਦਨਸ਼ੀਲ ਗਾਇਕ ਦੇ ਮਨ ਅੰਦਰ ਪੰਜਾਬੀਅਤ ਦਾ ਦਰਦ ਜਾਗਿਆ ਤਾਂ ਉਸਨੇ ਅਖ਼ਬਾਰ ਵਿਚ ਮੂਸੇਵਾਲੇ ਦੇ ਅਫ਼ਸੋਸ ਨਾਲ ਉਸਦੀ ਗੀਤਕਾਰੀ ਦੀ ਆਲੋਚਨਾ ਕਰ ਦਿੱਤੀ, ਜਿਸਨੂੰ ਪੜ੍ਹ ਕੇ ਪੰਜਾਬ ਦੇ ਮੰਨੇ ਪ੍ਰਮੰਨੇ ਇਤਿਹਾਸ-ਅਚਾਰੀਆ ਹਰਕਤ ਵਿਚ ਆ ਗਏ ਤੇ ਉਸਨੇ ਏਨੀ ਤਹਿਜ਼ੀਬ ਮੁਕਤ ਭਾਸ਼ਾ ਵਿਚ ਉਸ ਗਾਇਕ ਨੂੰ ਤਾਹਨੇ ਮਾਰੇ ਕਿ ਪੁੱਛੋ ਕੁਝ ਨਾ।

ਮੈਂ ਸੋਚਿਆ ਕਿ ਅਜਿਹੇ ਤਰਲ-ਚਿੱਤ ਗਾਇਕ ਦਾ ਲਿਖਣਾ ਅਰਥ ਰੱਖਦਾ ਹੈ ਤੇ ਉਹ ਆਪਣੀ ਗਾਇਕੀ ਤੇ ਲਿਖਤ ਦੇ ਅੰਦਾਜ਼ ਤੋਂ ਬੜਾ ਨੇਕ, ਸੁਘੜ, ਸਿਆਣਾ ਅਤੇ ਤਹਿਜ਼ੀਬ ਵਿਚ ਰਹਿਣ ਵਾਲਾ ਸ਼ਖ਼ਸ ਪ੍ਰਤੀਤ ਹੁੰਦਾ ਹੈ। ਮੈਂ ਹੈਰਾਨ ਹੋਇਆ ਕਿ ਇਤਿਹਾਸ-ਅਚਾਰੀਆ ਨੇ ਉਸਦੀ ਲਿਖਤ ਦੇ ਕਿਸੇ ਇੱਕ ਅੱਖਰ ਦਾ ਵੀ ਹਵਾਲਾ ਅਤੇ ਜਵਾਬ ਨਹੀਂ ਦਿੱਤਾ ਕਿ ਉਸਨੇ ਕੀ ਗਲਤ ਲਿਖਿਆ ਹੈ। ਮਨ ਵਿਚ ਸਵਾਲ ਪੈਦਾ ਹੋਇਆ ਕਿ ਉਹ ਇਤਿਹਾਸ-ਅਚਾਰੀਆ ਏਦਾਂ ਹੀ ਇਤਿਹਾਸ ਪੜ੍ਹਾਉਂਦੇ ਰਹੇ ਹੋਣਗੇ!

ਮੇਰੇ ਕਈ ਦੋਸਤ ਮੈਨੂੰ ਕਹਿੰਦੇ ਰਹਿੰਦੇ ਹਨ ਕਿ ਮੈਂ ਪੰਜਾਬ ਦਾ ਬਹੁਤਾ ਹੀ ਫਿਕਰ ਕਰਦਾ ਹਾਂ। ਮੈਂ ਸੋਚਦਾ ਹਾਂ ਕਿ ਜਿਹੜੇ ਲੋਕ ਆਪਣੇ ਬਾਲ-ਬੱਚੇ ਸਮੇਤ ਪੰਜਾਬ ਨੂੰ ਤਿਲਾਂਜਲੀ ਦੇ ਕੇ ਬਾਹਰ ਚਲੇ ਗਏ ਹਨ ਤੇ ਆਪਣੇ ਭੈਣ-ਭਾਈ ਤੇ ਮਾਂ-ਬਾਪ ਵੀ ਬਾਹਰ ਸੱਦ ਲਏ ਜਾਂ ਕੱਢ ਲਏ ਹਨ, ਉਹ ਲੋਕ ਪੰਜਾਬ ਦਾ ਫਿਕਰ ਕਰਨੋ ਨਹੀਂ ਹਟੇ ਤਾਂ ਮੈਂ ਕਿਵੇਂ ਹਟ ਜਾਵਾਂ, ਜਿਹਦਾ, ਸੱਬੱਬ ਹੋਣ ਦੇ ਬਾਵਜੂਦ, ਬਾਹਰ ਜਾਣ ਦਾ ਕੋਈ ਇਰਾਦਾ ਨਹੀਂ ਹੈ ਤੇ ਨਾ ਆਪਣੇ ਬੱਚਿਆਂ ਨੂੰ ਬਾਹਰ ਧੱਕਣ ਜਾਂ ਕੱਢਣ ਦਾ ਇਰਾਦਾ ਹੈ।

ਮੇਰੇ ਜਿਹੇ ਲੋਕਾਂ ਲਈ ਬੜੀ ਹੀ ਚਿੰਤਾਜਨਕ ਗੱਲ ਇਹ ਹੈ ਕਿ ਪੰਜਾਬ ਦੇ ਸੂਝਵਾਨ ਤੇ ਸੰਵੇਦਨਸ਼ੀਲ ਲੋਕਾਂ ਕੋਲ ਸਿਰਫ ਚੱਪਾ ਕੁ ਅਧਿਕਾਰ ਬਚਿਆ ਹੈ, ਜਿੱਥੋਂ ਉਹ ਲਿਖ ਸਕਦੇ ਹਨ ਤੇ ਬੋਲ ਸਕਦੇ ਹਨ। ਅਗਰ ਉਨ੍ਹਾਂ ਲੋਕਾਂ ਨੇ ਆਪਣਾ ਏਨਾ ਕੁ ਅਧਿਕਾਰ ਵੀ ਇਸਤੇਮਾਲ ਨਾ ਕੀਤਾ ਤੇ ਛੱਡ ਦਿੱਤਾ ਤਾਂ ਉਨ੍ਹਾਂ ਦੀ ਹੋਂਦ ਹਵਾ ਵਿਚ ਲਟਕ ਜਾਵੇਗੀ।

ਪੰਜਾਬ ਦੇ ਸੂਝਵਾਨ ਤੇ ਸੰਵੇਦਸ਼ੀਲ ਲੋਕਾਂ ਨੇ ਅਗਰ ਪੰਜਾਬ ਦੀ ਸਮਾਜਿਕ ਅਤੇ ਸੱਭਿਆਚਾਰਕ ਸਾਂਝੀਵਾਲਤਾ ਤੇ ਸਰਬੱਤ ਦੇ ਭਲੇ ਵਾਲੀ ਸੰਵੇਦਨਸ਼ੀਲ ਸੋਚ ਨੂੰ ਬਚਾਉਣ ਅਤੇ ਕਾਇਮ ਕਰਨ ਹਿੱਤ ਆਪਣੇ ਬਚੇ ਖੁਚੇ ਚੱਪਾ ਕੁ ਅਧਿਕਾਰ ਦੀ ਵੀ ਵਰਤੋਂ ਨਾ ਕੀਤੀ ਤਾਂ ਜਲਦੀ ਹੀ ਲੋਕ ਕਿਹਾ ਕਰਨਗੇ 'ਇਕ ਪੰਜਾਬ ਹੁੰਦਾ ਸੀ, ਜਿੱਥੇ ਲੋਕ ਬੜੇ ਸੂਝਵਾਨ, ਮਿਹਨਤੀ ਤੇ ਮਿਲਾਪੜੇ ਹੁੰਦੇ ਸਨ'।


# ਫਾਦਰ'ਜ਼ ਡੇਅ: ਸ਼ਹੀਦ ਪਿਤਾ ਦੇ ਪੁੱਤਰ ਦੇ ਮਨ ਦੇ ਵਲਵਲੇ

ਬਹੁਤ ਪਿਆਰੇ ਦੇਸ਼ ਵਾਸੀ",

ਉਮੀਦ ਹੈ ਤੁਸੀਂ ਸਾਰੇ ਆਪਣੇ ਆਪਣੇ ਘਰਾਂ ਵਿਚ ਰਾਜ਼ੀ-ਬਾਜ਼ੀ ਹੋਵੋਗੇ, ਖੁਸ਼ ਹੋਵੋਗੇ ਆਪਣੇ ਬੱਚਿਆਂ ਦੇ ਨਾਲ, ਮਾਂ ਪਿਓ ਦੇ ਨਾਲ।

ਆਪ ਦਾ ਸਮਾਂ ਮੈਂ ਬਹੁਤ ਨਹੀਂ ਲਵਾਂਗਾ, ਸਿਰਫ਼ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਹ 'ਫਾਦਰ'ਜ਼ ਡੇਅ' ਕਿਉਂ ਮਨਾਇਆ ਜਾਂਦਾ ਹੈ, ਅੱਜ ਸਕੂਲ ਵਿਚ ਵੀ ਟੀਚਰ ਨੇ ਕਿਹਾ ਕਿ ਫਾਦਰ'ਜ਼ ਡੇਅ ਦੇ ਤੁਸੀਂ ਕਾਰਡ ਬਣਾ ਕੇ ਲਿਆਉਣਾ, ਮੇਰੇ ਫਾਦਰ ਤਾਂ ਦੇਸ਼ ਦੀ ਰੱਖਿਆ ਕਰਦੇ ਸ਼ਹੀਦ ਹੋ ਗਏ, ਮੇਰੇ ਕਈ ਹੋਰ ਦੋਸਤਾਂ ਦੇ ਪਿਤਾ ਵੀ ਇਸੇ ਤਰ੍ਹਾਂ ਸ਼ਹੀਦੀਆਂ ਪਾ ਗਏ ਦੇਸ਼ ਲਈ ਲੜਦੇ ਲੜਦੇ।

ਮੈਂ ਇਹ ਸਿਰਫ਼ ਕਿਉਂਕਿ ਸ਼ਹੀਦ ਦਾ ਪੁੱਤਰ ਹੋਣ ਕਰਕੇ ਨਹੀਂ ਲਿਖ ਰਿਹਾ, ਬਲਕਿ ਉਨ੍ਹਾਂ ਸਾਰਿਆਂ ਲਈ ਲਿਖ ਰਿਹਾ ਹਾਂ, ਜਿਨ੍ਹਾਂ ਦੇ ਪਿਤਾ ਨਹੀਂ ਹਨ। ਤੁਸੀਂ ਮਰਹਮ ਨਹੀਂ ਲਾ ਸਕਦੇ ਤਾਂ ਲੂਣ ਵੀ ਨਾ ਪਾਓ। ਜ਼ਖ਼ਮ ਬੜੇ ਗਹਿਰੇ ਨੇ, ਸਾਡੇ ਵਰਗੇ ਬੱਚੇ ਜਲਦੀ ਹੀ ਉਮਰ ਦੇ ਉਸ ਪੜਾਅ ਤੇ ਪਹੁੰਚ ਜਾਂਦੇ ਹਨ, ਜਿੱਥੇ ਤੁਸੀਂ ਬੜੇ ਸਾਲਾਂ ਬਾਅਦ ਪਹੁੰਚਦੇ ਹੋ। ਸਾਨੂੰ ਜ਼ਿੰਦਗੀ ਵਿਚ ਬਹੁਤ ਤਜਰਬੇ ਹੋ ਜਾਂਦੇ ਹਨ, ਤਾਂ ਹੀ ਉਮਰ ਤੋਂ ਵਡੇਰੀਆਂ ਗੱਲਾਂ ਕਰਦੇ ਹਾਂ। ਜਦੋਂ ਮੇਰੇ ਪਾਪਾ ਸ਼ਹੀਦ ਹੋਏ ਸੀ, ਤਾਂ ਮੈਨੂੰ ਲੱਗਦਾ ਸੀ, ਸਾਨੂੰ ਕਦੇ ਕੋਈ ਕਮੀ ਮਹਿਸੂਸ ਨਹੀਂ ਹੋਵੇਗੀ। ਜਦੋਂ ਪਿਸਤੌਲਾਂ ਨਾਲ ਮੇਰੇ ਪਾਪਾ ਨੂੰ ਸਲਾਮੀ ਦਿੱਤੀ ਗਈ, ਮੇਰੀ ਦਾਦੀ-ਦਾਦੇ ਅਤੇ ਭੈਣ ਤੋਂ ਮੀਡੀਆ ਵਾਲੇ ਮੇਰੇ ਪਾਪਾ ਬਾਰੇ ਗੱਲਾਂ ਪੁੱਛੀ ਜਾਂਦੇ ਸਨ। ਪਰ ਜਿਵੇਂ ਜਿਵੇਂ ਸਮਾਂ ਬੀਤਦਾ ਗਿਆ ਭੀੜ ਵੀ ਘਟਦੀ ਗਈ। ਕਿਸੇ ਨੇ ਹਾਲ-



ਚਾਲ ਪੁੱਛਣਾ ਵੀ ਬੰਦ ਕਰ ਦਿੱਤਾ। ਰਿਸ਼ਤੇਦਾਰ ਵੀ ਹੌਲੀ-ਹੌਲੀ ਆਉਣੇ ਬੰਦ ਹੋ ਗਏ। ਦੀਵਾਲੀ ਆਈ, ਹੋਲੀ ਆਈ, ਲੋਕਾਂ ਨੇ ਖ਼ੂਬ ਖੁਸ਼ੀਆਂ ਵੰਡੀਆਂ, ਮਠਿਆਈਆਂ ਵੰਡੀਆਂ, ਮੈਨੂੰ ਇੰਜ ਲੱਗਦੈ, ਜਿਵੇਂ ਇਹ ਸਾਰੇ ਸਭ ਕੁਝ ਸਾਨੂੰ ਚਿੜਾਉਣ ਵਾਸਤੇ ਕਰ ਰਹੇ ਹੋਣ।

ਮੇਰੇ ਪਾਪਾ ਨੂੰ ਬਹੁਤ ਮਾਣ ਸੀ। ਉਹ ਹਮੇਸ਼ਾਂ ਕਹਿੰਦੇ ਸੀ, ਜੇ ਦੇਸ਼ ਵਾਸਤੇ ਸ਼ਹੀਦ ਹੋ ਵੀ ਗਏ ਤਾਂ ਦੇਸ਼ ਨੂੰ ਉਨ੍ਹਾਂ 'ਤੇ ਗਰਵ ਹੋਏਗਾ। ਉਹ ਤੁਹਾਨੂੰ ਕਦੀ ਕੋਈ ਕਮੀ ਮਹਿਸੂਸ ਨਹੀਂ ਹੋਣ ਦੇਣਗੇ, ਉਹ ਦੇਸ਼ ਵਾਸਤੇ ਜਾਨ ਗਵਾ ਗਏ ਤਾਂ ਉਨ੍ਹਾਂ ਦੇ ਬੱਚਿਆਂ ਦੀ ਰਾਖੀ ਵੀ ਦੇਸ਼ ਵਾਸੀ ਜ਼ਰੂਰ ਕਰਨਗੇ। ਸਾਡੀਆਂ ਸਭ ਦੀਆਂ ਉਨ੍ਹਾਂ ਦੀਆਂ ਗੱਲਾਂ ਸੁਣ ਕੇ ਅੱਖਾਂ ਭਰ ਜਾਂਦੀਆਂ। ਪਾਪਾ ਸਾਨੂੰ ਗਲ ਨਾਲ ਲਾ ਕੇ ਕਹਿੰਦੇ, ਓ ਝੱਲਿਓ! ਤੁਹਾਡੇ ਬਾਪੂ ਨੇ ਤੁਹਾਡੇ ਵਿਆਹ ਵੀ ਕਰਨੇ ਨੇ, ਬਾਪੂ-ਬੇਬੇ ਨੂੰ ਉਨ੍ਹਾਂ ਦੀ ਬਹੁਤ ਲੋੜ ਹੈ। ਓਏ ਮੇਰੀ ਉਮਰ ਬਹੁਤ ਲੰਬੀ ਹੈ, ਮੈਂ ਕਿਸੇ ਜੋਤਸ਼ੀ ਤੋਂ ਹੱਥ ਦਿਖਾਇਆ ਸੀ। ਪਰ ਹੁਣ ਪਤਾ ਲੱਗਦੈ, ਪਾਪਾ ਕਿੰਨੀਆਂ ਝੂਠੀਆਂ ਤਸੱਲੀਆਂ ਦਿੰਦੇ ਸੀ। ਕਿਸੇ ਜੋਤਸ਼ੀ ਨੂੰ ਹੱਥ ਨਹੀਂ ਦਿਖਾਇਆ ਹੋਣਾ, ਕਿਉਂਕਿ ਉਹ ਤਾਂ ਸਿੱਖ ਧਰਮ ਨੂੰ ਮੰਨਦੇ ਸੀ ਜਿਹਦੇ ਵਿਚ ਭਰਮ-ਭੁਲੇਖੇ ਤੇ ਵਹਿਮਾਂ ਦੀ ਕੋਈ ਜਗ੍ਹਾ ਹੀ ਨਹੀਂ। ਪਾਪਾ ਤਾਂ ਮਾਂ ਨੂੰ ਕਰਵਾਚੌਥ ਦਾ ਵਰਤ ਵੀ ਇਸ ਕਰ ਕੇ ਨਹੀਂ ਸੀ ਰਖਣ ਦੇਂਦੇ ਕਿ ਜਿਨ੍ਹਾਂ ਦੇ ਪਤੀ ਨਹੀਂ, ਉਨ੍ਹਾਂ ਤੇ ਕੀ ਬੀਤੂ। ਪਾਪਾ ਦੀ ਸੋਚ ਬਹੁਤ ਪਰੈਕਟੀਕਲ ਸੀ, ਓਹ ਕਹਿੰਦੇ ਸੀ ਜੇ ਅਸੀਂ ਕਿਸੇ ਨੂੰ ਸੁਖ ਨਹੀਂ ਦੇ ਸਕਦੇ, ਤਾਂ ਦੁਖ ਵੀ ਨਹੀਂ ਦੇਣਾ ਚਾਹੀਦਾ।

ਤੁਸੀਂ ਵੀ ਕਹਿੰਦੇ ਹੋਣੇ ਕਾਰਡ ਕੀ ਬਣਾਉਣ ਨੂੰ ਕਹਿ ਦਿਤਾ, ਕੀ ਕੁੱਝ ਲਿਖ ਦਿੱਤਾ, ਪਰ ਮੈਂ ਆਪਣੇ ਵਲਵਲੇ ਆਪ ਨਾਲ ਸਾਂਝੇ ਕਰ ਕੇ ਕੁਝ ਗਲਤ ਨਹੀਂ ਕੀਤਾ, ਦਿਲ ਦੀ ਗੱਲ ਲਿਖ ਕੇ ਮੈਨੂੰ ਤਸੱਲੀ ਹੋਈ ਹੈ ਕਿ ਮੈਂ ਕਾਰਡ ਕਿਵੇਂ ਬਣਾਵਾਂ ਦੇਸ਼ ਵਾਸੀਓ, ਤੁਸੀਂ ਆਪ ਹੀ ਦਸੋ?

# ਫਾਦਰ'ਜ਼ ਡੇਅ

ਬਾਹਰਲੇ ਦੇਸ਼ਾਂ ਵਿਚ ਮਾਪੇ ਲੱਭਣੇ,
ਕੋਈ ਸੌਖੀ ਨਹੀਂ ਹੈ ਗੱਲ
ਮਾਂ ਤਾਂ ਫਿਰ ਵੀ ਲੱਭ ਜਾਵੇਗੀ,
ਪਰ ਬਾਪੂ ਦਾ ਔਖਾ ਹੱਲ।

ਜਨਮ ਸਰਟੀਫਿਕੇਟ ਵਿਚ ਸਦਾ,
ਹੁੰਦੀ ਮਾਂ ਦੇ ਨਾਂ ਦੀ ਗੱਲ
ਕਿਉਂਕਿ ਬਾਪੂ ਦਾ ਬਦਲ ਜਾਣਾ,
ਇੱਥੇ ਆਮ ਜਿਹੀ ਹੈ ਗੱਲ।

ਸਮਾਜ ਦੀ ਇਹ ਹੈ ਤ੍ਰਾਸਦੀ,
ਬਹੁਤੇ ਸਥਿਰ ਨਹੀਂ ਪਰਿਵਾਰ
ਰਿਸ਼ਤੇ ਅੱਲ੍ਹੜ ਉਮਰੇ ਬਣਦੇ,
ਫਿਰ ਬੱਚੇ ਜੰਮਦੇ ਵਾਰੋ ਵਾਰ।

ਕੱਚੇ ਰਿਸ਼ਤੇ ਨਾ ਪੱਕੇ ਹੋਵਣ,
ਟੁੱਟ ਜਾਵਣ ਅੱਧ ਵਿਚਕਾਰ
ਬੱਚੇ ਦਾ ਕੋਈ ਫਿਕਰ ਨਹੀਂ ਹੈ,
ਆਪੇ ਸੰਭਾਲੇਗੀ ਸਰਕਾਰ।

ਸਰਕਾਰ ਦੇਵੇ ਜੱਚਾ ਬੱਚਾ ਭੱਤਾ,
ਇੱਥੋਂ ਦਾ ਹੈ ਚੰਗਾ ਅਸੂਲ
ਪਾਲਦੀਆਂ ਨਾਨੀਆਂ ਬੱਚੇ,
ਮਾਵਾਂ ਜਾਵਣ ਪੜ੍ਹਨ ਸਕੂਲ।

ਕਾਫ਼ੀ ਗੋਰੇ ਗੋਰੀਆਂ ਜੰਮਣ ਨੂੰ,
ਸਮਝਦੇ ਨੇ ਕੰਮ ਫਜ਼ੂਲ
ਬੱਚੇ ਪਾਲਣ ਫਿਰ ਗੋਦੀ ਲੈ ਕੇ,
ਜ਼ਿੰਦਗੀ ਦਾ ਨੇਕ ਅਸੂਲ।

ਇੰਝ ਹੀ ਇੱਥੇ ਚੱਲਦੀ ਦੁਨੀਆਂ,
'ਫਾਦਰਜ਼ ਡੇਅ' ਵੀ ਚੇਤੇ ਰੱਖਦੇ
ਵੱਡੇ ਭਾਗਾਂ ਵਾਲੇ ਉਹ ਹੁੰਦੇ ਨੇ,
ਜਿਹੜੇ ਬਾਪੂ ਨੂੰ ਜਾ ਲੱਭਦੇ।

ਲੈ ਕੇ ਜਾਂਦੇ ਫੁੱਲ ਗੁਲਦਸਤੇ,
ਪਾ ਘੁੱਟ ਕੇ ਜੱਫੀਆਂ ਮਿਲਦੇ
ਇੰਝ ਪਰਿਵਾਰ ਇਕੱਠੇ ਹੋਵਣ,
ਪਰ ਸ਼ਾਮ ਨੂੰ ਜਾ ਵਿਛੜਦੇ।

ਲੈ ਕੇ ਯਾਦਾਂ ਦਾ ਸਰਮਾਇਆ,
ਤੁਰ ਜਾਂਦੇ ਸਭ ਆਪਣੀ ਥਾਂ,
ਬੁੱਢੜੇ ਰਹਿ ਜਾਣ ਇਕੱਲੇ,
ਤੱਕਦੇ ਚੁੰਨ੍ਹੀਆਂ ਅੱਖਾਂ 'ਚੋਂ ਛਾਂ।
ਲੰਘ ਜਾਂਦੀਆਂ ਉਮਰਾਂ ਇਵੇਂ,
ਕੋਈ ਨਾ ਪੁੱਛਦਾ ਥਾਂ ਕੁਥਾਂ
ਰੁੱਖੇ ਲੋਕ ਇਸ ਧਰਤੀ ਦੇ,
ਦੋਸਤ ਮਿੱਤਰ ਨੇ ਆਪਣੀ ਥਾਂ।

*-ਸੇਵਾ ਸਿੰਘ 'ਨੂਰਪੁਰੀ'*

# ਮੋਦੀ ਰਾਜ ਦੇ ਅੱਠ ਸਾਲ, ਅੱਠ ਕਾਰੇ

***ਨਰਿੰਦਰ ਮੋਦੀ ਪਿਛਲੇ ਅੱਠ ਸਾਲ ਤੋਂ ਭਾਰਤ ਦੀ ਕੇਂਦਰੀ ਸੱਤਾ ਉਤੇ ਕਾਬਜ਼ ਹਨ। ਭਾਰਤ ਦੇ ਹਰ ਖੇਤਰ ਵਿਚ ਇਹ ਅੱਠ ਸਾਲ ਬਹੁਤ ਬੇਚੈਨੀ ਵਾਲੇ ਰਹੇ ਹਨ, ਖਾਸਕਰ ਸਮਾਜਿਕ ਅਤੇ ਆਰਥਿਕ ਪੱਧਰ ਉਤੇ ਤਾਂ ਇਸ ਸਰਕਾਰ ਨੇ ਅਜਿਹੀ ਤਬਾਹੀ ਮਚਾਈ ਹੈ ਕਿ ਹਰ ਸੰਵੇਦਨਸ਼ੀਲ ਇਨਸਾਨ ਤੜਫ ਉਠਿਆ ਹੈ। ਪੱਤਰਕਾਰ ਸ਼ਿਵ ਸੁੰਦਰ ਜੋ ਗੌਰੀ ਲੰਕੇਸ਼ ਪਬਲੀਕੇਸ਼ਨਜ਼ ਦੇ ਕਾਲਮਨਵੀਸ ਵੀ ਰਹਿ ਚੁੱਕੇ ਹਨ, ਨੇ ਇਸ ਲੇਖ ਵਿਚ ਇਨ੍ਹਾਂ ਅੱਠ ਸਾਲਾਂ ਦੌਰਾਨ ਮੋਦੀ ਸਰਕਾਰ ਦੇ ਉਨ੍ਹਾਂ ਅੱਠ ਕਾਰਜਾਂ ਬਾਰੇ ਵਿਸਥਾਰ ਸਹਿਤ ਚਰਚਾ ਕੀਤੀ ਹੈ ਜਿਨ੍ਹਾਂ ਨੇ ਭਾਰਤ ਦੀ ਸਿਆਸਤ ਉਤੇ ਬਹੁਤ ਡੂੰਘਾ ਅਸਰ ਪਾਇਆ ਹੈ। ਇਸ ਲਿਖਤ ਦਾ ਅਨੁਵਾਦ ਸਾਡੇ ਕਾਲਮਨਵੀਸ ਬੂਟਾ ਸਿੰਘ ਮਹਿਮੂਦਪੁਰ ਨੇ ਕੀਤਾ ਹੈ।***

ਮਈ ਦੇ ਅਖੀਰ ਵਿਚ ਨਰਿੰਦਰ ਮੋਦੀ ਸਰਕਾਰ ਨੇ ਸੱਤਾ ਵਿਚ ਅੱਠ ਸਾਲ ਪੂਰੇ ਕਰ ਲਏ। ਇਹ ਅੱਠ ਸਾਲ ਬੇਮਿਸਾਲ ਸਮਾਜੀ ਬੇਚੈਨੀ ਅਤੇ ਆਰਥਿਕ ਤਬਾਹੀ ਦੇ ਸਾਲ ਵੀ ਸਨ, ਜਦੋਂ ਭਾਰਤੀ ਅਰਥਚਾਰੇ ਵਿਚ ਗਿਰਾਵਟ ਆਈ ਅਤੇ ਅਰਬਪਤੀਆਂ ਨੇ ਫੋਰਬਸ ਸੂਚੀ ਵਿਚ ਚੋਟੀ ਦੇ ਸਥਾਨਾਂ 'ਤੇ ਕਬਜ਼ਾ ਕਰਨ ਵਾਲਿਆਂ ਦੀ ਗਿਣਤੀ 'ਚ ਵਾਧਾ ਕੀਤਾ। ਇਹ ਅਜਿਹਾ ਦੌਰ ਵੀ ਸੀ ਜਿਸ ਵਿਚ ਭਾਰਤੀ ਰਾਜਨੀਤੀ ਅਤੇ ਸਮਾਜ ਨੇ ਇਕ ਜਮਹੂਰੀ, ਧਰਮ ਨਿਰਪੱਖ ਸੰਵਿਧਾਨ ਦੇ ਬਾਵਜੂਦ ਇਕ ਹਿੰਦੂਤਵੀ ਫਾਸ਼ੀਵਾਦੀ ਵਿਵਸਥਾ ਵੱਲ ਵਿਨਾਸ਼ਕਾਰੀ ਮੋੜਾ ਕੱਟਿਆ ਹੈ।

ਦਰਅਸਲ, ਮੋਦੀ ਅਤੇ ਭਾਰਤੀ ਜਨਤਾ ਪਾਰਟੀ ਨੇ 28 ਮਈ ਨੂੰ ਡੀ-ਦਿਵਸ ਵਜੋਂ ਚੁਣਿਆ ਕਿਉਂਕਿ ਇਸ ਦਿਨ ਉਨ੍ਹਾਂ ਦੇ ਵਿਚਾਰਧਾਰਕ ਗੁਰੂ ਅਤੇ ਭਾਰਤ ਨੂੰ ਹਿੰਦੂ

**ਸ਼ਿਵ ਸੁੰਦਰ**
**ਅਨੁਵਾਦ: ਬੂਟਾ ਸਿੰਘ ਮਹਿਮੂਦਪੁਰ**


ਰਾਸ਼ਟਰ ਵਜੋਂ ਪੇਸ਼ ਕਰਨ ਵਾਲੇ ਵੀ.ਡੀ. ਸਾਵਰਕਰ ਨੇ ਜਨਮ ਲਿਆ ਸੀ। ਇਹ ਇਕ ਤਰ੍ਹਾਂ ਨਾਲ ਉਨ੍ਹਾਂ ਵੱਲੋਂ ਆਪਣੇ ਗੁਰੂ ਨੂੰ ਸ਼ਰਧਾਂਜਲੀ ਸੀ।

ਫਿਰ ਵੀ, ਇਹ ਇਸ ਸਮੇਂ ਦੌਰਾਨ ਹੋਇਆ ਕਿ ਇਸ ਮੁਲਕ ਦੇ ਆਮ ਨਾਗਰਿਕਾਂ ਦੀ ਖ਼ਪਤ ਦੀ ਔਸਤ ਦਰ ਤਾਂ ਬਸਤੀਵਾਦੀ ਦੌਰ ਦੇ ਪੱਧਰ ਤੱਕ ਜਾ ਡਿੱਗੀ, ਜਦਕਿ ਬੇਰੁਜ਼ਗਾਰੀ ਦੀ ਦਰ ਚਾਰ ਦਹਾਕਿਆਂ ਦੇ ਉਚੇ ਪੱਧਰ 'ਤੇ ਪਹੁੰਚ ਗਈ। ਇਹ ਇਸ ਅਰਸੇ ਦੌਰਾਨ ਹੀ ਹੋਇਆ ਜਦੋਂ ਭਾਰਤ ਨੂੰ ਲਗਾਤਾਰ ਚੌਥੇ ਸਾਲ ਸਵੀਡਨ ਦੇ ਵੀ-ਡੈਮ ਇੰਸਟੀਚਿਊਟ ਵੱਲੋਂ ਚੋਣਵੀਆਂ ਤਾਨਾਸ਼ਾਹੀਆਂ ਦੀ ਸ਼੍ਰੇਣੀ ਵਿਚ ਦਰਜ ਕੀਤਾ ਗਿਆ। ਇਹ ਵੀ ਇਸ ਸਮੇਂ ਦੌਰਾਨ ਹੋਇਆ ਜਦੋਂ ਪ੍ਰੈੱਸ ਦੀ ਆਜ਼ਾਦੀ ਦੇ ਸੂਚਕ-ਅੰਕ ਦੇ ਮਾਮਲੇ 'ਚ ਭਾਰਤ ਦਾ ਦਰਜਾ ਡਿਗ ਕੇ ਬੇਮਿਸਾਲ 150ਵੇਂ ਸਥਾਨ 'ਤੇ ਆ ਗਿਆ।

ਆਲਮੀ ਨਜ਼ਰਸਾਨੀ ਕਰਨ ਵਾਲਿਆਂ ਦਾ ਕਹਿਣਾ ਹੈ ਕਿ ਪਿਛਲੇ ਅੱਠ ਸਾਲਾਂ ਵਿਚ, ਖ਼ਾਸ ਕਰਕੇ ਪਿਛਲੇ ਤਿੰਨ ਸਾਲਾਂ ਵਿਚ ਇਸ ਮੁਲਕ ਵਿਚ ਨਸਲਕੁਸ਼ੀ ਦੀ ਸੰਭਾਵਨਾ ਵਧ ਗਈ ਹੈ। ਮਨੁੱਖੀ ਅਧਿਕਾਰ ਗਰੁੱਪ ਜੈਨੋਸਾਈਡ ਵਾਚ ਨੇ ਭਾਰਤ ਨਾਲ ਸਬੰਧਤ ਨਜ਼ਰਸਾਨੀ ਨੂੰ ਜੈਨੋਸਾਈਡ ਵਾਚ ਤੋਂ ਨਸਲਕੁਸ਼ੀ ਦੀ ਚੇਤਾਵਨੀ ਤੱਕ ਵਧਾ ਦਿੱਤਾ ਹੈ। ਇਸ ਦੇ ਬਾਵਜੂਦ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ 28 ਮਈ ਨੂੰ ਆਪਣੇ ਗ੍ਰਹਿ ਰਾਜ ਗੁਜਰਾਤ ਵਿਚ ਇਹ ਐਲਾਨ ਕਰਨ ਦੀ ਹਿੰਮਤ ਕੀਤੀ ਕਿ ਉਨ੍ਹਾਂ ਦੀ ਸਰਕਾਰ ਨੇ ਪਿਛਲੇ ਅੱਠ ਸਾਲਾਂ ਵਿਚ ਕੋਈ ਅਜਿਹਾ ਕਦਮ ਨਹੀਂ ਚੁੱਕਿਆ ਜਿਸ ਨਾਲ ਭਾਰਤੀਆਂ ਦਾ ਸਿਰ ਆਲਮੀ ਭਾਈਚਾਰੇ ਅੱਗੇ ਸ਼ਰਮ ਨਾਲ ਝੁਕਿਆ ਹੋਵੇ।

ਇਹ ਲੇਖ ਅਜਿਹੇ 10 ਮੌਕਿਆਂ ਵਿਚੋਂ ਸਿਰਫ ਅੱਠ ਨੂੰ ਹੀ ਯਾਦ ਕਰਨ ਦੀ ਕੋਸ਼ਿਸ਼ ਕਰਦਾ ਹੈ ਜਦੋਂ ਭਾਰਤੀਆਂ ਨੂੰ ਆਲਮੀ ਭਾਈਚਾਰੇ ਅੱਗੇ ਸ਼ਰਮ ਨਾਲ ਆਪਣਾ ਸਿਰ ਝੁਕਾਉਣਾ ਪਿਆ ਸੀ।

**1. ਨੋਟਬੰਦੀ ਦੀ ਤਬਾਹੀ:** 8 ਨਵੰਬਰ 2016 ਦੇ ਭਿਆਨਕ ਦਿਨ ਮੋਦੀ ਨੇ ਭਾਰਤੀ ਲੋਕਾਂ ਨੂੰ ਸਦਮਾ ਦਿੱਤਾ ਅਤੇ ਨਾਲ ਹੀ ਮੁਲਕ 'ਚ ਪ੍ਰਚਲਤ 86% ਕਰੰਸੀ ਦੀ ਨੋਟਬੰਦੀ ਕਰਕੇ ਦੁਨੀਆ ਨੂੰ ਹੈਰਾਨ ਕਰ ਦਿੱਤਾ। ਫਿਰ ਪੂਰੇ ਧੂਮ-ਧੜੱਕੇ ਅਤੇ ਨਾਟਕੀ ਤਰੀਕੇ ਨਾਲ ਇਸ ਨੂੰ ਇੰਵ ਜਾਇਜ਼ ਠਹਿਰਾਇਆ ਗਿਆ ਜਿਵੇਂ ਕਿ ਇਹ ਕਾਲੇ ਅਰਥਚਾਰੇ ਵਗੈਰਾ ਉੱਪਰ ਬੇਮਿਸਾਲ ਅਤੇ ਬਹਾਦਰੀ ਵਾਲਾ ਹਮਲਾ ਹੋਵੇ। ਦਰਅਸਲ, ਇਹ ਫ਼ੈਸਲਾ ਮਾਹਿਰਾਂ, ਮੰਤਰੀ ਮੰਡਲ ਜਾਂ ਇੱਥੋਂ ਤੱਕ ਕਿ ਭਾਰਤੀ ਰਿਜ਼ਰਵ ਬੈਂਕ (ਆਰ.ਬੀ.ਆਈ.) ਨਾਲ ਗੰਭੀਰ ਸਲਾਹ-ਮਸ਼ਵਰਾ ਕਰਕੇ ਨਹੀਂ ਸੀ ਲਿਆ ਗਿਆ, ਜਿਸ ਨੂੰ ਐਲਾਨ ਤੋਂ ਕੁਝ ਘੰਟੇ ਪਹਿਲਾਂ ਤੱਕ ਹਨੇਰੇ ਵਿਚ ਰੱਖਿਆ ਗਿਆ ਸੀ। ਆਰ.ਬੀ.ਆਈ.ਦੇ ਉਸ ਤੋਂ ਪਹਿਲੇ ਗਵਰਨਰ ਨੇ ਤਾਂ ਪਹਿਲਾਂ ਹੀ ਕਮਜ਼ੋਰ ਆਰਥਿਕਤਾ ਉੱਪਰ ਅਜਿਹੇ ਸਦਮੇ ਅਤੇ ਅਚੰਭਿਤ ਕਰਨ ਵਾਲੇ ਪ੍ਰਯੋਗਾਂ ਨਾਲ ਪੂਰੀ ਤਰ੍ਹਾਂ ਅਸਹਿਮਤੀ ਪ੍ਰਗਟਾ ਦਿੱਤੀ ਸੀ। ਨਤੀਜਾ ਵਿਨਾਸ਼ਕਾਰੀ ਸੀ। ਭਾਵੇਂ ਮੋਦੀ ਨੇ ਐਲਾਨ ਕੀਤਾ ਸੀ ਕਿ ਜੇਕਰ 50 ਦਿਨਾਂ ਦੇ ਅੰਦਰ ਨੋਟਬੰਦੀ ਕਾਰਨ ਪੈਦਾ ਹੋਈ ਮੁਸ਼ਕਿਲ ਨਾ ਘਟੀ ਤਾਂ ਲੋਕ ਉਸ ਨੂੰ ਜਨਤਕ ਤੌਰ 'ਤੇ ਚੁਰਾਹੇ 'ਚ ਫਾਹੇ ਲਾ ਦੇਣ, ਫਿਰ ਵੀ ਭਾਰਤ ਦੀ ਗੈਰ-ਰਸਮੀ ਆਰਥਿਕਤਾ, ਜਿੱਥੇ 92% ਕਿਰਤ ਸ਼ਕਤੀ ਕੰਮ ਕਰਦੀ ਹੈ, ਤੇ ਜਥੇਬੰਦ ਆਰਥਿਕਤਾ ਨੂੰ ਅਜਿਹੀ ਦੁਰਦਸ਼ਾ ਕਾਰਨ ਪੈਦਾ ਹੋਈ ਆਰਥਿਕ ਅਰਾਜਕਤਾ ਅਤੇ ਗਿਰਾਵਟ ਅਜੇ ਵੀ ਝੱਲਣੀ ਪੈ ਰਹੀ ਹੈ। ਸੰਕੋਚਵੇਂ ਅਨੁਮਾਨਾਂ ਅਨੁਸਾਰ ਵੀ, ਇਸ ਦੇ ਕਾਰਨ ਭਾਰਤ ਨੂੰ ਆਪਣੀ ਜੀ.ਡੀ.ਪੀ. ਦਾ 3% ਗੁਆਉਣਾ ਪਿਆ ਹੈ।



ਲਾਭਾਂ ਬਾਰੇ ਕੀ ਕਿਹਾ ਜਾਵੇ? ਸ਼ੁਰੂ 'ਚ ਮੋਦੀ ਸਰਕਾਰ ਨੇ ਦਾਅਵਾ ਕੀਤਾ ਕਿ ਨੋਟਬੰਦੀ ਕੀਤੀ ਮੁਦਰਾ ਦਾ ਘੱਟੋ-ਘੱਟ 25% (16 ਲੱਖ ਕਰੋੜ ਵਿਚੋਂ ਲੱਗਭੱਗ 4 ਲੱਖ ਕਰੋੜ) ਵਾਪਸ ਨਹੀਂ ਆਵੇਗਾ, ਅਤੇ ਇਸ ਲਈ ਅਰਥਚਾਰੇ ਨੂੰ ਇਹ ਇਕਮੁਸ਼ਤ ਠੋਸ ਲਾਭ ਹੋਵੇਗਾ ਪਰ ਦਸੰਬਰ ਤੱਕ ਹੀ ਨੋਟਬੰਦੀ ਕੀਤੇ 99.99% ਨੋਟ ਬੈਂਕਾਂ 'ਚ ਵਾਪਸ ਆ ਗਏ ਜਿਸ ਤੋਂ ਪਤਾ ਲੱਗਦਾ ਹੈ ਕਿ ਕਾਲੇ ਧਨ ਨੂੰ ਰੋਕਣ ਦੀ ਬਜਾਏ ਨੋਟਬੰਦੀ ਦੀ ਵਰਤੋਂ ਕਾਲੇ ਧਨ ਨੂੰ ਚਿੱਟਾ ਕਰਨ ਲਈ ਕੀਤੀ ਗਈ ਹੈ!

ਫਿਰ ਨੋਟਬੰਦੀ ਦਾ ਐਲਾਨ ਕਰਦੇ ਹੋਏ ਪੂਰੀ ਕਹਾਣੀ ਹੀ ਬਦਲ ਦਿੱਤੀ ਗਈ ਕਿ ਨੋਟਬੰਦੀ ਡਿਜੀਟਲ ਲੈਣ-ਦੇਣ ਨੂੰ ਉਤਸ਼ਾਹਿਤ ਕਰੇਗੀ ਅਤੇ ਨਕਦ ਆਰਥਿਕਤਾ ਨੂੰ ਘਟਾਏਗੀ ਪਰ ਹਾਲ ਹੀ ਵਿਚ ਆਰ.ਬੀ.ਆਈ. ਦੇ ਬੁਲੇਟਿਨ ਵਿਚ ਕਿਹਾ ਗਿਆ ਹੈ ਕਿ ਜਦੋਂ 2016 ਵਿਚ ਨੋਟਬੰਦੀ ਕੀਤੀ ਗਈ ਉਸ ਵਕਤ 18 ਲੱਖ ਕਰੋੜ ਦੀ ਕਰੰਸੀ ਸਰਕੂਲੇਸ਼ਨ ਵਿਚ ਸੀ, ਹੁਣ ਨੋਟਬੰਦੀ ਦੇ 6 ਸਾਲ ਬਾਅਦ ਇਸ ਦੀ ਸਰਕੂਲੇਸ਼ਨ ਵਿਚ ਕਮੀ ਆਉਣ ਦੀ ਬਜਾਇ ਇਹ ਵਧ ਕੇ 31 ਲੱਖ ਕਰੋੜ ਹੋ ਗਈ ਹੈ। ਦਹਿਸ਼ਤਵਾਦੀਆਂ ਨੂੰ ਫੰਡਾਂ ਵਿਚ ਕਮੀ ਦੇ ਹੋਰ ਦਾਅਵੇ ਐਨੇ ਠੁੱਸ ਹੋ ਗਏ ਹਨ ਕਿ ਮੋਦੀ ਸਰਕਾਰ ਨੇ ਇਸ ਬਾਰੇ ਗੱਲ ਕਰਨੀ ਹੀ ਬੰਦ ਕਰ ਦਿੱਤੀ ਹੈ। ਭਾਰਤ ਨੇ ਪਹਿਲਾਂ ਵੀ 1947 'ਚ ਅਤੇ 1977 'ਚ ਨੋਟਬੰਦੀ ਦਾ ਸਹਾਰਾ ਲਿਆ ਸੀ ਪਰ ਉਸ ਸਮੇਂ ਤੱਕ ਕਰੰਸੀ ਸਰਕੂਲੇਸ਼ਨ ਦਾ ਸਿਰਫ਼ 1% ਅਤੇ 5% ਹੀ ਵਾਪਸ ਲਿਆ ਗਿਆ ਸੀ ਪਰ ਮੋਦੀ ਦੀ ਨੋਟਬੰਦੀ ਨੇ 86% ਕਰੰਸੀ ਵਾਪਸ ਲੈ ਲਈ ਜਿਸ ਨੂੰ ਆਲਮੀ ਭਾਈਚਾਰੇ ਨੇ ਵੱਡੀ ਆਰਥਿਕ ਤਬਾਹੀ ਅਤੇ ਬਲਾ ਵਜੋਂ ਲਿਆ। ਅੰਤਰਰਾਸ਼ਟਰੀ ਮੁਦਰਾ ਕੋਸ਼ (ਆਈ.ਐਮ.ਐਫ.) ਅਤੇ ਕਈ ਕ੍ਰੈਡਿਟ ਰੇਟਿੰਗ ਏਜੰਸੀਆਂ ਨੇ ਇਸ ਕਾਰਵਾਈ ਦੀ ਸਿੱਧੇ ਸ਼ਬਦਾਂ 'ਚ ਆਲੋਚਨਾ ਕੀਤੀ। ਇਸ ਤਰ੍ਹਾਂ ਭਾਰਤ ਨੂੰ ਮੋਦੀ ਅਤੇ ਉਸ ਦੀ ਜੁੰਡਲੀ ਦੀ ਬੇਸ਼ਰਮੀ ਅਤੇ ਝੂਠੀ ਸ਼ਾਨ ਲਈ ਆਲਮੀ ਭਾਈਚਾਰੇ ਅੱਗੇ ਸ਼ਰਮਿੰਦਾ ਹੋਣਾ ਪਿਆ।

**2. ਜੀ.ਐਸ.ਟੀ. ਦੀ ਅਸਫ਼ਲਤਾ:** ਵਸਤੂਆਂ ਅਤੇ ਸੇਵਾਵਾਂ ਟੈਕਸ (ਜੀ.ਐਸ.ਟੀ.) ਅਤੇ ਵੈਲਯੂ ਐਡਿਡ ਟੈਕਸ (ਵੈਟ) ਆਮਦਨੀ ਨੂੰ ਦਰਕਿਨਾਰ ਕਰਕੇ ਟੈਕਸ ਲਾਉਣ ਦੀ ਨਵ-ਉਦਾਰਵਾਦੀ ਆਰਥਿਕ ਵਿਵਸਥਾ ਦੇ ਸੰਦ ਹਨ ਜਿੱਥੇ ਲੋਕਾਂ ਉੱਪਰ ਉਨ੍ਹਾਂ ਦੇ ਖ਼ਰਚਿਆਂ 'ਤੇ ਟੈਕਸ ਲਗਾਇਆ ਜਾਂਦਾ ਹੈ ਨਾ ਕਿ ਉਨ੍ਹਾਂ ਦੀ ਆਮਦਨ ਦੇ ਅਧਾਰ 'ਤੇ। ਹੋਰ ਥਾਈਂ ਜੀ.ਐਸ.ਟੀ. ਟੈਕਸ ਦੇਣ ਨੂੰ ਸੌਖਾ ਬਣਾਉਣ ਲਈ ਘੱਟੋ-ਘੱਟ ਟੈਕਸ ਸਲੈਬ ਅਤੇ ਵੱਧ ਤੋਂ ਵੱਧ ਤਕਨੀਕੀ ਸਾਧਨ ਪ੍ਰਦਾਨ ਕਰਦਾ ਹੈ। ਇਸ ਤਰ੍ਹਾਂ, ਜਦੋਂ ਕਿ ਜੀ.ਐਸ.ਟੀ. ਆਪਣੇ ਆਪ ਵਿਚ ਸ਼ੋਸ਼ਣ ਕਰਨ ਵਾਲੀ ਟੈਕਸ ਪ੍ਰਣਾਲੀ ਹੈ, ਕਾਰੋਬਾਰ ਇਸ ਦੀ ਪਾਲਣਾ ਦੀ ਸੌਖ ਕਾਰਨ ਇਸਨੂੰ ਤਰਜੀਹ ਦਿੰਦਾ ਹੈ। ਇੰਵ ਭਾਰਤੀ ਸੱਤਾਧਾਰੀ ਵਰਗ ਦੀ ਵੀ ਜੀ.ਐਸ.ਟੀ. ਪ੍ਰਣਾਲੀ ਲਿਆਉਣ ਲਈ ਆਮ ਸਹਿਮਤੀ ਸੀ ਅਤੇ ਉਹ ਆਰਥਿਕਤਾ ਨੂੰ ਇਸ ਲਈ ਤਿਆਰ ਕਰ ਰਿਹਾ ਸੀ।

ਪਰ ਮੋਦੀ ਸਰਕਾਰ ਨੇ ਢੁੱਕਵੀਂ ਪ੍ਰਸ਼ਾਸਨਿਕ ਤਿਆਰੀ ਜਾਂ ਸਟੇਕ ਹੋਲਡਰਾਂ 'ਚ ਲੋੜੀਂਦੀ ਜਾਗਰੂਕਤਾ ਲਿਆਂਦੇ ਬਿਨਾਂ ਹੀ ਜੀ.ਐਸ.ਟੀ. ਥੋਪ ਦਿੱਤਾ। ਇਸ ਤੋਂ ਇਲਾਵਾ, ਮੋਦੀ ਦੇ ਜੀ.ਐਸ.ਟੀ. ਨੇ ਟੈਕਸ ਪ੍ਰਣਾਲੀ ਦੀ ਪਾਲਣਾ ਨੂੰ ਬੇਹੱਦ ਗੁੰਝਲਦਾਰ ਬਣਾ ਦਿੱਤਾ, ਕਿਉਂਕਿ ਇਸਨੇ 8 ਤੋਂ 10 ਟੈਕਸ ਸਲੈਬਾਂ ਪੇਸ਼ ਕੀਤੀਆਂ ਜਿਸ ਨਾਲ ਇਹ ਵਿਲੱਖਣ ਅਤੇ ਦੁਨੀਆ ਦੀ ਸਭ ਤੋਂ ਅਜੀਬ ਪ੍ਰਣਾਲੀ ਬਣ ਗਈ। ਦਰ ਅਸਲ, ਆਰਥਿਕਤਾ, ਜੋ ਪਹਿਲਾਂ ਹੀ ਨੋਟਬੰਦੀ ਨਾਲ ਬੁਰੀ ਤਰ੍ਹਾਂ ਮਧੋਲੀ ਗਈ ਸੀ, ਨੂੰ ਬੇਤੁਕੀ ਪ੍ਰਣਾਲੀ ਦੀ ਇਕ ਹੋਰ ਸਦਮਾ ਦੇਣ ਵਾਲੀ ਸੱਟ ਝੱਲਣੀ ਪਈ ਜਿਸ ਨੂੰ ਮੋਦੀ ਹਕੂਮਤ ਵੱਲੋਂ ਜਲਦਬਾਜ਼ੀ ਵਿਚ ਘਟੀਆ ਤਿਆਰੀ ਨਾਲ ਲਾਗੂ ਕੀਤਾ ਸੀ।

ਜਾਪਦਾ ਹੈ, ਇਸ ਤੱਦੀ ਦਾ ਮੁੱਖ ਕਾਰਨ ਮੋਦੀ ਦੀ ਆਪਣੇ ਆਪ ਨੂੰ ਇਕੱਲੇ ਹੀ ਖੇਡ ਨੂੰ ਬਦਲ ਦੇਣ ਵਾਲੇ ਵਜੋਂ ਸਥਾਪਤ ਕਰਨ ਦੀ ਅਮਿੱਟ ਭੁੱਖ ਹੈ। ਸੰਵਿਧਾਨ ਵਿਚ ਜੀ.ਐਸ.ਟੀ. ਸੋਧ ਨੂੰ ਪਾਸ ਕਰਨ ਲਈ ਅੱਧੀ ਰਾਤ ਨੂੰ ਸੰਸਦ ਦਾ ਸੈਸ਼ਨ ਸੱਦਣਾ ਵੀ ਇਸੇ ਪਾਸੇ ਇਸ਼ਾਰਾ ਕਰਦਾ ਹੈ, ਤੇ ਪ੍ਰਭਾਵ ਇਹ ਦਿੱਤਾ ਗਿਆ ਜਿਵੇਂ ਕਿ ਭਾਰਤੀ ਆਰਥਿਕਤਾ ਕਿਸਮਤ ਨਾਲ ਦਸਤਪੰਜਾ ਲੈ ਰਹੀ ਹੈ। ਹਰ ਰੰਗ ਦੇ ਅਰਥ-ਸ਼ਾਸਤਰੀਆਂ ਅਤੇ ਕਈ ਸਰਕਾਰਾਂ ਨੇ ਮੋਦੀ ਸਰਕਾਰ ਦੀਆਂ ਵਾਰ-ਵਾਰ ਨਾਟਕੀ ਕਾਰਵਾਈਆਂ ਬਾਰੇ ਆਪਣੇ ਸੰਸੇ ਜ਼ਾਹਿਰ ਕੀਤੇ ਜੋ ਆਰਥਿਕਤਾ ਲਈ ਨੁਕਸਾਨਦੇਹ ਸਾਬਤ ਹੋ ਰਹੀਆਂ ਸਨ। ਭਾਰਤ ਨੂੰ ਇਸ ਬੇਤੁਕੀ ਡਰਾਮੇਬਾਜ਼ੀ ਨੇ ਆਲਮੀ ਪੱਧਰ 'ਤੇ ਸ਼ਰਮਿੰਦਾ ਕੀਤਾ।

**3. ਬਾਲਾਕੋਟ ਹਵਾਈ ਹਮਲੇ ਬਾਰੇ ਝੂਠੇ ਦਾਅਵੇ:** 14 ਫਰਵਰੀ, 2019 ਨੂੰ ਸੀ.ਆਰ.ਪੀ.ਐਫ. ਦੇ ਕਾਫ਼ਲੇ ਉੱਪਰ ਪੁਲਵਾਮਾ 'ਚ ਭਿਆਨਕ ਦਹਿਸ਼ਤਵਾਦੀ ਹਮਲੇ ਨੇ ਪਿਛਲੀਆਂ ਆਮ ਚੋਣਾਂ ਦਾ ਰੁਖ਼ ਭਾਜਪਾ ਦੇ ਹੱਕ ਵਿਚ ਬਦਲ ਦਿੱਤਾ। ਚੋਣ ਸੰਵਾਦ ਵਿਚ ਜਿਨ੍ਹਾਂ ਸਮਾਜੀ-ਆਰਥਿਕ ਏਜੰਡਿਆਂ ਉੱਪਰ ਚਰਚਾ ਹੋ ਰਹੀ ਸੀ, ਇਸ ਹਮਲੇ ਨੇ ਉਹ ਸਾਰੇ ਸਾਰੇ ਏਜੰਡੇ ਪਿੱਛੇ ਧੱਕ ਦਿੱਤੇ। ਭਾਜਪਾ ਨੇ ਇਸ ਸਥਿਤੀ ਦਾ ਲਾਹਾ ਲਿਆ, ਤੇ ਇਹ ਮਜ਼ਬੂਤ ਰਾਜ ਅਤੇ ਮਜ਼ਬੂਤ ਆਗੂ ਦੀ ਲੋੜ ਨੂੰ ਦਰਸਾਉਣ ਵਿਚ ਸਫ਼ਲ ਰਹੀ। ਉਸ ਤੋਂ ਬਾਅਦ ਮੁਲਕ ਵਿਚ ਜੋ ਮਨੋਦਸ਼ਾ ਅਤੇ ਭਾਵਨਾਵਾਂ ਬਣੀਆਂ ਹੋਈਆਂ ਸਨ, ਉਸੇ 'ਤੇ ਚੱਲਦੇ ਹੋਏ ਪ੍ਰਧਾਨ ਮੰਤਰੀ ਮੋਦੀ ਨੇ ਪਾਕਿਸਤਾਨ ਵਿਚ ਸਰਹੱਦੋਂ ਪਾਰ ਦਹਿਸ਼ਤਵਾਦੀ ਸਿਖਲਾਈ ਕੈਂਪ 'ਤੇ ਹਮਲਾ ਕਰਨ ਦਾ ਆਦੇਸ਼ ਦਿੱਤਾ। 24 ਫਰਵਰੀ 2019 ਨੂੰ ਮੋਦੀ ਸਰਕਾਰ ਨੇ ਐਲਾਨ ਕੀਤਾ ਕਿ ਭਾਰਤ ਨੇ ਬਾਲਾਕੋਟ ਵਿਚ ਇਕ ਦਹਿਸ਼ਤਵਾਦੀ ਕੈਂਪ 'ਤੇ ਕਾਮਯਾਬੀ ਨਾਲ ਹਵਾਈ ਹਮਲਾ ਕਰਕੇ ਸੈਂਕੜੇ ਅਤਿਵਾਦੀਆਂ ਨੂੰ ਮਾਰ ਮੁਕਾਇਆ ਹੈ ਅਤੇ ਕੈਂਪ ਤਬਾਹ ਕਰ ਦਿੱਤਾ ਗਿਆ ਹੈ।

ਇਸ ਐਲਾਨ ਤੋਂ ਤੁਰੰਤ ਬਾਅਦ ਮੋਦੀ ਸਰਕਾਰ ਦੇ ਵੱਖ-ਵੱਖ ਵਜ਼ੀਰਾਂ ਅਤੇ ਭਾਜਪਾ ਦੇ ਵੱਖ-ਵੱਖ ਆਗੂਆਂ ਵਿਚ 100 ਤੋਂ 600 ਤੱਕ ਦਹਿਸ਼ਤਗਰਦ ਮਾਰੇ ਜਾਣ ਦੀ ਗਿਣਤੀ ਦਾ ਦਾਅਵਾ ਕਰਨ ਦੀ ਮੁਕਾਬਲੇਬਾਜ਼ੀ ਚੱਲਦੀ ਰਹੀ। ਇਕ ਕੈਬਨਿਟ ਮੰਤਰੀ ਨੇ ਤਾਂ ਇਹ ਦਾਅਵਾ ਵੀ ਕੀਤਾ ਕਿ ਪਾਕਿਸਤਾਨ ਦੇ ਇਕ ਫ਼ੌਜੀ ਅਧਿਕਾਰੀ ਨੇ ਇਹ ਸਵੀਕਾਰ ਕਰ ਲਿਆ ਹੈ ਕਿ ਇਸ ਹਮਲੇ 'ਚ 300 ਤੋਂ ਵੱਧ ਅਤਿਵਾਦੀ ਮਾਰੇ ਗਏ ਹਨ। ਭਾਵੇਂ ਇਸ ਨਾਲ ਮੋਦੀ ਦੀ ਅਗਵਾਈ ਹੇਠ ਭਾਜਪਾ ਨੂੰ ਸ਼ਾਨਦਾਰ ਚੋਣ ਜਿੱਤ ਪ੍ਰਾਪਤ ਕਰਨ ਵਿਚ ਮਦਦ ਮਿਲੀ ਪਰ ਬਾਲਾਕੋਟ ਬਾਰੇ ਮੋਦੀ ਸਰਕਾਰ ਅਤੇ ਭਾਜਪਾ ਦੇ ਦਾਅਵਿਆਂ ਨੂੰ ਸੁਤੰਤਰ ਅਤੇ ਪੱਛਮੀ ਮੀਡੀਆ ਨੇ ਆਪਣੀਆਂ ਰਿਪੋਰਟਾਂ ਵਿਚ ਪੂਰੀ ਤਰ੍ਹਾਂ ਝੂਠ ਦੱਸਿਆ।

ਮੀਡੀਆ ਅਤੇ ਇੱਥੋਂ ਤੱਕ ਕਿ ਅਮਰੀਕੀ ਜਾਸੂਸੀ ਏਜੰਸੀਆਂ ਨੇ ਸੈਟੇਲਾਈਟ ਤਸਵੀਰਾਂ ਵੀ ਜਾਰੀ ਕੀਤੀਆਂ ਜੋ ਭਾਰਤੀ ਮਿਜ਼ਾਈਲਾਂ ਨੂੰ ਦਰਸਾਉਂਦੀਆਂ ਹਨ ਜੋ ਦਹਿਸ਼ਤਵਾਦੀ ਸਿਖਲਾਈ ਕੈਂਪਾਂ ਤੋਂ ਘੱਟੋ-ਘੱਟ ਤਿੰਨ ਕਿਲੋਮੀਟਰ ਦੀ ਦੂਰੀ 'ਤੇ ਡਿੱਗੀਆਂ ਸਨ ਜਿਸ ਨਾਲ ਨੇੜੇ-ਤੇੜੇ ਦੇ ਰੁੱਖਾਂ ਨੂੰ ਵੀ ਕੋਈ ਨੁਕਸਾਨ ਨਹੀਂ ਸੀ ਪਹੁੰਚਿਆ। ਇਕ ਫੈਕਟ-ਚੈੱਕ ਸਾਈਟ ਨੇ ਪਾਕਿਸਤਾਨੀ ਅਧਿਕਾਰੀ ਵੱਲੋਂ ਨੁਕਸਾਨ ਨੂੰ ਸਵੀਕਾਰ ਕਰਨ ਬਾਰੇ ਕੈਬਨਿਟ ਮੰਤਰੀ ਦੇ ਦਾਅਵਿਆਂ ਨੂੰ ਵੀ ਗ਼ਲਤ ਸਾਬਤ ਕੀਤਾ। ਇਸ ਤਰ੍ਹਾਂ ਮੋਦੀ ਸਰਕਾਰ ਦੇ ਦਾਅਵੇ ਆਲਮੀ ਭਾਈਚਾਰੇ ਅੱਗੇ ਬੇਯਕੀਨੇ ਸਾਬਤ ਹੋਏ।

ਇਸ ਤੋਂ ਇਲਾਵਾ, ਪੁਲਵਾਮਾ ਕਾਂਡ ਖੁਦ ਬਹੁਤ ਸਾਰੇ ਐਸੇ ਸਵਾਲਾਂ 'ਚ ਘਿਰਿਆ ਹੋਇਆ ਹੈ ਜਿਨ੍ਹਾਂ ਦੇ ਕੋਈ ਜਵਾਬ ਨਹੀਂ ਦਿੱਤੇ ਜਾ ਰਹੇ ਜਿਵੇਂ:

ੳ) ਕਸ਼ਮੀਰ ਘਾਟੀ ਦੇ ਅੰਦਰੂਨੀ ਹਿੱਸਿਆਂ ਵਿਚ ਆਰ.ਡੀ.ਐਕਸ. ਕਿਵੇਂ ਪਹੁੰਚਾਇਆ ਗਿਆ।

ਅ) ਜਦੋਂ ਸੀ.ਆਰ.ਪੀ.ਐਫ. ਦਾ ਏਨਾ ਵੱਡਾ ਕਾਫ਼ਲਾ ਜਾ ਰਿਹਾ ਸੀ ਤਾਂ ਆਰ.ਡੀ.ਐਕਸ. ਵਾਲੀ ਕਾਰ ਧਿਆਨ 'ਚ ਕਿਉਂ ਨਹੀਂ ਆਈ?

ੲ) ਡੀ.ਐਸ.ਪੀ. ਦਵਿੰਦਰ ਸਿੰਘ ਦੀ ਭੂਮਿਕਾ ਨੂੰ ਲੈ ਕੇ ਸਵਾਲ ਜਿਸ ਨੂੰ ਕੁਝ ਮਹੀਨਿਆਂ ਬਾਅਦ ਹੀ ਗ੍ਰਿਫ਼ਤਾਰ ਕੀਤਾ ਗਿਆ ਜਦੋਂ ਉਹ ਤਿੰਨ ਹਿਜ਼ਬੁਲ ਜਥੇਬੰਦੀ ਦੇ ਦਹਿਸ਼ਤਗਰਦਾਂ ਨੂੰ ਸਰਹੱਦ ਪਾਰ ਕਰਨ ਵਿਚ ਮਦਦ ਕਰ ਰਿਹਾ ਸੀ।

**4. ਗਲਵਾਨ ਦੁਰਦਸ਼ਾ:** ਪਿਛਲੇ ਅੱਠ ਸਾਲਾਂ ਦੇ ਮੋਦੀ ਰਾਜ ਦੇ ਅਧੀਨ ਭਾਰਤ ਨੂੰ ਜਿਸ ਸਭ ਤੋਂ ਵੱਡੀ ਸ਼ਰਮਿੰਦਗੀ ਦਾ ਸਾਹਮਣਾ ਕਰਨਾ ਪਿਆ ਹੈ, ਉਹ ਹੈ ਚੀਨ ਦੇ ਨਾਲ ਗਲਵਾਨ ਰੇੜਕੇ ਵਿਚ ਹੋਈ ਭਾਰਤ ਦੀ ਦੁਰਦਸ਼ਾ ਅਤੇ ਦਾਅਵਿਆਂ ਨੂੰ ਬਦਲਣ ਦਾ ਸਿਲਸਿਲਾ। ਗਲਵਾਨ ਘਾਟੀ 'ਚ ਭਾਰਤੀ ਅਤੇ ਚੀਨੀ ਫ਼ੌਜੀਆਂ ਵਿਚਾਲੇ ਹੋਈ ਝੜਪ 'ਚ ਭਾਰਤ ਦੇ ਫ਼ੌਜੀ ਮਾਰੇ ਗਏ ਹਾਲਾਂਕਿ ਭਾਰਤ ਅਤੇ ਚੀਨ ਦਰਮਿਆਨ ਸਰਹੱਦ ਦੀ ਉਲੰਘਣਾ ਬਾਰੇ ਦਾਅਵਿਆਂ ਦੀ ਮੁਕਾਬਲੇਬਾਜ਼ੀ ਚੱਲ ਰਹੀ ਸੀ ਪਰ ਮੋਦੀ ਸਰਕਾਰ ਆਪਣੇ ਦਾਅਵਿਆਂ ਦੇ ਪੁਖਤਾ ਸਬੂਤ ਆਲਮੀ ਭਾਈਚਾਰੇ ਸਾਹਮਣੇ ਪੇਸ਼ ਕਰਨ ਵਿਚ ਅਸਫ਼ਲ ਰਹੀ।

ਮੋਦੀ ਸਰਕਾਰ ਨੇ ਦਾਅਵਾ ਤਾਂ ਇਹ ਕੀਤਾ ਕਿ ਇਹ ਝੜਪ ਖੁਦ ਚੀਨੀ ਖੇਤਰਾਂ ਦੇ ਅੰਦਰ ਭਾਰਤੀ ਖੇਤਰਾਂ ਵਿਚ ਕੀਤੀ ਜਾ ਘੁਸਪੈਠ ਨੂੰ ਰੋਕਣ ਲਈ ਹੋਈ ਸੀ। ਅੰਤਮ ਨਤੀਜਾ ਇਹ ਸੀ ਕਿ ਭਾਰਤ ਨੂੰ ਆਪਣੀਆਂ ਅਸਲ ਸੁਰੱਖਿਆ ਚੌਕੀਆਂ ਨੂੰ ਪਿੱਛੇ ਹਟਾਉਣ ਅਤੇ ਉਨ੍ਹਾਂ ਨੂੰ ਆਪਣੇ ਅੰਦਰੂਨੀ ਹਿੱਸੇ ਵਿਚ ਲਿਆਉਣ ਲਈ ਮਜਬੂਰ ਕਰ ਦਿੱਤਾ ਗਿਆ, ਜਿਸ ਨਾਲ ਉਹ ਚੌਕੀ ਵੀ ਛੱਡਣੀ ਪੈ ਗਈ ਜੋ ਇਸ ਦੇ ਕਬਜ਼ੇ 'ਚ ਸੀ। ਬਾਦ ਵਿਚ, ਅਜਿਹੀਆਂ ਖ਼ਬਰਾਂ ਵੀ ਆ ਰਹੀਆਂ ਹਨ ਕਿ ਚੀਨੀ ਪੈਂਗੌਂਗ ਝੀਲ ਉੱਪਰ ਦੂਜਾ ਪੁਲ ਅਤੇ ਅਰੁਣਾਚਲ ਸਰਹੱਦ ਨੇੜੇ ਇਕ ਸਥਾਈ ਪਿੰਡ ਅਤੇ ਹਾਈਵੇਅ ਬਣਾ ਰਹੇ ਹਨ। ਹਾਲਾਂਕਿ ਮੋਦੀ ਸਰਕਾਰ ਨੇ ਚੀਨੀ ਘੁਸਪੈਠ ਬਾਰੇ ਬਹੁਤ ਹੋ ਹੱਲਾ ਮਚਾਇਆ ਅਤੇ ਕੁਝ ਚੀਨੀ ਗੈਜ਼ਟਾਂ ਉੱਪਰ ਪਾਬੰਦੀ ਵੀ ਲਗਾ ਦਿੱਤੀ, ਫਿਰ ਵੀ ਚੀਨ ਭਾਰਤ ਨਾਲ ਚੋਟੀ ਦੇ ਦੋ ਵਪਾਰਕ ਭਾਈਵਾਲਾਂ ਵਿਚੋਂ ਇਕ ਬਣਿਆ ਹੋਇਆ ਹੈ ਅਤੇ ਚੀਨ ਤੋਂ ਭਾਰਤ ਨੂੰ ਹੋ ਰਿਹਾ ਆਯਾਤ ਭਾਰਤ ਵੱਲੋਂ ਕੀਤੇ ਜਾ ਰਹੇ ਨਿਰਯਾਤ ਨਾਲੋਂ ਚਾਰ ਗੁਣਾ ਵੱਧ ਹੈ। ਇਸ ਤਰ੍ਹਾਂ, ਮੋਦੀ ਦੀ ਅਗਵਾਈ ਵਿਚ ਭਾਰਤ ਏਸ਼ੀਆ ਦੀ ਭੂ-ਰਾਜਨੀਤੀ ਵਿਚ ਨੈਤਿਕ ਤੌਰ 'ਤੇ ਸਹੀ ਦਾਅਵੇਦਾਰ ਵਜੋਂ ਆਪਣੀ ਹਿੱਸੇਦਾਰੀ ਸਥਾਪਤ ਕਰਨ ਵਿਚ ਅਸਫ਼ਲ ਰਿਹਾ ਅਤੇ ਇਸ ਨੇ ਚੀਨ ਨੂੰ ਆਪਣਾ ਦਬਦਬਾ ਸਾਬਤ ਕਰਨ ਦਾ ਇਕ ਹੋਰ ਮੌਕਾ ਦਿੱਤਾ।

**5. ਭੀਮਾ-ਕੋਰੇਗਾਓਂ ਅਤੇ ਪੈਗਾਸਸ ਸਪਾਈਵੇਅਰ:** ਭੀਮਾ-ਕੋਰੇਗਾਂਓਂ ਕੇਸ ਵਿਚ ਗ੍ਰਿਫ਼ਤਾਰੀਆਂ ਇਹ ਸਾਬਤ ਨਹੀਂ ਕਰਦੀਆਂ ਕਿ ਇਹ ਦੋਸ਼ੀਆਂ ਦੀ ਸਾਜ਼ਿਸ਼ ਸੀ ਇਸ ਦੀ ਬਜਾਇ ਇਹ ਸਿਆਸੀ ਅਸਹਿਮਤੀ ਵਿਰੁੱਧ ਮੋਦੀ ਸਰਕਾਰ ਦੀ ਸਾਜ਼ਿਸ਼ ਨੂੰ ਸਾਬਤ ਕਰ ਰਹੀਆਂ ਹਨ। ਇਕ 83 ਸਾਲਾ ਬਜ਼ੁਰਗ ਫਾਦਰ ਸਟੇਨ ਸਵਾਮੀ ਜੋ ਪਾਰਕਿਨਸਨ ਤੋਂ ਪੀੜਤ ਸੀ ਨੂੰ ਤਰਲ ਪੀਣ ਲਈ ਨਲਕੀ ਦੇਣ ਤੋਂ ਵੀ ਇਨਕਾਰ ਕਰਨ ਅਤੇ ਉਸ ਉੱਪਰ ਪ੍ਰਧਾਨ ਮੰਤਰੀ ਨੂੰ ਮਾਰਨ ਦੀ ਸਾਜ਼ਿਸ਼ ਰਚਣ ਦਾ ਦੋਸ਼ ਲਗਾ ਕੇ ਜੇਲ੍ਹ ਵਿਚ ਉਸ ਦਾ ਸੰਸਥਾਗਤ ਕਤਲ ਕੀਤੇ ਜਾਣ ਨੇ ਭਾਰਤ ਨੂੰ ਦੁਨੀਆ ਸਾਹਮਣੇ ਸ਼ਰਮਿੰਦਾ ਕੀਤਾ ਹੈ। ਇੱਥੋਂ ਤੱਕ ਕਿ ਯੂ.ਐਨ. ਹਿਊਮਨ ਰਾਈਟਸ ਕਮਿਸ਼ਨ, ਐਮਨੈਸਟੀ ਇੰਟਰਨੈਸ਼ਨਲ ਅਤੇ ਕਈ ਲੋਕਤੰਤਰੀ ਸਰਕਾਰਾਂ ਨੇ ਮੋਦੀ ਸਰਕਾਰ ਦੇ ਬੀ.ਕੇ.-16 (ਭੀਮਾ-ਕੋਰੇਗਾਓਂ ਕੇਸ ਵਿਚ ਜੇਲ੍ਹ 'ਚ ਡੱਕੀਆਂ 16 ਸ਼ਖਸੀਅਤਾਂ) ਨਾਲ ਪੇਸ਼ ਆਉਣ ਦੇ ਤਰੀਕੇ ਦੀ ਨਿੰਦਾ ਕੀਤੀ ਹੈ। ਇਸ ਸਭ ਕਾਸੇ ਨੇ ਉਦੋਂ ਨਵੀਂਆਂ ਸਿਖ਼ਰਾਂ ਛੂਹ ਲਈਆਂ ਜਦੋਂ 'ਦਿ ਵਾਇਰ', 'ਫੋਰਬਿਡਨ ਸਟੋਰੀਜ਼' ਵਰਗੇ ਮੀਡੀਆ ਹਾਊਸਾਂ, ਐਮਨੈਸਟੀ ਵਰਗੀਆਂ ਸੰਸਥਾਵਾਂ ਨੇ ਆਪਣੀ ਰਿਪੋਰਟ ਪੇਸ਼ ਕੀਤੀ ਜੋ ਸਰਕਾਰ ਨਾਲ ਅਸਹਿਮਤ ਆਪਣੇ ਹੀ ਨਾਗਰਿਕਾਂ, ਪ੍ਰੈੱਸ ਅਤੇ ਬੀ.ਕੇ.-16 ਵਿਰੁੱਧ ਮਿਲਟਰੀ ਗ੍ਰੇਡ ਇਜ਼ਰਾਈਲੀ ਜਾਸੂਸੀ ਸਾਫਟਵੇਅਰ ਪੈਗਾਸਸ ਦੀ ਗੈਰ-ਸੰਵਿਧਾਨਕ

***(ਬਾਕੀ ਅਗਲੇ ਸਫੇ 'ਤੇ)***

# ਮੋਦੀ ਦੇ ਅੱਠ ਸਾਲ ਅਤੇ ਡੁੱਬਦਾ ਅਰਥਚਾਰਾ

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਿਚ ਐੱਨ.ਡੀ.ਏ. ਸਰਕਾਰ ਨੇ 8 ਸਾਲ ਪੂਰੇ ਕਰ ਲਏ। ਸਰਕਾਰ ਵੱਲੋਂ ਆਪਣਾ ਕੰਮਕਾਜ ਸੰਭਾਲਣ ਤੋਂ ਦੋ ਤਿੰਨ ਸਾਲਾਂ ਬਾਅਦ ਹੀ ਭਾਰਤ ਦੀ ਅਰਥ-ਵਿਵਸਥਾ ਲਗਾਤਾਰ ਗਿਰਾਵਟ ਵੱਲ ਜਾਂਦੀ ਦਿਸਣ ਲੱਗ ਪਈ ਸੀ ਕਿਉਂਕਿ ਲਗਭਗ ਸਾਰੇ ਹੀ ਮਹੱਤਵਪੂਰਨ ਆਰਥਿਕ ਇੰਡੀਕੇਟਰ ਜਿਵੇਂ ਆਰਥਿਕ ਵਿਕਾਸ ਦਰ, ਪ੍ਰਤੀ ਵਿਅਕਤੀ ਆਮਦਨ ਦਰ, ਬੇਰੁਜ਼ਗਾਰੀ ਦੀ ਦਰ, ਮਹਿੰਗਾਈ ਦੀ ਦਰ, ਗ਼ਰੀਬੀ ਦੀ ਸਥਿਤੀ ਆਦਿ, ਪਿਛਲੇ ਦਹਾਕੇ ਦੌਰਾਨ ਸਭ ਤੋਂ ਨੀਵੇਂ ਪੱਧਰ 'ਤੇ ਆ ਗਏ ਹਨ। ਅਜਿਹਾ ਹੋਣ ਵਿਚ ਕਿਸੇ ਵੀ ਬਾਹਰੀ ਅਤੇ ਕੌਮਾਂਤਰੀ ਨੀਤੀਆਂ ਅਤੇ ਕਾਰਕਾਂ ਦਾ ਰੋਲ ਨਹੀਂ ਹੈ। ਗਹੁ ਨਾਲ ਵਾਚਿਆ



**ਡਾ. ਕੇਸਰ ਸਿੰਘ ਭੰਗੂ**
**ਫੋਨ: +91-98154-27127**

ਜਾਵੇ ਤਾਂ ਪਤਾ ਲਗਦਾ ਹੈ ਕਿ ਇਸ ਹਾਲਤ ਲਈ ਸਰਕਾਰ ਦੀਆਂ ਨੀਤੀਆਂ ਅਤੇ ਕੋਵਿਡ-19 ਮਹਾਮਾਰੀ ਨਾਲ ਠੀਕ ਢੰਗ ਨਾਲ ਨਾ ਨਜਿੱਠਣ ਕਾਰਨ ਹੀ ਹੋਇਆ ਹੈ। ਕੇਂਦਰ ਸਰਕਾਰ ਨੇ ਭਾਵੇਂ ਪਿਛਲੇ ਅੱਠ ਸਾਲਾਂ ਵਿਚ ਆਰਥਿਕ ਨੀਤੀਆਂ ਵਿਚ ਤਬਦੀਲੀਆਂ ਕੀਤੀਆਂ ਜਿਵੇਂ ਯੋਜਨਾ ਕਮਿਸ਼ਨ ਤੋੜ ਕੇ ਨੀਤੀ ਆਯੋਗ ਬਣਾਉਣਾ, ਸਰਕਾਰੀ ਅਦਾਰਿਆਂ ਦਾ ਨਿੱਜੀਕਰਨ ਕਰਨਾ, ਮੁਦਰਾ ਨੀਤੀ, ਰਾਜਕੋਸ਼ੀ ਨੀਤੀ ਆਦਿ ਪਰ ਇਥੇ ਸਰਕਾਰ ਦੁਆਰਾ ਲਾਗੂ ਕੀਤੀਆਂ ਦੋ ਵੱਡੀਆਂ ਆਰਥਿਕ ਨੀਤੀਆਂ/ਤਬਦੀਲੀਆਂ, ਭਾਵ 2016 ਵਿਚ ਨੋਟਬੰਦੀ ਤੇ 2017 ਵਿਚ ਗੁੱਡਜ਼ ਐਂਡ ਸਰਵਿਸ ਟੈਕਸ (ਜੀ.ਐੱਸ.ਟੀ.) ਅਤੇ 2020 ਵਿਚ ਕੋਵਿਡ-19 ਮਹਾਮਾਰੀ ਦੀ ਮਾਰ ਦਾ ਅਧਿਐਨ ਕੀਤਾ ਜਾਵੇਗਾ।

ਯੂ.ਪੀ.ਏ. ਸਰਕਾਰ ਸਮੇਂ ਵਿੱਤੀ ਸਾਲ 2012-13 ਵਿਚ ਮੁਲਕ ਵਿਚ ਕੁੱਲ ਘਰੇਲੂ ਉਤਪਾਦ ਵਿਕਾਸ ਦਰ 5.5 ਫ਼ੀਸਦ ਸਾਲਾਨਾ ਅਤੇ ਨਾਲ ਹੀ ਪ੍ਰਤੀ ਵਿਅਕਤੀ ਆਮਦਨ ਦਰ 3.3 ਫ਼ੀਸਦ ਸਾਲਾਨਾ ਦੇ ਹਿਸਾਬ ਨਾਲ ਵਧ ਰਹੀ ਸੀ। ਸਰਕਾਰ ਨੇ ਪਿਛਲੀ ਸਰਕਾਰ ਤੋਂ ਵਿਰਸੇ ਵਿਚ 2014-15 ਦੌਰਾਨ ਚੰਗੀ ਆਰਥਿਕ ਹਾਲਤ ਵਿਚ ਅਰਥ-ਵਿਵਸਥਾ ਸੰਭਾਲੀ ਸੀ ਕਿਉਂਕਿ ਇਸ ਵਿੱਤੀ ਸਾਲ ਦੌਰਾਨ ਕੁੱਲ ਘਰੇਲੂ ਉਤਪਾਦ ਦੇ ਵਿਕਾਸ ਦਰ 7.4 ਫ਼ੀਸਦ ਅਤੇ ਪ੍ਰਤੀ ਵਿਅਕਤੀ ਆਮਦਨ ਵਿਚ ਵਾਧੇ ਦੀ ਦਰ 6.2 ਫ਼ੀਸਦ ਸੀ। ਸਰਕਾਰ ਦੇ ਕੰਮਕਾਜ ਸੰਭਾਲਣ ਦੇ ਤਿੰਨ ਮਹੀਨਿਆਂ ਬਾਅਦ, ਭਾਵ ਅਗਸਤ 2014 ਵਿਚ ਦੁਨੀਆ ਭਰ ਵਿਚ ਕੱਚੇ ਤੇਲ ਦੀਆਂ ਅਤੇ ਹੋਰ ਪੈਟਰੋਲੀਅਮ ਪਦਾਰਥਾਂ ਵਿਚ ਭਾਰੀ ਇਤਿਹਾਸਕ ਗਿਰਾਵਟ ਆਈ ਜਿਸ ਨੇ ਪਹਿਲਾਂ ਤੋਂ ਹੀ ਚੰਗੀ ਆਰਥਿਕ ਤਰੱਕੀ ਕਰ ਰਹੀ ਭਾਰਤ ਦੀ ਅਰਥ-ਵਿਵਸਥਾ ਨੂੰ ਹੋਰ ਮਜ਼ਬੂਤ ਕੀਤਾ। ਨਤੀਜੇ ਵਜੋਂ 2016-17 ਵਿਚ ਕੁੱਲ ਘਰੇਲੂ ਉਤਪਾਦ ਦੀ ਵਿਕਾਸ ਦਰ ਵਿਚ 8.3 ਫ਼ੀਸਦ ਅਤੇ ਪ੍ਰਤੀ ਵਿਅਕਤੀ ਆਮਦਨ ਦਰ ਵਿਚ 6.9 ਫ਼ੀਸਦ ਦਾ ਵਾਧਾ ਦਰਜ ਹੋਇਆ।



ਕੇਂਦਰ ਸਰਕਾਰ ਦਾ ਨਵੰਬਰ 2016 ਵਿਚ ਨੋਟਬੰਦੀ ਲਾਗੂ ਕਰਨ ਦਾ ਫੈਸਲਾ ਬੇਲੋੜਾ ਸੀ। ਇਸ ਫੈਸਲੇ ਨਾਲ ਆਮ ਲੋਕਾਂ ਨੂੰ ਬਹੁਤ ਦਿੱਕਤਾਂ ਦਾ ਸਾਹਮਣਾ ਕਰਨਾ ਪਿਆ ਅਤੇ ਮੁਲਕ ਵਿਚ ਬਹੁਤ ਸਾਰੇ ਲੋਕਾਂ ਦੀ ਆਮਦਨ ਤੇ ਰੁਜ਼ਗਾਰ ਨੂੰ ਢਾਹ ਲੱਗੀ; ਖ਼ਾਸਕਰ ਛੋਟੇ ਤੇ ਦਰਮਿਆਨੇ ਉਦਯੋਗਾਂ ਅਤੇ ਗੈਰ-ਸੰਗਠਤ ਖੇਤਰ ਦੇ ਅਦਾਰਿਆਂ ਦੇ ਕਰਮੀਆਂ ਤੇ ਮਾਲਕਾਂ ਦਾ ਕਚੂੰਮਰ ਕੱਢ ਕੇ ਰੱਖ ਦਿੱਤਾ। ਦੂਜੇ ਬੰਨੇ, ਇਸ ਫੈਸਲੇ ਲਈ ਸਰਕਾਰ ਦੇ ਐਲਾਨੇ ਇਕ ਵੀ ਉਦੇਸ਼ ਦੀ ਪੂਰਤੀ ਨਹੀਂ ਹੋ ਸਕੀ। ਇਸ ਤੋਂ ਬਾਅਦ 2017 ਦੌਰਾਨ ਜੀ.ਐੱਸ.ਟੀ. ਲਾਗੂ ਕੀਤਾ ਗਿਆ। ਸਰਕਾਰ ਦੇ ਇਸ ਫ਼ੈਸਲੇ ਨੇ ਵੀ ਮੁਲਕ ਵਿਚ ਛੋਟੇ, ਦਰਮਿਆਨੇ ਅਤੇ ਗੈਰ-ਸੰਗਠਤ ਵਪਾਰਕ ਅਦਾਰਿਆਂ ਨੂੰ ਵੱਡੀ ਢਾਹ ਲਾਈ।

ਇਸ ਫ਼ੈਸਲੇ ਨੇ ਮੁਲਕ ਦੇ ਮਜ਼ਬੂਤ ਫੈਡਰਲ ਢਾਂਚੇ ਨੂੰ ਵੀ ਨੀਵਾਂ ਦਿਖਾਇਆ, ਨਾਲ ਹੀ ਸੂਬਿਆਂ ਦੇ ਟੈਕਸ ਲਾਗੂ ਕਰਕੇ ਆਪਣੀ ਆਮਦਨ ਵਿਚ ਵਾਧਾ ਕਰਨ 'ਤੇ ਰੋਕ ਲਗਾ ਦਿੱਤੀ। ਹੁਣ ਸਾਰੇ ਸੂਬੇ ਛੋਟੀ ਛੋਟੀ ਵਿੱਤੀ ਸਹਾਇਤਾ ਲਈ ਵੀ ਕੇਂਦਰ ਸਰਕਾਰ 'ਤੇ ਨਿਰਭਰ ਹਨ। ਪਤਾ ਨਹੀਂ ਕਿਵੇਂ, ਮੁਲਕ ਦੀਆਂ ਮਜ਼ਬੂਤ ਖੇਤਰੀ ਸਿਆਸੀ ਪਾਰਟੀਆਂ ਜਿਹੜੀਆਂ ਫੈਡਰਲਿਜ਼ਮ ਅਤੇ ਸੂਬਿਆਂ ਨੂੰ ਵਧੇਰੇ ਅਧਿਕਾਰ ਦੇਣ ਦੀਆਂ ਝੰਡਾਬਰਦਾਰ ਸਨ, ਨੇ ਵੀ ਜੀ.ਐੱਸ.ਟੀ. ਲਾਗੂ ਕਰਨ ਲਈ ਹਾਮੀ ਭਰ ਦਿੱਤੀ।

ਇਨ੍ਹਾਂ ਦੋ ਆਰਥਿਕ ਤਬਦੀਲੀਆਂ ਕਾਰਨ ਮੁਲਕ ਵਿਚ ਆਮ ਲੋਕਾਂ ਦੀ ਰੋਜ਼ੀ ਰੋਟੀ ਕਮਾਉਣ ਦੇ ਵਸੀਲਿਆਂ ਨੂੰ ਵੱਡੀ ਢਾਹ ਲੱਗੀ। ਲੋਕਾਂ ਦਾ ਰੁਜ਼ਗਾਰ ਖੁੱਸਿਆ, ਆਮਦਨ ਘਟੀ, ਗ਼ਰੀਬੀ ਵਧੀ, ਖ਼ੁਰਾਕ ਸੁਰੱਖਿਆ ਖ਼ਤਰੇ ਵਿਚ ਪਈ ਅਤੇ ਬਹੁਤ ਲੋਕ ਭੁੱਖਮਰੀ ਦੀ ਕਗਾਰ 'ਤੇ ਪਹੁੰਚ ਗਏ। ਇਨ੍ਹਾਂ ਨੀਤੀਆਂ ਕਾਰਨ ਮੁਲਕ ਵਿਚ ਪਿਛਲੇ ਪੰਜ ਦਹਾਕਿਆਂ ਤੋਂ ਪਹਿਲੀ ਵਾਰ ਪ੍ਰਤੀ ਵਿਅਕਤੀ ਆਮਦਨ ਘਟੀ ਕਿਉਂਕਿ 2017-18 ਤੋਂ 2021-22 ਦਰਮਿਆਨ ਪ੍ਰਤੀ ਵਿਅਕਤੀ ਆਮਦਨ ਦਰ 0.2 ਫ਼ੀਸਦ ਦੇ ਹਿਸਾਬ ਨਾਲ ਸਾਲਾਨਾ ਘੱਟ ਹੋ ਗਈ। ਇਥੇ ਹੀ ਬਸ ਨਹੀਂ, ਗੈਰ-ਖੇਤੀ ਧੰਦਿਆਂ ਵਿਚ ਕੰਮ ਕਰਦੇ ਕਰਮੀਆਂ ਦੀ ਅਸਲ ਮਜ਼ਦੂਰੀ ਵੀ 0.2 ਫ਼ੀਸਦ ਦੇ ਹਿਸਾਬ ਨਾਲ ਘਟੀ ਅਤੇ 2016-17 ਤੋਂ ਬਾਅਦ ਅਸਲ ਮਜ਼ਦੂਰੀ ਵਿਚ 0.7 ਫ਼ੀਸਦ ਸਲਾਨਾ ਦਾ ਭਾਰੀ ਘਾਟਾ ਦਰਜ ਕੀਤਾ ਗਿਆ।

ਇਹ ਅੰਕੜੇ ਪਿਛਲੇ ਸਾਲਾਂ ਵਿਚ ਦੌਰਾਨ ਵਧੀ ਗ਼ਰੀਬੀ ਅਤੇ ਗਰੀਬੀ ਘਟਣ ਦੀ ਦਰ ਵਿਚ ਆਈ ਕਮੀ ਵੱਲ ਇਸ਼ਾਰਾ ਕਰਦੇ ਹਨ। ਮੁਲਕ ਵਿਚ ਗ਼ਰੀਬੀ ਦੇ ਅੰਕੜੇ ਇਕ ਦਹਾਕਾ, ਭਾਵ 2011-12 ਦੇ ਹੀ ਮਿਲਦੇ ਹਨ। ਗ਼ਰੀਬੀ ਬਾਰੇ ਜਿਹੜਾ ਸਰਵੇਖਣ 2017-18 ਵਿਚ ਹੋਇਆ ਸੀ, ਉਸ ਨੂੰ ਸਰਕਾਰ ਨੇ ਤਕਨੀਕੀ ਖਾਮੀਆਂ ਹੋਣ ਕਾਰਨ ਠੰਢੇ ਬਸਤੇ ਵਿਚ ਪਾਇਆ ਹੋਇਆ ਹੈ। ਪਿਛਲੇ ਸਮੇਂ ਦੌਰਾਨ ਜਿਨ੍ਹਾਂ ਲੋਕਾਂ ਅਤੇ ਸੰਸਥਾਵਾਂ ਨੇ ਗ਼ਰੀਬੀ ਮਾਪਣ ਬਾਰੇ ਕੋਈ ਸਰਵੇਖਣ ਜਾਂ ਖੋਜ ਪੱਤਰ ਛਾਪੇ, ਉਨ੍ਹਾਂ ਦੀ ਭਰੋਸੇਯੋਗਤਾ ਨਹੀਂ ਹੈ। ਇਸ ਲਈ ਉਪਰੋਕਤ ਅੰਕੜਿਆਂ ਅਨੁਸਾਰ ਕਿਹਾ ਜਾ ਸਕਦਾ ਹੈ ਕਿ ਜਦੋਂ ਮੁਲਕ ਵਿਚ ਲੋਕਾਂ ਦੇ ਰੁਜ਼ਗਾਰ ਅਤੇ ਆਮਦਨ ਘਟੀ ਹੈ ਤਾਂ ਸੁਭਾਵਿਕ ਹੈ ਕਿ ਗ਼ਰੀਬੀ ਵੀ ਵਧੀ ਹੈ।

ਮੁਲਕ ਦੀ ਅਰਥ-ਵਿਵਸਥਾ ਪਹਿਲਾਂ ਹੀ ਗਿਰਾਵਟ ਵੱਲ ਜਾ ਰਹੀ ਸੀ, ਕੋਵਿਡ-19 ਮਹਾਮਾਰੀ ਰੋਕਣ ਲਈ ਮਾਰਚ 2020 ਵਿਚ ਮੁਲਕ ਭਰ ਵਿਚ ਲਾਏ ਸਾਰੀ ਦੁਨੀਆ ਤੋਂ ਸਖ਼ਤ ਲੌਕਡਾਊਨ ਅਤੇ ਵਪਾਰ ਤੇ ਉਦਯੋਗ ਉਤੇ ਪਾਬੰਦੀਆਂ ਨੇ ਬਲਦੀ ਉੱਤੇ ਤੇਲ ਪਾਉਣ ਦਾ ਕੰਮ ਕੀਤਾ। ਕੌਮਾਂਤਰੀ ਮਜ਼ਦੂਰ ਸੰਗਠਨ ਅਤੇ ਖ਼ੁਰਾਕ ਤੇ ਖੇਤੀਬਾੜੀ ਸੰਗਠਨ ਮੁਤਾਬਿਕ ਦੁਨੀਆ ਵਿਚ ਗ਼ਰੀਬੀ ਦੀ ਦਰ ਵਿਚ 20 ਫ਼ੀਸਦ ਤੋਂ ਵੀ ਜ਼ਿਆਦਾ ਵਾਧਾ ਹੋਇਆ। ਜਿਨ੍ਹਾਂ ਮੁਲਕਾਂ ਵਿਚ ਵੱਡੀ ਗਿਣਤੀ ਮਜ਼ਦੂਰ ਗੈਰ-ਸੰਗਠਤ ਖੇਤਰਾਂ ਵਿਚ ਰੁਜ਼ਗਾਰ 'ਤੇ ਲੱਗੇ ਹੋਏ ਸਨ (ਜਿਵੇਂ ਭਾਰਤ ਵਿਚ), ਉਥੇ ਮਜ਼ਦੂਰਾਂ ਦਾ ਰੁਜ਼ਗਾਰ ਬਹੁਤ ਜ਼ਿਆਦਾ ਘਟਿਆ। ਕੌਮਾਂਤਰੀ ਮਜ਼ਦੂਰ ਸੰਗਠਨ ਮੁਤਾਬਕ ਭਾਰਤ ਵਿਚ ਕੋਵਿਡ-19 ਮਹਾਮਾਰੀ ਕਾਰਨ ਮਜ਼ਦੂਰਾਂ ਦਾ ਰੁਜ਼ਗਾਰ ਵੱਡੇ ਪੱਧਰ 'ਤੇ ਘਟਿਆ ਹੈ, ਭਾਰਤ ਸਰਕਾਰ ਵੱਲੋਂ ਨਿਗੂਣੀ ਸਹਾਇਤਾ ਦੇਣ ਕਾਰਨ ਕਰੋੜਾਂ ਲੋਕ ਗ਼ਰੀਬੀ ਵਿਚ ਧੱਕੇ ਗਏ ਹਨ, ਇਨ੍ਹਾਂ ਵਿਚੋਂ ਬਹੁਤ ਸਾਰੇ ਭੁੱਖਮਰੀ ਦਾ ਸ਼ਿਕਾਰ ਵੀ ਹੋਏ। ਇਹ ਬਿਲਕੁਲ ਸਪੱਸ਼ਟ ਹੋ ਗਿਆ ਕਿ ਕੋਵਿਡ-19 ਨੇ ਭਾਰਤ ਵਿਚ ਸਭ ਤੋਂ ਮਾਰੂ ਅਤੇ ਭਿਆਨਕ ਅਸਰ ਗੈਰ-ਸੰਗਠਤ ਖੇਤਰਾਂ ਵਿਚ ਰੁਜ਼ਗਾਰ 'ਤੇ ਲੱਗੇ ਲੋਕਾਂ ਉੱਤੇ ਪਾਇਆ। ਅਮੀਰ ਮੁਲਕਾਂ ਜਿਵੇਂ ਅਮਰੀਕਾ, ਬਰਤਾਨੀਆ ਆਦਿ ਨੇ ਕੋਵਿਡ-19 ਮਹਾਮਾਰੀ ਦੀ ਮਾਰ ਦਾ ਸ਼ਿਕਾਰ ਹੋਏ ਲੋਕਾਂ ਲਈ ਆਪਣੇ ਕੁੱਲ ਘਰੇਲੂ ਉਤਪਾਦ ਦੇ ਵੱਡੇ ਹਿੱਸੇ, 10 ਫ਼ੀਸਦ ਤੋਂ 20 ਫ਼ੀਸਦ ਤੱਕ, ਖ਼ਰਚ ਕੀਤੇ ਪਰ ਭਾਰਤ ਸਰਕਾਰ ਨੇ ਲੋਕਾਂ ਦੀ ਮਦਦ ਲਈ ਬਹੁਤਾ ਕੁਝ ਨਹੀਂ ਕੀਤਾ; ਇਸ ਨੇ ਆਪਣੇ ਕੁੱਲ ਘਰੇਲੂ ਉਤਪਾਦ ਦਾ ਸਿਰਫ਼ 1 ਫ਼ੀਸਦ ਤੋਂ ਵੀ ਘੱਟ ਖਰਚ ਕੀਤਾ। ਇਸ ਲਈ ਕਿਹਾ ਜਾ ਸਕਦਾ ਹੈ ਕਿ ਕੇਂਦਰ ਸਰਕਾਰ ਇਸ ਮਹਾਮਾਰੀ ਕਾਰਨ ਲੋਕਾਂ ਦੇ ਰੁਜ਼ਗਾਰ ਅਤੇ ਆਮਦਨ 'ਤੇ ਪਏ ਮਾੜੇ ਪ੍ਰਭਾਵ ਘਟਾਉਣ ਵਿਚ ਅਸਫਲ ਰਹੀ ਹੈ।

ਮੁਲਕ ਵਿਚ ਪਿਛਲੇ ਕੁਝ ਸਾਲਾਂ ਤੋਂ ਵਧ ਰਹੀ ਹਰ ਕਿਸਮ ਦੀ ਮਹਿੰਗਾਈ ਦੀ ਗੱਲ ਕਰੀਏ ਤਾਂ ਪਤਾ ਲੱਗਦਾ ਹੈ ਕਿ ਅੱਜ ਪ੍ਰਚੂਨ ਅਤੇ ਥੋਕ ਮਹਿੰਗਾਈ ਦੀ ਦਰ ਜੋ ਕੁਝ ਸਾਲਾਂ ਤੋਂ ਲਗਾਤਾਰ ਵਧ ਰਹੀ ਹੈ, 8 ਸਾਲਾਂ ਵਿਚ ਸਭ ਤੋਂ ਉੱਚੇ ਪੱਧਰ 'ਤੇ ਹੈ। ਗ਼ਰੀਬ ਲੋਕ ਜੋ ਬਹੁਗਿਣਤੀ ਵਿਚ ਹਨ, ਮਹਿੰਗਾਈ ਦੀ ਮਾਰ ਸਭ ਤੋਂ ਵੱਧ ਝੱਲ ਰਹੇ ਹਨ। ਪਿਛਲੇ ਸਮੇਂ ਦੌਰਾਨ ਪੈਟਰੋਲੀਅਮ ਪਦਾਰਥਾਂ, ਖਾਣ ਵਾਲੇ ਤੇਲਾਂ, ਖਾਧ ਪਦਾਰਥਾਂ ਅਤੇ ਹੋਰ ਜ਼ਰੂਰੀ ਵਸਤਾਂ ਦੀਆਂ ਕੀਮਤਾਂ ਵਿਚ ਬੇਹਿਸਾਬ ਵਾਧਾ ਹੋਇਆ ਹੈ। ਨਤੀਜੇ ਵਜੋਂ ਇਹ ਪਦਾਰਥ ਆਮ ਲੋਕਾਂ ਦੀ ਪਹੁੰਚ ਤੋਂ ਬਾਹਰ ਹੋ ਰਹੇ ਹਨ। ਇਹ ਵੀ ਦੇਖਣ ਵਿਚ ਆਇਆ ਹੈ ਕਿ ਵਧ ਰਹੀ ਮਹਿੰਗਾਈ ਦੇ ਅਸਲ ਕਾਰਨ ਸਰਕਾਰ ਵੱਲੋਂ ਨੀਤੀਆਂ ਨਾਲ ਗ਼ਲਤ ਛੇੜਛਾੜ, ਕਾਰਪੋਰੇਟ ਘਰਾਣਿਆਂ ਨੂੰ ਮਣਾਂ ਮੂੰਹੀਂ ਮੁਨਾਫ਼ਾ ਕਮਾਉਣ ਦੀ ਖੁੱਲ੍ਹ ਦੇਣਾ ਅਤੇ ਸਰਕਾਰ ਦੀਆਂ ਹੋਰ ਆਰਥਿਕ ਤਰਜੀਹਾਂ ਹਨ, ਭਾਵ ਮਹਿੰਗਾਈ ਲਈ ਜ਼ਿੰਮੇਵਾਰ ਕਾਰਕ ਅੰਦਰੂਨੀ ਹਨ, ਭਾਵੇਂ ਹੁਣ ਕੁਝ ਮਹੀਨਿਆਂ ਤੋਂ ਮਹਿੰਗਾਈ ਵਧਾਉਣ ਲਈ ਕੌਮਾਂਤਰੀ ਕਾਰਕਾਂ ਵੀ ਥੋੜ੍ਹੇ ਜ਼ਿੰਮੇਵਾਰ ਹਨ। ਇਥੇ ਸਰਕਾਰ ਦੀਆਂ ਆਰਥਿਕ ਤਰਜੀਹਾਂ ਤੋਂ ਮਤਲਬ ਹੈ ਕਿ ਸਰਕਾਰ ਕਾਰਪੋਰੇਟ ਘਰਾਣਿਆਂ ਨੂੰ ਮੁਨਾਫ਼ਾ ਦੇਣ ਵਾਲੀਆਂ ਨੀਤੀਆਂ ਉੱਪਰ ਚਲ ਰਹੀ ਹੈ। ਇਹੀ ਕਾਰਨ ਹੈ ਕਿ ਭਾਰਤ ਵਿਚ ਅਰਬਪਤੀਆਂ ਦੀ ਗਿਣਤੀ ਵਿਚ ਲਗਾਤਾਰ ਚੋਖਾ ਵਾਧਾ ਹੋ ਰਿਹਾ ਹੈ।

ਸਰਕਾਰ ਨੂੰ ਨੀਤੀਆਂ ਵਿਚ ਲੋਕ ਪੱਖੀ ਤਬਦੀਲੀਆਂ ਕਰਕੇ ਆਮ ਲੋਕਾਂ ਨੂੰ ਰੁਜ਼ਗਾਰ ਮੁਹੱਈਆ ਕਰਵਾਉਣਾ ਚਾਹੀਦਾ ਹੈ ਜਿਸ ਨਾਲ ਲੋਕਾਂ ਦੀ ਆਮਦਨ ਵਧੇ ਅਤੇ ਛੇਤੀ ਹੀ ਮਹਿੰਗਾਈ ਤੋਂ ਆਮ ਆਦਮੀ ਨੂੰ ਰਾਹਤ ਪਹੁੰਚਾਉਣੀ ਚਾਹੀਦੀ ਹੈ। ਜੇ ਅਜਿਹਾ ਨਹੀਂ ਹੁੰਦਾ ਤਾਂ ਜਲਦੀ ਹੀ ਮੁਲਕ ਦੀ ਆਬਾਦੀ ਦਾ ਵੱਡਾ ਹਿੱਸਾ ਘੋਰ ਗ਼ਰੀਬੀ ਵਿਚ ਧੱਕਿਆ ਜਾਵੇਗਾ ਅਤੇ ਭੁੱਖਮਰੀ ਦੀ ਕਗਾਰ 'ਤੇ ਪਹੁੰਚ ਜਾਵੇਗਾ।

---

# ਮੋਦੀ ਰਾਜ ਦੇ ਅੱਠ ਸਾਲ, ਅੱਠ ਕਾਰੇ

*(ਪਿਛਲੇ ਸਫੇ ਦੀ ਬਾਕੀ)*

ਵਰਤੋਂ ਬਾਰੇ ਇਕ ਸਾਲ ਤੱਕ ਕੀਤੀ ਗਈ ਜਾਂਚ ਦੇ ਆਧਾਰ 'ਤੇ ਤਿਆਰ ਕੀਤੀ ਗਈ ਸੀ।

ਕੀ ਭਾਰਤ ਸਰਕਾਰ ਨੇ ਪੈਗਾਸਸ ਖ਼ਰੀਦਿਆ ਸੀ ਅਤੇ ਇਸ ਦੀ ਵਰਤੋਂ ਕੀਤੀ ਸੀ, ਸੁਪਰੀਮ ਕੋਰਟ ਵੱਲੋਂ ਪੁੱਛੇ ਗਏ ਇਸ ਸਧਾਰਨ ਸਵਾਲ ਦਾ ਜਵਾਬ ਦੇਣ ਤੋਂ ਵੀ ਮੋਦੀ ਸਰਕਾਰ ਦੀ ਝਿਜਕ ਅਤੇ ਨਾਂਹ-ਨੁੱਕਰ ਨੇ ਮੋਦੀ ਸਰਕਾਰ ਦੇ ਗੁਨਾਹਾਂ ਨੂੰ ਦੁਨੀਆ ਦੇ ਸਾਹਮਣੇ ਪੂਰੀ ਤਰ੍ਹਾਂ ਬੇਨਕਾਬ ਕਰ ਦਿੱਤਾ ਹੈ ਅਤੇ ਭਾਰਤ ਨੂੰ ਬੇਹੱਦ ਸ਼ਰਮਿੰਦਗੀ ਦਾ ਸਾਹਮਣਾ ਕਰਨਾ ਪਿਆ ਹੈ।

**6. ਸੀ.ਏ.ਏ., ਧਾਰਾ 370 ਨੂੰ ਰੱਦ ਕਰਨਾ, ਅਤੇ ਕੱਟੜਪੰਥੀ ਹਿੰਦੂਤਵ:** 2019 ਵਿਚ ਨਰਿੰਦਰ ਮੋਦੀ ਸਰਕਾਰ ਨੂੰ 'ਦੂਜੀ ਵਾਰ ਲਿਆਉਣਾ' ਭਾਰਤ ਦੀ ਰੱਖਿਆ ਲਈ ਇਕ ਮਜ਼ਬੂਤ ਤੇ 'ਸਕਿਓਰਿਟੀ ਸਟੇਟ' ਅਤੇ ਇਕ ਮਜ਼ਬੂਤ ਨੇਤਾ ਦੇ ਖ਼ਾਸ ਏਜੰਡੇ 'ਤੇ ਸੀ ਜੋ ਹਿੰਦੂ ਭਾਰਤ ਹੈ। ਇਸ ਤਰ੍ਹਾਂ, ਮੋਦੀ ਦੀ ਅਗਵਾਈ ਵਾਲਾ ਰਾਜ ਸਰਗਰਮ ਹਿੰਦੂਤਵ ਰਾਜ ਬਣ ਗਿਆ ਹੈ ਜਿਸ ਨੇ ਮੁਸਲਮਾਨਾਂ ਨੂੰ ਨਾਗਰਿਕਾਂ ਵਜੋਂ ਬਾਹਰ ਕਰਨ, ਹਾਸ਼ੀਏ 'ਤੇ ਰੱਖਣ ਅਤੇ ਉਨ੍ਹਾਂ ਦੀ ਰਾਜਨੀਤਿਕ ਅਤੇ ਸੱਭਿਆਚਾਰਕ ਹੋਂਦ ਅਤੇ ਪਛਾਣ ਨੂੰ ਨਸ਼ਟ ਕਰਨ ਲਈ ਸੰਵਿਧਾਨ ਘੜਨ ਵਾਲੀਆਂ ਸੰਸਥਾਵਾਂ, ਸਰਕਾਰ ਅਤੇ ਗੈਰ-ਸੰਵਿਧਾਨਕ ਹਥਿਆਰਾਂ ਦੀਆਂ ਵਾਗਾਂ ਖੁੱਲ੍ਹੀਆਂ ਛੱਡ ਦਿੱਤੀਆਂ ਹਨ। ਬਦਕਿਸਮਤੀ ਨਾਲ, ਨਿਆਂਪਾਲਿਕਾ ਦੀ ਇਸ ਸੰਵਿਧਾਨ ਵਿਰੋਧੀ ਪ੍ਰੋਜੈਕਟ ਵਿਚ ਮਿਲੀਭੁਗਤ ਹੈ ਜਾਂ ਤਾਂ ਇਸ ਦੀ ਚੁੱਪ ਦੇ ਰੂਪ 'ਚ ਜਾਂ ਨਿਆਂਇਕ ਹਮਾਇਤ ਰਾਹੀਂ।

ਇਉਂ, ਇਕਸਮਾਨ ਨਾਗਰਿਕਤਾ ਜੋ ਭਾਰਤੀ ਗਣਰਾਜ ਦਾ ਸੰਸਥਾਪਕ ਸਿਧਾਂਤ ਹੈ, ਨੂੰ ਨਾਗਰਿਕਤਾ ਸੋਧ ਕਾਨੂੰਨ ਅਤੇ ਐਨ.ਆਰ.ਸੀ. ਪਾਸ ਕਰਕੇ ਰੱਦ ਕਰ ਦਿੱਤਾ ਗਿਆ। ਮੁਸਲਮਾਨਾਂ ਨੂੰ ਨਿਸ਼ਾਨਾ ਬਣਾਇਆ ਗਿਆ।

ਇਸ ਦੇ ਵਿਰੋਧ ਦੇ ਦੌਰਾਨ ਸਟੇਟ ਦਾ, ਹਰ ਪੱਧਰ 'ਤੇ ਮੁਸਲਮਾਨਾਂ ਪ੍ਰਤੀ ਰਵੱਈਆ ਪੂਰੀ ਤਰ੍ਹਾਂ ਪੱਖਪਾਤੀ ਰਿਹਾ। ਧਾਰਾ 370 ਜੋ ਕਸ਼ਮੀਰੀਆਂ ਨੂੰ ਭਾਰਤ ਨਾਲ ਜੋੜਨ ਵਾਲਾ ਪੁਲ ਸੀ ਨਾ ਕਿ ਕੰਧ, ਨੂੰ ਗੈਰ-ਰਸਮੀ ਤੌਰ 'ਤੇ ਰੱਦ ਕਰ ਦਿੱਤਾ ਗਿਆ, ਕਸ਼ਮੀਰ ਉੱਪਰ ਰਾਸ਼ਟਰਪਤੀ ਰਾਜ ਥੋਪ ਦਿੱਤਾ ਗਿਆ, ਰਾਜਨੀਤਕ ਲੀਡਰਸ਼ਿਪ ਨੂੰ ਸੀਖਾਂ ਪਿੱਛੇ ਡੱਕ ਦਿੱਤਾ ਗਿਆ ਅਤੇ ਇਕ ਸਾਲ ਤੋਂ ਵੱਧ ਸਮੇਂ ਲਈ ਇੰਟਰਨੈਟ ਉੱਪਰ ਲੱਗਭੱਗ ਪਾਬੰਦੀ ਲੱਗੀ ਰਹੀ।

ਅਮਰੀਕਾ ਅਤੇ ਕੈਨੇਡੀਅਨ ਸਰਕਾਰਾਂ ਅਤੇ ਇੱਥੋਂ ਤੱਕ ਕਿ ਯੂਰਪੀ ਪਾਰਲੀਮੈਂਟ ਵੱਲੋਂ ਵੀ ਇਨ੍ਹਾਂ ਸਾਰੇ ਕਰੂਰ ਅਤੇ ਖੁੱਲ੍ਹੇਆਮ ਫਾਸ਼ੀਵਾਦੀ ਕਦਮਾਂ ਦੀ ਨਿੰਦਾ ਕੀਤੀ ਗਈ। ਭਾਰਤ ਵੱਲੋਂ ਆਪਣੇ ਆਪ ਨੂੰ ਧਰਮ ਨਿਰਪੱਖ ਲੋਕਤੰਤਰੀ ਗਣਰਾਜ ਵਜੋਂ ਗਠਿਤ ਕਰਨ ਦਾ ਸੰਕਲਪ ਲਏ ਜਾਣ ਤੋਂ ਬਾਦ ਇਹ ਪਹਿਲੀ ਵਾਰ ਹੋਇਆ ਕਿ ਮੋਦੀ ਦੀ ਅਗਵਾਈ ਵਿਚ ਭਾਰਤ ਨੂੰ ਚੁਣਾਵੀ ਲੋਕਤੰਤਰ ਤੋਂ ਇਕ ਚੁਣਾਵੀ ਤਾਨਾਸ਼ਾਹੀ ਦੀ ਪੱਧਰ ਤੱਕ ਡੇਗ ਦਿੱਤਾ ਗਿਆ ਹੈ!

**7. ਟੂਲ ਕਿੱਟ ਦੀ ਅਸਫ਼ਲਤਾ, ਕੋਵਿਡ ਬਦਇੰਤਜ਼ਾਮੀ ਅਤੇ ਕੋਵਿਡ ਮੌਤਾਂ ਤੋਂ ਮੁੱਕਰਨਾ:** ਮੋਦੀ ਸਰਕਾਰ ਦੇ ਦੌਰਾਨ ਹੀ, ਭਾਰਤ ਵਿਚ ਮਾਣਮੱਤਾ ਇਤਿਹਾਸਕ ਕਿਸਾਨ ਅੰਦੋਲਨ ਹੋਇਆ ਜੋ ਸ਼ਾਨਦਾਰ ਲੋਕ ਅੰਦੋਲਨ ਦੀ ਕਾਮਯਾਬੀ ਦੀਆਂ ਸਭ ਤੋਂ ਮਹੱਤਵਪੂਰਨ ਕਹਾਣੀਆਂ ਵਿਚੋਂ ਇਕ ਹੈ। ਇਸ ਨੇ ਮੋਦੀ ਸਰਕਾਰ ਦੀਆਂ ਤਮਾਮ ਚਾਲਾਂ ਦਾ, ਇਸ ਦੇ ਬੇਕਿਰਕ ਪੁਲਿਸ ਜਬਰ ਦਾ, ਇਸ ਦੀਆਂ ਅੰਦੋਲਨ ਦੇ ਅੰਦਰ ਝਗੜੇ ਕਰਾਉਣ ਅਤੇ ਆਪਣੇ ਗੋਦੀ ਮੀਡੀਆ ਰਾਹੀਂ ਅੰਦੋਲਨ ਨੂੰ ਬਦਨਾਮ ਕਰਨ ਦੀਆਂ ਕੋਸ਼ਿਸ਼ਾਂ ਦਾ ਡੱਟ ਕੇ ਮੁਕਾਬਲਾ ਕੀਤਾ।

ਦਰਅਸਲ, ਇਸ ਅੰਦੋਲਨ ਨੂੰ ਕਈ ਪੱਛਮੀ ਸਰਕਾਰਾਂ ਅਤੇ ਸਿਵਲ ਸੁਸਾਇਟੀ ਸਮੇਤ ਆਲਮੀ ਭਾਈਚਾਰੇ ਦਾ ਜ਼ੋਰਦਾਰ ਹੁੰਗਾਰਾ ਮਿਲਿਆ। ਰਿਹਾਨਾ ਵਰਗੇ ਅੰਤਰਰਾਸ਼ਟਰੀ ਗਾਇਕਾਂ, ਗ੍ਰੇਟਾ ਥਨਬਰਗ ਵਰਗੇ ਕਾਰਕੁਨਾਂ ਅਤੇ ਹੋਰ ਬਹੁਤ ਸਾਰੇ ਲੋਕਾਂ ਨੇ ਕਿਸਾਨਾਂ ਦੇ ਹੱਕ 'ਚ ਪ੍ਰਚਾਰ ਕੀਤਾ। ਅਜਿਹੀ ਹੀ ਇਕ ਕੋਸ਼ਿਸ਼ ਕਰਦਿਆਂ ਥਨਬਰਗ ਅਤੇ ਉਸਦੇ ਭਾਰਤੀ ਸਾਥੀਆਂ ਨੇ ਕਿਸਾਨ ਅੰਦੋਲਨ ਦੇ ਕਾਰਨਾਂ ਅਤੇ ਇਸ ਦੇ ਟੀਚਿਆਂ ਦੀ ਵਿਆਖਿਆ ਕਰਦੀ ਟੂਲ ਕਿੱਟ ਤਿਆਰ ਕੀਤੀ। ਮੋਦੀ ਸਰਕਾਰ ਨੇ ਇਨ੍ਹਾਂ ਕੋਸ਼ਿਸ਼ਾਂ ਨੂੰ ਡਰਾਉਣੇ ਰੂਪ 'ਚ ਦਿਖਾਉਣ ਦੀ ਵਾਹ ਲਾਈ ਜਿਵੇਂ ਇਹ ਟੂਲ ਕਿੱਟ ਮੁਲਕ-ਵਿਰੋਧੀ ਭਿਆਨਕ ਹਥਿਆਰ ਹੋਵੇ ਜਿਸ ਦਾ ਇਰਾਦਾ ਭਾਰਤ ਸਰਕਾਰ ਦਾ ਹਿੰਸਕ ਤੌਰ 'ਤੇ ਤਖ਼ਤਾ ਪਲਟ ਦੇਣ ਦਾ ਹੋਵੇ। ਇਨ੍ਹਾਂ ਕੋਸ਼ਿਸ਼ਾਂ ਨਾਲ ਜੁੜੇ ਕਾਰਕੁਨਾਂ ਵਿਚੋਂ ਇਕ ਦਿਸ਼ਾ ਰਵੀ ਨੂੰ ਰਾਜਧ੍ਰੋਹ ਦੇ ਦੋਸ਼ਾਂ ਤਹਿਤ ਗ੍ਰਿਫ਼ਤਾਰ ਕਰ ਲਿਆ ਗਿਆ। ਮੋਦੀ ਸਰਕਾਰ ਦੇ ਇਨ੍ਹਾਂ ਸਾਰੇ ਜਾਬਰ ਅਤੇ ਤਾਨਾਸ਼ਾਹ ਕਦਮਾਂ ਨੇ ਲੋਕਤੰਤਰੀ ਅਤੇ ਜ਼ਿੰਮੇਵਾਰ ਮੁਲਕ ਵਜੋਂ ਭਾਰਤ ਦੇ ਅਕਸ ਨੂੰ ਵੱਡਾ ਨੁਕਸਾਨ ਪਹੁੰਚਾਇਆ ਹੈ।

ਕੋਵਿਡ ਦੀ ਬਦਇੰਤਜ਼ਾਮੀ ਅਤੇ ਤਰਕਹੀਣ ਤੇ ਤਾਨਾਸ਼ਾਹ ਲੌਕਡਾਊਨ ਅਤੇ ਮੋਦੀ ਸਰਕਾਰ ਵੱਲੋਂ ਇਸ ਦੇ ਮਾੜੇ ਪ੍ਰਭਾਵਾਂ ਤੋਂ ਪੂਰੀ ਤਰ੍ਹਾਂ ਮੁੱਕਰਨ ਨੇ ਵੀ ਭਾਰਤ ਦੀ ਸਾਖ਼ ਨੂੰ ਧੱਬਾ ਲਗਾਇਆ ਹੈ। ਭਾਵੇਂ ਕੋਵਿਡ ਮਹਾਮਾਰੀ ਅਣਕਿਆਸੀ ਸੀ ਅਤੇ ਸ਼ੁਰੂਆਤੀ ਅਫਰਾ-ਤਫਰੀ, ਮੌਤਾਂ ਅਤੇ ਕਸ਼ਟ ਅਟੱਲ ਸਨ, ਫਿਰ ਵੀ ਜਿਨ੍ਹਾਂ ਮੁਲਕਾਂ ਕੋਲ ਮਜ਼ਬੂਤ ਅਤੇ ਲੰਮੇ ਸਮੇਂ ਤੋਂ ਕੰਮ ਕਰ ਰਹੀ ਸਰਕਾਰੀ ਸਿਹਤ ਪ੍ਰਣਾਲੀ ਅਤੇ ਜਵਾਬਦੇਹ ਲੋਕਤੰਤਰੀ ਪ੍ਰਸ਼ਾਸਨ ਸੀ, ਉਨ੍ਹਾਂ ਨੇ ਥੋੜ੍ਹੇ ਸਮੇਂ 'ਚ ਹੀ ਇਸ ਨਾਲ ਨਜਿੱਠ ਲਿਆ ਅਤੇ ਆਪਣੇ ਸਮਾਜਾਂ ਉੱਪਰ ਪੈਣ ਵਾਲੇ ਹੋਰ ਪ੍ਰਭਾਵਾਂ ਨੂੰ ਠੱਲ੍ਹ ਪਾ ਲਈ।

ਭਾਰਤ ਕੋਲ ਇਹ ਦੋਵੇਂ ਨਹੀਂ ਸਨ। ਇਸ ਨੂੰ ਮੋਦੀ ਸਰਕਾਰ ਵੱਲੋਂ ਸਖ਼ਤੀ ਨਾਲ ਲਾਗੂ ਕੀਤੇ ਤਰਕਹੀਣ ਅਤੇ ਤਾਨਾਸ਼ਾਹੀ ਲੌਕਡਾਊਨ ਦੀ ਹੋਰ ਮਾਰ ਵੀ ਝੱਲਣੀ ਪਈ। ਫਿਰ ਵੀ ਮੋਦੀ ਨੇ 2021 ਵਿਚ ਆਲਮੀ ਆਰਥਿਕ ਮੰਚ (ਡਬਲਿਊ.ਈ.ਐਫ.) ਦੀ ਮੀਟਿੰਗ ਵਿਚ ਇਹ ਦਾਅਵਾ ਕਰਨ ਦੀ ਢੀਠਤਾਈ ਦਿਖਾਈ ਕਿ ਭਾਰਤ ਨੇ ਕੋਵਿਡ ਵਿਰੁੱਧ ਲੜਾਈ ਵਿਚ ਜਿੱਤ ਹਾਸਲ ਕਰ ਲਈ ਹੈ ਅਤੇ ਇਸ ਤਰ੍ਹਾਂ ਇਸ ਨੇ ਸਿਰਫ਼ ਭਾਰਤ ਨੂੰ ਹੀ ਨਹੀਂ ਸਗੋਂ ਪੂਰੀ ਦੁਨੀਆ ਨੂੰ ਬਚਾਇਆ ਹੈ ਪਰ ਇਸ ਆਡੰਬਰੀ ਬਿਆਨ ਤੋਂ ਦੋ ਮਹੀਨੇ ਬਾਅਦ ਹੀ ਕੋਵਿਡ ਦੀ ਦੂਜੀ ਲਹਿਰ ਨੇ ਮੁਲਕ ਨੂੰ ਆਪਣੀ ਲਪੇਟ ਵਿਚ ਲੈ ਲਿਆ। ਕੋਵਿਡ ਦੀ ਦੂਜੀ ਲਹਿਰ ਨਾਲ ਨਜਿੱਠਣ ਲਈ ਅਖ਼ਤਿਆਰ ਕੀਤੀ ਬੇਹੂਦਾ, ਗ਼ੈਰ-ਦੂਰਅੰਦੇਸ਼ ਅਤੇ ਗੈਰ-ਵਿਗਿਆਨਕ ਪਹੁੰਚ ਦਾ ਮੁੱਲ ਭਾਰਤ ਨੂੰ 50 ਲੱਖ ਤੋਂ ਵੱਧ ਜਾਨਾਂ ਗੁਆ ਕੇ ਚੁਕਾਉਣਾ ਪਿਆ।

ਪਰ ਮੋਦੀ ਸਰਕਾਰ ਆਪਣੀ ਪਹੁੰਚ ਨੂੰ ਸੁਧਾਰਨ ਦੀ ਬਜਾਇ ਪੱਕੇ ਤੌਰ 'ਤੇ 'ਮੈਂ ਨਾ ਮਾਨੂੰ' ਮੋਡ ਵਿਚ ਹੈ ਅਤੇ ਇਹ ਸੰਸਾਰ ਸਿਹਤ ਸੰਸਥਾ ਅਤੇ ਲੈਂਸੇਟ ਉੱਪਰ ਭਾਰਤ ਵਿਚ ਕੋਵਿਡ ਮੌਤਾਂ ਨੂੰ ਵਧਾ-ਚੜ੍ਹਾ ਕੇ ਪੇਸ਼ ਕਰਨ ਦਾ ਦੋਸ਼ ਲਾਉਂਦਿਆਂ ਉਨ੍ਹਾਂ ਨਾਲ ਜ਼ਬਾਨੀ ਲੜਾਈ ਵਿਚ ਲੱਗੀ ਹੋਈ ਹੈ। ਇਸ ਨਾਲ ਭਾਰਤ ਨੂੰ ਇਕ ਵਾਰ ਫਿਰ ਸ਼ਰਮਿੰਦਾ ਹੋਣਾ ਪਿਆ ਹੈ।

**8. ਅਬ ਕੀ ਬਾਰ ਟਰੰਪ ਸਰਕਾਰ:** ਜਦੋਂ ਮੋਦੀ ਨੇ 'ਅਬ ਕੀ ਬਾਰ ਟਰੰਪ ਸਰਕਾਰ' ਵਰਗੇ ਨਾਅਰੇ ਦਿੰਦੇ ਹੋਏ ਟਰੰਪ ਲਈ ਅਮਰੀਕਾ ਵਿਚ ਪ੍ਰਚਾਰ ਕੀਤਾ ਤਾਂ ਸੰਭਵ ਤੌਰ 'ਤੇ ਇਹ ਉਸ ਵੱਲੋਂ ਭਾਰਤੀ ਪ੍ਰਭੂਸੱਤਾ ਸੰਪੰਨ ਗਣਰਾਜ ਦਾ ਸਭ ਤੋਂ ਵੱਡਾ ਅਪਮਾਨ ਸੀ। ਇਸ ਨਾਲ ਮੋਦੀ ਨੇ ਜੋ ਭੂਮਿਕਾ ਨਿਭਾਈ, ਉਹ ਸੰਯੁਕਤ ਰਾਜ ਅਮਰੀਕਾ ਦੇ 50 ਰਾਜਾਂ ਵਿਚੋਂ ਇਕ ਦੇ ਗਵਰਨਰ ਦੀ ਭੂਮਿਕਾ ਸੀ ਨਾ ਕਿ ਸੁਤੰਤਰ ਪ੍ਰਭੂਸੱਤਾ ਸੰਪੰਨ ਰਾਜ ਦੇ ਮੁਖੀ ਦੀ। ਭਾਰਤ ਜਾਂ ਕਿਸੇ ਵੀ ਲੋਕਤੰਤਰੀ ਪ੍ਰਭੂਸੱਤਾ ਸੰਪੰਨ ਮੁਲਕ ਦੇ ਕਿਸੇ ਪ੍ਰਧਾਨ ਮੰਤਰੀ ਨੇ ਕਿਸੇ ਐਸੇ ਮੁਲਕ ਵਿਚ ਕਿਸੇ ਰਾਜਨੀਤਕ ਪਾਰਟੀ ਦੀ ਇਸ ਤਰ੍ਹਾਂ ਸ਼ਰੇਆਮ ਰਾਜਨੀਤਕ ਹਮਾਇਤ ਨਹੀਂ ਕੀਤੀ ਜਿਸ ਵੱਲੋਂ ਆਪਣਾ ਆਗੂ ਚੁਣਿਆ ਜਾ ਰਿਹਾ ਹੋਵੇ। ਅਮਰੀਕਾ 'ਚ ਅਤੇ ਕੁਲ ਦੁਨੀਆ 'ਚ ਇਸ ਦੀ ਵਿਆਪਕ ਨਿੰਦਾ ਹੋਈ ਅਤੇ ਭਾਰਤ ਨੂੰ ਹੁਣ ਤੱਕ ਦੀ ਸਭ ਤੋਂ ਵੱਡੀ ਸ਼ਰਮਿੰਦਗੀ ਦਾ ਸਾਹਮਣਾ ਕਰਨਾ ਪਿਆ।

ਮੋਦੀ ਸਰਕਾਰ ਨੇ ਆਪਣੇ ਅੱਠ ਸਾਲਾਂ ਦੇ ਮਾੜੇ ਰਾਜ-ਪ੍ਰਸ਼ਾਸਨ ਅਤੇ ਆਡੰਬਰੀ ਤਾਨਾਸ਼ਾਹੀ ਦੇ ਸੰਖੇਪ ਦੌਰ ਵਿਚ ਭਾਰਤ ਨੂੰ ਜੋ ਅਪਮਾਨ ਅਤੇ ਅੰਤਰਰਾਸ਼ਟਰੀ ਸ਼ਰਮਿੰਦਗੀ ਖੱਟ ਕੇ ਦਿੱਤੀ ਹੈ, ਇਹ ਸੈਂਕੜੇ ਕਹਾਣੀਆਂ ਵਿਚੋਂ ਸਿਰਫ਼ ਅੱਠ ਮਿਸਾਲਾਂ ਹਨ।

# ਜੀਨਾ ਇਸੀ ਕਾ ਨਾਮ ਹੈ

ਸੋਗੀ ਹਵਾ ਘਰਾਂ, ਵੇਹੜੇ, ਗਲੀਆਂ 'ਚੋਂ ਲੰਘਦੀ ਹੋਈ ਖੇਤਾਂ-ਖੂਹਾਂ 'ਤੇ ਵੀ ਪਹੁੰਚ ਗਈ ਸੀ। ਕੋਈ ਕਹਿੰਦਾ ਮੈਂ ਅਜੇ ਪਰਸੋਂ ਫਿਟ-ਫਿਟੀਆ ਭਜਾਉਂਦਾ ਦੇਖਿਆ ਸੀ ਤੇ ਕੋਈ ਕਹਿੰਦਾ ਅਜੇ ਤਿੰਨ ਕੁ ਦਿਨ ਹੋਏ ਚੁਬਾਰੇ 'ਚ ਉਚੀ-ਉਚੀ ਹੱਸਦਿਆਂ ਸੁਣਿਆ ਸੀ। ਤੇ ਕਿਸੇ ਸ਼ਹਿਰ ਜੰਡਿਆਲੇ ਦੇਖਿਆ ਸੀ। ਹੈ ਇਹ ਸਭ ਕੁਝ ਸੱਚ ਸੀ। ਪਰ ਦੁਨੀਆ ਵਿਚ ਸੋਗੀ ਹਵਾ ਵੀ ਕਿਤੇ ਝੂਠੀ ਨਹੀਂ ਹੋਈ ਔਰ ਚਲਦੀ ਵੀ ਬੜੀ ਤੇਜ ਹੈ। ਸ਼ਾਹਾਂ ਦਾ ਸੰਤੋਖ ਨਹੀਂ ਰਿਹਾ। ਅੱਜ ਇਹ ਸੋਗੀ ਹਵਾ ਦਾ ਵੀ ਸੱਚ ਸੀ।

ਸਾਡੇ ਪਿੰਡ ਵਿਚ ਉਸ ਵਕਤ ਦੋ ਹੀ ਪੱਕੇ ਚੁਬਾਰੇ ਸਨ। ਇਕ ਬਜ਼ੁਰਗ ਬਾਬੂ ਪਾਲ ਸਿੰਘ ਦਾ ਜੋ ਕਿ ਫੌਜ ਵਿਚੋਂ ਰਿਟਾਇਰ ਸੀ ਤੇ ਦੂਜਾ ਸ਼ਾਹਾਂ ਦੇ ਸੰਤੋਖ ਦਾ, ਇਨ੍ਹਾਂ ਦੋਵਾਂ ਕੋਲ ਹੀ ਰੇਡੀਓ ਸਨ। ਬਾਬੂ ਪਾਲ ਸਿੰਘ ਸ਼ਾਮਾਂ ਦੀਆਂ ਜਦ ਖਬਰਾਂ ਆਉਂਦੀਆਂ ਤਾਂ ਚੁਬਾਰੇ ਦੇ ਬੂਹੇ-



**ਪਰਸ਼ਿੰਦਰ ਸਿੰਘ**
**ਫੋਨ: 469-335-2263**

ਬਾਰੀਆਂ ਖੋਲ ਕੇ ਰੇਡੀਓ ਦੀ ਆਵਾਜ਼ ਉਚੀ ਕਰ ਦਿੰਦਾ ਤੇ ਅੱਧਾ ਪਿੰਡ ਖਬਰਾਂ ਸੁਣ ਲੈਂਦਾ। ਸੰਤੋਖ ਰਾਤ ਨੂੰ ਜਦ ਬਿਨਾਕਾ ਗੀਤ ਮਾਲਾ ਆਉਂਦਾ ਤਾਂ ਉਹ ਵੀ ਆਪਣੇ ਚੁਬਾਰੇ ਦੀਆਂ ਬੂਹੇ-ਬਾਰੀਆਂ ਖੋਲ੍ਹ ਕੇ ਰੇਡੀਓ ਦੀ ਆਵਾਜ਼ ਉਚੀ ਕਰ ਦੇਂਦਾ। ਸੰਤੋਖ ਦਾ ਘਰ ਸਾਡੇ ਘਰਾਂ ਦੇ ਨਜ਼ਦੀਕ ਹੋਣ ਕਰਕੇ ਅਸੀਂ ਬਿਨਾਕਾ ਗੀਤ ਮਾਲਾ ਬੜੀ ਰੀਝ ਨਾਲ ਸੁਣਦੇ। ਕਦੇ ਕਦੇ ਦੁਪਹਿਰੇ ਜਾਂ ਸ਼ਾਮੀਂ ਸੰਤੋਖ ਦੇ ਰੇਡੀਓ ਦੀ ਆਵਾਜ਼ ਉਸ ਵਕਤ ਉਚੀ ਹੁੰਦੀ, ਜਦੋਂ ਰੇਡੀਓ 'ਤੇ ਇਹ ਗੀਤ ਵੱਜਦਾ

'ਜੀਨਾ ਇਸੀ ਕਾ ਨਾਮ ਹੈ' ਜਦ ਕਦੇ ਉਹਨੇ ਗਲੀ-ਮੋੜ 'ਤੇ ਮਿਲਣਾ ਤਾਂ ਉਹ ਮੂੰਹ 'ਚ ਵਿਸਲ ਵਜਾ ਕੇ ਇਹ ਗਾਣਾ ਗੁਣਗੁਣਾਉਂਦਾ। ਜ਼ਾਹਰ ਹੈ ਕਿ ਇਹ ਉਸਦਾ ਮਨਪਸੰਦ ਗੀਤ ਸੀ।

ਭਗਤ ਸਿੰਘ, ਹੀਰਾ ਸਿੰਘ ਤੇ ਜਗਤ ਸਿੰਘ ਸਾਡੇ ਪਿੰਡ ਵਿਚ ਇਹ ਤਿੰਨ ਭਰਾਵਾਂ ਦੇ ਪਰਿਵਾਰ ਵੱਸਦੇ ਹਨ। ਭਗਤ ਸਿੰਘ 1913 ਵਿਚ ਅਮਰੀਕਾ ਆ ਗਿਆ ਸੀ। ਕਾਲਜ 'ਚ ਪੜ੍ਹਦਾ ਇਕ ਦਿਨ ਦਰਬਾਰ ਸਾਹਿਬ ਮੱਥਾ ਟੇਕਣ ਗਿਆ ਤਾਂ ਉਥੇ ਇਕ ਅਮਰੀਕਨ ਗੋਰਾ ਜੋ ਦਰਬਾਰ ਸਾਹਿਬ ਦੀ ਪਰਕਰਮਾ 'ਚ ਖੜਾ ਸੀ, ਬੁਲਾਇਆ ਤੇ ਉਸਦਾ ਹਾਲ-ਚਾਲ ਪੁਛਿਆ। ਭਗਤ ਸਿੰਘ ਪੜ੍ਹਾਈ ਵਿਚ ਤੇਜ਼ ਸੀ ਅਤੇ ਇੰਗਲਿਸ਼ ਵੀ ਬੋਲ ਲੈਂਦਾ ਸੀ। ਦਰਬਾਰ ਸਾਹਿਬ ਦੀ ਜਾਣਕਾਰੀ ਦੇਂਦਿਆਂ ਗੋਰਾ ਭਗਤ ਸਿਘ ਦੀ ਜਾਣਕਾਰੀ ਤੇ ਸੁਭਾ 'ਤੇ ਮੋਹਿਆ ਗਿਆ। ਭਗਤ ਸਿੰਘ ਨੇ ਦੱਸਿਆ ਮੈਂ ਉਰਦੂ, ਪੰਜਾਬੀ, ਹਿੰਦੀ, ਅੰਗਰੇਜ਼ੀ ਅਤੇ ਇਕ ਅੱਧੀ ਹੋਰ ਭਾਸ਼ਾ ਦਾ ਵੀ ਜਾਣੂ ਹਾਂ। ਗੋਰਾ ਅਮੀਰਕਾ 'ਚ ਵਕੀਲ ਸੀ। ਉਸ ਨੂੰ ਇਨ੍ਹਾਂ ਭਾਸ਼ਾਵਾਂ ਦਾ ਦੁਭਾਸ਼ੀਆ ਚਾਹੀਦਾ ਸੀ। ਗੋਰੇ ਨੇ ਅਮਰੀਕਾ ਆ ਕੇ ਭਗਤ ਸਿੰਘ ਨੂੰ ਪੇਪਰ ਭੇਜ ਦਿਤੇ, ਭਗਤ ਸਿੰਘ ਅਮਰੀਕਾ ਪਹੁੰਚ ਗਿਆ।

ਇਥੇ ਉਸ ਨੇ ਕੰਮ ਦੇ ਨਾਲ ਨਾਲ ਪੜ੍ਹਾਈ ਦਾ ਰੁਝਾਨ ਵੀ ਰੱਖਿਆ ਤੇ ਪੀ.ਐਚ ਡੀ ਡਿਗਰੀ ਹਾਸਲ ਕਰਕੇ ਉਹ ਡਾ. ਭਗਤ ਸਿੰਘ ਥਿੰਦ ਬਣ ਕੇ ਉਭਰਿਆ। ਪਿਛੇ ਪਰਿਵਾਰ ਦਾ ਖਿਆਲ ਰੱਖਣ ਦੇ ਨਾਲ ਨਾਲ ਇੰਡੀਅਨ ਨੋਮੇਨਟੀ ਦੇ ਬਹੁਤ ਸਾਰੇ ਕੰਮ ਕੀਤੇ। ਫੌਜ ਵਿਚ ਪਹਿਲੀ ਵਾਰੀ ਪੱਗ ਬੰਨ੍ਹ ਕੇ ਭਰਤੀ ਹੋਣ ਦਾ ਕੇਸ ਜਿਤਿਆ। ਉਸਦੇ ਗੋਰੀ ਔਰਤ ਨਾਲ ਵਿਆਹ ਕਰਵਾ ਕੇ ਗਰੀਨ ਕਾਰਡ ਹਾਸਲ ਕਰਨ ਦਾ ਕੇਸ ਜਿੱਤਣ ਪਿਛੋਂ ਹੀ ਵਿਆਹ ਕਰਵਾ ਕੇ ਗਰੀਨ ਕਾਰਡ ਹਾਸਲ ਕਰਨ ਦਾ ਕਾਨੂੰਨ ਬਣਿਆ।

ਪਿੰਡ ਵਿਚ ਇਹ ਪਰਿਵਾਰ ਕੰਬੋਜ ਬਰਾਦਰੀ ਦੇ ਥਿੰਦ ਪਰਿਵਾਰ 'ਚੋਂ ਹੈ। ਪਰ ਸੰਤੋਖ ਦੇ ਪਿਓ ਹੀਰਾ ਸਿੰਘ ਨੂੰ ਸ਼ਾਹ ਕਰਕੇ ਸੱਦਦੇ ਹਨ। ਹੀਰਾ ਸਿੰਘ ਦੇ ਤਿੰਨ ਪੁੱਤ ਸਨ-ਅਮਰਜੀਤ, ਬੇਅੰਤ ਤੇ ਸੰਤੋਖ। ਉਨ੍ਹੀਂ ਦਿਨੀਂ ਅਸੀਂ ਬਚਪਨ ਤੇ ਜਵਾਨੀ ਦੇ ਵਿਚਕਾਰ ਸਾਂ। ਜਦ ਵੀ ਪਿੰਡ ਵਿਚ ਵਿਆਹ ਹੁੰਦਾ ਅਸੀ ਮਹੱਲੇ ਦੇ ਅੱਠ-ਦੱਸ ਮੁੰਡੇ ਰਲ ਕੇ, ਵਿਆਹ ਦਾ ਦਾਜ ਉਤਾਰਦੇ-ਚੜਾਉਂਦੇ। ਕੁੜੀ ਵਾਲੇ ਘਰੋਂ ਤਾਂ ਕੁਛ ਨਾ ਮਿਲਦਾ, ਉਹ ਤੇ ਆਪ ਸਾਰੇ ਘਰ ਵਾਲੇ ਰੋਂਦੇ-ਕੁਰਲਉਂਦੇ ਹੁੰਦੇ ਸਨ, ਪਰ ਮੁੰਡੇ ਵਾਲੇ ਘਰ ਨਵੀਂ ਵਹੁਟੀ ਤੇ ਦਾਜ ਆਇਆ ਹੁੰਦਾ, ਉਹ ਚਾਈਂ-ਚਾਈਂ ਚਾਹ-ਪਾਣੀ ਪਿਆਉਂਦੇ ਤੇ ਕੁਝ ਖਾਣ ਨੂੰ ਵੀ ਮਿਲ ਜਾਂਦਾ। ਸਾਡੇ ਹੀ ਮਹੱਲੇ ਚ ਵੱਸਦਾ ਪਰਿਵਾਰ ਪਿੰਡ ਵਿਚੋ ਮੇਰਾ ਚਾਚਾ ਲੱਗਦਾ ਸੀ। ਚਾਚੇ ਸੰਤੋਖ ਦਾ ਦਾਜ ਵੀ ਚਾਈਂ-ਚਾਈਂ ਬੱਸ ਤੋਂ ਲਾ ਕੇ ਜਦੋਂ ਘਰ ਵਿਚ ਟਿਕਾਇਆ ਤੇ ਚਾਚੇ ਨੇ ਆਪਣੀ ਮਾਂ ਨੂੰ ਵਾਜ ਮਾਰੀ, ਮਾਤਾ ਲਿਆ ਮੁੰਡਿਆਂ ਲਈ ਕੁਝ ਖਾਣ-ਪੀਣ ਨੂੰ, ਇਹ ਬੜੇ ਕੰਮ ਦੇ ਪੁਤ ਈ। ਮਾਤਾ ਥਾਲ ਭਰ ਕੇ ਲੱਡੂਆਂ ਦੇ ਤੇ ਕਈ ਕੁਝ ਹੋਰ ਲੈ ਕੇ ਆਈ ਸੀ। ਚਾਚੇ ਦੇ ਲੱਡੂਆ ਦਾ ਸੁਆਦ ਮੂੰਹ ਨੂੰ ਅਜੇ ਭੁਲਾ ਨਹੀਂ ਸੀ ਤੇ ਚਾਚਾ ਆਪਣੀ ਜੀਵਨ-ਯਾਤਰਾ ਪੂਰੀ ਕਰਕੇ ਤੁਰ ਗਿਆ। ਉਹਦੇ ਕੋਲ ਯਜਦੀ ਫਿਟਫਿਟੀਆ ਸੀ। ਆਪਣੇ ਸਾਲੇ ਦੇ ਵਿਆਹ ਗਿਆ ਸੀ। ਬਰਾਤ ਤੋਂ ਵਾਪਸ ਆਉਂਦੇ ਹੋਏ ਉਹਦਾ ਫਿਟਫਿਟੀਆ ਜਾ ਵੱਜਾ ਕਿਸੇ ਟਰੈਕਟਰ ਨਾਲ। ਬੱਸ ਟਰੈਕਟਰ ਵਾਲਾ ਉਦੋਂ ਹੀ ਰੁਕਿਆ ਜਦੋ ਉਹ ਖਤਮ ਹੋ ਗਿਆ। ਹੱਸਦਾ ਹੱਸਦਾ ਸਾਲੇ ਨੂੰ ਵਿਆਹੁਣ ਗਿਆ ਸੰਤੋਖ ਚਾਦਰ 'ਚ ਵੇਲੇਟਿਆ ਵਾਪਸ ਆਇਆ। ਬਚਪਨ 'ਚ ਇਨ੍ਹਾਂ ਗੱਲਾਂ ਦਾ ਇਲਮ ਨਹੀਂ ਹੁੰਦਾ। ਕੁਝ ਹਫਤੇ ਪਹਿਲਾਂ ਮੇਰਾ ਰਿਸ਼ਤਿਆਂ ਦੇ ਆਰ-ਪਾਰ ਵਾਲਾ ਸਕਾ ਚਾਚਾ ਜੋਗਿੰਦਰ ਸਿੰਘ ਪੂਰਾ ਹੋਇਆ ਸੀ। ਉਸ ਦਿਨ ਮੈਨੂੰ ਰੋਂਦਿਆਂ ਵੇਖ ਕੇ ਚਾਚੇ ਸੰਤੋਖ ਨੇ ਆਪਣੇ ਗਲ ਨਾਲ ਲਾ ਕੇ ਦਿਲਾਸਾ ਦਿਤਾ ਸੀ, 'ਪੁਤ ਮੈਂ ਵੀ ਤੇਰਾ ਚਾਚਾ ਹਾਂ, ਹੌਂਸਲਾ ਰੱਖ। ਸ਼ਾਇਦ ਉਸਨੂੰ ਇਹ ਨਹੀਂ ਸੀ ਪਤਾ ਦਿਲਾਸਾ ਦੇਣ ਵਾਲਾ ਕਿਨੀ ਕੁ ਦੇਰ ਸਾਥ ਚਲੇਗਾ।

ਸੰਤੋਖ ਦੇ ਮਰਨੇ ਉਤੇ ਉਧਰ ਪਿੰਡ ਚ ਬਿਲਿਆਂ ਦਾ ਬਾਪੂ ਫੀਜੀ, ਜੋ ਕਿਸੇ ਵੀ ਪਿੰਡ 'ਚ ਮਰਨੇ 'ਤੇ ਸਿਵਿਆਂ 'ਚ ਪਹਿਲਾਂ ਪਹੁੰਚ ਜਾਂਦਾ ਸੀ। ਪਿੰਡ ਵਿਚ ਉਨ੍ਹਾਂ ਦੀ ਅੱਲ ਬਿਲੇ ਹੈ, ਪਰ ਉਹ ਇਕੱਲੇ ਬਾਪੂ ਨੂੰ ਫੀਜੀ ਕਹਿੰਦੇ ਸਨ, ਉਹ ਜਵਾਨੀ 'ਚ ਫੀਜੀ ਰਹਿ ਕੇ ਆਇਆ ਸੀ। ਸਿਵਿਆਂ 'ਚ ਜਾ ਕੇ ਆਪਣੀ ਖੂੰਡੀ ਦੀ ਨੋਕ ਨਾਲ ਲੀਕਾਂ ਖਿਚ ਦੇਂਦਾ ਸੀ, ਆਹ ਜਗਾ ਹੁਣ ਅਗਲੀ ਵਾਰੀ ਮੇਰੀ ਹੈ। ਪਤਾ ਨਹੀਂ ਕਿਨੀਆ ਵਾਰੀਆ ਉਹ ਇਸ ਤਰ੍ਹਾਂ ਲੰਘਾ ਚੁਕਾ ਸੀ। ਪਰ ਉਸ ਦਿਨ ਉਸਦਾ ਰੂਪ ਵੱਖਰਾ ਸੀ। ਜਮੀਨ 'ਤੇ ਲੀਕਾਂ ਮਾਰਨ ਦੀ ਬਜਾਏ ਉਚੀ-ਉਚੀ ਰੋ ਕੇ ਉਪਰ ਨੂੰ ਖੂੰਡੀ ਕਰਕੇ ਰੱਬ ਦੇ ਨਾਲ ਹੱਥੋ-ਪਾਈ ਤੇ ਗਾਲ-ਗਲੋਚੀ ਹੋਇਆ ਸੀ-'ਸ਼ਰਮ ਨਹੀਂ ਆਈ ਤੈਨੂੰ ਮਹੀਨੇ ਵਿਚ ਦੋ ਗੱਬਰੂ ਪਿੰਡ ਦੇ ਛਾਂਗ ਕੇ ਲੈ ਗਿਆ। ਪਿੰਡ ਸਾਰਾ ਹੀ ਅੱਥਰੇ ਸੋਗ ਵਿਚ ਡੁਬੋ ਕੇ ਰੱਖ ਦਿਤਾ ਤੂੰ।'

1955 ਵਿਚ ਭਗਤ ਸਿੰਘ ਨੇ ਇਕ ਆਪਣੇ ਭਰਾ ਹੀਰਾ ਸਿਘ ਦਾ ਪੁਤ ਬੇਅੰਤ ਤੇ ਇਕ ਜਗਤ ਸਿਘ ਦਾ ਪੁਤ ਭਜਨ ਅਮਰੀਕਾ ਸੱਦ ਲਏ ਸਨ। ਜਗਤ ਸਿਘ ਦੇ ਦੋ ਮੁੰਡੇ ਸਨ ਦੂਸਰਾ ਚਰਨ ਸਿਘ ਪਿਛੇ ਰਹਿ ਗਿਆ ਸੀ। ਚਰਨ ਸਿਘ ਐਮ ਏ ਕਰਕੇ ਬੀ ਡੀ ਓ ਲੱਗ ਗਿਆ। ਸਾਡੇ ਪਿੰਡ 'ਚ ਇਹ ਇਤਿਹਾਸਕ ਪੜ੍ਹਿਆ-ਲਿਖਿਆ ਤੇ ਖੂਬਸੂਰਤ ਪਰਿਵਾਰ ਹੈ। 1962 ਵਿਚ ਭਗਤ ਸਿੰਘ 49 ਸਾਲ ਬਅਦ ਪਹਿਲੀ ਵਾਰੀ ਅਮਰੀਕਾ ਤੋਂ ਪਿੰਡ ਗਿਆ। ਉਸਦੀ ਅਮੀਰਕਨ ਘਰਵਾਲੀ ਮੇਮ ਵੀ ਨਾਲ ਸੀ। ਮੈਨੂੰ ਪੂਰੀ ਤਰ੍ਹਾਂ ਯਾਦ ਹੈ, ਉਹ ਪੂਰੇ ਰੋਅਬ ਵਾਲਾ ਸਰਦਾਰ ਸੱਜਿਆ ਸੀ। ਚਿਟੀ ਦਾਹੜੀ ਤੇ ਪੱਗੜੀ ਸਿਰ 'ਤੇ। ਸਾਰਾ ਪਿੰਡ ਉਸਨੂੰ ਮਿਲਣ ਗਿਆ। ਉਹ ਆਪ ਵੀ ਘਰ ਘਰ ਜਾ ਕੇ ਆਪਣੇ ਪੁਰਾਣੇ ਯਾਰਾਂ-ਦੋਸਤਾਂ ਨੂੰ ਮਿਲਦਾ। ਪ੍ਰਤਾਪ ਸਿਘ ਕੈਰੋਂ, ਜੋ ਉਹਦਾ ਜਮਾਤੀ ਸੀ, ਉਹਨੂੰ ਅਤੇ ਜਵਾਹਰ ਲਾਲ ਨਹਿਰੂ ਨੂੰ ਵੀ ਮਿਲ ਕੇ ਆਇਆ।

ਭਗਤ ਸਿੰਘ ਨੇ ਅਮਰੀਕਾ ਚ ਆ ਕੇ ਹੋਰ ਵੀ ਮੱਲਾਂ ਮਾਰੀਆਂ

Dr Bhagat Singh Thind was one of the first Sikh soliders & first Turbaned Sikh serve the United State of Ameirca in army Duirng the First World War. Auh lyKk hox dy nfqy iek aKbfr 'Young India' ਦਾ ਸਹਾਇਕ ਵੀ ਸੀ।

ਸੰਤੋਖ ਅਤੇ ਅੰਬ-ਦੋਵਾਂ ਭਾਰਾਵਾਂ ਦੀਆ ਗੱਲਾਂ ਆਮ ਪਿੰਡ ਵਿਚ ਹੁੰਦੀਆ। ਸੰਤੋਖ ਦਾ ਕੱਦ ਦਰਮਿਆਨਾ, ਲਾਲ ਚਿਹਰਾ, ਅੱਖਾਂ ਬਿਲੀਆਂ, ਸੁਭਾ ਦਾ ਠੰਡਾ ਤੇ ਸਾਊ। ਅੰਬਾ ਉਲਟ ਲੰਮਾ ਕੱਦ, ਸੁਭਾ ਦਾ ਅੜਬ, ਜਦੋਂ ਦੋ ਘੁਟ ਲਾਏ ਹੋਣੇ ਫਿਰ ਕਿਹੜਾ ਲਾਗੋਂ ਦੀ ਸੁਕਾ ਲੰਘ ਜਾਏ। ਗੱਲ ਪਏ ਤੋਂ ਬਗੈਰ ਜਾਣ ਨਹੀਂ ਦੇਣਾ। ਤੂੰ ਤੂੰ ਮੈਂ ਮੈਂ ਹੋਈ ਲੈ, ਸੰਤੋਖ ਹੱਥ ਜੋੜ ਕੇ ਮਿੰਨਤਾਂ ਕਰ ਕੇ ਪੱਲਾ ਛੁਡਾਉਂਦਾ।

ਇਕ ਵਾਰੀ ਅਮਰੀਕਾ ਵਾਲੇ ਭਰਾ ਬੇਅੰਤ ਨੇ ਸੰਤੋਖ ਹੋਰਾਂ ਨੂੰ ਚਿਠੀ ਭੇਜੀ ਅਤੇ ਉਸਦੇ ਵਿਚ ਇਕ ਬੈਕ ਦਾ ਚੈਕ ਵੀ ਭੇਜਿਆ। ਚੈਕ ਉਨ੍ਹਾਂ ਪਹਿਲੀ ਵਾਰੀ ਦੇਖਿਆ ਸੀ। ਭੱਜੇ ਭੱਜੇ ਚਾਚੇ ਦੇ ਪੁਤ ਭਰਾ ਬੀਡੀਓ ਵੱਲ ਗਏ। ਭਰਾ ਆਹ ਦੇਖੀ ਬੇਅੰਤ ਨੇ ਚਿਠੀ ਵਿਚ ਕੁਝ ਲਿਸ਼ਕਦਾ ਭੇਜਿਆ। ਬੀਡੀਓ ਨੂੰ ਕਿਤੇ ਕਿਤਾਈਂ ਅਮਰੀਕਾ ਤੋਂ ਤਾਇਆ ਚੈਕ ਭੇਜਦਾ ਸੀ। ਉਹ ਚੈਕ ਵੇਖ ਕੇ ਕਹਿੰਦਾ, ਸੰਤੋਖ ਤੁਹਾਡੇ ਭਾਗ ਖੁਲ'ਗੇ। ਬੇਅੰਤ ਨੇ ਤੁਹਾਨੂੰ ਚੋਖੇ ਪੈਸੇ ਭੇਜੇ ਹਨ। ਸੰਤੋਖ ਪੁਛਦਾ ਭਾਉ ਕਿਨੇ



ਕੁ ਬਨਣਗੇ? ਬੀਡੀਓ ਨੇ ਜਬਾਨੀ ਕਲਾਮੀ ਹਿਸਾਬ ਲਾ ਕੇ ਕਹਿ ਦਿਤਾ, ਬਸ ਇਹ ਸਮਝ ਲਓ ਕੇ ਗੰਡਿਆਂ ਵਾਲਾ ਤੋੜਾ ਪੈਸਿਆ ਨਾਲ ਭਰ ਜਾਊ। ਜੰਡਿਆਲੇ ਜਾ ਕੇ ਚੈਕ ਨੂੰ ਜਮਾ ਕਰਾ ਦਿਓ। ਘਰ ਆ ਕੇ ਚੈਕ ਨੂੰ ਸਿਧਾ-ਪੁਠਾ ਕਰਕੇ ਵੇਖੀ ਜਾਣ, ਕਿਉਂ ਕਿ ਉਨ੍ਹਾਂ ਨੂੰ ਬੀਡੀਓ ਦੀ ਗੱਲ 'ਤੇ ਯਕੀਨ ਨਹੀਂ ਸੀ ਆ ਰਿਹਾ।

ਰਾਤ ਉਸਲ-ਵੱਟੇ ਲੈਂਦਿਆਂ ਕੱਢੀ। ਅਗਲੇ ਦਿਨ ਸਵੇਰੇ ਹੀ ਜੰਡਿਆਲੇ ਬੈਂਕ ਚਲੇ ਗਏ। ਬੈਂਕ ਵਾਲਿਆ ਕਿਹਾ ਪਹਿਲਾਂ ਖਾਤਾ ਖੁਲਵਾਓ, ਫਿਰ ਇਹ ਚੈਕ ਅਮਰੀਕਾ ਤੋ ਕਲੀਅਰ ਹੋ ਕੇ ਆਵੇਗਾ ਤੇ ਫਿਰ ਤੁਹਾਨੂੰ ਪੈਸੇ ਮਿਲਣਗੇ। ਪਰ ਬੇਵਸਾਏ ਯਕੀਨ ਫਿਰ ਵੀ ਉਨ੍ਹਾਂ ਨੂੰ ਨਾ ਆਵੇ, ਗੰਡਿਆ ਦਾ ਤੋੜਾ ਹੀ ਦਿਸੀ ਜਾਵੇ। ਦੂਜੇ-ਚੋਥੇ ਦਿਨ ਉਹ ਬੈਕ 'ਚ ਗੇੜੀ ਮਾਰ ਆਇਆ ਕਰਨ ਪਰ ਅੱਗਿਓਂ ਉਨ੍ਹਾਂ ਨੂੰ ਨਾਂਹ ਵਿਚ ਜੁਆਬ ਮਿਲੇ। ਹਾਰ ਕੇ ਇਕ ਦਿਨ ਬੈਂਕ ਮੈਨੇਜਰ ਕੋਲ ਪਹੁੰਚ ਗਏ। ਉਸ ਨੇ ਕਿਹਾ, ਸੰਤੋਖ ਸਿੰਘ ਤੁਹਾਡੇ ਪਿੰਡ ਦਾ ਮੁੰਡਾ ਅਵਤਾਰ ਬੈਂਕ 'ਚ ਕੰਮ ਕਰਦਾ ਹੈ। ਜਿਸ ਦਿਨ ਵੀ ਤੁਹਾਡੇ ਪੈਸੇ ਆ ਗਏ ਉਹਦੇ ਹੱਥ ਤੁਹਾਡੇ ਘਰ ਮੈਂ ਸੁਨੇਹਾ ਪਹੁੰਚਾ ਦੇਵਾਂਗਾ।

ਭਗਤ ਸਿੰਘ ਨੂੰ ਅਮਰੀਕਾ ਆਏ ਨੂੰ ਜਿਆਦਾ ਦੇਰ ਨਹੀਂ ਸੀ ਹੋਈ। ਉਹਨੇ ਆਪਣੇ ਭਤੀਜੇ ਬੀਡੀਓ ਨੂੰ ਚਿੱਠੀ ਲਿਖੀ ਕਿ ਮੈਨੂੰ ਪਤਾ ਲੱਗਾ ਹੈ, ਆਪਣੇ ਇਲਾਕੇ ਦਾ ਗੁਰਦਿਤ ਸਿੰਘ ਸੰਧੂ ਜੋ ਸਰਹਾਲੀ ਤੋਂ ਹੈ, ਪੰਜਾਬ ਤੋਂ ਬੰਦੇ ਲੈ ਕੇ ਕਨੈਡਾ ਆਉਣ ਦੀ ਸਲਾਹ ਬਣਾਉਂਦਾ ਹੈ। ਤੂੰ ਆਪਣੇ ਪਿਓ ਨੂੰ ਭੇਜ ਦੇ ਤੇ ਚਿਠੀ 'ਚ ਉਹਨੇ ਰਾਹ ਦਾ ਖਰਚਾ-ਪਾਣੀ ਵੀ ਭੇਜ ਦਿਤਾ। ਬੀਡੀਓ ਨੂੰ ਤਾਏ ਦੀ ਸਲਾਹ ਚੰਗੀ ਲੱਗੀ ਤੇ ਉਸ ਨੇ ਆਪਣੇ ਪਿਓ ਜਗਤ ਸਿੰਘ ਨੂੰ ਗੁਰਦਿਤ ਸਿਂਘ ਦੇ ਬੰਦਿਆ ਨਾਲ ਕੈਨੇਡਾ ਜਾਣ ਲਈ ਮਿਲਾ ਦਿਤਾ। ਭਗਤ ਸਿੰਘ ਦੀ ਆਪਣੇ ਭਤੀਜੇ ਬੀਡੀਓ ਨਾਲ ਚੰਗੀ ਬੰਣਦੀ ਸੀ ਕਿਉਂ ਕਿ ਉਹ ਪੜ੍ਹਿਆ-ਲਿਖਿਆ ਤੇ ਸਮਝਦਾਰ ਸੀ। ਜਗਤ ਸਿੰਘ ਕਾਮਾਗਾਟੂਮਾਰੂ ਦੇ ਨਾਮ ਜਹਾਜ ਵਿਚ ਬੈਠ ਕੇ ਕੇਨੇਡਾ ਦੇ ਸ਼ਹਿਰ ਵੈਨਕੂਵਰ ਨੂੰ ਰਵਾਨਾ ਹੋ ਗਿਆ। ਕੈਨੇਡਾ ਪਹੁੰਚ ਕੇ ਜੋ ਉਸ ਜਹਾਜ ਦੇ ਸਵਾਰਾਂ ਨਾਲ ਬੀਤੀ ਉਹ ਅਸੀਂ ਪੜ-ਸੁਣ ਚੁਕੇ ਹਾਂ।

ਮੇਰੇ ਵੱਡੇ ਭਰਾ ਦਲਬੀਰ ਚੇਤਨ ਨੇ ਪਿੰਡ ਦੇ ਹੋਣ ਕਰਕੇ ਜਗਤ ਸਿੰਘ ਨਾਲ ਪਿੰਡ ਤੋਂ ਚੱਲਣ ਤੋਂ ਲੈ ਕੇ ਵਾਪਸ ਪਿੰਡ ਪਹੁੰਚਣ ਤਕ ਸਾਰੀ ਗੱਲ ਬਾਤ ਕੀਤੀ। ਜਗਤ ਸਿੰਘ ਨੇ ਦੱਸਿਆ ਕਿ ਕਲਕੱਤੇ ਆ ਕੇ ਜਦੋਂ ਗੋਲੀਆਂ ਵਰ੍ਹੀਆਂ ਤਾਂ ਪਤਾ ਨਹੀਂ ਮੈ ਬਚ ਕੇ ਪਿੰਡ ਕਿਸ ਤਰ੍ਹਾਂ ਪਹੁੰਚ ਗਿਆ। ਉਹ ਲੰਮੀ ਇੰਟਰਵਿਊ ਦਲਬੀਰ ਚੇਤਨ ਨੇ ਉਸ ਵਕਤ ਅਜੀਤ ਅਖਬਾਰ ਚ ਛਪਵਾ ਦਿਤੀ।

ਉਸ ਵਕਤ ਪੰਜਾਬ ਦਾ ਮੁਖ ਮੰਤਰੀ ਗਿਆਨੀ ਜੈਲ ਸਿੰਘ ਸੀ। ਅਖਬਾਰ ਦੀ ਖਬਰ ਦੇ ਨਾਲ ਦਲਬੀਰ ਚੇਤਨ ਨੇ ਗਿਆਨੀ ਜੀ ਨੂੰ ਚਿੱਠੀ ਵੀ ਲਿਖੀ। ਗਿਆਨੀ ਜੈਲ ਸਿੰਘ ਦੇ ਮਨ ਮੇਹਰ ਪੈ ਗਈ ਤੇ ਜਗਤ ਸਿੰਘ ਨੂੰ ਆਖਰੀ ਕਾਮਾਗਾਟਾਮਾਰੂ ਦੇ ਜਿਉਂਦਾ ਸਵਾਰ ਹੋਣ ਦੇ ਨਾਤੇ ਪੈਨਸ਼ਨ ਲੱਗ ਗਈ।

ਅੱਜ ਕਰਮਾਂ ਵਾਲਾ ਦਿਨ ਸੰਤੋਖ ਹੋਰਾਂ ਦੇ ਵਿਹੜੇ ਵੀ ਆ ਚੜ੍ਹਿਆ ਸੀ। ਅਵਤਾਰ ਘਰ ਆ ਕੇ ਸੁਨੇਹਾ ਦੇ ਗਿਆ ਕਿ ਤਹਾਡੇ ਪੈਸੇ ਆ ਗਏ ਹਨ ਜਦੋ ਮਰਜ਼ੀ ਲੈ ਆਇਓ।

ਅਗਲੇ ਦਿਨ ਹੀ ਸੰਤੋਖ ਤੇ ਅੰਬਾ ਬੈਂਕ ਵਿਚ ਜਾ ਗੱਜੇ। ਹਿਸਾਬ-ਕਿਤਾਬ ਕਰਦਿਆਂ ਬੀਡੀਓ ਦੀ ਗੱਲ ਸੱਚੀ ਲੱਗੀ

ਸ਼ਹਿਰੋਂ ਆਉਂਦੇ ਮੀਟ ਤੇ ਸ਼ਰਾਬ ਦੀ ਬੋਤਲ ਵੀ ਲੈ ਆਏ ਕਲ ਤੀਆਂ ਹਨ, ਚੰਗੀ ਤਰ੍ਹਾਂ ਮਨਾਵਾਂਗੇ। ਖਾਣ-ਪੀਣ ਦੇ ਦੋਵੇਂ ਭਰਾ ਸ਼ੌਕੀਨ ਸਨ। ਸੰਤੋਖ ਨੇ ਬੰਦੂਕ ਵੀ ਰੱਖੀ ਹੋਈ ਸੀ। ਕਦੀ-ਕਿਤੇ ਪਿੰਡ 'ਚ ਘੁਗੀਆਂ ਕਬੂਤਰ ਮਾਰਨ ਨਿਕਲਦਾ ਤੇ ਅਸੀਂ ਵੀ ਉਹਦੇ ਮਗਰ-ਮਗਰ ਫਿਰਦੇ। ਜਦ ਵੀ ਸ਼ਿਕਾਰ ਬਣਾਉਣਾ ਤਾਂ ਆਪ ਹੀ ਤੜਕਾ-ਸ਼ੜਕਾ ਪੁਨਦੇ ਹੁੰਦੇ। ਜਨਾਨੀਆਂ ਨੂੰ ਰਸੋਈ ਦਾ ਬਾਹਰ ਦਾ ਰਾਹ ਦਿਖਾ ਦੇਂਦੇ। ਅਖੇ ਸ਼ਿਕਾਰ ਖੇਹ ਬਨਾਉਣਾ ਲਸਣ-ਅਧਰਕ ਦਾ ਸਰਫਾ ਕਰਦੀਆਂ। ਉਸ ਦਿਨ ਵੀ ਸ਼ਹਿਰੋਂ ਲਿਆਦਾ ਮੀਟ ਆਪ ਹੀ ਭੁੰਨਿਆ ਤੇ ਫਿਰ ਦੋਵੇਂ ਭਰਾ ਬਰਾਂਡੇ 'ਚ ਕੁਰਸੀਆਂ-ਮੇਜ ਲਾ ਕੇ ਦਾਰੂ ਪੀਣ ਬੈਠ ਗਏ। ਸਾਡੇ ਪਿੰਡ ਦਾ ਇਕ ਬੰਦਾ ਗੱਲ-ਗੱਲ 'ਤੇ ਕੁਤੇ ਵਾਗੂੰ ਸ਼ਈ ਲੈ ਕੇ ਪੈਂਦਾ ਸੀ। ਕਪੂਰੀ ਪਿੰਡ ਚ ਹੋਰ ਵੀ ਸਨ ਪਰ ਉਹਦਾ ਨਾ ਪਿੰਡ ਵਾਲਿਆਂ ਨੇ ਕਪੂਰੀ ਭੋਂਕਾ ਪਾ ਦਿਤਾ। ਤੇ ਸੰਤੋਖ ਹੋਰਾਂ ਵੀ ਆਪਣੇ ਕੁੱਤੇ ਦਾ ਨਾਂ ਕਪੂਰੀ ਰੱਖ ਲਿਆ। ਸੰਤੋਖ ਨੇ ਹਵੇਲੀ ਵੱਲ ਮੂੰਹ ਕਰਕੇ ਕਪੂਰੀ-ਕਪੂਰੀ ਕਰਕੇ ਕੁੱਤੇ ਨੂੰ ਵਾਜ ਮਾਰੀ, ਪਰ ਉਹ ਆਇਆ ਨਾ। ਅੰਬਾ ਕਹਿਣ ਲੱਗਾ, ਕਪੂਰੀ ਕਿਹਾਂ ਕਈ ਵਾਰੀ ਉਹ ਗੁਸਾ ਕਰ ਜਾਂਦਾ।

'ਕਪੂਰੀ ਜੀ' ਕਹਿ ਕੇ ਵਾਜ ਮਾਰੀ ਅਗਲੇ ਬੰਨੇ ਆ ਕੇ ਬੈਠ ਗਿਆ। ਮੀਟ ਖਾਂਦਿਆਂ ਹੱਡੀਆਂ ਕਪੂਰੀ ਵੱਲ ਸੁਟੀ ਜਾਣ। ਅੰਬਾ ਕਹਿਣ ਲੱਗਾ ਓਏ ਸੰਤੋਖ ਆਪਾਂ ਹੁਣ ਪੈਸੇ ਵਾਲੇ ਹੋ ਗਏ ਹਾਂ। ਇਹਨੂੰ ਕਾਹਦੇ ਲਈ ਹੱਡੀਆਂ ਪਾਈ ਜਾਂਦੇ ਹਾਂ। ਸੰਤੋਖ ਅੰਦਰੋ ਬਾਟੀ ਲੈ ਆਇਆ ਤੇ ਮੀਟ ਦੀ ਭਰ ਕੇ ਕਪੂਰੀ ਦੇ ਅੱਗੇ ਰੱਖ ਦਿਤੀ 'ਆ ਲੈ ਤੂੰ ਨਜਾਰੇ ਲੁਟ' ਉਹ ਅਜੇ ਮੁਕਿਆ ਨਾ ਅੰਬੇ ਨੇ ਇਕ ਹੋਰ ਕੜਛੀ ਪਾ ਦਿਤੀ। ਹਾੜੇ ਦਾ ਸਰੂਰ ਆ ਚੁਕਾ ਸੀ। ਅੰਬਾ ਅੰਦਰ ਪਾਣੀ ਲੈਣ ਚਲੇ ਗਿਆ। ਸੰਤੋਖ ਨੇ ਨਸ਼ੇ ਦੇ ਸਰੂਰ 'ਚ ਸਾਰਾ ਪਤੀਲਾ ਹੀ ਕਪੂਰੀ ਅੱਗੇ ਰੱਖ ਦਿਤਾ, 'ਕਪੂਰੀ ਤੂੰ ਤੀਆਂ ਮਨਾ ਅਸੀ ਅਗਲੇ ਹਫਤੇ ਫੇਰ ਲੈ ਆਵਾਂਗੇ' ਪਿੰਡ 'ਚ ਦੋਵਾਂ ਭਰਾਵਾਂ ਦੇ ਕਿਸੇ ਨਾ ਕਿਸੇ ਗੱਲ 'ਤੇ ਚਰਚੇ ਛਿੜੇ ਹੀ ਰਹਿੰਦੇ ਸਨ।

'ਮਾੜੇ ਜੱਟ ਕਟੋਰੀ ਲੱਭੀ ਪਾਣੀ ਪੀ ਪੀ ਆਫਰਿਆ' ਉਹ ਹਾਲ ਦੋਵਾਂ ਭਰਾਵਾਂ ਨਾਲ ਹੋ ਰਹੀ ਸੀ। ਰਾਤ ਦਿਨ ਬੈਠ ਕੇ ਸਲਾਹਾਂ ਕਰਦੇ, ਇਹ ਪੈਸਾ ਕਿਥੇ ਲਾਈਏ, ਚੱਲ ਬੀਡੀਓ ਦੀ ਸਲਾਹ ਲੈਂਦੇ ਹਾਂ। ਉਹ ਇਸ ਕੰਮ 'ਚ ਕਾਫੀ ਸਿਆਣਾ ਆਪਣੇ ਪਰਿਵਾਰ 'ਚ। ਬੀਡੀਓ ਨੇ ਸਲਾਹ ਦਿਤੀ, ਦੋ ਕੁ ਸਾਲ ਹੋਏ ਨੇ ਮੇਰੇ ਸੋਹਰਿਆਂ ਨੇ ਇਥੋ ਜਮੀਨ ਵੇਚ ਕੇ ਕਿਤੇ ਸ਼ਾਹਜਹਾਨਪੁਰ ਜਾ ਕੇ ਜਮੀਨ ਖਰੀਦੀ ਹੈ। ਉਥੇ ਉਨ੍ਹਾਂ ਦੀ ਚੰਗੀ ਤੱਘ ਜਮੀਨ ਬਣ ਗਈ ਹੈ। ਤੁਸੀ ਉਧਰ ਨਿਕਲ ਜਾਓ, ਥੋੜੇ ਪੈਸੇ ਲਾ ਕੇ ਤੁਹਾਡੀ ਚੰਗੀ ਜਮੀਨ ਬਣ ਜਾਏਗੀ। ਤੁਸੀ ਖਾਣ-ਪੀਣ ਦੇ ਸ਼ੌਕੀਨ ਖੁਲੀ ਜਮੀਨ 'ਤੇ ਨਾਲੇ ਸ਼ਿਕਾਰ ਖੇਡਿਆ ਕਰਿਓ।

ਸਲਾਹ ਦੋਵਾਂ ਭਰਾਵਾਂ ਨੂੰ ਚੰਗੀ ਲੱਗੀ। ਤੇ ਕਰਦੇ-ਕਰਾਉਂਦਿਆਂ ਉਥੇ ਜਾ ਜਮੀਨ ਖਰੀਦੀ। ਪਿੰਡ ਵਿਚ ਵਾਹਵਾ ਵਾਹਵਾ ਹੋ ਗਈ। ਫਸਲ ਵਗੈਰਾ ਬੀਜ ਕੇ ਉਹ ਵਿਚ-ਵਿਚਾਲੇ ਪਿੰਡ ਵੀ ਗੇੜਾ ਮਾਰਦੇ ਰਹਿੰਦੇ। ਇਸੇ ਬਹਾਨੇ ਉਨ੍ਹਾਂ ਦੀ ਪਿੰਡ 'ਚ ਚਰਚਾ ਚੱਲਦੀ ਰਹਦੀ।

ਪਰ ਕਹਿੰਦੇ 'ਵਾਰਸ਼ ਸ਼ਾਹ ਨਾ ਆਦਤਾਂ ਜਾਂਦੀਆਂ' ਅੰਬਾ ਸ਼ਰਾਬ ਪੀ ਕੇ ਉਥੋਂ ਦੇ ਆਂਢ-ਗੁਆਂਢ ਨਾਲ ਆਢਾ ਲਾਈ ਰੱਖਦਾ। ਸੰਤੋਖ ਨੇ ਬਥੇਰਾ ਸਮਝਾਉਣਾ, ਵੱਡੇ ਭਾਉ ਇਹ ਪਿੰਡ ਨਹੀਂ ਅਪਣਾ, ਸਬਰ ਨਾਲ ਰਿਹਾ ਕਰ। ਪਰ ਦੋ ਘੁਟ ਅੰਬੇ ਦੇ ਅੰਦਰ ਗਏ ਨਹੀਂ ਤਾਂ ਫਿਰ ਸਬਰ ਕਿਥੇ। ਅੰਬੇ 'ਤੋਂ ਆਂਢ-ਗੁਆਂਢ ਇਕ ਦਿਨ ਜਿਆਦਾ ਹੀ ਤੰਗ ਆ ਗਿਆ। ਉਥੋ ਦੇ ਲਾਗੇ ਬੰਨੇ ਦੇ ਠਾਕਰਾਂ ਨੇ ਇਕੱਠੇ ਹੋ ਕੇ ਦੋਵਾਂ ਭਰਾਵਾਂ ਨੂੰ ਘੇਰ ਲਿਆ ਤੇ ਉਨ੍ਹਾਂ ਦਾ ਚੰਗਾ ਕੁਟਾਪਾ ਕੀਤਾ। ਤੇ ਨਾਲ ਹੀ ਧਮਕੀ ਦੇ ਦਿਤੀ, ਜਮੀਨ ਵੇਚ ਕੇ ਇਥੋਂ ਚਲੇ ਜਾਉ, ਨਹੀਂ ਤਾ ਕਿਸੇ ਦਿਨ ਦੋਵਾਂ ਭਰਾਵਾਂ ਦੀਆ ਲਾਸ਼ਾ ਰੁਖ ਨਾਲ ਲਟਕਦੀਆਂ ਮਿਲਣਗਈਆਂ।

ਆਲੂ ਵਾਂਗ ਛਿਲੇ-ਛਿਲਾਏ ਮੂੰਹ ਲਮਕਾਈ ਰਾਤ ਦੀ ਗੱਡੀ ਫੜ ਕੇ ਸਵੇਰੇ ਘਰ ਆ ਗਏ। ਘਰਵਾਲੇ ਵੀ ਵਿਗੜੀਆਂ ਸ਼ਕਲਾਂ ਵੇਖ ਕੇ ਹੈਰਾਨ ਹੋ ਗਏ, ਪਰ ਹੀਆ ਕਿਸੇ ਦਾ ਨਾ ਪਵੇ ਪੁਛਣ ਨੂੰ ਕਿ ਤੁਹਾਡੇ ਨਾਲ ਕੀ ਹੋਇਆ।

ਘਰ ਵਿਚ ਵੜ ਕੇ ਮਾਂ ਨੂੰ ਵਾਜ ਮਾਰੀ 'ਮਾਤਾ ਜਾ ਗੁਰਦਵਾਰੇ ਬਾਬਾ ਜੀ ਨੂੰ ਘਰੋਂ ਸੱਦ ਕੇ ਲੈ ਕੇ ਆ। ਅਸੀਂ ਨਹਾ-ਧੋ ਕੇ ਤੁਹਾਨੂੰ ਗੁਰਦਵਾਰੇ ਮਿਲਦੇ ਹਾਂ।

ਮਾਤਾ ਹੈਰਾਨ ਕਿ ਅੱਜ ਬਾਬੇ ਨਾਲ ਕੀ ਜਰੂਰਤ ਪੈ ਗਈ। ਘਰ ਦੇ ਸਾਹਮਣੇ ਗੁਰਦਵਾਰਾ ਇਹ ਤੇ ਕਿਤੇ ਮੱਸਿਆ-ਸੰਗਰਾਦ ਵੀ ਮੱਥਾ ਟੇਕਣ ਨਹੀਂ ਗਏ। ਖੈਰ ਮਾਤਾ ਬੁੜ ਬੁੜ ਕਰਦੀ ਘਰੋਂ ਬਾਬਾ ਜੀ ਨੂੰ ਸੱਦ ਲਿਆਈ। ਘਰੋਂ ਨਿਕਲਦਿਆਂ ਦੋਵਾਂ ਸਲਾਹ ਬਣਾਈ ਕਿ ਦੋ ਸਾਲ ਵਾਸਤੇ ਸ਼ਰਾਬ ਛੱਡਦੇ ਹਾਂ ਜੇ ਪੁਗ ਗਈ ਤਾਂ ਫੇਰ ਹੋਰ ਅੱਗੇ ਕਰਵਾ ਲਵਾਂਗੇ। ਬਾਬਾ ਜੀ ਕਹਿਣ ਲੱਗੇ ਸੰਤੋਖ ਸਿੰਹਾ ਕਾਹਦੀ ਅਰਦਾਸ ਕਰਵਾਉਣੀ ਹੈ।

ਬਾਬਾ ਜੀ ਅਸੀ ਦੋਵਾਂ ਨੇ ਦੋ ਸਾਲ ਵਾਸਤੇ ਸ਼ਰਾਬ ਨਾ ਪੀਣ ਦੀ ਅਰਦਾਸ ਕਰਵਾਉਣੀ ਏ। ਬਾਬਾ ਜੀ ਨੇ ਅਰਦਾਸ ਕਰਦਿਆਂ ਕਰਦਿਆਂ ਸਾਰੀ ਉਮਰ ਲਈ ਸ਼ਰਾਬ ਛੱਡਣ ਦੀ ਅਰਦਾਸ ਕਰ ਦਿਤੀ। ਅੰਬੇ ਨੇ ਬਾਬੇ ਦੇ ਮੂਹੋ ਸਾਰੀ ਉਮਰ ਲਈ ਸੁਣਿਆ ਤਾ ਸੰਤੋਖ ਨੂੰ ਜੋਰ ਦੀ ਕੂਣੀ ਮਾਰੀ ਇਹ ਸਾਰੀ ਉਮਰ ਦਾ ਕੀ ਭਾਣਾ ਵਰਤ ਗਿਆ। ਅਰਦਾਸ ਖਤਮ ਹੋਣ 'ਤੇ ਸੰਤੋਖ ਕਹਿੰਦਾ ਭਾਉ ਜਿਗਰਾ ਰੱਖ। ਸੰਤੋਖ ਇਸ ਕਾਰਨਾਮੇ ਤੋ ਬਾਅਦ ਛੇਤੀ ਸਦਾ ਲਈ ਤੁਰ ਜਾਂਦਾ ਹੈ। ਪਰ ਅੰਬਾ ਲੰਮੀ ਉਮਰ ਭੁਗਤ ਕੇ ਗਿਆ। ਪਰ ਉਸਨੇ ਫੇਰ ਸਾਰੀ ਉਮਰ ਸ਼ਰਾਬ ਨੂੰ ਮੂੰਹ ਨਹੀਂ ਲਾਇਆ।

ਅੰਬੇ ਦੀਆਂ ਸ਼ਰਾਬ ਪੀ ਕੇ ਲੜਨ ਵਾਲੀਆਂ ਆਦਤਾਂ 'ਤੋਂ ਗੁਆਂਢ ਕੁਝ ਸੁਖੀ ਹੋ ਗਿਆ, ਪਰ ਅੜਬਪੁਣਾ ਨਹੀਂ ਸੀ ਗਿਆ। ਚਾਚੀ ਜਦੋਂ ਵਿਆਹੀ ਆਈ ਤਾਂ ਆਂਢ-ਗਆਂਢ ਉਹਦੇ ਸਹੱਪਣ ਦੀਆ ਗੱਲਾਂ ਹੁੰਦੀਆ। ਸੰਤੋਖ ਆਪ ਵੀ ਸੋਹਣਾ ਪਰ ਘਰਵਾਲੀ ਆਪਣੇ ਨਾਲੋਂ ਵੀ ਸੋਹਣੀ ਲੈ ਕੇ ਆਇਆ। ਪਰ ਕਿਸਮਤ ਦੀ ਲਕੀਰ ਚਾਚੀ ਨੇ ਇਹਨੀ ਸੋਹਣੀ ਨਹੀਂ ਲਿਖਾਈ ਸੀ। ਚਾਚੇ ਦੇ ਤੁਰ ਜਾਣ ਤੋ ਬਾਅਦ ਚਾਚੀ ਆਪਣਾ ਪੁਤ ਲੈ ਕੇ ਪੇਕੀਂ ਚਲੀ ਗਈ।

*(ਬਾਕੀ ਅਗਲੇ ਸਫੇ 'ਤੇ)*

# ਕੈਂਸਰ ਦੇ ਮਰੀਜ਼ਾਂ ਲਈ ਦੇਸੀ ਦਵਾਈਆਂ ਕਿੰਨੀਆਂ ਅਸਰਦਾਰ?

ਡਾ. ਹਰਸ਼ਿੰਦਰ ਕੌਰ,ਐੱਮ.ਡੀ.
ਫੋਨ: 0175-2216783

ਅਮਰੀਕਾ ਦੇ ਨੈਸ਼ਨਲ ਇੰਸਟੀਚਿਊਟ ਆਫ਼ ਹੈਲਥ ਨੇ ਸਰਵੇਖਣ ਕਰ ਕੇ ਦੱਸਿਆ ਹੈ ਕਿ ਲਗਭਗ 40 ਫੀਸਦੀ ਕੈਂਸਰ ਦੇ ਮਰੀਜ਼ ਪਿਛਲੇ 10 ਸਾਲਾਂ ਵਿਚ ਜੜੀਆਂ ਬੂਟੀਆਂ ਜਾਂ ਕੋਈ ਹੋਰ ਦੇਸੀ ਦਵਾਈਆਂ ਵੀ ਨਾਲੋ ਨਾਲ ਖਾਣ ਲੱਗ ਪਏ ਸਨ। ਇਨ੍ਹਾਂ ਵਿਚ ਵੱਧ ਪੜ੍ਹੇ-ਲਿਖੇ, ਅਮੀਰ ਅਤੇ ਇੰਟਰਨੈੱਟ ਨੂੰ ਆਧਾਰ ਮੰਨਣ ਵਾਲੇ ਜ਼ਿਆਦਾ ਮਰੀਜ਼ ਸਨ। ਬਹੁਤੇ ਤਾਂ ਸਰਜਰੀ, ਕੀਮੋਥੈਰਪੀ, ਰੇਡੀਓਥੈਰਪੀ ਆਦਿ ਦੇ ਨਾਲ ਹੀ ਹੋਰ ਦੇਸੀ ਨੁਸਖ਼ੇ ਵਰਤਣ ਲੱਗ ਪਏ ਸਨ ਤੇ ਕੁੱਝ ਇਲਾਜ ਪੂਰਾ ਮੁਕਾਉਣ ਬਾਅਦ ਦੇਸੀ ਦਵਾਈਆਂ ਲੈਣ ਲੱਗ ਪਏ ਸਨ।

ਸਾਲ 2019 ਦੇ ਸਰਵੇਖਣ ਅਨੁਸਾਰ 83 ਫੀਸਦੀ ਕੈਂਸਰ ਦੇ ਮਰੀਜ਼ਾਂ ਨੇ ਅਮਰੀਕਾ ਵਿਚ ਦੇਸੀ ਜਾਂ ਕੋਈ ਹੋਰ ਜੜੀ ਬੂਟੀ ਐਲੋਪੈਥੀ ਇਲਾਜ ਦੇ ਨਾਲ ਹੀ ਸ਼ੁਰੂ ਕਰ ਲਈ।

ਯੇਲ ਕੈਂਸਰ ਸੈਂਟਰ ਨੇ 10 ਸਾਲਾਂ ਦੀ ਖੋਜ ਬਾਅਦ ਇਹ ਸਪੱਸ਼ਟ ਕੀਤਾ ਹੈ ਕਿ ਜਿਹੜੇ ਕੈਂਸਰ ਦੇ ਮਰੀਜ਼ਾਂ ਨੇ ਤੁਰੰਤ ਅਪਰੇਸ਼ਨ, ਕੀਮੋਥੈਰੇਪੀ ਜਾਂ ਰੇਡੀਓਥੈਰੇਪੀ ਕਰਵਾਉਣ ਦੀ ਥਾਂ ਪਹਿਲਾਂ ਦੇਸੀ ਟੋਟਕੇ ਅਜ਼ਮਾਏ, ਉਨ੍ਹਾਂ ਵਿਚ ਮੌਤ ਦਰ ਕਾਫੀ ਵਧੀ ਹੋਈ ਲੱਭੀ ਤੇ ਉਹ ਵਕਤ ਤੋਂ ਪਹਿਲਾਂ ਹੀ ਕੂਚ ਕਰ ਗਏ।

ਜਿਨ੍ਹਾਂ ਨੇ ਕੈਂਸਰ ਦੀਆਂ ਦਵਾਈਆਂ ਖਾਣ ਦੇ ਨਾਲ-ਨਾਲ ਦੇਸੀ ਦਵਾਈਆਂ ਵਰਤੀਆਂ, ਉਨ੍ਹਾਂ ਵਿਚੋਂ ਬਥੇਰਿਆਂ ਨੂੰ ਕੈਂਸਰ ਦੀਆਂ ਦਵਾਈਆਂ ਦਾ ਤਕੜਾ ਮਾੜਾ ਅਸਰ ਹੁੰਦਾ ਲੱਭਿਆ ਕਿਉਂਕਿ ਦੇਸੀ ਦਵਾਈਆਂ ਦਾ ਕੈਂਸਰ ਦੀਆਂ ਦਵਾਈਆਂ ਨਾਲ ਸਰੀਰ ਅੰਦਰ ਟਕਰਾਓ ਹੋਣ ਲੱਗ ਪਿਆ ਸੀ ਤੇ ਉਲਟ ਅਸਰ ਹੁੰਦੇ ਲੱਭੇ।

**ਇਹ ਅਸਰ ਕਿਹੜੇ ਸਨ:**

**1. ਕੈਂਸਰ ਦੀਆਂ ਦਵਾਈਆਂ ਦਾ ਅਸਰ ਘਟਾਉਣਾ:**

ਕੈਂਸਰ ਦੀਆਂ ਦਵਾਈਆਂ ਜਜ਼ਬ ਕਰਨ ਦੀ ਤਾਕਤ ਘਟਾਉਣਾ, ਸਰੀਰ ਵੱਲੋਂ ਕੱਢੇ ਜਾ ਰਹੇ ਹਜ਼ਮ ਕਰਨ ਦੇ ਰਸਾਂ ਨਾਲ ਛੇੜਛਾੜ ਅਤੇ ਅਸਰ ਕਰਨ ਵਾਲੀ ਥਾਂ ਉੱਤੇ ਪਏ ਸੈੱਲਾਂ ਨੂੰ ਸਖ਼ਤ ਜਾਨ ਬਣਾ ਦੇਣਾ, ਆਮ ਹੀ ਦੇਸੀ ਦਵਾਈਆਂ ਨਾਲ ਵੇਖਿਆ ਗਿਆ ਹੈ। ਕੈਂਸਰ ਦੀਆਂ ਦਵਾਈਆਂ ਦੇ ਅਸਰ ਨੂੰ ਸਹੀ ਕਰਨ ਵਿਚ ਸੀ.ਵਾਈ.ਪੀ. 3ਏ. 4 ਰਸ ਦਾ ਅਹਿਮ ਰੋਲ ਹੁੰਦਾ ਹੈ ਜੋ ਕਈ ਕਿਸਮਾਂ ਦੀਆਂ ਦੇਸੀ ਦਵਾਈਆਂ ਨਸ਼ਟ ਕਰ ਦਿੰਦੀਆਂ ਹਨ।

ਬਹੁਤ ਸਾਰੀਆਂ ਕੈਂਸਰ ਦੀਆਂ ਦਵਾਈਆਂ ਜਿਵੇਂ ਸਾਈਕਲੋਫਾਸਫਾਮਾਈਡ, ਪੈਕਲੀਟੈਕਸਲ, ਵਿਨਕਰਿਸਟੀਨ, ਵਿਨਬਲਾਸਟੀਨ ਆਦਿ ਸੀ.ਵਾਈ.ਪੀ. 3ਏ. 4 ਰਸ ਰਾਹੀਂ ਹੀ ਅਸਰ ਵਿਖਾਉਂਦੀਆਂ ਹਨ। ਇੰਜ ਹੀ ਪੀੜ ਨੂੰ ਆਰਾਮ ਦੇਣ ਵਾਲੀਆਂ ਓਪਿਆਇਡ ਦਵਾਈਆਂ ਦਾ ਅਸਰ ਵੀ ਘੱਟ ਹੋ ਜਾਂਦਾ ਹੈ ਜਿਸ ਸਦਕਾ ਮਰੀਜ਼ ਲਈ ਪੀੜ ਨੂੰ ਜਰਨਾ ਔਖਾ ਹੋ ਜਾਂਦਾ ਹੈ।

ਛਾਤੀ ਦੇ ਕੈਂਸਰ ਲਈ ਵਰਤੀਆਂ ਜਾ ਰਹੀਆਂ ਕੁੱਝ ਦਵਾਈਆਂ ਦਾ ਅਸਰ ਤਾਂ ਇਨ੍ਹਾਂ ਦੇਸੀ ਦਵਾਈਆਂ ਨਾਲ ਕਾਫੀ ਘੱਟ ਹੋ ਜਾਂਦਾ ਹੈ ਕਿਉਂਕਿ ਦੇਸੀ ਦਵਾਈਆਂ ਦੀ ਸਾਰੀ ਟੁੱਟ-ਫੁੱਟ ਜਿਗਰ ਰਾਹੀਂ ਹੁੰਦੀ ਹੈ। ਜਿਗਰ ਦੇ ਕੰਮ ਕਾਰ ਵਿਚ ਰੋਕਾ ਪੈਣ ਨਾਲ ਜਾਂ ਉਸ ਦੇ ਲੋੜੋਂ ਵੱਧ ਕੰਮ ਕਰਦੇ ਰਹਿਣ ਨਾਲ ਕੈਂਸਰ ਦੀਆਂ ਅਸਲ ਦਵਾਈਆਂ ਦਾ ਅਸਰ ਪੂਰਾ ਹੁੰਦਾ ਹੀ ਨਹੀਂ।

ਇਸ ਤਰ੍ਹਾਂ ਲਗਾਤਾਰ ਵਧਦੀਆਂ ਮੌਤਾਂ ਨੂੰ ਵੇਖਦਿਆਂ ਸਲੋਨ ਕੇਟਰਿੰਗ ਮੈਮੋਰੀਅਲ ਕੈਂਸਰ ਸੈਂਟਰ ਨੇ ਦੁਨੀਆ ਭਰ ਦੇ ਲੋਕਾਂ ਲਈ ਆਪਣੀ ਵੈਬਸਾਈਟ ਰਾਹੀਂ ਜਾਣਕਾਰੀ ਜਗ ਜ਼ਾਹਿਰ ਕਰ ਦਿੱਤੀ ਹੈ ਕਿ ਕਿਵੇਂ ਕੁੱਝ ਦੇਸੀ ਦਵਾਈਆਂ ਤਾਂ ਸਗੋਂ ਕੈਂਸਰ ਦੇ ਮਰੀਜ਼ ਨੂੰ ਛੇਤੀ ਮੌਤ ਦੇ ਮੂੰਹ ਵੱਲ ਲੈ ਜਾਂਦੀਆਂ ਹਨ।

ਉਸ ਵੈੱਬਸਾਈਟ ਰਾਹੀਂ ਕੈਂਸਰ ਦੀਆਂ ਦਵਾਈਆਂ ਦੇ ਅਸਰ ਕਰਨ ਦਾ ਢੰਗ ਅਤੇ ਕੁੱਝ ਚੁਣਿੰਦਾ ਦੇਸੀ ਦਵਾਈਆਂ ਵੱਲੋਂ ਉਸ ਅਸਰ ਵਿਚ ਛੇੜਛਾੜ ਕਰਨ ਦਾ ਸਪੱਸ਼ਟ ਅਸਰ ਵੀ ਸਮਝਾਇਆ ਗਿਆ ਹੈ। ਇਸੇ ਲਈ ਉਸ ਵੈਬਸਾਈਟ ਵਿਚ ਕਾਫੀ ਦੇਸੀ ਦਵਾਈਆਂ ਦੇ ਨਾਂ ਵੀ ਨਸ਼ਰ ਕਰ ਦਿੱਤੇ ਹੋਏ ਹਨ ਕਿ ਇਨ੍ਹਾਂ ਨੂੰ ਕੈਂਸਰ ਦੀਆਂ ਦਵਾਈਆਂ ਨਾਲ ਨਹੀਂ ਵਰਤਣਾ ਚਾਹੀਦਾ।

**2. ਕਿਹੜੀਆਂ ਹੋਰ ਦਵਾਈਆਂ ਨਾ ਵਰਤੀਆਂ ਜਾਣ?**

ਭਾਵੇਂ ਬਹੁਤ ਘੱਟ ਕੇਸ ਹਨ ਪਰ ਅਜਿਹੇ ਕੁੱਝ ਮਰੀਜ਼ ਸਾਹਮਣੇ ਆ ਚੁੱਕੇ ਹਨ ਜਿਨ੍ਹਾਂ ਦਾ ਦੇਸੀ ਦਵਾਈਆਂ ਸਦਕਾ ਕੈਂਸਰ ਵੀ ਫੈਲਿਆ, ਜਿਗਰ ਦਾ ਵੀ ਨੁਕਸਾਨ ਹੋਇਆ ਤੇ ਮੌਤ ਵੀ ਛੇਤੀ ਹੋ ਗਈ।

ਹੋਰ ਤਾਂ ਹੋਰ, ਕੁੱਝ ਕੈਂਸਰ ਦੇ ਮਰੀਜ਼ਾਂ ਵਿਚ ਸੇਂਟ ਜਾਨ ਵੌਂਰਟ, ਕੈਲਸ਼ੀਅਮ, ਮੈਗਨੀਸ਼ੀਅਮ, ਆਇਰਨ ਤੇ ਜ਼ਿੰਕੋ ਬਿਲੋਬਾ ਵਰਗੀਆਂ ਦਵਾਈਆਂ ਨਾਲ ਸਪੱਸ਼ਟ ਰੂਪ ਵਿਚ ਕੈਂਸਰ ਦੀਆਂ ਦਵਾਈਆਂ ਦਾ ਅਸਰ ਘਟਾਉਣ ਵਿਚ ਰੋਲ ਵਿਖਾਇਆ ਗਿਆ ਹੈ ਜੋ 'ਹਰਬ-ਕੈਂਸਰ ਡਰੱਗ ਇੰਟਰਐਕਸ਼ਨ' ਖੋਜ ਪੱਤਰ ਵਿਚ ਛਾਪਿਆ ਗਿਆ ਹੈ ਕਿ ਕੈਂਸਰ ਦੇ ਇਲਾਜ ਦੌਰਾਨ ਇਹ ਆਮ ਜਾਪਦੀਆਂ ਦਵਾਈਆਂ ਵੀ ਨੁਕਸਾਨ ਪਹੁੰਚਾ ਸਕਦੀਆਂ ਹਨ।

ਸੇਂਟ ਜਾਨ ਵੌਰਟ ਹਰਬਲ ਮੈਡੀਸਨ ਭਾਵੇਂ ਬੂਟਿਆਂ ਤੋਂ ਬਣੀ ਦਵਾਈ ਹੈ ਜਿਵੇਂ ਜਿਨਸੈਂਗ ਜਾਂ ਜ਼ਿੰਕੋ ਬਿਲੋਬਾ ਜਾਂ ਕੈਕਟਸ ਦਾ ਫਲ, ਪਰ ਇਹ ਕੁੱਝ ਕਿਸਮਾਂ ਦੇ ਕੈਂਸਰ ਦੀਆਂ ਦਵਾਈਆਂ ਦਾ ਅਸਰ 50 ਫੀਸਦੀ ਤਕ ਘਟਾ ਦਿੰਦੀਆਂ ਹਨ ਕਿਉਂਕਿ ਇਹ ਕੈਂਸਰ ਦੀਆਂ ਦਵਾਈਆਂ ਨੂੰ ਛੇਤੀ ਸਰੀਰ ਵਿਚੋਂ ਬਾਹਰ ਕੱਢ ਦਿੰਦੀਆਂ ਹਨ।

ਖੋਜ ਵਿਚ ਇੱਕ ਕੈਂਸਰ ਦੀ ਦਵਾਈ 'ਇਮੈਟੀਨਿਬ' ਨਾਲ ਜਦੋਂ ਹਰਬਲ ਦਵਾਈ ਸੇਂਟ ਜਾਨ ਵੌਰਟ ਦਿੱਤੀ ਗਈ ਤਾਂ ਮਰੀਜ਼ਾਂ ਦੇ ਸਰੀਰ ਅੰਦਰ ਦੋ ਹਫ਼ਤਿਆਂ ਵਿਚ ਇਮੈਟੀਨਿਬ ਦਾ ਅਸਰ 42 ਫੀਸਦੀ ਤਕ ਘਟਿਆ ਹੋਇਆ ਲੱਭਿਆ।



ਇੰਜ ਹੀ ਚਕੋਧਰੇ ਦਾ ਰਸ ਕੈਂਸਰ ਦੀਆਂ ਦਵਾਈਆਂ ਦੇ ਨਾਲੋ ਨਾਲ ਦੇਣ ਨਾਲ ਅਨੇਕ ਕਿਸਮ ਦੀਆਂ ਕੈਂਸਰ ਦੀਆਂ ਦਵਾਈਆਂ ਦਾ ਅਸਰ 32 ਤੋਂ 42 ਫੀਸਦੀ ਘਟਿਆ ਹੋਇਆ ਲੱਭਿਆ।

ਚਕੋਧਰਾ ਕਈ ਤਰ੍ਹਾਂ ਦੀਆਂ ਕੈਂਸਰ ਦੀਆਂ ਦਵਾਈਆਂ ਨੂੰ ਹਜ਼ਮ ਹੀ ਨਹੀਂ ਹੋਣ ਦਿੰਦਾ ਤੇ ਫਟਾਫਟ ਉਨ੍ਹਾਂ ਨੂੰ ਸਰੀਰ ਵਿੱਚੋਂ ਬਾਹਰ ਕੱਢ ਦਿੰਦਾ ਹੈ।

ਇਕ ਖੋਜ ਵਿਚ ਬਹੁਤ ਵਧੇ ਹੋਏ ਛਾਤੀ ਦੇ ਕੈਂਸਰ ਦੀਆਂ ਔਰਤਾਂ ਵਿਚ ਕੈਂਸਰ ਦੀਆਂ ਦਵਾਈਆਂ ਦੇ ਨਾਲੋ ਨਾਲ ਥੋਮ ਖੁਆਉਣ ਨਾਲ ਡੌਸੀਟੈਕਸਿਲ ਕੈਂਸਰ ਦੀ ਦਵਾਈ ਦੀ ਮਾਤਰਾ ਲਹੂ ਵਿਚ 35 ਫੀਸਦੀ ਘਟੀ ਹੋਈ ਲੱਭੀ। ਇੰਜ ਹੀ ਅਦਰਕ ਦੇਣ ਨਾਲ ਕੈਂਸਰ ਦੇ ਅਪਰੇਸ਼ਨ ਬਾਅਦ ਲਹੂ ਬਹੁਤੀ ਦੇਰ ਤੱਕ ਵੱਗਦਾ ਹੋਇਆ ਲੱਭਿਆ।

**3. ਕਿਹੜੇ ਮਸਾਲੇ ਜਾਂ ਬੀਜ ਵੀ ਠੀਕ ਨਹੀਂ?**

ਐਲਫਾਲਫਾ, ਚੇਸਟ ਬੈਰੀ, ਲੌਂਗ, ਸੋਇਆਬੀਨ, ਫਲੈਕਸ ਬੀਜ ਆਦਿ ਨੂੰ ਛਾਤੀ ਅਤੇ ਬੱਚੇਦਾਨੀ ਦੇ ਕੈਂਸਰ ਵਿਚ ਇਲਾਜ ਦੌਰਾਨ ਨਾ ਦੇਣ ਦੀ ਸਲਾਹ ਦਿੱਤੀ ਗਈ ਹੈ।

ਸੋਇਆਬੀਨ ਵਿਚਲਾ 'ਜੈਨੀਸਟੀਨ' ਤਾਂ ਕਈ ਵਾਰ 'ਟੈਮੋਕਸੀਫੈਨ' ਕੈਂਸਰ ਦੀ ਦਵਾਈ ਦਾ ਅਸਰ ਬਹੁਤ ਘਟਾ ਕੇ ਸਗੋਂ ਛਾਤੀ ਵਿਚਲੇ ਕੈਂਸਰ ਦੇ ਸੈੱਲਾਂ ਦੇ ਵਧਣ ਵਿਚ ਤੇਜ਼ੀ ਲਿਆ ਦਿੰਦਾ ਹੈ।

ਕੁੱਝ ਹਾਰਮੋਨਾਂ ਉੱਤੇ ਪਲਦੇ ਕੈਂਸਰ ਵੀ ਦੇਸੀ ਨੁਸਖ਼ਿਆਂ ਨਾਲ ਵੱਧ ਫੈਲ ਜਾਂਦੇ ਹਨ ਕਿਉਂਕਿ ਉਨ੍ਹਾਂ ਵਿਚ ਕੁਦਰਤੀ ਹਾਰਮੋਨ ਹੁੰਦੇ ਹਨ। ਕੁੱਝ ਟੋਟਕਿਆਂ ਨਾਲ ਲਹੂ ਵਗਣ ਦਾ ਖ਼ਤਰਾ ਵੱਧ ਹੋ ਜਾਂਦਾ ਹੈ।

ਕੁੱਝ ਕਿਸਮਾਂ ਦੇ ਵਿਟਾਮਿਨ ਵੀ ਕੈਂਸਰ ਦੀਆਂ ਦਵਾਈਆਂ ਨੂੰ ਹਜ਼ਮ ਕਰਨ ਵਾਲੀ ਥਾਂ ਨੂੰ ਆਪ ਮੱਲ ਕੇ ਬਹਿ ਜਾਂਦੇ ਹਨ ਜਾਂ ਕੈਂਸਰ ਦੇ ਸੈੱਲਾਂ ਨੂੰ ਤਾਕਤ ਦੇ ਕੇ ਤਕੜੇ ਤਰੀਕੇ ਫੈਲਣ ਲਈ ਤਿਆਰ ਕਰ ਦਿੰਦੇ ਹਨ ਜਿਵੇਂ ਵਿਟਾਮਿਨ ਈ ਜਾਂ ਵਿਟਾਮਿਨ ਸੀ।

ਖੋਜ ਵਿਚ ਸਾਬਤ ਹੋ ਚੁੱਕਿਆ ਹੈ ਕਿ ਰੇਡੀਓਥੈਰੇਪੀ ਤੋਂ ਪਹਿਲਾਂ ਜਿਨ੍ਹਾਂ ਮਰੀਜ਼ਾਂ ਨੂੰ ਇੱਕ ਇੱਕ ਖ਼ੁਰਾਕ ਵਿਟਾਮਿਨ ਈ ਅਤੇ ਸੀ ਦੀ ਦਿੱਤੀ ਗਈ, ਉਨ੍ਹਾਂ ਦੇ ਕੈਂਸਰ ਸੈੱਲਾਂ ਉੱਤੇ ਰੇਡੀਓਥੈਰੇਪੀ ਕਿਰਨਾਂ ਦਾ ਪੂਰਾ ਅਸਰ ਨਹੀਂ ਪਿਆ। ਇੰਜ ਹੀ ਕਈ ਮਰੀਜ਼ਾਂ ਵਿਚ ਇਲਾਜ ਦੌਰਾਨ ਐਂਟੀਆਕਸੀਡੈਂਟ ਦਵਾਈਆਂ ਦੇਣ ਨਾਲ ਸਗੋਂ ਕੈਂਸਰ ਦੇ ਸੈੱਲ ਵੱਧ ਪ੍ਰਫੁੱਲਿਤ ਹੋਏ ਲੱਭੇ।

**4. ਕਿਹੜੇ ਕੁਦਰਤੀ ਤੱਤ ਫ਼ਾਇਦੇਮੰਦ ਸਾਬਤ ਹੋਏ?**

ਅਮਰੀਕਾ ਅਤੇ ਚੀਨ ਦੀਆਂ ਛਾਤੀ ਦੀਆਂ ਕੈਂਸਰ ਦੀਆਂ ਹਜ਼ਾਰਾਂ ਔਰਤਾਂ ਉੱਤੇ ਇੱਕ ਵੱਡੀ ਖੋਜ ਰਾਹੀਂ ਇਹ ਨੁਕਤਾ ਸਾਹਮਣੇ ਆਇਆ ਕਿ ਹਰ ਕੁਦਰਤੀ ਚੀਜ਼ ਮਾੜੀ ਨਹੀਂ ਹੁੰਦੀ।

ਸੋਇਆਬੀਨ ਨਾਲ ਭਾਵੇਂ ਮੌਤ ਦਰ ਨਹੀਂ ਘਟੀ ਤੇ ਦਵਾਈਆਂ ਦਾ ਅਸਰ ਵੀ ਘੱਟ ਹੋਇਆ ਪਰ ਇਸ ਦੇ ਖਾਣ ਨਾਲ ਕਾਫੀ ਜਣਿਆਂ ਵਿਚ ਛਾਤੀ ਦੇ ਕੈਂਸਰ ਦੇ ਸੈੱਲ ਦੁਬਾਰਾ ਚੁਸਤ ਹੋਏ ਨਹੀਂ ਲੱਭੇ ਤੇ ਦੂਜੀ ਵਾਰ ਕੈਂਸਰ ਹੋਣ ਦੇ ਆਸਾਰ ਬਹੁਤ ਘੱਟ ਹੋਏ।

ਐਂਥਰਾਸਾਈਕਲਿਨ ਐਂਟੀਆਕਸੀਡੈਂਟ ਵੀ ਕੁੱਝ ਕੈਂਸਰ ਦੀਆਂ ਦਵਾਈਆਂ ਦੇ ਮਾੜੇ ਅਸਰਾਂ ਨੂੰ ਘਟਾਉਣ ਵਿਚ ਸਹਾਈ ਹੋਏ ਲੱਭੇ।

ਡਾ. ਵਾਸਰਥੀਲ ਨੇ ਆਪਣੇ ਸਾਥੀਆਂ ਨਾਲ ਕੀਤੀ ਇੱਕ ਖੋਜ ਰਾਹੀਂ ਜਦੋਂ ਕੁੱਝ ਫੈਲੇ ਹੋਏ ਛਾਤੀ ਦੇ ਕੈਂਸਰ ਦੇ ਮਰੀਜ਼ਾਂ ਨੂੰ ਮਿਨਰਲ ਤੱਤ ਤੇ ਵਿਟਾਮਿਨ ਸਹੀ ਮਿਕਦਾਰ ਵਿਚ ਖੁਆਏ ਤਾਂ ਉਨ੍ਹਾਂ ਨੂੰ ਆਪਣੇ ਮਰੀਜ਼ਾਂ ਵਿਚ ਮੌਤ ਦਰ ਘੱਟ ਹੁੰਦੀ ਦਿਸੀ।

**5. ਮੌਜੂਦਾ ਸਥਿਤੀ ਕੀ ਹੈ?**

ਦਿਨੋ-ਦਿਨ ਕੈਂਸਰ ਦੇ ਮਰੀਜ਼ ਵਧਦੇ ਜਾ ਰਹੇ ਹਨ ਤੇ ਉਸੇ ਤਰ੍ਹਾਂ ਕੁਦਰਤੀ ਖ਼ੁਰਾਕ ਜਾਂ ਦੇਸੀ ਨੁਸਖ਼ਿਆਂ ਅਤੇ ਆਯੁਰਵੈਦਿਕ ਦਵਾਈਆਂ ਦਾ ਸੇਵਨ ਵੀ ਵਧਦਾ ਜਾ ਰਿਹਾ ਹੈ। ਅਮਰੀਕਾ ਦੀ ਨੈਸ਼ਨਲ ਯੂਨੀਵਰਸਿਟੀ ਔਫ਼ ਨੈਚੂਰਲ ਮੈਡੀਸਨ ਪਿਛਲੇ 50 ਸਾਲਾਂ ਤੋਂ ਕੁਦਰਤੀ ਚੀਜ਼ਾਂ ਦੀ ਵਰਤੋਂ ਕਰ ਰਹੀ ਹੈ ਤੇ ਅਨੇਕ ਖੋਜਾਂ ਕਰ ਚੁੱਕੀ ਹੈ।

ਨੈਚੂਰੋਪੈਥੀ ਉੱਤੇ ਕੰਮ ਕਰਦੀ ਇਸ ਯੂਨੀਵਰਸਿਟੀ ਨੇ ਸਪੱਸ਼ਟ ਕੀਤਾ ਹੈ ਕਿ ਕੈਂਸਰ ਦੇ ਇਲਾਜ ਦੌਰਾਨ ਨਹੀਂ ਪਰ ਇਲਾਜ ਪੂਰਾ ਕਰਨ ਬਾਅਦ ਜ਼ਰੂਰ ਕੁਦਰਤੀ ਖ਼ੁਰਾਕ ਉੱਤੇ ਜ਼ੋਰ ਪਾਉਣਾ ਚਾਹੀਦਾ ਹੈ। ਉਹ ਤਾਂ ਇੱਥੋਂ ਤੱਕ ਕਹਿ ਰਹੇ ਹਨ ਕਿ ਜੇ ਪਹਿਲਾਂ ਤੋਂ ਹੀ ਸਹੀ ਸੰਤੁਲਿਤ ਖ਼ੁਰਾਕ ਖਾਂਦੇ ਰਹੋ ਅਤੇ ਰੈਗੂਲਰ ਕਸਰਤ ਕਰਦੇ ਰਹੋ ਤਾਂ ਕੈਂਸਰ ਵਰਗੀ ਨਾਮੁਰਾਦ ਬੀਮਾਰੀ ਲੱਗਦੀ ਹੀ ਨਹੀਂ।

ਅਨੇਕ ਅਜਿਹੇ ਕੁਦਰਤੀ ਖਾਣੇ ਵੀ ਹਨ ਜਿਨ੍ਹਾਂ ਨੂੰ ਕੈਂਸਰ ਦੇ ਪੂਰੇ ਇਲਾਜ ਤੋਂ ਬਾਅਦ ਖਾਂਦੇ ਰਹਿਣ ਨਾਲ ਲੰਮੀ ਸਿਹਤਮੰਦ ਜ਼ਿੰਦਗੀ ਭੋਗੀ ਜਾ ਸਕਦੀ ਹੈ। ਸਿਰਫ਼ ਗੱਲ ਇਹ ਹੈ ਕਿ ਸਿਆਣੇ ਡਾਕਟਰ ਤੋਂ ਹਰ ਮਰੀਜ਼ ਨੂੰ ਆਪਣਾ ਚੈੱਕਅਪ ਕਰਵਾਉਣ ਬਾਅਦ ਹੀ ਠੀਕ ਸਲਾਹ ਲੈ ਕੇ ਸਹੀ ਮਿਕਦਾਰ ਵਿਚ ਇਹ ਕੁਦਰਤੀ ਚੀਜ਼ਾਂ ਖਾਣ ਦੀ ਲੋੜ ਹੈ। ਮਿਸਾਲ ਵਜੋਂ ਅਦਰਕ ਵਰਗੀ ਖਾਣ ਵਾਲੀ ਚੀਜ਼ ਵੀ ਹਰ ਜਣੇ ਉੱਤੇ ਇੱਕੋ ਜਿੰਨਾ ਅਸਰ ਨਹੀਂ ਵਿਖਾਉਂਦੀ। ਵਰਤਣ ਦਾ ਢੰਗ ਅਤੇ ਮਿਕਦਾਰ ਹਰ ਮਰੀਜ਼ ਦੀ ਹਾਲਤ ਅਨੁਸਾਰ ਵੱਖ ਹੋ ਸਕਦੇ ਹਨ।

ਆਖ਼ਰੀ ਅਸਰਦਾਰ ਨੁਕਤਾ ਜੋ ਕੈਂਸਰ ਨਾਲ ਜੂਝਣ ਵਿਚ ਸਫ਼ਲ ਸਾਬਤ ਹੋ ਚੁੱਕਿਆ ਹੈ, ਉਹ ਹੈ-ਚੜ੍ਹਦੀ ਕਲਾ!

ਜੇ ਇਹ ਸੋਚ ਕੇ ਚੀਜ਼ ਖਾਧੀ ਜਾ ਰਹੀ ਹੋਵੇ ਕਿ ਮੈਂ ਇਸ ਨਾਲ ਯਕੀਨਨ ਠੀਕ ਹੋ ਜਾਵਾਂਗਾ, ਤਾਂ ਉਹ ਚੀਜ਼ ਦੁੱਗਣਾ ਅਸਰ ਵਿਖਾਉਂਦੀ ਹੈ, ਪਰ ਜੇ ਉਹ ਚੀਜ਼ ਖਾਣ ਲੱਗਿਆਂ ਉਮੀਦ ਨਾ ਰਹੇ ਤਾਂ ਉੱਕਾ ਹੀ ਬੇਅਸਰ ਵੀ ਸਾਬਤ ਹੋ ਜਾਂਦੀ ਹੈ। ਇਸੇ ਲਈ ਸਾਰਥਕ ਨਜ਼ਰੀਆ ਕੈਂਸਰ ਨਾਲ ਜੂਝਣ ਵਿਚ ਬਹੁਤ ਅਹਿਮ ਰੋਲ ਅਦਾ ਕਰਦਾ ਹੈ।

---

ਪੇਕੇ ਜਾ ਕੇ ਆਪਣੇ ਭਰਾਵਾਂ ਨੂੰ ਕਹਿ ਦਿਤਾ। ਤੁਸੀ ਆਪਣੀ ਹਵੇਲੀ ਵਿਚ ਇਕ ਨੁਕਰੇ ਮੈਨੂੰ ਕੋਠਾ ਪਾ ਦਿਉ। ਮੈਂ ਉਥੇ ਰਹਿ ਕੇ ਅਪਣੇ ਪੁਤ ਨੂੰ ਪਾਲ ਲਵਾਂਗੀ, ਪਰ ਸਹੁਰੇ ਘਰ ਨਹੀਂ ਰਹਿ ਸਕਦੀ। ਚਾਚੀ ਦੇ ਪੇਕਿਆਂ ਨੂੰ ਉਹਦੇ ਜੇਠ ਅੰਬੇ ਦੇ ਅੜਬ ਸਭਾ ਤੋ ਜਾਣੂ ਸਨ। ਚਾਚੇ ਦੇ ਸਾਲੇ ਜਦ ਪਿੰਡ ਆਉਂਦੇ ਹੁੰਦੇ ਸਨ। ਉਨ੍ਹਾਂ ਕੋਲ ਮੋਟਰਸਾਈਕਲ ਹੁੰਦੇ ਸਨ।

ਚਾਚੀ ਦੱਸ ਜਮਾਤਾ ਪੜੀ ਹੋਈ ਸੀ। ਤੇ ਅੱਗੇ ਉਹਨੇ ਝ ਭ ਠ ਚ ਦਾਖਲਾ ਲੈ ਲਿਆ। ਜਦ ਉਨੇ ਕੋਰਸ ਪੂਰਾ ਕੀਤਾ ਤਾ ਉਹਨੂੰ ਰੰਡੇਪੇ ਦੇ ਕੋਟੇ ਤੇ ਕੁਝ ਭਰਾਵਾਂ ਦੀ ਜਾਣ ਪਹਿਚਾਣ ਕਰਕੇ ਅਧਿਆਪਕਾ ਦੀ ਨੋਕਰੀ ਮਿਲ ਗਈ। ਜਿੰਦਗੀ ਰਾਹ 'ਤੇ ਤੁਰਨ ਲੱਗ ਪਈ ਤੇ ਨਾਲ ਨਾਲ ਆਪਣੇ ਪੁਤ ਨੂੰ ਪਾਲਦੀ ਰਹੀ।

ਕਦੇ ਛੁਟੀਾਂ ਵਿਚ ਪਿੰਡ ਸਹੁਰੇ ਘਰ ਵੀ ਗੇੜੀ ਮਾਰਦੀ ਹੁੰਦੀ। ਜਦੋ ਉਹਨੇ ਆਉਣਾ, ਮੇਰੀ ਮਾਂ ਤੇ ਚਾਚੀਆਂ ਨੇ ਮਿਲ ਕੇ ਦੁਖ-ਸੁਖ ਸਾਂਝੇ ਕਰ ਆਉਣੇ। ਘਰ ਆ ਕੇ ਚਾਚੀ ਦੀਆ ਗੱਲਾਂ ਕਰਨੀਆਂ 'ਨੀ ਸੰਤੋਖ ਦਾ ਮੁੰਡਾ ਬਿਲਕੁਲ ਸੰਤੋਖ ਵਾਂਗ ਹੀ ਸੋਹਣਾ ਅਤੇ ਆਪ ਵੀ ਗੱਲ ਗੱਲ 'ਤੇ ਸੰਤੋਖ ਨੂੰ ਯਾਦ ਕਰਕੇ ਰੋਂਦੀ ਏ।

ਅੰਬੇ ਤੋਂ ਸਿਵਾਏ ਸਹੁਰੇ ਘਰ ਵਿਚ ਸਾਰੇ ਚੰਗੇ ਸੁਭਾ ਦੇ ਸਨ। ਚਾਚੀ ਦੀ ਸੱਸ ਜਠਾਨੀ ਤੇ ਨਨਾਣਾਂ ਨਾਲ ਚੰਗੀ ਬਣਦੀ ਸੀ।

ਪੁਤ ਜੁਆਨ ਹੋਇਆ ਤਾ ਚਾਚੀ ਕਹਿਣ ਲੱਗੀ, ਪੁਤਰਾ ਤੇਰੇ ਹਿਸੇ ਦੋ ਸਿਆੜ ਵੀ ਆਉਂਦੇ ਨੇ ਜੋ ਤੇਰੇ ਬਾਪ ਦਾਦੇ ਦੀ ਜਾਇਦਾਤ ਹੈ। ਤੇਰਾ ਤਾਇਆ ਆਪ ਹੀ ਹੜੱਪੀ ਜਾਂਦਾ, ਉਹਦੇ ਨਾਲ ਚੱਲ਼ ਕੇ ਗੱਲ ਕਰੀਏ। ਹੁਣ ਤੂੰ ਜੁਆਨ ਹੋ ਗਿਆ ਏ ਕੋਈ ਸਾਨੂੰ ਵੀ ਹਿਸਾ ਪੱਤੀ ਦਿਆ ਕਰੇ। ਪਿੰਡ ਹਿਸਾ ਪੱਤੀ ਦੀ ਗੱਲ ਕਰਨ ਆਏ ਤਾ ਅੰਬਾ ਕਿਹੜਾ ਪੱਧਰਾ ਸੀ। ਗਾਲ-ਗਲੋਚੀ ਕਰਕੇ ਮਾਂ-ਪੁਤ ਨੂੰ ਬਰੰਗ ਲਿਫਾਫੇ ਵਾਂਗ ਮੋੜ ਦਿਤਾ। ਚਾਚੀ ਨੂੰ ਇਹ ਤਾ ਇਲਮ ਸੀ, ਕਿ ਜੇਠ ਦੇ ਮਰਦਬਾਨ ਵਿਚੋ ਸਿਧੀ ਉਂਗਲ ਨਾਲ ਘਿਉ ਨਹੀਂ ਨਿਕਲਣਾ। ਅਗਲੀ ਵਾਰੀ ਆਪਣੇ ਭਰਾਵਾਂ ਨਾਲ ਪੁਤ ਨੂੰ ਭੇਜ ਦਿਤਾ। ਜਦ ਮਾਮਾ-ਭਣੇਵਾ ਤਾਂ ਅੰਬੇ ਦਾ ਖੂਨ ਖੋਲ ਗਿਆ। ਵੇਖਦਿਆਂ ਹੀ ਅੰਦਰੋ ਕਿਰਪਾਨ ਕੱਢ ਲਿਆਇਆ। ਬਾਹਰ ਖੜੇ ਭਤੀਜੇ 'ਤੇ ਕਿਰਪਾਨ ਨਾਲ ਵਾਰ ਕਰ ਦਿਤਾ। ਠਹਿਰ ਮੈਂ ਦੇਂਦਾ ਤੈਨੂੰ ਜਮੀਨ ਦਾ ਹਿਸਾ। ਜੰਮ ਉਗਿਆ ਨਹੀਂ ਜਮੀਨ ਦਾ ਹਿਸਾ ਭਾਲਦਾ। ਉਹ ਤੇ ਚੰਗਾ ਹੋਇਆ ਲਾਗੇ ਮਾਮੇ ਖੜੇ ਨੇ ਧੱਕਾ ਮਾਰ ਦਿਤਾ। ਨਹੀਂ ਤੇ ਭਣੇਵੇ ਨੇ ਕਿਰਪਾਨ ਦੇ ਵਾਰ ਨਾਲ ਉਥੇ ਹੀ ਚਿਤ ਹੋ ਜਾਣਾ ਸੀ। ਰੌਲਾ-ਰੱਪਾ ਸੁਣ ਕੇ ਗੁਆਢ ਵੀ ਭੱਜ ਕੇ ਆਇਆ ਤੇ ਵਿਚ ਪੈ ਕੇ ਲੱੜਦਿਆਂ ਨੂੰ ਚੁਪ ਕਰਾਇਆ। ਚਾਚੀ ਦੇ ਭਰਾਵਾਂ ਨੇ ਸਲਾਹ ਕੀਤੀ, ਇਨ੍ਹਾਂ ਦੇ ਸ਼ਰੀਕ-ਭਾਈਚਾਰੇ ਨਾਲ ਬੈਠ ਕੇ ਗੱਲ ਕਰਦੇ ਹਾਂ। ਸ਼ਰੀਕ ਭਾਈਚਾਰਾ ਇਕੱਠਾ ਹੋਇਆ ਤਾ ਚਾਚੀ ਦੇ ਭਰਾਵਾਂ ਨੇ ਕਿਹਾ ਫਲਾਣੇ ਦਿਨ ਅਸੀਂ ਆਪਣਾ ਸ਼ਰੀਕਾ ਤੇ ਪਿੰਡ ਦੀ ਪੰਚਾਇਤ ਲੈ ਕੇ ਆਵਾਂਗੇ। ਜੋ ਅੰਬੇ ਨੂੰ ਬਿਠਾ ਕੇ ਤੁਸੀਂ ਤੇ ਤੁਹਾਡੀ ਪੰਚਾਇਤ ਫੈਸਲਾ ਕਰੇਗੀ, ਸਾਨੂੰ ਮਨਜੂਰ ਹੈ। ਅਸੀਂ ਅੱਜ ਤੋ ਇਸ ਪੁਤ ਦਾ ਹਿੱਸਾ ਮੰਗਦੇ ਹਾਂ। ਜੋ ਪਿਛੇ ਬੀਤ ਗਿਆ ਸੋ ਬੀਤ ਗਿਆ। ਪਰ ਅੰਬਾ ਨਾ ਮੰਨਿਆ ਤਾਂ ਫੇਰ ਅਸੀ ਅੰਬੇ ਨਾਲ ਕਚਿਹਰੀਆਂ 'ਚ ਭੁਗਤਾਂਗੇ। ਜਿਦਣ ਦਾ ਸਾਡਾ ਭਾਈਆ ਸੰਤੋਖ ਗਿਆ। ਅੰਬੇ ਨੂੰ ਉਸ ਦਿਨ ਤੋਂ ਜਮੀਨ ਦਾ ਹਿਸਾਬ-ਕਿਤਾਬ ਦੇਣਾ ਪਵੇਗਾ। ਪਿੰਡ ਵਾਲਿਆਂ ਨੂੰ ਫਤਿਹ ਬੁਲਾ ਕੇ ਤੇ ਅਗਲੀ ਤਰੀਕ 'ਤੇ ਆਉਣ ਤਕ ਘਰਾਂ ਨੂੰ ਮੁੜਗੇ।

ਅੰਬੇ ਦੇ ਕੰਨ 'ਤੇ ਛੇਤੀ ਕੀਤਿਆਂ ਜੂੰ ਨਹੀਂ ਸਰਕਦੀ ਹੁੰਦੀ ਸੀ। ਪਰ ਐਸ ਵਾਰੀ ਸ਼ਰੀਕੇ ਤੇ ਬੀਡੀਓ ਨੇ ਅੰਬੇ ਨੂੰ ਚੰਗੀ ਤਰ੍ਹਾਂ ਸਮਝਾ ਦਿਤਾ, ਕਿ ਚੰਗੀ ਗੱਲ ਝਗੜੇ ਨੂੰ ਪੰਚਾਇਤ ਤੇ ਭਾਈਚਾਰੇ 'ਚ ਬੈਠ ਕੇ ਨਿਬੇੜ ਲਾ। ਜੇ ਉਹ ਕਚਿਹਰਿਆ ਨੂੰ ਤੁਰ ਪਏ ਤਾਂ ਪਿਛਲੇ ਪੰਝੀ ਸਾਲ ਦਾ ਹਿਸਾਬ ਦੇਣਾ ਪਊਗਾ। ਤੇ ਜਿਹੜੇ ਤੇਰੇ ਕੋਲ ਦੋ ਸਿਆੜ ਹੈਗੇ, ਕਚਿਹਰੀਆਂ ਦੇ ਚੱਕਰਾਂ 'ਚ ਉਹ ਵੀ ਵਿਕ ਜਾਣਗੇ। ਅੰਬੇ ਦੇ ਦਿਮਾਗ ਤੇ ਇਹ ਗੱਲ ਘਰ ਕਰ ਗਈ ਅਤੇ ਪੰਚਾਇਤ ਤੇ ਸ਼ਰੀਕੇ 'ਚ ਬੈਠ ਕੇ ਮਨ-ਮਨਾਉਤੀ ਹੋ ਕੇ ਨਿਬੜ ਗਈ।

ਚਾਚੀ ਘਰ ਵਿਚਲੇ 'ਚੋਂ ਵੀ ਹਿਸਾ ਲੈਣਾ ਚਾਹੁੰਦੀ ਸੀ। ਇਹ ਰੋਜ ਦਿਹਾੜੀ ਇਕੱਠ ਦਾ ਜੱਬ ਮੇਰੇ ਕੋਲ ਨਹੀਂ ਹੋਣਾ, ਅੱਜ ਘਰ ਦੇ ਥਾਂ ਵਿਚੋਂ ਵੀ ਮੈਨੂੰ ਅੱਧ ਦਿਵਾ ਦਿਉ। ਘਰ ਦੀ ਵੰਡ ਵਡਾਈ ਹੋ ਗਈ। ਘਰ 'ਚ ਕੰਧ ਵੱਜ ਗਈ ਤੇ ਉਪਰ ਚੁਬਾਰੇ ਦਾ ਹਿਸਾ ਵੀ ਅੱਧਾ ਹੋ ਗਿਆ।

ਸਮੇਂ ਨੇ ਆਪਣੀ ਰਫਤਾਰ ਨਾਲ ਚੱਲਣਾ ਹੁੰਦੈ। ਪੰਜਾਬ 'ਚ ਕਾਲੇ ਬੱਦਲਾਂ ਦਾ ਜਦ ਦੋਰ ਆਇਆ ਤਾ ਮੇਰੇ ਪਰਿਵਾਰ ਨੂੰ ਵੀ ਮਜਬੂਰੀ ਕਰਕੇ ਪਿੰਡ ਛੱਡਣਾ ਪਿਆ। ਮੈ ਜਦ ਵੀ ਵਤਨੀ ਜਾਂਦਾ ਹਾ। ਪਿੰਡ ਗੇੜੀ ਮਾਰਨ ਤੋਂ ਬਗੈਰ ਫੇਰੀ ਪੂਰੀ ਨਹੀਂ ਹੁੰਦੀ। ਉਥੇ ਜੰਮੇ ਉਨ੍ਹਾਂ ਰਾਹਾਂ 'ਚ ਮਿਟੀ-ਘੱਟੇ ਬਚਪਨ 'ਤੇ ਚੜੇ ਹਾ। ਵੈਸੇ ਵੀ ਸ਼ਰੀਕੇ ਦਾ ਵੱਡਾ ਪਰਿਵਾਰ ਹੈ-ਸਾਰੇ ਤਾਏ ਚਾਚੇ ਪਿੰਡ ਹੀ ਵੱਸਦੇ ਹਨ। ਮਿਲ ਕੇ ਉਨ੍ਹਾਂ ਨੂੰ ਵੀ ਖੁਸ਼ੀ ਮਿਲਦੀ ਹੈ ਤੇ ਆਪ ਨੂੰ ਵੀ।

ਇਕ ਵਾਰੀ ਮੈਂ ਤੇ ਮੇਰਾ ਵੱਡਾ ਭਰਾ ਪਿੰਡ ਚਾਚੇ ਦੇ ਘਰੋਂ ਨਿਕਲੇ ਤਾਂ ਗੁਰਦਵਾਰੇ ਦੇ ਮੋੜ 'ਤੇ ਇਕ ਬੜਾ ਹੀ ਸੋਹਣਾ ਤੇ ਹੱਸਦਾ ਹੱਸਦਾ ਮੁੰਡਾ ਮਿਲਿਆ। ਮੈਂ ਤੇ ਮੇਰੇ ਭਰਾ ਨੇ ਉਸ ਨਾਲ ਹੱਥ ਮਿਲਾਇਆ। ਉਹਦੇ ਤੁਰ ਜਾਣ ਤੋਂ ਬਾਅਦ ਮੇਰਾ ਭਰਾ ਕਹਿੰਦਾ, ਉਹ ਇਹ ਚਾਚੇ ਸੰਤੋਖ ਦਾ ਮੁੰਡਾ ਸੀ। ਮੈਂ ਉਹਨੂੰ ਮਗਰੋਂ ਆਵਾਜ਼ ਮਾਰੀ, ਉਹ ਭੱਜਾ ਭੱਜਾ ਵਾਪਸ ਸਾਡੇ ਕੋਲ ਆ ਗਿਆ। ਮੇਰੇ ਭਰਾ ਨੇ ਦੱਸਿਆ ਕੇ ਮੈਂ ਉਹਦਾ ਛੋਟਾ ਭਰਾ ਹਾਂ ਅਤੇ ਅਮਰੀਕਾ ਰਹਿੰਦਾ ਹੈ। ਤੂੰ ਚਾਚੇ ਸੰਤੋਖ ਦਾ ਮੁੰਡਾ ਹੈ, ਇਸ ਕਰਕੇ ਤੈਨੂੰ ਦੁਬਾਰਾ ਮਿਲਣ ਲਈ ਆਵਾਜ ਮਾਰੀ। ਮੈ ਉਹਨੂੰ ਚੰਗੀ ਤਰਾਂ ਘੁੱਟ ਕੇ ਗੱਲਵਕੜੀ ਚ ਲਿਆ। ਅਤੇ ਕਿਹਾ ਤੈਨੂੰ ਮਿਲ ਕੇ ਇਉਂ ਮਹਿਸੂਸ ਹੋਇਆ ਜਿਵੇਂ ਤੇਰੇ ਡੈਡੀ ਨੂੰ ਮਿਲ ਪਿਆ। ਉਹ ਕਹਿੰਦਾ ਭਾਜੀ ਮੈ ਤੇ ਉਨ੍ਹਾਂ ਨੂੰ ਦੇਖਿਆ ਵੀ ਨਹੀਂ? ਮੈ ਕਿਹਾ ਉਹ ਬਿਲਕੁਲ ਤੇਰੇ ਵਰਗੇ ਸੀ। ਹਾਂ ਭਾਜੀ ਸਾਰੇ ਮੈਨੂੰ ਇਸ ਤਰ੍ਹਾਂ ਹੀ ਕਹਿੰਦੇ ਹਨ। ਅੱਜ ਕੱਲ ਪੜਦਾ ਜਾ ਹੋਰ ਕੁਝ ਕਰਦੈਂ? ਨਹੀਂ, ਮੈ ਤੇ ਪੜਾਈ ਖਤਮ ਕਰ ਲਈ। ਐਮ ਬੀ ਬੀ ਐਸ ਕਰਕੇ ਡਾਕਟਰ ਬਣ ਗਿਆ ਹਾਂ। ਲਾਗੇ ਸ਼ਹਿਰ ਪੱਟੀ 'ਚ ਹਸਪਤਾਲ 'ਚ ਕੰਮ ਕਰਦਾ ਹਾਂ। ਬਹੁਤ ਵਧੀਆ ਲੱਗਾ ਇਹ ਸੁਣ ਕੇ ਚਾਚੀ ਨੇ ਮੇਹਨਤ ਨਾਲ ਪੁਤ ਨੂੰ ਡਾਕਟਰ ਬਣਾ ਦਿੱਤਾ ਸੀ।

ਪ੍ਰਦੇਸ਼ਾਂ 'ਚ ਬੈਠੇ ਜਦ ਘਰ ਫ਼ੋਨ ਕਰੀਦਾ ਤਾਂ ਆਪਣੇ ਪਰਿਵਾਰ ਦੀ ਸੁੱਖ-ਸਾਂਦ ਤੋਂ ਬਾਅਦ ਆਂਢ-ਗੁਆਂਢ ਤੇ ਫੇਰ ਪਿੰਡ ਦੀ ਸੁੱਖ-ਸਾਂਦ ਸੁੱਖ ਸਾਦ ਪੁਛੀਦੀ ਹੈ। ਭਰਾ ਦਾ ਸੁਭਾ ਹੈ ਕੇ ਮਹੀਨੇ ਚ ਇਕ ਅੱਧੀ ਵਾਰੀ ਪਿੰਡ ਦੀ ਖਬਰ ਦੇ ਦੇਂਦਾ ਹੈ। ਅੱਜ ਉਹਦੇ ਵਿਆਹ ਗਿਆ, ਪਿਛਲੇ ਹਫ਼ਤੇ ਫਲਾਣਾ ਤੁਰ ਗਿਆ, ਸੋ ਮੈਂ ਵਧੀਆ ਮਹਿਸੂਸ ਕਰਦਾਂ ਕਿ ਦੂਰ ਰਹਿੰਦਿਆਂ ਵੀ ਪਿੰਡ ਨਾਲ ਜੁੜਿਆ ਹੋਇਆ ਹਾਂ।

ਇਸੇ ਤਰ੍ਹਾਂ ਹੀ ਇਕ ਵਾਰੀ ਭਰਾ ਨਾਲ ਫ਼ੋਨ ਤੇ ਗੱਲ ਹੋ ਰਹੀ ਸੀ, ਮੈਨੂੰ ਕਹਿਣ ਲੱਗਾ ਇਕ ਬਹੁਤ ਹੀ ਦੁਖਦਾਈ ਘਟਨਾ ਤੈਨੂੰ ਦੱਸਣ ਲੱਗਾ ਹਾਂ। ਤੈਨੂੰ ਯਾਦ ਹੋਵੇਗਾ ਪਿਛਲੀ ਵਾਰੀ ਪਿੰਡ ਦੇ ਗੁਰਦੁਆਰੇ ਦੇ ਮੋੜ ਤੇ ਚਾਚੇ ਸੰਤੋਖ ਦਾ ਮੁੰਡਾ ਮਿਲਿਆ ਸੀ। ਮੈ ਕਿਹਾ ਹਾਂ! ਮੈਨੂੰ ਬਹੁਤ ਚੰਗੀ ਤਰ੍ਹਾਂ ਯਾਦ ਹੈ। ਪਿਛਲੇ ਹਫ਼ਤੇ ਹਾਰਟ ਅਟੈਕ ਹੋਇਆ ਤੇ ਉਸ ਦੀ ਮੋਤ ਹੋ ਗਈ।

ਸੁਣਿਆ ਹੈ ਕਿ ਉਸਦੇ ਵਾਂਗ ਹੀ ਸਾਲ-ਡੇਢ ਸਾਲ ਦਾ ਉਸਦਾ ਬੇਟਾ ਹੈ। ਬਹੁਤ ਨਿਆਰਥ ਹੋਇਆ ਚਾਚੀ ਨਾਲ ਫੇਰ। ਫ਼ੋਨ ਸੁਣਦਿਆਂ ਸੁਣਦਿਆਂ ਮੇਰੀਆਂ ਅੱਖਾਂ ਸਿੰਮ ਆਈਆਂ ਤੇ ਮੁੱਦਿਆਂ ਗਈਆਂ। ਮੁੰਦੀਆਂ ਹੋਇਆ ਅੱਖਾਂ 'ਚ ਕੀ ਦੇਖਦਾ ਹਾਂ।

ਚਾਚੀ ਨੇ ਆਪਣੇ ਦੋਵੇਂ ਹੱਥਾਂ ਵਿਚ ਪੋਤੇ ਨੂੰ ਫੜਿਆ ਹੋਇਆ ਹੈ। ਤੇ ਉਹਦੇ ਚਿਹਰੇ ਵਿਚੋਂ ਕਦੇ ਪਤੀ ਸੰਤੋਖ ਦਾ ਤੇ ਕਦੇ ਆਪਣੇ ਪੁੱਤ ਦਾ ਚਿਹਰਾ ਨਿਹਾਰਦੀ ਏ ਤੇ ਪੋਤਾ ਆਪਣੀ ਨਿਮੀ ਨਿਮੀ ਮੁਸਕਰਾਹਟ 'ਚ ਕਹਿ ਰਿਹਾ ਏ

ਜੀਨਾ ਇਸੀ ਕਾ ਨਾਮ ਹੈ
ਦਾਦੀ ਮਾ
ਜੀਨਾਂ ਇਸੀ ਕਾ ਨਾਮ।

# ਪੰਜਾਬ ਆਬਕਾਰੀ ਨੀਤੀ: 2022-23 ਕੀ ਗੁਲ ਖਿਲਾਏਗੀ!

ਪੰਜਾਬ ਵਿਚ ਆਮ ਆਦਮੀ ਪਾਰਟੀ ਦੀ ਨਵੀਂ ਬਣੀ ਸਰਕਾਰ ਨੇ ਚੱਲ ਰਹੇ ਸਾਲ ਲਈ ਆਪਣੀ ਆਬਕਾਰੀ ਨੀਤੀ 2022-23 ਲੋਕਾਂ ਦੀ ਅਦਾਲਤ ਵਿਚ ਪੇਸ਼ ਕੀਤੀ ਹੈ। ਆਬਕਾਰੀ ਸਰਕਾਰ ਦੀ ਆਮਦਨ ਮੁੱਖ ਸੋਮਿਆਂ ਵਿਚੋਂ ਇਕ ਹੈ। ਇਹ ਗੱਲ ਜੰਗਲ ਦੀ ਅੱਗ ਵਾਂਗ ਸਾਰੇ ਪੰਜਾਬ ਵਿਚ ਫੈਲ ਚੁੱਕੀ ਹੈ ਕਿ ਇਸ ਸਾਲ ਸ਼ਰਾਬ 40 ਫੀਸਦੀ ਸਸਤੀ ਵਿਕੇਗੀ। ਇਸ ਗੱਲ ਨਾਲ ਸ਼ਰਾਬ ਪੀਣ ਵਾਲੇ ਤਾਂ ਖੁਸ਼ ਹੋ ਰਹੇ ਹਨ ਪਰ ਔਰਤਾਂ ਤੇ ਸ਼ਰਾਬ ਨਾ ਪੀਣ ਵਾਲੇ ਨਿਰਾਸ਼ ਹਨ ਕਿਉਂਕਿ ਇਸ ਨਾਲ ਕਈ ਘਰੇਲੂ ਸਮੱਸਿਆਵਾਂ ਵਧਣਗੀਆਂ।

**ਰਵਿੰਦਰ ਚੋਟ**
**ਫੋਨ: 98726-73703**

ਪਹਿਲਾਂ ਵੀ ਇਹ ਨੋਟ ਕੀਤਾ ਗਿਆ ਹੈ ਕਿ ਸਾਰੀ ਸਸਤੀ ਸ਼ਰਾਬ (ਦੇਸੀ ਸ਼ਰਾਬ) ਆਮ ਕਰਕੇ ਮਜ਼ਦੂਰ ਤੇ ਗਰੀਬ ਤਬਕਾ ਹੀ ਪੀਂਦਾ ਹੈ। ਇਸ ਆਬਕਾਰੀ ਨੀਤੀ ਦੇ ਵਿਰੋਧ ਵਿਚ ਠੇਕੇਦਾਰਾਂ ਨੇ ਧਰਨੇ ਦੇਣੇ ਸ਼ੁਰੂ ਕੀਤੇ ਹਨ। ਸ਼ਾਇਦ ਇਹ ਆਬਕਾਰੀ ਦੇ ਇਤਿਹਾਸ ਵਿਚ ਪਹਿਲੀ ਵਾਰ ਹੋ ਰਿਹਾ ਹੈ ਕਿ ਠੇਕੇਦਾਰ ਵੀ ਧਰਨੇ, ਮੁਜ਼ਾਹਰਿਆਂ ਦਾ ਰਸਤਾ ਅਖ਼ਤਿਆਰ ਕਰ ਰਹੇ ਹਨ। ਜਦਕਿ ਆਬਕਾਰੀ ਨੀਤੀ ਬਣਾਉਣ ਵੇਲੇ ਚਾਰ ਧਿਰਾਂ ਦਾ ਖਾਸ ਧਿਆਨ ਰੱਖਣ ਦੀ ਲੋੜ ਹੁੰਦੀ ਹੈ। ਪਹਿਲੀ ਸ਼ਰਾਬ ਬਣਾਉਣ ਵਾਲਿਆਂ (ਫੈਕਟਰੀਆਂ) ਦੀ ਜਾਇਜ਼ ਕਮਾਈ ਹੋਵੇ। ਦੂਸਰਾ ਠੇਕੇਦਾਰ ਜਿਸ ਨੇ ਫੈਕਟਰੀ ਤੋਂ ਲਿਆ ਕੇ ਸ਼ਰਾਬ ਵੇਚਣੀ ਹੈ, ਤੀਸਰਾ ਪਬਲਿਕ ਜਿਸ ਨੇ ਸ਼ਰਾਬ ਖਰੀਦ ਕੇ ਆਪਣੀ ਸਿਹਤ ਦਾ ਧਿਆਨ ਰੱਖਦੇ ਹੋਏ ਇਸ ਦੀ ਵਰਤੋਂ ਕਰਨੀ ਹੈ (ਇਹ ਫੈਕਟਰ ਸਭ ਤੋਂ ਮਹੱਤਵਪੂਰਨ ਹੈ) ਤੇ ਅਖੀਰ ਵਿਚ ਸਰਕਾਰ ਨੇ ਆਪਣੇ ਰੈਵੇਨਿਊ ਦਾ ਧਿਆਨ ਵੀ ਰੱਖਣਾ ਹੁੰਦਾ ਹੈ। ਆਬਕਾਰੀ ਨੀਤੀ ਉਹੀ ਸਫਲ ਹੁੰਦੀ ਹੈ ਜਿਸ ਵਿਚ ਇਨ੍ਹਾਂ ਚਾਰਾਂ ਫੈਕਟਰਾਂ ਦੇ ਹਿੱਤਾਂ ਦਾ ਧਿਆਨ ਰੱਖਿਆ ਗਿਆ ਹੋਵੇ। ਲੋਕਾਂ ਦੀ ਸਿਹਤ ਨੂੰ ਨਜ਼ਰਅੰਦਾਜ਼ ਕਰ ਕੇ ਸਰਕਾਰਾਂ ਹਰ ਸਾਲ ਆਪਣਾ ਰੈਵੇਨਿਊ ਵਧਾਉਣ ਲਈ ਸ਼ਰਾਬ ਦੇ ਕੋਟੇ ਵਿਚ ਲਗਾਤਾਰ ਵਾਧਾ ਕਰਦੀਆਂ ਆਈਆਂ ਹਨ। ਪਿਛਲੇ ਕੁਝ ਸਾਲਾਂ ਦੀਆਂ ਆਬਕਾਰੀ ਨੀਤੀਆਂ 'ਤੇ ਨਜ਼ਰ ਮਾਰ ਕੇ ਅਸੀਂ ਇਸ ਸਾਲ ਦੀ ਨੀਤੀ 'ਤੇ ਵਿਚਾਰ ਕਰ ਸਕਦੇ ਹਾਂ।

ਜੇਕਰ ਅਸੀਂ ਪਿਛਲੇ ਪੰਜ ਕੁ ਸਾਲ ਪਹਿਲਾਂ ਦੇ ਆਬਕਾਰੀ ਆਮਦਨ 'ਤੇ ਨਜ਼ਰ ਮਾਰੀਏ ਤਾਂ ਪਤਾ ਚੱਲਦਾ ਹੈ ਕਿ ਸਾਲ 2014-15 ਵਿਚ 4550.64 ਕਰੋੜ ਦਾ ਟੀਚਾ ਰੱਖਿਆ ਗਿਆ ਜਿਹੜਾ ਇਸ ਤੋਂ ਪਹਿਲੇ ਸਾਲ ਨਾਲੋਂ 550.86 ਕਰੋੜ ਵੱਧ ਸੀ। ਸਾਲ 2015-16 ਵਿਚ ਆਮਦਨ ਦਾ ਟੀਚਾ 4843.73 ਕਰੋੜ ਰੁਪਏ ਰੱਖਿਆ ਗਿਆ ਜਿਹੜਾ ਉਸ ਤੋਂ ਪਿਛਲੇ ਸਾਲ ਨਾਲੋਂ 292.82 ਕਰੋੜ ਵੱਧ ਸੀ। ਸਾਲ 2016-17 ਵਿਚ ਵਧੀਆ ਗੱਲ ਕਰਦੇ ਹੋਏ ਪਿਛਲੇ ਸਾਲ ਨਾਲੋਂ 437.73 ਕਰੋੜ ਘਟਾ ਕੇ ਟੀਚਾ 4405.69 ਰੱਖਿਆ ਗਿਆ। ਇਸ ਸਾਲ ਸਿਆਣੇ ਲੋਕਾਂ ਨੂੰ ਖੁਸ਼ੀ ਹੋਈ ਕਿ ਲੋਕਾਂ ਦੀ ਸਿਹਤ ਦਾ ਧਿਆਨ ਕਰਦੀ ਹੋਈ ਸਰਕਾਰ ਨੇ ਆਪਣਾ ਸ਼ਰਾਬ ਦਾ ਮਾਲੀਆ ਘਟਾ ਕੇ ਚੰਗੀ ਪਿਰਤ ਪਾਈ ਹੈ ਪਰ ਇਸ ਤੋਂ ਅਗਲੇ ਸਾਲ 5135.69 ਟੀਚਾ ਰੱਖਦੇ ਹੋਏ ਮਾਲੀਏ ਵਿਚ ਵਾਧਾ 729.96 ਕਰ ਦਿੱਤਾ ਗਿਆ। ਅਗਲੇ ਸਾਲ ਵਾਧਾ ਸਿਰਫ 20.10 ਕਰੋੜ ਦਾ ਹੀ ਕੀਤਾ ਗਿਆ ਤੇ ਟੀਚਾ 5155.79 ਕਰੋੜ ਦਾ ਰੱਖਿਆ ਗਿਆ। ਫਿਰ ਸਾਲ 2019-20 ਵਿਚ ਮਾਲੀਏ ਵਿਚ ਵਾਧਾ 520.21 ਕਰੋੜ ਦਾ ਕਰ ਕੇ ਟੀਚਾ 5676 ਕਰੋੜ ਦਾ ਰੱਖ ਦਿੱਤਾ ਗਿਆ। ਹੁਣ ਸਾਲ 2020-21 ਲਈ ਮਾਲੀਏ ਵਿਚ 574 ਕਰੋੜ ਦਾ ਵਾਧਾ ਕਰ ਕੇ ਸ਼ਰਾਬ ਤੋਂ ਆਮਦਨ ਦਾ ਟੀਚਾ 6250 ਕਰੋੜ ਰੁਪਏ ਰੱਖਿਆ ਗਿਆ ਹੈ। ਭਾਵੇਂ ਪਿਛਲੇ ਕਈ ਸਾਲਾਂ ਤੋਂ ਉਗਰਾਹੀ ਦੇ ਇਹ ਟੀਚੇ ਪੂਰੇ ਨਹੀਂ ਹੁੰਦੇ ਰਹੇ ਪਰ ਮਨੁੱਖੀ ਸਿਹਤ ਨੂੰ ਧਿਆਨ ਵਿਚ ਰੱਖਦੇ ਹੋਏ ਇਹ ਅੰਕੜੇ ਵਿਚਾਰਨ ਯੋਗ ਹਨ। ਉਪਰੋਕਤ ਅੰਕੜਿਆਂ ਨੂੰ ਵੇਖ ਕੇ ਇੰਜ ਲਗਦਾ ਹੈ ਕਿ ਨਸ਼ਿਆਂ ਨੂੰ ਰੋਕਣ ਦੇ ਦਾਅਵੇ ਕਰਨ ਵਾਲੀਆਂ ਪਾਰਟੀਆਂ ਵੀ ਸਰਕਾਰਾਂ ਚਲਾਉਣ ਲਈ ਮਨੁੱਖੀ ਸਿਹਤ ਨੂੰ ਅੱਖੋਂ ਪਰੋਖੇ ਕਰ ਕੇ ਹਰ ਸਾਲ ਪੰਜਾਬ ਦੇ ਲੋਕਾਂ ਨੂੰ 500 ਤੋਂ 700 ਕਰੋੜ ਦੀ ਸ਼ਰਾਬ ਪਿਛਲੇ ਸਾਲ ਨਾਲੋਂ ਵਧਾ ਕੇ ਪੇਸ਼ ਕੀਤੀ ਜਾਂਦੀ ਹੈ। ਇਹ ਹਾਲ ਸਿਰਫ ਪੰਜਾਬ ਦਾ ਹੀ ਨਹੀਂ, ਸਗੋਂ ਬਾਕੀ ਸੂਬੇ ਵੀ ਇਸੇ ਤਰ੍ਹਾਂ ਕਰਦੇ ਹਨ।

ਜੇਕਰ ਇਸ ਸਾਲ ਦੀ ਆਬਕਾਰੀ ਨੀਤੀ 'ਤੇ ਨਜ਼ਰ ਮਾਰੀ ਜਾਵੇ ਤਾਂ ਇਹ ਗੱਲ ਸਪੱਸ਼ਟ ਹੁੰਦੀ ਹੈ ਕਿ ਇਸ ਦੇਸੀ ਸ਼ਰਾਬ ਦਾ ਕੋਟਾ ਪਿਛਲੇ ਸਾਲ ਨਾਲੋਂ ਨਹੀਂ ਵਧਾਇਆ ਗਿਆ। ਪਿਛਲੇ ਸਾਲ ਦੇਸੀ ਸ਼ਰਾਬ ਦਾ ਕੋਟਾ 12 ਮਹੀਨਿਆਂ ਲਈ 80449800 ਪਰੂਫ ਲਿਟਰ ਸੀ ਜਿਸ ਮੁਤਾਬਕ ਮਹੀਨੇ ਦਾ ਕੋਟਾ 6704150 ਪਰੂਫ ਲਿਟਰ ਬਣਦਾ ਹੈ। ਇਸ ਸਾਲ ਜੁਲਾਈ ਤੋਂ ਬਾਕੀ ਰਹਿੰਦੇ ਨੌਂ ਮਹੀਨਿਆਂ ਲਈ 60337350 ਪਰੂਫ ਲਿਟਰ ਫਿਕਸ ਕੀਤਾ ਗਿਆ ਹੈ ਜਿਹੜਾ ਕਿ ਮਹੀਨਾ ਵਾਰ ਪਿਛਲੇ ਸਾਲ ਦੇ ਕੋਟੇ (6704150 ਪਰੂਫ ਲਿਟਰ) ਦੇ ਬਰਾਬਰ ਹੀ ਬਣਦਾ ਹੈ। ਕੋਟਾ ਨਾ ਵਧਾਉਣਾ ਇਸ ਸਰਕਾਰ ਦਾ ਚੰਗਾ ਕਦਮ ਹੈ ਕਿਉਂਕਿ ਇਹ ਸਾਰਾ ਕੋਟਾ ਗਰੀਬ ਜਨਤਾ ਹੀ ਪੀਂਦੀ ਹੈ। ਦੂਸਰੇ ਪਾਸੇ ਅੰਗਰੇਜ਼ੀ ਸ਼ਰਾਬ ਤੇ ਬੀਅਰ ਦੇ ਕੋਟੇ 'ਤੇ ਕੋਈ ਲਗਾਮ ਨਹੀਂ ਦਿੱਤੀ ਗਈ ਕੋਟਾ ਖੁੱਲ੍ਹਾ ਹੈ ਠੇਕੇਦਾਰ ਜਿੰਨਾ ਮਰਜ਼ੀ ਕੋਟਾ ਚੁੱਕ ਸਕਦਾ ਹੈ। ਜੇਕਰ ਕਿਸੇ ਠੇਕੇਦਾਰ ਕੋਲ ਇਸ ਸਾਲ ਦਾ ਕੋਟਾ ਵਧ ਜਾਂਦਾ ਹੈ ਤਾਂ ਉਸਨੂੰ 5 ਜੁਲਾਈ ਤਕ ਐਕਸਾਈਜ਼ ਮਹਿਕਮੇ ਨੂੰ ਲਿਖਤੀ ਰੂਪ ਵਿਚ ਦੱਸਣਾ ਪਵੇਗਾ ਅਤੇ ਮਹਿਕਮੇ ਦੀ ਆਗਿਆ ਨਾਲ ਬਣਦੀ ਫੀਸ ਦੇ ਕੇ ਉਹ ਇਸ ਸਾਲ ਵਿਚ ਵੇਚਿਆ ਜਾ ਸਕਦਾ ਹੈ ਪਰ ਇਸ ਵਾਧੂ ਕੋਟੇ ਨੂੰ ਹਰ ਹਾਲਤ ਵਿਚ ਅਕਤੂਬਰ 2022 ਤਕ ਵੇਚਿਆ ਜਾਣਾ ਜ਼ਰੂਰੀ ਹੈ। ਇਸ ਸਾਲ ਦਾ ਕੋਟਾ ਮਹੀਨਾਵਾਰ 9 ਕਿਸ਼ਤਾਂ ਵਿਚ ਠੇਕੇਦਾਰ ਵਲੋਂ ਚੁਕਿਆ ਜਾਣਾ ਲਾਜ਼ਮੀ ਕੀਤਾ ਗਿਆ ਹੈ। ਹਰ ਮਹੀਨੇ 11 ਫੀਸਦੀ ਕੋਟਾ ਚੁੱਕਣਾ ਜ਼ਰੂਰੀ ਹੈ। ਇਸੇ ਤਰ੍ਹਾਂ ਠੇਕੇਦਾਰ 9 ਮਹੀਨਾਵਾਰ ਕਿਸ਼ਤਾਂ ਵਿਚ ਹਰ ਮਹੀਨੇ ਕੁਲ ਫੀਸ ਦਾ 11 ਫੀਸਦੀ ਲਾਇਸੈਂਸ ਫੀਸ ਜਮ੍ਹਾਂ ਕਰਵਾਏਗਾ। ਜੇਕਰ ਉਹ 20 ਤਰੀਕ ਤਕ ਫੀਸ ਜਮ੍ਹਾਂ ਨਹੀਂ ਕਰਵਾਉਂਦਾ ਤਾਂ ਉਸ ਦਾ ਲਾਇਸੈਂਸ ਰੱਦ ਹੋ ਸਕਦਾ ਹੈ।

ਇਸ ਸਮੇਂ ਪੰਜਾਬ ਵਿਚ 17 ਡਿਸਟਿਲਰੀਆਂ ਸ਼ਰਾਬ ਬਣਾ ਰਹੀਆਂ ਹਨ। ਬੀਅਰ ਬਣਾਉਣ ਲਈ 4 ਫੈਕਟਰੀਆਂ ਹਨ ਅਤੇ 25 ਬੋਟਲਿੰਗ ਪਲਾਂਟ ਵੀ ਕੰਮ ਕਰ ਰਹੇ ਹਨ। ਇਸ ਸਾਲ ਦੀ ਨੀਤੀ ਵਿਚ ਮਾਲਟ ਮੈਨੂਫੈਕਚਰਜ਼ ਨੂੰ ਵੀ ਲਾਇਸੈਂਸ ਦੇਣ ਦੀ ਤਜਵੀਜ਼ ਹੈ। ਪਾਲਿਸੀ ਮੁਤਾਬਕ ਪੰਜਾਬ ਵਿਚ ਠੇਕਿਆਂ ਦੇ 177 ਗਰੁੱਪ ਬਣਾਏ ਗਏ ਹਨ। ਇਕ ਗਰੁਪ 30 ਕਰੋੜ ਦਾ ਹੋਵੇਗਾ। ਇਕ ਗਰੁੱਪ ਵਾਲਾ ਅਲਾਟ ਕੀਤੇ ਏਰੀਏ ਵਿਚ ਦੋ ਮਾਡਲ ਸ਼ਾਪਸ ਖੋਲ੍ਹ ਸਕਦਾ ਹੈ, ਜਿਹੜੀਆਂ ਡਿਪਾਰਟਮੈਂਟਲ ਸਟੋਰਾਂ ਵਿਚ ਖੋਲ੍ਹੀਆਂ ਜਾ ਸਕਦੀਆਂ ਹਨ। ਇਸ ਤੋਂ ਇਲਾਵਾ ਉਹ ਮਹਿਕਮੇ ਦੀਆਂ ਸ਼ਰਤਾਂ ਅਧੀਨ ਆਪਣੇ ਏਰੀਏ ਵਿਚ 10 ਸਬਵੈਂਡ ਵੀ ਖੋਲ੍ਹ ਸਕਦਾ ਹੈ ਪਰ ਇਸ ਦੀ ਵੱਖਰੀ ਲਾਇਸੈਂਸ ਫੀਸ ਦੇਣੀ ਪਵੇਗੀ। ਪਿਛਲੇ ਸਾਲ 5835 ਦੇਸੀ ਸ਼ਰਾਬ ਦੇ ਅਤੇ 3680 ਅੰਗਰੇਜ਼ੀ ਸ਼ਰਾਬ ਦੇ ਠੇਕੇ ਸਨ। ਇਸ ਸਾਲ ਕੁਲ 6378 ਠੇਕੇ ਖੁੱਲ੍ਹਣ ਦੀ ਸੰਭਾਵਨਾ ਹੈ। ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਠੇਕੇਦਾਰਾਂ ਲਈ ਕੁਝ ਹਦਾਇਤਾਂ ਦਿੱਤੀਆਂ ਗਈਆਂ ਹਨ ਜਿਵੇਂ ਪੰਜਾਬ ਲਿਕਰ ਲਾਇਸੈਂਸ ਰੂਲਜ਼ 1956 ਦੇ ਰੂਲ 37 (9ਬ) ਦੇ ਮੁਤਾਬਕ ਠੇਕਾ ਖੋਲ੍ਹਣ ਵੇਲੇ ਇਹ ਧਿਆਨ ਰੱਖਿਆ ਜਾਵੇਗਾ ਕਿ ਇਹ ਕਿਸੇ ਵੀ ਧਾਰਮਿਕ ਸਥਾਨ ਅਤੇ ਵਿਦਿਅਕ ਅਦਾਰੇ ਤੋਂ ਘੱਟ ਤੋਂ ਘੱਟ 100 ਮੀਟਰ ਦੂਰ ਹੋਣਾ ਚਾਹੀਦਾ ਹੈ। ਇਸ ਤੋਂ ਇਲਾਵਾ ਪੰਜਾਬ ਆਬਕਾਰੀ ਐਕਟ 1914 ਦੀ ਧਾਰਾ 29 ਮੁਤਾਬਕ ਕੋਈ ਠੇਕੇਦਾਰ 25 ਸਾਲ ਤੋਂ ਘੱਟ ਉਮਰ ਦੇ ਵਿਅਕਤੀ ਨੂੰ ਸ਼ਰਾਬ ਨਹੀਂ ਵੇਚੇਗਾ। ਇਸੇ ਐਕਟ ਦੀ ਧਾਰਾ 30 ਮੁਤਾਬਕ ਕੋਈ ਵੀ ਠੇਕੇਦਾਰ ਠੇਕੇ 'ਤੇ 25 ਸਾਲ ਤੋਂ ਘੱਟ ਉਮਰ ਦੇ ਵਿਅਕਤੀ ਨੂੰ ਮੁਲਾਜ਼ਮ ਨਹੀਂ ਰੱਖ ਸਕਦਾ। ਇਨ੍ਹਾਂ ਦੋਵਾਂ ਨਿਯਮਾਂ ਦੀ ਉਲੰਘਣਾ ਸਜ਼ਾ ਯੋਗ ਹੈ। ਠੇਕਿਆਂ ਦੇ ਬੋਰਡ 'ਤੇ 'ਸ਼ਰਾਬ ਪੀਣੀ ਸਿਹਤ ਲਈ ਹਾਨੀਕਾਰਕ ਹੈ' ਲਿਖਣਾ ਜ਼ਰੂਰੀ ਹੋਵੇਗਾ।



ਸੰਵਿਧਾਨ ਦੇ ਆਰਟੀਕਲ 47 ਦੇ ਮੁਤਾਬਕ ਸ਼ਰਾਬ ਦੀ ਐਡ ਕੋਈ ਵੀ ਅਦਾਰਾ ਨਹੀਂ ਕਰ ਸਕਦਾ ਪਰ ਇਸ ਦੇ ਪ੍ਰਚਾਰ ਲਈ ਟੀ.ਵੀ ਆਦਿ 'ਤੇ ਅਸਿੱਧੇ ਢੰਗ ਵਰਤੇ ਜਾਂਦੇ ਹਨ ਜਿਵੇਂ ਸ਼ਰਾਬ ਦੇ ਕਿਸੇ ਬਰੈਂਡ ਦੇ ਨਾਮ ਦਾ ਸੋਡਾ ਲੈ ਕੇ ਪ੍ਰਚਾਰ ਕੀਤਾ ਜਾਂਦਾ ਹੈ। ਭਾਵ ਉਸੇ ਨਾਂ ਦੇ ਸੋਡੇ ਦਾ ਸਹਾਰਾ ਲਿਆ ਜਾਂਦਾ ਹੈ।

ਹੁਣ ਵੇਖਣ ਵਾਲੀ ਗੱਲ ਇਹ ਹੈ ਕਿ ਠੇਕੇਦਾਰ ਇਸ ਸਾਲ ਧਰਨੇ ਕਿਉਂ ਲਾ ਰਹੇ ਹਨ। ਉਨ੍ਹਾਂ ਦੀਆਂ ਸਮੱਸਿਆਵਾਂ ਕੀ ਹਨ। ਉਹ ਚਾਹੁੰਦੇ ਹਨ ਕਿ 17% ਸਕਿਉਰਿਟੀ ਜ਼ਿਆਦਾ ਹੈ ਇਹ ਪਹਿਲਾਂ ਵਾਂਗ ਹੀ 10% ਹੋਣੀ ਚਾਹੀਦੀ ਹੈ ਅਤੇ ਇਸ ਨੂੰ ਲਾਇਸੈਂਸ ਫੀਸ ਦਾ ਹਿੱਸਾ ਮੰਨਣਾ ਚਾਹੀਦਾ ਹੈ। ਮਹਿਕਮੇ ਤੋਂ ਸਕਿਉਰਿਟੀ ਬਾਅਦ ਵਿਚ ਵਾਪਸ ਲੈਣੀ ਔਖਾ ਕੰਮ ਹੈ। ਉਨ੍ਹਾਂ ਦਾ ਇਹ ਵੀ ਵਿਚਾਰ ਹੈ ਕਿ ਦੇਸੀ ਸ਼ਰਾਬ ਵਾਂਗ ਹੀ ਅੰਗਰੇਜ਼ੀ ਸ਼ਰਾਬ ਅਤੇ ਬੀਅਰ ਦਾ ਕੋਟਾ ਵੀ ਫਿਕਸ ਹੋਣਾ ਚਾਹੀਦਾ ਹੈ। ਓਪਨ ਕੋਟੇ ਨਾਲ ਸ਼ਰਾਬ ਫੈਕਟਰੀਆਂ ਨੂੰ ਫਾਇਦਾ ਹੋਵੇਗਾ, ਪਰਚੂਨ ਵੇਚਣ ਵਾਲਿਆਂ ਨੂੰ ਘਾਟਾ ਰਹੇਗਾ। ਉਨ੍ਹਾਂ ਦਾ ਇਹ ਵੀ ਖਦਸ਼ਾ ਹੈ ਕਿ ਇਹ ਪਾਲਿਸੀ ਕਾਰਪੋਰੇਟ ਸੈਕਟਰ ਦੇ ਹੱਕ ਵਿਚ ਭੁਗਤਦੀ ਲੱਗਦੀ ਹੈ। ਉਹ ਇਹ ਵੀ ਚਾਹੁੰਦੇ ਹਨ ਕਿ ਪਰਚੂਨ ਤੋਂ ਲਾਇਸੈਂਸ ਫੀਸ ਘਟਾ ਕੇ ਐਲ-13 ਅਤੇ ਐਲ-1 'ਤੇ ਪਾਈ ਜਾਵੇ। ਠੇਕੇ ਅਲਾਟ ਕਰਨ ਲਈ ਉਹ ਚਾਹੁੰਦੇ ਹਨ ਕਿ ਈ-ਟੈਂਡਰ ਦੀ ਥਾਂ 'ਤੇ ਲਾਟਰੀ ਸਿਸਟਮ ਵਰਤਿਆ ਜਾਵੇ। ਅਸਲ ਵਿਚ ਇਸ ਆਬਕਾਰੀ ਪਾਲਿਸੀ ਅਧੀਨ ਠੇਕੇਦਾਰਾਂ ਦਾ ਲਾਭ ਘਟੇਗਾ ਅਤੇ ਫੈਕਟਰੀ ਤੇ ਥੋਕ ਵਾਲਿਆਂ ਦਾ ਲਾਭ ਵਧੇਗਾ। ਸਰਕਾਰ ਦਾ ਮਾਲੀਆ ਵੀ ਵਧਣ ਦੀ ਸੰਭਾਵਨਾ ਹੈ। ਇਸ ਆਬਕਾਰੀ ਨੀਤੀ ਨਾਲ ਜਿੱਥੇ ਪਿਆਕੜਾਂ ਨੂੰ ਸ਼ਰਾਬ ਸਸਤੀ ਮਿਲੇਗੀ ਉੱਥੇ ਹੀ ਜਿਹੜੀ ਸ਼ਰਾਬ ਗੁਆਂਢੀ ਸੂਬਿਆਂ ਤੋਂ ਲਿਆ ਕੇ ਇੱਥੇ ਵੇਚੀ ਜਾਂਦੀ ਸੀ ਉਹ ਵੀ ਘਟ ਜਾਵੇਗੀ ਸਗੋਂ ਇਸ ਗੱਲ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਪੰਜਾਬ ਦੀ ਸ਼ਰਾਬ ਸਸਤੀ ਅਤੇ ਕੋਟਾ ਓਪਨ ਹੋਣ ਕਰਕੇ ਦੂਸਰੇ ਸੂਬਿਆਂ ਵਿਚ ਵੀ ਦੋ ਨੰਬਰ ਵਿਚ ਵਿਕੇਗੀ। ਇਸ 'ਤੇ ਵੀ ਸਰਕਾਰ ਨੂੰ ਸੋਚਣਾ ਪਵੇਗਾ। ਅਜੇ ਤਾਂ ਈ-ਟੈਂਡਰਾਂ ਲਈ ਵੀ ਠੇਕੇਦਾਰਾਂ ਨੂੰ ਤਿਆਰ ਕਰਨਾ ਆਬਕਾਰੀ ਮਹਿਕਮੇ ਦੀ ਸਿਰਦਰਦੀ ਬਣਿਆ ਹੋਇਆ ਹੈ। ਬਹੁਤ ਸਾਰੇ ਥਾਵਾਂ 'ਤੇ ਠੇਕੇ ਵੇਚਣ ਵਿਚ ਮੁਸ਼ਕਲ ਆ ਰਹੀ ਹੈ।

# ਪੰਜਾਬ ਕਲਾ ਪਰਿਸ਼ਦ ਦੀਆਂ ਭਵਿੱਖੀ ਗਤੀਵਿਧੀਆਂ

ਪੰਜਾਬ ਕਲਾ ਪਰਿਸ਼ਦ ਦੀ ਜਨਰਲ ਕੌਂਸਲ ਨੇ 2022-23 ਦੇ ਵਰ੍ਹੇ ਵਿਚ ਹੋਰਨਾਂ ਪ੍ਰੋਗਰਾਮਾਂ ਦੇ ਨਾਲ ਸੁਤੰਤਰਤਾ ਦੀ 75ਵੀਂ ਵਰ੍ਹੇਗੰਢ ਨੂੰ ਸਮਰਪਿਤ ਆਜ਼ਾਦੀ ਦਾ ਅੰਮ੍ਰਿਤ ਮਹਾ ਉਤਸਵ ਅਤੇ ਪੰਜਾਬੀ ਕਵੀ ਵਾਰਿਸ ਸ਼ਾਹ ਦੀ ਤੀਜੀ ਜਨਮ ਸ਼ਤਾਬਦੀ ਨੂੰ ਪਰਨਾਏ ਖਾਸ ਪ੍ਰੋਗਰਾਮ ਕਰਵਾਏ ਹਨ। ਜਿੱਥੋਂ ਤਕ ਹੋ ਸਕਿਆ ਇਨ੍ਹਾਂ ਕੌਮੀ ਪੱਧਰ ਦੇ ਪ੍ਰੋਗਰਾਮਾਂ ਵਿਚ ਪੰਜਾਬ ਤੇ ਦਿੱਲੀ ਦੀਆਂ ਯੂਨੀਵਰਸਟੀਆਂ ਅਤੇ ਲੇਖਕ ਸਭਾਵਾਂ ਤੋਂ ਬਿਨਾਂ ਪਾਕਿਸਤਾਨ ਦੇ ਵਿਦਿਅਕ ਤੇ ਸਾਹਿਤਕ ਅਦਾਰਿਆਂ ਦਾ ਸਹਿਯੋਗ ਮੰਗਿਆ ਜਾਵੇਗਾ। ਕੁਦਰਤੀ ਹੈ ਕਿ ਇਨ੍ਹਾਂ ਪ੍ਰੋਗਰਾਮਾਂ ਵਿਚ ਦੋਵਾਂ ਦੇਸ਼ਾਂ ਦੀਆਂ ਸਾਹਿਤਕ ਤੇ ਸਭਿਆਚਾਰਕ ਹਸਤੀਆਂ ਨੂੰ ਚੇਤੇ ਕੀਤਾ ਜਾਵੇਗਾ। ਇਹ ਵੀ ਕਿ ਅਖੰਡ ਹਿੰਦੁਸਤਾਨ ਦੀ ਵੰਡ ਦੇ ਫਲਸਰੂਪ ਇਨ੍ਹਾਂ ਦੇਸ਼ਾਂ ਨੇ ਕੀ ਖੱਟਿਆ ਤੇ ਕੀ ਗੁਆਇਆ। ਅਜਿਹਾ ਮੁਲਾਂਕਣ ਦੋਵਾਂ ਦੇਸ਼ਾਂ ਨੂੰ ਮੁੜ ਕੇ ਇਕ ਤਾਂ ਨਹੀਂ ਕਰ ਸਕਦਾ ਪਰ ਆਦਾਨ-ਪ੍ਰਦਾਨ ਵਧਾ ਸਕਦਾ ਹੈ, ਜਿਸਦੀ ਸਖ਼ਤ ਲੋੜ ਹੈ।

ਇਨ੍ਹਾਂ ਪ੍ਰੋਗਰਾਮਾਂ ਵਿਚ ਲੋਕ ਗਾਇਕੀ ਤੇ ਹੀਰ ਗਾਇਨ ਤੋਂ ਬਿਨਾਂ ਲਘੂ ਫ਼ਿਲਮਾਂ ਦਿਖਾਈਆਂ ਜਾਣਗੀਆਂ ਤੇ ਕਵੀ ਦਰਬਾਰ ਵੀ ਕਰਾਏ ਜਾਣਗੇ। ਪ੍ਰੋਗਰਾਮ ਕਰਵਾਉਂਦੇ ਸਮੇਂ ਇਸ ਗੱਲ ਦਾ ਖਾਸ ਧਿਆਨ ਰੱਖਿਆ ਜਾਵੇਗਾ ਕਿ ਇਹ ਪ੍ਰੋਗਰਾਮ ਇਤਿਹਾਸਕ ਤੇ ਸਭਿਆਚਾਰਕ ਸਥਾਨਾਂ ਤੇ ਯਾਦਗਾਰਾਂ ਵਿਚ ਕਰਵਾਏ ਜਾਣ। ਨਿਸ਼ਚੇ ਹੀ ਇਹ ਪ੍ਰੋਗਰਾਮ ਖੁੱਲ੍ਹੀ ਮਾਇਆ ਤੋਂ ਬਿਨਾਂ ਕਰਨੇ ਅਸੰਭਵ ਹਨ, ਇਸ ਲਈ ਜਨਰਲ ਕੌਂਸਲ ਦੀ ਮੰਗ ਸੀ ਕਿ ਇਨ੍ਹਾਂ ਲਈ ਪੰਜਾਬ ਸਰਕਾਰ ਤੋਂ ਪੰਜ ਕਰੋੜ ਦੇ ਬਜਟ ਦੀ ਮੰਗ ਕੀਤੀ ਜਾਵੇ।

ਇਹ ਦੱਸਣਾ ਵੀ ਯੋਗ ਹੈ ਕਿ ਮੈਂ ਖੁਦ ਜਨਰਲ ਕੌਂਸਲ ਵਿਚ ਪੰਜਾਬੀ ਸਾਹਿਤ ਸਭਾ ਨਵੀਂ ਦਿੱਲੀ ਦੇ ਪ੍ਰਤੀਨਿਧ ਵਜੋਂ ਸ਼ਾਮਲ ਸਾਂ। ਇਹ ਵੀ ਕਿ ਉਪਰੋਕਤ ਵਿਚਾਰ ਤੇ ਮੰਗਾਂ ਕੌਂਸਲ ਦੀ ਕਾਰਵਾਈ ਤਕ ਹੀ ਸੀਮਤ ਨਹੀਂ ਇਨ੍ਹਾਂ ਵਿਚ ਉਹ ਗੱਲਾਂ ਵੀ ਸ਼ਾਮਲ ਹਨ ਜਿਹੜੀਆਂ ਪ੍ਰੀਤੀ ਭੋਜਨ ਸਮੇਂ ਵੱਡੇ ਮੈਂਬਰਾਂ ਵਲੋਂ ਉਠਾਈਆਂ ਗਈਆਂ। ਆਸ ਹੈ ਕਿ ਸਰਕਾਰ ਇਨ੍ਹਾਂ ਵੱਲ ਪੂਰਾ ਧਿਆਨ ਦੇਵੇਗੀ। ਇਹ ਭਾਰਤ ਦੀ ਅਨੇਕਤਾ ਵਿਚ ਏਕਤਾ ਨੂੰ ਉਜਾਗਰ ਕਰਨ ਤੋਂ ਬਿਨਾਂ ਭਾਰਤ-ਪਾਕਿ ਸਬੰਧਾਂ ਨੂੰ ਰਸੀਲੇ ਬਣਾਉਣ ਵਿਚ ਸਹਾਈ ਹੋ ਸਕਦੀਆਂ ਹਨ। ਨਵੀਂ ਦਿੱਲੀ ਵਾਲੀ ਪੰਜਾਬੀ ਸਾਹਿਤ ਸਭਾ ਦਾ ਸਹਿਯੋਗ ਬਿਨ ਮੰਗੇ ਮਿਲਦਾ ਰਹੇਗਾ। ਸ਼ੁਭ ਕਾਮਨਾਵਾਂ!

**ਪੰਜਾਬੀ ਸਭਿਆਚਾਰ ਦਾ ਦੂਰ ਵਸੇਂਦਾ ਪਾਂਧੀ**

ਮੇਰੇ ਨੇੜਲੇ ਕਸਬੇ ਬੰਗਾ ਦਾ ਜੰਮਪਲ ਪ੍ਰੇਮ ਮਾਨ ਪੰਜਾਬ ਤੋਂ ਅਰਥ-ਸ਼ਾਸਤਰ ਦੀ ਐਮ ਏ ਕਰ ਕੇ ਬਾਹਰ ਚਲਾ ਗਿਆ ਸੀ। ਉਹ ਤਿੰਨ ਦਹਾਕੇ ਇੰਗਲੈਂਡ ਰਹਿ ਕੇ 2004 ਤੋਂ ਅਮਰੀਕਾ ਵਿਚ ਨਿਊਯਾਰਕ ਦੇ ਨੇੜਲੇ ਸੂਬੇ ਨਿਊ ਜਰਸੀ ਰਹਿ ਰਿਹਾ ਹੈ। ਅਰਥ-ਸ਼ਾਸਤਰ ਦੀ ਪੜ੍ਹਾਈ ਸਦਕਾ ਰੋਜ਼ੀ ਰੋਟੀ ਕਮਾਉਂਦਾ ਪ੍ਰੇਮ ਮਾਨ ਪੰਜਾਬੀ ਵਿਚ ਲਿਖਣ ਪੜ੍ਹਨ ਨੂੰ ਆਪਣਾ ਸ਼ੁਗਲ ਕਹਿੰਦਾ ਹੈ। ਅੰਗਰੇਜ਼ੀ ਭਾਸ਼ਾ ਵਿਚ ਅਰਥ-ਸ਼ਾਸਤਰ ਤੇ ਅੰਕੜਾ ਸੰਬੰਧੀ ਇਕ ਦਰਜਨ ਪੁਸਤਕਾਂ ਦਾ ਇਹ ਰਚੇਤਾ ਅੱਧੀ ਸਦੀ ਪਹਿਲਾਂ ਪੰਜਾਬੀ ਵਿਚ 'ਚੁਬਾਰੇ ਦੀ ਇੱਟ' (ਕਹਾਣੀ ਸੰਗ੍ਰਹਿ) ਤੇ 'ਪਲਕਾਂ ਡੱਕੇ ਹੰਝੂ' (ਗ਼ਜ਼ਲਾਂ) ਛਪਵਾ ਚੁੱਕਾ ਹੈ। ਨਵ ਪ੍ਰਕਾਸ਼ਿਤ ਸ਼ਬਦ ਚਿੱਤਰਾਂ ਦੀ ਪੁਸਤਕ 'ਅੰਦਰੇਟੇ ਦਾ ਜੋਗੀ' ਪੜ੍ਹਿਆਂ ਪਤਾ ਲੱਗਦਾ ਹੈ ਕਿ ਉਸਦੀ ਸ਼ੈਲੀ ਛੜੱਪੇ ਮਾਰਨ ਵਾਲੀ ਹੈ। ਵਿਚਲੀ ਗੱਲ ਸਮਝਣ ਵਾਸਤੇ ਪਾਠਕ ਨੂੰ ਅੰਤਰ-ਧਿਆਨ ਹੋਣਾ ਪੈਂਦਾ ਹੈ। ਬਹੁਤੀ ਵਾਰੀ ਉਸਦੇ ਪੈਰ੍ਹੇ ਪੁਸਤਕ ਦੇ ਪੂਰੇ ਪੰਨੇ ਤੋਂ ਵੀ ਲੰਮੇ ਹੋ ਜਾਂਦੇ ਹਨ। ਛੜੱਪਾ ਮਾਰ ਕੇ ਇਕ ਦੂਜੇ ਨਾਲ ਜੁੜੀਆਂ ਗੱਲਾਂ ਵਾਲੇ। ਏਥੇ ਲਿਖਤ ਦਾ ਰਸ ਲਿਖਣ ਸ਼ੈਲੀ ਕਾਰਨ ਨਹੀਂ ਛੜੱਪੇ ਮਾਰ ਕੇ ਜੋੜੀ ਜਾਣਕਾਰੀ ਸਦਕਾ ਹੈ। ਆਪਣੇ ਆਪ ਨੂੰ ਮਹਾ ਫਰਾਡ ਕਹਿਣ ਵਾਲੇ ਮੁੰਬਈ ਵਸੇਂਦੇ ਅਮਰੀਕ ਗਿੱਲ ਦਾ 30 ਪੰਨਿਆਂ ਵਾਲਾ ਸ਼ਬਦ ਚਿੱਤਰ ਅੰਤਰਰਾਸ਼ਟਰੀ ਪ੍ਰਸਿੱਧੀ ਵਾਲੇ ਸੋਭਾ ਸਿੰਘ ਦੇ 14 ਪੰਨਿਆਂ ਨਾਲੋਂ ਦੁੱਗਣਾ ਹੈ। ਉਂਝ ਵੀ ਉਹਦੇ ਪਾਤਰਾਂ ਬਾਰੇ ਮੋਟੀ ਜਿਹੀ ਜਾਣਕਾਰੀ ਪ੍ਰਾਪਤ ਕਰਨੀ ਹੋਵੇ ਤਾਂ ਉਨ੍ਹਾਂ ਦੇ ਸਿਰਲੇਖ ਪੜ੍ਹ ਲੈਣੇ ਕਾਫੀ ਹਨ। ਪ੍ਰੇਮ ਮਾਨ ਦਾ ਬਲਬੀਰ ਮੋਮੀ ਵੱਖਰਾ ਤੇ ਅੱਥਰਾ ਹੈ, ਹਕੀਕਤ ਕੌਰ ਕਹਿਲ ਵਿਲੱਖਣ ਤੇ ਰੌਚਕ ਸ਼ੈਲੀ ਵਾਲੀ ਲੇਖਿਕਾ, ਗੁਰਬਖ਼ਸ਼ ਸਿੰਘ ਭੰਡਾਲ ਕਾਵਿਕ ਵਾਰਤਕ ਦਾ ਵਧੀਆ ਲੇਖਕ, ਡਾ. ਜਗਤਾਰ ਜੁਗਤ ਬੰਦੀ ਤੋਂ ਉੱਪਰ ਉੱਠ ਕੇ ਲਿਖਣ ਵਾਲਾ ਕਵੀ, ਪ੍ਰੇਮ ਪ੍ਰਕਾਸ਼ ਰੌਚਕ ਸੁਭਾਅ ਵਾਲਾ ਗਿਆਨਵਾਨ, ਚਰਨ ਸਿੰਘ ਸਫਰੀ ਗੜਕਦੀ ਆਵਾਜ਼ ਵਾਲਾ ਕਵੀ ਦਰਬਾਰੀਆ ਤੇ ਅਜੇ ਤਨਵੀਰ ਮੋਹ ਮੁਹੱਬਤ ਦਾ ਮੁਜੱਸਮਾ।

ਚਰਨ ਸਿੰਘ ਸਫਰੀ ਦੀ ਸ਼ਖਸੀਅਤ ਨੂੰ ਉਭਾਰਨ ਦਾ ਸੋਮਾ ਉਸਦੇ ਸ਼ਬਦ ਚਿੱਤਰ ਵਿਚ ਦਿੱਤੇ ਉਸਦੇ ਕਾਵਿ ਟੋਟਕੇ ਹਨ। ਏਸ ਲੇਖ ਨੇ ਮੇਰੀ ਜਾਣਕਾਰੀ ਵਿਚ ਇਹ ਵਾਧਾ ਜ਼ਰੂਰ ਕੀਤਾ ਹੈ ਕਿ ਸਫਰੀ ਦਾ ਪਿੰਡ ਬੋਦਲਾਂ ਸੀ, ਜਿਹੜਾ ਪੰਜਾਬ ਦੀ ਧੜੱਲੇਦਾਰ ਸ਼ਖ਼ਸੀਅਤ ਮਹਿੰਦਰ ਸਿੰਘ ਰੰਧਾਵਾ ਦਾ ਵੀ ਜੱਦੀ ਪੁਸ਼ਤੀ ਪਿੰਡ ਸੀ।

ਮੇਰੇ ਵਲੋਂ ਪ੍ਰੇਮ ਮਾਨ ਦੇ ਲੇਖਾਂ ਨੂੰ ਪੜ੍ਹਨ ਦਾ ਇਕ ਕਾਰਨ ਉਸਦਾ ਗਰਾਈ ਹੋਣਾ ਵੀ ਹੈ। ਇਹ ਗੱਲ ਵੱਖਰੀ ਹੈ ਕਿ ਉਸਦਾ ਪਿੰਡ ਬੰਗਾ ਜ਼ਿਲ੍ਹਾ ਨਵਾਂ ਸ਼ਹਿਰ (ਉਦੋਂ ਜਲੰਧਰ) ਵਿਚ ਪੈਂਦਾ ਹੈ ਤੇ ਮੇਰਾ ਪਿੰਡ ਸੂਨੀ ਜ਼ਿਲ੍ਹਾ ਹੁਸ਼ਿਆਰਪੁਰ ਵਿਚ ਆਪਣੇ ਆਪ ਨੂੰ ਮਹਾਂ ਫਰਾਡ ਕਹਿਣ ਵਾਲਾ ਅਮਰੀਕ ਗਿੱਲ ਵੀ ਮੇਰਾ ਆਪਣਾ ਹੈ। ਉਸਦਾ ਨਾਨਕਾ ਪਿੰਡ ਮਜਾਦਾਰ ਡੀਂਗਰੀਆਂ ਦਾ ਵਸੀਮਾ ਮੇਰੇ ਪਿੰਡ ਨਾਲ ਲੱਗਦਾ ਹੈ ਤੇ ਉਹ ਮੈਨੂੰ ਮਾਮਾ ਜੀ ਕਹਿੰਦਾ ਹੈ। ਪੁਸਤਕ ਵਿਚ ਦਿੱਤੀਆਂ ਤਸਵੀਰਾਂ ਵਿਚੋਂ ਮੈਨੂੰ ਉਸਦੀ ਮਾਂ ਵਾਲੀ ਤਸਵੀਰ ਵਿਚੋਂ ਮਮਤਾ ਦਾ ਅਹਿਸਾਸ ਹੋਇਆ।

**ਭਾਈ ਮੰਨਾ ਸਿੰਘ ਦੀ ਬੇਟੀ ਅਰੀਤ ਦੀ ਉੱਨਤੀ**

ਭਾਈ ਮੰਨਾ ਸਿੰਘ ਵਜੋਂ ਜਾਣੇ ਜਾਂਦੇ ਨਾਟਕਕਾਰ ਗੁਰਸ਼ਰਨ ਸਿੰਘ ਦੀ ਬੇਟੀ ਅਰੀਤ ਕੌਰ ਨੂੰ ਪੰਜਾਬ ਸਰਕਾਰ ਨੇ ਹੈਲਥ ਡਾਇਰੈਕਟਰ ਦੀ ਪਦਵੀ ਸੰਭਾਲ ਦਿੱਤੀ ਹੈ। ਅੱਖਾਂ ਦੇ ਰੋਗਾਂ ਦੀ ਮਾਹਿਰ ਅਰੀਤ ਨੇ ਆਪਣਾ ਕਰੀਅਰ ਫਤਿਹਗੜ੍ਹ ਸਾਹਿਬ ਦੇ ਹਸਪਤਾਲ ਤੋਂ ਸ਼ੁਰੂ ਕੀਤਾ ਸੀ ਤੇ ਪਿਛਲੇ ਕੁਝ ਅਰਸੇ ਤੋਂ ਨੈਸ਼ਨਲ ਹੈਲਥ ਮਿਸ਼ਨ ਪੰਜਾਬ ਦੀ ਮੁਖੀ ਦੀ ਜ਼ਿੰਮੇਵਾਰੀ ਨਿਭਾ ਰਹੀ ਸੀ। ਉਹ ਆਪਣੇ ਪਾਪਾ ਦੇ ਸੰਗੀ ਸਾਥੀਆਂ ਦਾ ਬੜਾ ਆਦਰ ਕਰਦੀ ਹੈ। ਨਿੱਕ ਸੁੱਕ ਵਲੋਂ ਉਸਦੀ ਉੱਨਤੀ ਦਾ ਸਵਾਗਤ ਹੈ।

**ਨਿੱਕ ਸੁੱਕ**



**ਗੁਲਜ਼ਾਰ ਸਿੰਘ ਸੰਧੂ**
**ਫੋਨ: 91-98157-78469**
Sandhugulzar@yahoo.com

**ਅੰਤਿਕਾ**

ਚਰਨ ਸਿੰਘ ਸਫਰੀ

(1) ਖਤ ਹਸੀਨਾ ਦੇ ਹੀ ਮੇਰੀ
ਲਾਸ਼ ਉੱਤੇ ਪਾ ਦਿਓ
ਕੌਣ ਕਫਨ ਲੈਣ ਸਾਡਾ
ਜਾਏਗਾ ਬਾਜ਼ਾਰ ਨੂੰ

(2) ਖਾਬ ਵਿਚ ਮਹਿਬੂਬ 'ਸਫਰੀ'
ਹਾਲ ਪੁੱਛਦਾ ਰਹਿ ਗਿਆ
ਅਫਸੋਸ ਸਾਨੂੰ ਸੁੱਤਿਆਂ ਨੂੰ
ਕਿਉਂ ਜਗਾਇਆ ਕਿਸੇ ਨੇ

(3) ਸੁਖੀ ਵਸੋਂ ਬੁਲਬੁਲੋ ਤੇ
ਮੌਜ ਮਾਣੋ ਭੌਰਿਓ
**ਜਾ ਰਿਹਾ ਹੈ ਇਕ 'ਸਫਰੀ'**
**ਚਮਨ ਵਿਚੋਂ ਜਾ ਰਿਹਾ**

# ਪੰਜਾਬ ਯੂਨੀਵਰਸਿਟੀ ਅੱਜ ਚੌਰਾਹੇ 'ਚ ਕਿਉਂ?

***ਇਤਿਹਾਸਕ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਨੂੰ ਕੇਂਦਰੀ ਹੱਥਾਂ ਵਿਚ ਲੈਣ ਦਾ ਮਸਲਾ ਵਾਹਵਾ ਭਖਿਆ ਹੋਇਆ ਹੈ। ਪੰਜਾਬ ਦੇ ਹੱਕ ਵਿਚ ਨਿੱਤਰਨ ਵਾਲੇ ਲੋਕ ਅਤੇ ਸੰਸਥਾਵਾਂ, ਮੋਦੀ ਸਰਕਾਰ ਦੀ ਇਸ ਕਵਾਇਦ ਦਾ ਵਿਰੋਧ ਕਰ ਰਹੀਆਂ ਹਨ। ਪੰਜਾਬ ਯੂਨੀਵਰਸਿਟੀ ਨਾਲ ਜੁੜੀਆਂ ਵਿਦਿਆਰਥੀ ਜਥੇਬੰਦੀਆਂ ਵੀ ਇਸ ਮੈਦਾਨ ਵਿਚ ਪੂਰੇ ਤਾਣ ਨਾਲ ਡਟ ਗਈਆਂ ਹਨ। ਸਿੱਖਿਆ ਮਾਹਿਰ ਡਾ. ਕੁਲਦੀਪ ਸਿੰਘ ਨੇ ਆਪਣੇ ਇਸ ਲੇਖ ਵਿਚ ਯੂਨੀਵਰਸਿਟੀ ਦੇ ਅਰਥ ਅਤੇ ਭਾਰਤ ਦੀਆਂ ਸਿੱਖਿਆ ਨੀਤੀਆਂ ਨਾਲ ਜੁੜੇ ਕਈ ਪੱਖਾਂ ਦੇ ਪ੍ਰਸੰਗ ਵਿਚ ਪੰਜਾਬ ਯੂਨੀਵਰਸਿਟੀ ਦੇ ਮਸਲੇ ਬਾਰੇ ਕੁਝ ਅਹਿਮ ਗੱਲਾਂ ਆਪਣੇ ਇਸ ਲੇਖ ਵਿਚ ਛੇੜੀਆਂ ਹਨ।***



**ਡਾ. ਕੁਲਦੀਪ ਸਿੰਘ**
ਫੋਨ: +91-98151-15429

ਯੂਨੀਵਰਸਿਟੀ ਦਾ ਵਿਚਾਰ ਪ੍ਰਸਿੱਧ ਵਿਦਵਾਨ ਐੱਚ.ਡਬਲਿਊ. ਨਿਊਮੈਨ ਨੇ ਪੁਸਤਕ 'ਆਈਡੀਆ ਆਫ ਯੂਨੀਵਰਸਿਟੀ' (1854) ਵਿਚ ਪੇਸ਼ ਕਰਦਿਆਂ ਲਿਖਿਆ, "ਯੂਨੀਵਰਸਿਟੀ ਉਹ ਸਥਾਨ ਹੈ ਜਿਥੇ ਵੱਖ-ਵੱਖ ਖੇਤਰਾਂ ਦੇ ਵਿਦਵਾਨ ਆਪਸ ਵਿਚ ਲੈਣ ਦੇਣ ਕਰਦਿਆਂ ਪੁਰਾਤਨ ਗਿਆਨ ਦੀ ਕਰੜੀ ਆਲੋਚਨਾ ਕਰਦੇ ਹੋਏ ਨਵੇਂ ਗਿਆਨ ਦੇ ਪਸਾਰਾਂ ਦੀਆਂ ਨੀਹਾਂ ਉਸਾਰਨ ਦਾ ਕਾਰਜ ਕਰਦੇ ਹਨ। ਇਨ੍ਹਾਂ ਵਿਚ ਵੱਖ ਵੱਖ ਸਭਿਆਚਾਰਾਂ, ਕਲਾਵਾਂ, ਗਿਆਨ ਵਿਗਿਆਨ ਦੀਆਂ ਧਾਰਾਵਾਂ, ਇਤਿਹਾਸਕ ਘਟਨਾਵਾਂ ਅਤੇ ਬਿਰਤਾਂਤਾਂ ਵਿਚਲੇ ਖੱਪਿਆਂ ਦੀ ਨਿਸ਼ਾਨਦੇਹੀ ਅਤੇ ਤਰਕ 'ਤੇ ਆਧਾਰਿਤ ਸਮਾਜਾਂ ਦੀਆਂ ਸਿਰਜਨਾਵਾਂ ਦੇ ਕੁਝ ਕੇਂਦਰੀ ਬਿੰਦੂਆਂ ਦੀਆਂ ਭਵਿੱਖੀ ਯੋਜਨਾਵਾਂ ਅਤੇ ਖੋਜਾਂ ਲਈ ਨਵੇਂ ਖੋਜਾਰਥੀਆਂ ਵਾਸਤੇ ਕੁਝ ਦਿਸ਼ਾਵੀ ਪਰਤਾਂ ਦਰਸਾਉਣਾ ਆਦਿ ਉਪਰ ਵਿਸ਼ਵੀ ਗਿਆਨ ਦੇ ਸਰੋਤਾਂ ਨਾਲ ਲੈਣ ਦੇਣ ਕਰਕੇ ਕਾਰਜ ਕਰਨਾ ਬੁਨਿਆਦੀ ਤੌਰ 'ਤੇ ਯੂਨੀਵਰਸਿਟੀ ਦੀ ਉਸਾਰੀ ਦਾ ਵਿਚਾਰ ਹੁੰਦਾ ਹੈ।" ਇਨ੍ਹਾਂ ਸਤਰਾਂ ਨੂੰ ਅਗਾਂਹ ਵਧਾਉਂਦਿਆਂ ਆਜ਼ਾਦੀ ਪਿੱਛੋਂ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਪੰਡਤ ਜਵਾਹਰ ਲਾਲ ਨਹਿਰੂ ਨੇ ਯੂਨੀਵਰਸਿਟੀਆਂ ਬਾਰੇ ਕਿਹਾ ਸੀ, "ਵਿਗਿਆਨ ਅਤੇ ਵਿਦਵਤਾ ਦੇ ਉਹ ਕੇਂਦਰ ਹੁੰਦੇ ਹਨ ਜਿਨ੍ਹਾਂ ਵਿਚ ਨਵੇਂ ਵਿਚਾਰ ਪੈਦਾ ਹੁੰਦੇ ਹਨ ਅਤੇ ਸਚਾਈ ਦੀ ਖੋਜ ਵੱਲ ਅਗਾਂਹ ਵੱਖ ਵੱਖ ਖੇਤਰਾਂ ਦੀ ਲੀਡਰਸ਼ਿਪ ਵਿਕਸਿਤ ਹੁੰਦੀ ਹੈ ਜਿਹੜੀ ਆਪਣੀ ਬੌਧਿਕ ਸਮਰੱਥਾ ਨਾਲ ਲੋਕਾਂ ਅਤੇ ਮੁਲਕ ਦਾ ਨਿਰਮਾਣ ਅਤੇ ਵਿਕਾਸ ਕਰਨ ਵਿਚ ਯੋਗਦਾਨ ਪਾਉਂਦੀ ਹੈ।" ਨਾਲ ਹੀ ਉਨ੍ਹਾਂ ਖ਼ਦਸ਼ਾ ਪ੍ਰਗਟ ਕੀਤਾ ਸੀ, "ਜੇ ਯੂਨੀਵਰਸਿਟੀਆਂ ਦੇ ਉਦੇਸ਼ ਬਹੁਤ ਹੀ ਛੋਟੇ ਹੋ ਜਾਣਗੇ ਤਾਂ ਇਸ ਨਾਲ ਨਾ ਤਾਂ ਰਾਸ਼ਟਰ ਦਾ ਨਿਰਮਾਣ ਹੋਵੇਗਾ ਅਤੇ ਨਾ ਹੀ ਲੋਕਾਂ ਦਾ ਭਲਾ ਹੋਵੇਗਾ।" ਉਨ੍ਹਾਂ ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਵਿਚ ਕਾਨਵੋਕੇਸ਼ਨ ਭਾਸ਼ਣ ਪੇਸ਼ ਕਰਦਿਆਂ ਕਿਹਾ ਸੀ, "ਮੈਂ ਇਸ ਗੱਲ ਨੂੰ ਕਤੱਈ ਪਸੰਦ ਨਹੀਂ ਕਰਦਾ ਕਿ ਇਸ ਨੂੰ ਮੁਸਲਿਮ ਯੂਨੀਵਰਸਿਟੀ ਕਿਹਾ ਜਾਵੇ, ਇਸੇ ਤਰ੍ਹਾਂ ਮੈਂ ਇਹ ਵੀ ਪਸੰਦ ਨਹੀਂ ਕਰਦਾ ਕਿ ਬਨਾਰਸ ਯੂਨੀਵਰਸਿਟੀ ਨੂੰ ਹਿੰਦੂ ਯੂਨੀਵਰਸਿਟੀ ਕਿਹਾ ਜਾਵੇ।"

ਅੱਜ ਦੇ ਦੌਰ ਵਿਚ ਕੋਈ ਅਜਿਹਾ ਨੇਤਾ ਹੈ ਜੋ ਯੂਨੀਵਰਸਿਟੀਆਂ ਦੇ ਸਵਾਲ 'ਤੇ ਨਹਿਰੂ ਵਾਂਗ ਅਜਿਹੇ ਸ਼ਬਦ ਕਹਿਣ ਦੀ ਸਮਰੱਥਾ ਰੱਖਦਾ ਹੋਵੇ। ਭਾਰਤ ਦੀਆਂ ਯੂਨੀਵਰਸਿਟੀਆਂ ਦਾ ਇਤਿਹਾਸ ਭਾਵੇਂ 1857 ਤੋਂ ਬਾਅਦ ਸ਼ੁਰੂ ਹੁੰਦਾ ਹੈ, ਫਿਰ ਵੀ ਯੂਨੀਵਰਸਿਟੀ ਐਜੂਕੇਸ਼ਨ ਕਮਿਸ਼ਨ (1948) ਵਿਚ ਡਾ. ਐੱਸ ਰਾਧਾਕ੍ਰਿਸ਼ਨਨ ਨੇ ਲਿਖਿਆ, "ਯੂਨੀਵਰਸਿਟੀ ਖੁੱਲ੍ਹੇ ਅਤੇ ਸੈਕੂਲਰ ਵਿਚਾਰਾਂ ਦਾ ਅਜਿਹਾ ਸਥਾਨ ਚਾਹੀਦਾ ਹੈ ਜਿਸ ਵਿਚ ਕਿਸੇ ਵੀ ਕਿਸਮ ਦਾ ਸਮਾਜਿਕ ਅਤੇ ਸਿਆਸੀ ਏਜੰਡਾ ਨਾ ਘਸੋੜਿਆ ਜਾਵੇ ਜੋ ਯੂਨੀਵਰਸਿਟੀ ਦੇ ਅਕਾਦਮਿਕ ਪੈਮਾਨਿਆਂ ਨੂੰ ਨੁਕਸਾਨ ਪਹੁੰਚਾਉਂਦਾ ਹੋਵੇ।" ਭਾਰਤ ਨੇ ਯੂਨੀਵਰਸਿਟੀ ਆਫ ਬਰਲਿਨ (1810) ਦੇ ਉਦੇਸ਼ਾਂ ਨੂੰ ਅਪਣਾਇਆ ਸੀ ਜਿਨ੍ਹਾਂ ਵਿਚ ਅਧਿਆਪਨ ਅਤੇ ਖੋਜ ਕਾਰਜਾਂ ਦੇ ਆਪਸੀ ਸੁਮੇਲ, ਯੂਨੀਵਰਸਿਟੀਆਂ ਦੀ ਅਕਾਦਮਿਕ ਆਜ਼ਾਦੀ ਜਿਸ ਵਿਚ ਆਰਥਿਕ ਤੋਂ ਲੈ ਕੇ ਬੌਧਿਕ ਪੱਧਰ ਤੱਕ ਕਾਰਜ ਕਰਦੇ ਸਮੇਂ ਕਿਸੇ ਵੀ ਕਿਸਮ ਨਾਲ ਸੱਤਾ ਉਪਰ ਕਾਬਜ਼ ਹੁਕਮਰਾਨਾਂ ਦੇ ਕਾਇਦੇ-ਕਾਨੂੰਨਾਂ ਦੇ ਬੋਝ ਨਾ ਹੋਣਾ, ਚੱਲ ਰਹੇ ਗਿਆਨ ਪ੍ਰਬੰਧਾਂ ਤੇ ਸੰਚਾਰਾਂ ਦੀਆਂ ਖਾਮੀਆਂ ਉਪਰ ਉਂਗਲੀ ਉਠਾਉਣਾ ਅਤੇ ਨਵੇਂ ਗਿਆਨ ਲਈ ਧਰਾਤਲ ਤਿਆਰ ਕਰਨਾ ਸ਼ਾਮਿਲ ਹਨ। ਇਨ੍ਹਾਂ ਉਦੇਸ਼ਾਂ ਦੇ ਆਧਾਰ ਉਤੇ ਹੀ ਯੂਨੀਵਰਸਿਟੀ ਐਜੂਕੇਸ਼ਨ ਕਮਿਸ਼ਨ ਅਤੇ ਕੁਠਾਰੀ ਕਮਿਸ਼ਨ ਦੀ ਸਿਰਜਣਾ ਹੋਈ। ਇਨ੍ਹਾਂ ਉਦੇਸ਼ਾਂ ਨੂੰ ਧਿਆਨ ਵਿਚ ਰੱਖ ਕੇ ਹੀ ਉਚੇਰੀ ਸਿੱਖਿਆ, ਵਿਸ਼ੇਸ਼ ਕਰਕੇ ਯੂਨੀਵਰਸਿਟੀਆਂ ਦੇ ਬੁਨਿਆਦੀ ਕਾਰਜਾਂ ਅਤੇ ਉਸ ਵਿਚ ਕਾਰਜਸ਼ੀਲ ਹੋਣ ਵਾਲੇ ਵਿਭਾਗਾਂ ਤੇ ਖੋਜਾਂ ਦੀਆਂ ਬੁਨਿਆਦਾਂ ਅਤੇ ਵਿਭਾਗਾਂ ਨੂੰ ਉਸਾਰਿਆ ਤੇ ਵਿਕਸਿਤ ਕੀਤਾ ਗਿਆ। ਇਸੇ ਕਰਕੇ ਕੁਠਾਰੀ ਕਮਿਸ਼ਨ ਵਿਚ ਦਰਜ ਹੈ ਕਿ ਸਿੱਖਿਆ ਅਜਿਹੀ ਕ੍ਰਾਂਤੀ ਹੁੰਦੀ ਹੈ ਜੋ ਖੂਨੀ ਇਨਕਲਾਬ ਨਹੀਂ ਹੁੰਦਾ ਬਲਕਿ ਇਹ ਅਜਿਹਾ ਸਮਾਜਿਕ ਇਨਕਲਾਬ ਹੁੰਦਾ ਹੈ ਜਿਸ ਵਿਚ ਵੱਖ ਵੱਖ ਭਾਈਚਾਰੇ, ਨਸਲਾਂ, ਧਰਮਾਂ ਅਤੇ ਸਭਿਆਚਾਰਾਂ ਦੇ ਇਕ ਥਾਂ 'ਤੇ ਸੰਚਾਰ ਕਰਨ ਅਤੇ ਉਨ੍ਹਾਂ ਵਿਚ ਤਬਦੀਲੀ ਲਈ ਕਾਰਜ ਹੁੰਦੇ ਹਨ।



ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੀ ਲਾਇਬ੍ਰੇਰੀ ਦੀ ਬਹਿਰੂਨੀ ਝਲਕ।

ਤੱਤ ਰੂਪ ਵਿਚ ਭਾਰਤ ਦੀਆਂ ਯੂਨੀਵਰਸਿਟੀਆਂ ਨੇ 1857 ਤੋਂ ਲੈ ਕੇ 1990 ਤੱਕ ਅਜਿਹੇ ਕਾਰਜ ਕੀਤੇ ਕਿ ਭਾਰਤ ਵੱਖ ਵੱਖ ਖਿੱਤਿਆਂ, ਨਸਲਾਂ ਅਤੇ ਕੌਮਾਂ ਵਿਚੋਂ ਆਪਣੇ ਵਿਦਵਾਨ ਪੈਦਾ ਕਰਨ ਵਿਚ ਕਾਮਯਾਬ ਹੋ ਸਕਿਆ ਪਰ ਜਿਸ ਕਿਸਮ ਨਾਲ ਇਕ ਮੋੜਾ 1990 ਤੋਂ ਬਾਅਦ ਸਰਕਾਰਾਂ ਨੇ ਕੱਟਿਆ, ਲੋਕਾਂ ਲਈ ਬਣਾਏ ਅਦਾਰੇ ਵਿਸ਼ੇਸ਼ ਕਰਕੇ ਯੂਨੀਵਰਸਿਟੀਆਂ ਨੂੰ ਵਿੱਤੀ ਖੜੋਤ ਵੱਲ ਧੱਕ ਦਿੱਤਾ ਗਿਆ। ਕੇਂਦਰ ਤੋਂ ਲੈ ਕੇ ਰਾਜ ਸਰਕਾਰਾਂ ਤੱਕ ਆਰਥਿਕ ਸਹਾਇਤਾ ਦੇਣ ਤੋਂ ਹੌਲੀ-ਹੌਲੀ ਹੱਥ ਪਿਛਾਂਹ ਖਿੱਚਣ ਲੱਗੀਆਂ। ਇਸ ਦਾ ਨਤੀਜਾ ਇਹ ਹੋਇਆ ਕਿ ਆਰਥਿਕ ਤੰਗੀਆਂ ਤਰੁੱਟੀਆਂ ਨਾਲ ਜੂਝ ਰਹੇ ਆਮ ਲੋਕਾਂ ਦੇ ਲੜਕੇ ਅਤੇ ਲੜਕੀਆਂ ਜਿਹੜੇ ਔਖੇ ਸੁਖਾਲੇ ਇਨ੍ਹਾਂ ਵੱਡੇ ਵਿਦਿਅਕ ਅਦਾਰਿਆਂ ਵਿਚ ਬਹੁਗਿਣਤੀ ਵਿਚ ਪੁੱਜੇ ਸਨ, ਉਨ੍ਹਾਂ ਨੂੰ ਵੀ ਆਪਣਾ ਭਵਿੱਖ ਅਨਿਸ਼ਚਿਤ ਹੁੰਦਾ ਜਾਪਣ ਲੱਗਾ। ਅਜੇ ਇਹ ਯੂਨੀਵਰਸਿਟੀਆਂ ਆਰਥਿਕ ਮੰਦਵਾੜੇ ਵਿਚੋਂ ਹੀ ਗੁਜ਼ਰ ਰਹੀਆਂ ਸਨ। 2014 ਤੋਂ ਲੈ ਕੇ ਹੁਣ ਤੱਕ ਜਿਸ ਤਰ੍ਹਾਂ ਸੱਤਾ ਦਾ ਕੇਂਦਰੀਕਰਨ ਹੋਇਆ ਹੈ, ਉਸ ਨੇ ਵੱਖ ਵੱਖ ਖੇਤਰਾਂ ਨੂੰ ਜਾਂ ਤਾਂ ਖਤਮ ਕਰ ਦਿੱਤਾ ਜਾਂ ਉਨ੍ਹਾਂ 'ਤੇ ਬੁਲਡੋਜ਼ਰ ਫੇਰ ਕੇ ਮਲੀਆਮੇਟ ਕਰ ਦਿੱਤਾ ਹੈ। ਜੋ ਅਦਾਰੇ ਸਹਿਕਦੇ ਅਤੇ ਬਚੇ ਹੋਏ ਹਨ, ਉਨ੍ਹਾਂ ਦੀ ਹੋਂਦ ਨੂੰ ਖਤਰੇ ਵਿਚ ਸੁੱਟ ਦਿੱਤਾ ਜਾਂ ਇਸ ਹੱਦ ਤੱਕ ਉਨ੍ਹਾਂ ਦੀਆਂ ਤਾਕਤਾਂ ਖਿੱਚ ਲਈਆਂ ਤਾਂ ਕਿ ਉਹ ਅਦਾਰੇ ਵੀ ਉਨ੍ਹਾਂ ਦੀਆਂ ਨੀਤੀਆਂ ਦਾ ਹਿੱਸਾ ਬਣ ਜਾਣ। ਇਸ ਦਾ ਸਭ ਤੋਂ ਵੱਡਾ ਰੂਪ ਹੌਲੀ ਹੌਲੀ ਕੋਵਿਡ-19 ਦੌਰਾਨ ਕੌਮੀ ਸਿੱਖਿਆ ਨੀਤੀ-2020 ਰਾਹੀਂ ਸ਼ੁਰੂ ਹੋਇਆ ਜਿਹੜਾ ਆਉਣ ਵਾਲੇ ਸਮੇਂ ਵਿਚ ਖੁੱਲ੍ਹੇ ਰੂਪ ਵਿਚ ਸਾਹਮਣੇ ਆਵੇਗਾ।

ਇਸ ਪ੍ਰਸੰਗ ਵਿਚ ਹੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦਾ ਕੇਸ ਵਿਚਾਰਨ ਦੀ ਲੋੜ ਹੈ। ਬਾਵੇਂ ਕੁਝ ਹੋਰ ਵਰ੍ਹੇ ਨੌਕਰੀ ਕਰਨ ਦੀ ਇੱਛਾ ਨਾਲ ਪੰਜਾਬ ਯੂਨੀਵਰਸਿਟੀ ਦੇ ਮੁਲਾਜ਼ਮਾਂ ਵਿਸ਼ੇਸ਼ ਕਰਕੇ ਅਧਿਆਪਕਾਂ ਨੇ ਪੰਜਾਬ ਤੇ ਹਰਿਆਣਾ ਹਾਈਕੋਰਟ ਦਾ ਰੁਖ਼ ਕੀਤਾ ਜਿਹੜਾ ਮੁੜ ਕੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਨੂੰ ਕੇਂਦਰ ਅਧੀਨ ਕਰਨ ਤੱਕ ਪਹੁੰਚ ਰਿਹਾ ਹੈ। ਪਹਿਲਾਂ ਹੀ ਚੰਡੀਗੜ੍ਹ ਦੇ ਮੁਲਾਜ਼ਮਾਂ ਨੇ ਕੇਂਦਰੀ ਲਾਭਾਂ ਦੀ ਜੈ-ਜੈਕਾਰ ਕਰਦਿਆਂ ਆਪਣੇ ਆਪ ਨੂੰ ਸਿੱਧੇ ਰੂਪ ਵਿਚ ਦਿੱਲੀ ਦੇ ਤਖਤ ਨਾਲ ਜੋੜ ਲਿਆ। ਯੂਨੀਵਰਸਿਟੀ ਦਾ ਸਵਾਲ ਸਿਰਫ਼ ਚੰਦ ਸਿੱਕਿਆਂ ਦਾ ਮਸਲਾ ਨਹੀਂ, ਇਹ ਇਸ ਤੋਂ ਵੀ ਕਈ ਗੁਣਾਂ ਵੱਡਾ ਸਵਾਲ ਹੈ। ਜਿਸ ਤਰ੍ਹਾਂ ਬੁਲਡੋਜ਼ਰ ਮੁਲਕ ਦੇ ਹੋਰ ਹਿੱਸਿਆਂ ਵਿਚ ਚਲਾਇਆ ਜਾ ਰਿਹਾ ਹੈ, ਉਸੇ ਤਰ੍ਹਾਂ ਕੌਮੀ ਸਿੱਖਿਆ ਨੀਤੀ-2020 ਰਾਹੀਂ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਨੂੰ ਆਪਣੇ ਅਧੀਨ ਕਰਕੇ ਪੰਜਾਬ ਦੇ ਉਚੇਰੀ ਸਿੱਖਿਆ ਦੇ ਖੋਜ ਕਾਰਜਾਂ ਅਤੇ ਭਵਿੱਖ ਦੇ ਏਜੰਡਿਆਂ ਨੂੰ ਪੂਰਾ ਕਰਨ ਲਈ ਚਲਾਇਆ ਜਾਵੇਗਾ। ਕੌਮੀ ਸਿੱਖਿਆ ਨੀਤੀ-2020 ਵਿਚ ਦਰਜ ਹੈ ਕਿ ਮੁਲਕ ਭਰ ਦੀਆਂ ਯੂਨੀਵਰਸਿਟੀਆਂ ਦੇ ਚੱਲਣ ਢੰਗ ਉਪਰ ਪ੍ਰਧਾਨ ਮੰਤਰੀ ਦੇ ਦਫ਼ਤਰ ਦਾ ਕੰਟਰੋਲ ਰਾਸ਼ਟਰੀ ਸਿੱਖਿਆ ਅਯੋਗ ਰਾਹੀਂ ਹੋਵੇਗਾ। ਸਮੁੱਚੀਆਂ ਰੈਗੂਲੇਟਰੀ ਬਾਡੀਜ਼ ਬੋਰਡ ਆਫ ਗਵਰਨਰਜ਼ ਦੇ ਰੂਪ ਵਿਚ ਚੱਲਣਗੀਆਂ। ਤੱਤ ਰੂਪ ਵਿਚ ਯੂਨੀਵਰਸਿਟੀਆਂ ਦੇ ਬਣੇ ਹੋਏ ਐਕਟ ਅਤੇ ਉਨ੍ਹਾਂ ਨੂੰ ਤਬਦੀਲ ਕਰਨ ਤੇ ਮੁੜ ਸੰਗਠਿਤ ਕਰਨ ਲਈ ਸਿਆਸੀ ਪੱਧਰ 'ਤੇ ਤੈਅ ਕੀਤੇ ਜਾਣਗੇ। ਇਸ ਕਰਕੇ ਇਸ ਨੀਤੀ ਵਿਚ ਇਸ ਨੂੰ ਤਾਕਤਵਰ ਲੀਡਰਸ਼ਿਪ ਅਤੇ ਵਧੀਆ ਸੰਚਾਲਨ ਦਾ ਢੰਗ ਦੱਸਿਆ ਗਿਆ ਹੈ।

ਨੀਤੀ ਵਿਚ ਇਹ ਵੀ ਦਰਜ ਹੈ ਕਿ ਰਾਸ਼ਟਰੀ ਸਿੱਖਿਆ ਅਯੋਗ ਦਾ ਚੇਅਰਪਰਸਨ ਪ੍ਰਧਾਨ ਮੰਤਰੀ ਹੋਵੇਗਾ ਅਤੇ ਵਾਈਸ ਚੇਅਰਪਰਸਨ ਕੇਂਦਰ ਦਾ ਸਿੱਖਿਆ ਮੰਤਰੀ ਹੋਵੇਗਾ। ਬਾਕੀ ਕਈ ਖੇਤਰਾਂ ਦੇ ਮੰਤਰੀ, ਨੌਕਰਸ਼ਾਹ, ਸਿੱਖਿਆ ਸ਼ਾਸਤਰੀ ਆਦਿ ਹੋਣਗੇ। ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦਾ ਕੇਂਦਰੀ ਸੱਤਾ ਅਧੀਨ ਜਾਣਾ ਜਾਂ ਇਕ ਹਿੱਸੇ ਵਲੋਂ ਇਸ ਦੀ ਪੈਰਵਾਈ ਕਰਨਾ ਤੱਤ ਰੂਪ ਵਿਚ ਪੰਜਾਬ ਉਪਰ ਇਕ ਕਿਸਮ ਨਾਲ ਕੇਂਦਰੀ ਹਮਲਾ ਹੈ; ਦੂਜਾ ਦਹਾਕਿਆਂ ਤੋਂ ਦੁਨੀਆ ਭਰ ਵਿਚ ਅਕਾਦਮਿਕ ਆਜ਼ਾਦੀ ਦੇ ਸਵਾਲ ਨੂੰ ਰੌਂਦਣ ਦੇ ਬਰਾਬਰ ਹੈ। ਤਨਖਾਹਾਂ ਦੇ ਚੰਦ ਟੁਕੜਿਆਂ ਪਿਛੇ ਅਤੇ ਉਮਰ ਦੇ ਕੁਝ ਹੋਰ ਵਰ੍ਹੇ ਕੱਢਣ ਦੀ ਲਲਕ ਨਾਲ ਪੰਜਾਬ ਨਾਲ ਧ੍ਰੋਹ ਕਮਾਉਣਾ 'ਬੌਧਿਕ ਕੰਗਾਲੀ' ਦੀ ਨਿਸ਼ਾਨੀ ਹੈ। ਇਸ ਦੇ ਨਾਲ ਹੀ ਜਿਸ ਤਰ੍ਹਾਂ ਕੌਮੀ ਸਿੱਖਿਆ ਨੀਤੀ-2020 ਨੂੰ ਰਾਜਾਂ ਦੀ ਰਾਇ ਬਿਨਾਂ ਲਿਆ ਕੇ ਇਕਤਰਫ਼ਾ ਲਾਗੂ ਕਰ ਦੇਣਾ ਰਾਜ ਸਰਕਾਰਾਂ ਨੂੰ ਪਰ੍ਹੇ ਵਗ੍ਹਾ ਮਾਰਨ ਦੇ ਬਰਾਬਰ ਹੈ। ਕੇਂਦਰ ਰਾਜ ਸਬੰਧਾਂ ਨੂੰ ਮਲੀਆਮੇਟ ਕਰਨ ਦੇ ਤੁਲ ਹੈ। ਇਥੇ ਸਵਾਲ ਸਿਰਫ ਪੰਜਾਬ ਯੂਨੀਵਰਸਿਟੀ ਨੂੰ ਖੋਹਣ ਜਾਂ ਰੱਖਣ ਦਾ ਨਹੀਂ ਬਲਕਿ ਇਸ ਤੋਂ ਵੀ ਵੱਡਾ ਸਵਾਲ ਹੈ ਕਿ ਹੌਲੀ ਹੌਲੀ ਪੰਜਾਬ ਦੀ ਸਮੁੱਚੀ ਬੌਧਿਕ ਪਰੰਪਰਾ ਅਤੇ ਤੋਰ ਨੂੰ ਕੇਂਦਰੀ ਲੀਹਾਂ 'ਤੇ ਢਾਲਣ ਦਾ ਹੈ। ਇਸ ਸਮੇਂ ਪੰਜਾਬ ਸਰਕਾਰ ਅਤੇ ਸਮੁੱਚੇ ਪੰਜਾਬੀਆਂ ਲਈ ਪੰਜਾਬ ਯੂਨੀਵਰਸਿਟੀ ਨੂੰ ਆਪਣੀ ਬਣਾ ਕੇ ਰੱਖਣਾ ਵੱਡਾ, ਚੁਣੌਤੀ ਭਰਿਆ ਕਾਰਜ ਹੈ। ਦੂਜੇ ਪਾਸੇ ਇਸ ਸਰਕਾਰ ਲਈ ਆਉਂਦੇ ਸੈਸ਼ਨ ਦੌਰਾਨ ਕੌਮੀ ਸਿੱਖਿਆ ਨੀਤੀ-2020 ਨੂੰ ਰੱਦ ਕਰਨਾ ਵੀ ਜ਼ਰੂਰੀ ਹੋ ਗਿਆ ਹੈ।

ਪੰਜਾਬ ਦੀਆਂ ਪਬਲਿਕ ਯੂਨੀਵਰਸਿਟੀਆਂ ਭਾਵੇਂ ਆਰਥਿਕ ਮੰਦਵਾੜਿਆਂ ਵਿਚੋਂ ਗੁਜ਼ਰ ਰਹੀਆਂ ਹਨ ਪਰ ਜਿਸ ਤਰ੍ਹਾਂ ਦੇ ਪਰਿਵਾਰਕ ਪਿਛੋਕੜ ਵਾਲੇ ਵਿਦਿਆਰਥੀ ਅਤੇ ਖੋਜਾਰਥੀ ਇਥੋਂ ਵਿਦਿਆ ਹਾਸਲ ਕਰ ਰਹੇ ਹਨ ਅਤੇ ਪੰਜਾਬ ਦੇ ਉਚੇਰੀ ਸਿੱਖਿਆ ਦੇ ਪੈਮਾਨਿਆਂ ਨੂੰ ਉਪਰ ਚੁੱਕ ਰਹੇ ਹਨ, ਉਨ੍ਹਾਂ ਦੇ ਬਲਬੂਤੇ ਹੀ ਇਹ ਯੂਨੀਵਰਸਿਟੀ ਆਪਣੀ ਹੋਂਦ ਬਚਾ ਸਕਦੀ ਹੈ ਅਤੇ ਬਚਾ ਰਹੀ ਹੈ। ਇਸ ਦੇ ਨਾਲ ਹੀ ਪੰਜਾਬ ਦੇ ਇਤਿਹਾਸ ਤੋਂ ਲੈ ਕੇ ਸਿਆਸਤ ਦੇ ਖੇਤਰ ਤੱਕ ਖੋਜ ਕਾਰਜਾਂ ਦੇ ਵਿਸ਼ੇ ਚੁਣੇ ਜਾਂਦੇ ਹਨ ਅਤੇ ਉਨ੍ਹਾਂ ਉਪਰ ਪੰਜਾਬ ਦੇ ਦੂਰ-ਦੁਰਾਡੇ ਪਿੰਡਾਂ ਦੇ ਵਿਦਿਆਰਥੀ ਕਾਰਜ ਕਰਦੇ ਹਨ। ਉਨ੍ਹਾਂ ਦੇ ਖੋਜ ਵਿਸ਼ਿਆਂ ਦਾ ਰਸਤਾ ਰੋਕਣ ਲਈ ਵੀ ਕੌਮੀ ਸਿੱਖਿਆ ਨੀਤੀ-2020 ਵਿਚ ਸਪਸ਼ਟ ਦਰਜ ਹੈ ਕਿ ਨੈਸ਼ਨਲ ਰਿਸਰਚ ਫਾਊਂਡੇਸ਼ਨ ਹੀ ਵਿਸ਼ੇ ਤੋਂ ਲੈ ਕੇ ਫੰਡ ਤੱਕ ਤੈਅ ਕਰੇਗੀ। ਇਸ ਵਿਚ ਉਨ੍ਹਾਂ ਦੇ ਗਾਈਡ ਪ੍ਰੋਫੈਸਰ ਸਿਰਫ ਕੜੀ ਹੀ ਹੋਣਗੇ। ਇਉਂ ਉਨ੍ਹਾਂ ਕੋਲੋਂ ਅਕਾਦਮਿਕ ਆਜ਼ਾਦੀ ਵੀ ਜਾਂਦੀ ਰਹੇਗੀ।

ਇਸ ਕਰਕੇ ਪੰਜਾਬ ਯੂਨੀਵਰਸਿਟੀ ਦਾ ਮਸਲਾ ਸਿਰਫ਼ ਕੇਂਦਰ ਤੋਂ ਸਹਾਇਤਾ ਲੈਣ ਜਾਂ ਨਾ ਲੈਣ ਤੱਕ ਹੀ ਸੀਮਤ ਨਹੀਂ ਬਲਕਿ ਪੰਜਾਬ ਨੂੰ 'ਬੌਧਿਕ ਪਰੰਪਰਾ' ਤੋਂ ਤੋੜ ਕੇ 'ਬੌਧਿਕ ਕੰਗਾਲੀ' ਤੱਕ ਸੀਮਤ ਕਰਨਾ ਹੈ। ਇਸ ਕਰਕੇ ਪੰਜਾਬ ਯੂਨੀਵਰਸਿਟੀ ਦੀ ਰਾਖੀ ਦਾ ਸਵਾਲ ਤੱਤ ਰੂਪ ਵਿਚ ਸਮੁੱਚੇ ਪੰਜਾਬੀਆਂ ਦਾ ਸਵਾਲ ਹੈ ਬਲਕਿ ਅਜੋਕੀ ਸਰਕਾਰ ਲਈ ਵੀ ਇਸ ਯੂਨੀਵਰਸਿਟੀ ਦੀ ਰੱਖਿਆ ਕਰਨਾ ਲਿਟਮਸ ਪੇਪਰ ਟੈਸਟ ਦੇ ਬਰਾਬਰ ਹੈ। ਹੁਣ ਦੇਖਣਾ ਇਹ ਹੋਵੇਗਾ ਕਿ ਕੁਠਾਰੀ ਕਮਿਸ਼ਨ ਦੇ ਪੈਰਾ ਨੰਬਰ 13.34 (ਪੰਨਾ 611) ਅਨੁਸਾਰ, "ਮੌਜੂਦਾ ਹਾਲਾਤ ਵਿਚ ਸਾਡੀਆਂ ਬਹੁਤੀਆਂ ਯੂਨੀਵਰਸਿਟੀਆਂ ਨੂੰ ਦਿਸ਼ਾ-ਨਿਰਦੇਸ਼ 'ਦਿੱਲੀ ਪੈਟਰਨ' ਤੋਂ ਮਿਲਦੇ ਹਨ ਜੋ ਵੱਖੋ-ਵੱਖਰੇ ਹਾਲਾਤ ਵਾਲੇ ਹਿੱਸਿਆਂ ਲਈ ਮੂਲੋਂ ਹੀ ਗਲਤ ਹਨ।" ਇਹੀ ਹਾਲਾਤ ਅਤੇ ਵਿਰੋਧਾਭਾਸ ਮੌਜੂਦਾ ਸਮੇਂ ਦੇ ਦੌਰ ਦੇ ਹਨ।

## ਪੰਜਾਬ ਯੂਨੀਵਰਸਿਟੀ ਦੇ ਫੰਡਾਂ ਦੀ ਹਕੀਕਤ



**ਪਾਲੀ ਭੁਪਿੰਦਰ ਸਿੰਘ**

ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਕੇਂਦਰੀਕਰਨ ਦੇ ਹੱਕ ਵਿਚ ਅਕਸਰ ਕਿਹਾ ਜਾਂਦਾ ਹੈ ਕਿ ਪੰਜਾਬ ਇਸ ਨੂੰ ਫੰਡ ਨਹੀਂ ਦਿੰਦਾ, ਸਾਰੇ ਫੰਡ ਕੇਂਦਰ ਤੋਂ ਆਉਂਦੇ ਹਨ। ਮਹਾਂ ਝੂਠ! ਪੰਜਾਬ ਯੂਨੀਵਰਸਿਟੀ ਦਾ ਸਾਲਾਨਾ ਬਜਟ 550-600 ਕਰੋੜ ਦੇ ਲਗਭਗ ਹੈ। ਇਸ ਵਿਚੋਂ ਕੇਂਦਰ ਸਿਰਫ਼ 150-200 ਕਰੋੜ ਦੇ ਵਿਚਕਾਰ ਫੰਡ ਦਿੰਦਾ ਹੈ। 30-50 ਕਰੋੜ ਦੇ ਵਿਚਕਾਰ ਪੰਜਾਬ ਦਿੰਦਾ ਹੈ। ਬਾਕੀ ਸਾਰਾ ਫੰਡ ਯੂਨੀਵਰਸਿਟੀ ਆਪਣੇ ਸਾਧਨਾਂ ਤੋਂ ਪੈਦਾ ਕਰਦੀ ਹੈ ਤੇ ਬਹੁਤੇ ਵੱਡੇ ਸਾਧਨ ਪੰਜਾਬ ਦੇ 200 ਕਾਲਜ ਹਨ। ਇਹ ਵੀ ਧਿਆਨ ਦੇਣ ਯੋਗ ਹੈ ਕਿ ਚੰਡੀਗੜ੍ਹ ਪ੍ਰਸ਼ਾਸਨ ਵਿਚ ਪੰਜਾਬ ਹਰਿਆਣਾ ਦਾ ਹਿੱਸਾ 60-40 ਪ੍ਰਤੀਸ਼ਤ ਹੈ ਪਰ ਚੰਡੀਗੜ੍ਹ ਵਿਚੋਂ ਜਿੰਨਾ ਵੀ ਰੈਵੇਨਿਊ ਪੈਦਾ ਹੁੰਦਾ ਹੈ, ਉਹ ਸਾਰਾ ਕੇਂਦਰ ਲੈ ਜਾਂਦਾ ਹੈ। ਅੰਕੜੇ ਦੱਸਦੇ ਹਨ, ਚੰਡੀਗੜ੍ਹ ਦੇਸ਼ ਵਿਚ ਸਭ ਤੋਂ ਵੱਧ ਰੈਵੇਨਿਊ ਪੈਦਾ ਕਰਨ ਵਾਲਾ ਯੂ। ਟੀ। ਖੇਤਰ ਹੈ। ਜੇ ਸਾਡੇ ਹੀ ਚੰਡੀਗੜ੍ਹ ਦੇ ਸਾਰੇ ਰੈਵੇਨਿਊ ਵਿਚੋਂ ਜੇ ਕੇਂਦਰ ਪੰਜਾਬ ਨੂੰ ਡੇਢ-ਦੋ ਸੌ ਕਰੋੜ ਸਾਲਾਨਾ ਦੇ ਰਿਹਾ ਹੈ ਤਾਂ ਕੀ ਉਹ ਸਾਡੇ 'ਤੇ ਅਹਿਸਾਨ ਕਰ ਰਿਹਾ ਹੈ!



*ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਸਟੂਡੈਂਟਸ ਸੈਂਟਰ ਦੀ ਝਲਕ।*

ਇਹ ਚੈਲੇਂਜ ਹੈ: ਕੋਈ ਪੰਜਾਬ ਯੂਨੀਵਰਸਿਟੀ ਦੇ ਆਮਦਨ-ਖਰਚਿਆਂ ਦੀ ਇਮਾਨਦਾਰੀ ਨਾਲ ਜਾਂਚ ਕਰਾਵੇ। ਸੌ ਕਰੋੜ ਦੇ ਲਗਭਗ ਤਾਂ ਲੀਕੇਜ ਹੀ ਫੜੀ ਜਾਵੇਗੀ। ਬਣੀਆਂ-ਬਣਾਈਆਂ ਚੀਜ਼ਾਂ ਢਾਹ-ਢਾਹ ਦੁਬਾਰਾ ਬਣਾਈਆਂ ਜਾ ਰਹੀਆਂ ਹਨ ਤੇ ਫਾਈਨੈਂਸ ਨਾਲ ਸਬੰਧਤ ਹਰ ਕਮੇਟੀ ਵਿਚ ਗਿਣੇ-ਚੁਣੇ ਲੋਕ ਹੀ ਹੁੰਦੇ ਹਨ। ਭਲਾ ਪੂਜਾ ਬੱਗਾ ਕੇਸ ਕਿਸ ਨੂੰ ਭੁੱਲਿਆ ਹੈ! ਇਕ ਆਰਜ਼ੀ ਕਲਰਕ ਯੂਨੀਵਰਸਿਟੀ ਨੂੰ ਤਿੰਨ ਕਰੋੜ ਦਾ ਚੂਨਾ ਲਾ ਗਈ। ਜਿੱਥੇ ਉਸ ਦਾ ਰਿਕਾਰਡ ਪਿਆ ਸੀ, ਉਸ ਵਿਭਾਗ ਵਿਚ ਰਹੱਸਮਈ ਢੰਗ ਨਾਲ ਅੱਗ ਲੱਗ ਗਈ ਤੇ ਉਹ ਕੇਸ ਅੱਜ ਵੀ ਅਦਾਲਤਾਂ ਵਿਚ ਲਟਕ ਰਿਹਾ ਹੈ।

ਸੋ ਪੰਜਾਬ ਸਰਕਾਰ ਨੂੰ ਇਸ ਡਰਾਵੇ ਵਿਚ ਆਉਣ ਦੀ ਹਰਗਿਜ਼ ਲੋੜ ਨਹੀਂ (ਮੈਨੂੰ ਪਤਾ ਹੈ, ਕੇਂਦਰ ਦੇ ਇਸ਼ਾਰਿਆਂ 'ਤੇ ਪੰਜਾਬ ਬਿਓਰੋਕਰੇਸੀ ਦਾ ਇੱਕ ਹਿੱਸਾ ਇਹੀ ਤਰਕ ਦੇ ਕੇ ਪੰਜਾਬ ਸਰਕਾਰ ਨੂੰ ਡਰਾਉਂਦਾ ਹੈ) ਕਿ ਜੇ ਕੇਂਦਰ ਨੇ ਗਰਾਂਟ ਬੰਦ ਕਰ ਦਿੱਤੀ, ਇਹ ਯੂਨੀਵਰਸਿਟੀ ਸਾਨੂੰ ਸਾਂਭਣੀ ਪੈ ਜਾਵੇਗੀ। ਹੁਣ ਤੱਕ ਤਾਂ ਕੇਂਦਰ ਪ੍ਰਾਈਵੇਟ ਯੂਨੀਵਰਸਿਟੀਆਂ ਨੂੰ ਵੀ ਗਰਾਂਟਾਂ ਦਿੰਦਾ ਆਇਆ (ਹੁਣ ਉਸ ਨੇ ਗਰਾਂਟ ਵਾਲਾ ਪੱਤਾ ਹੀ ਪਾੜ ਦਿੱਤਾ ਹੈ। ਨਵੀਂ ਸਿੱਖਿਆ ਨੀਤੀ ਦੇ ਤਹਿਤ ਹੁਣ ਯੂਨੀਵਰਸਿਟੀਆਂ ਨੂੰ ਵਿਆਜ਼ ਮੁਕਤ ਕਰਜ਼ਾ ਦਿੱਤਾ ਜਾਵੇਗਾ। ਜੋ ਯੂਨੀਵਰਸਿਟੀ ਨੂੰ ਆਪਣੇ ਸਾਧਨਾਂ ਤੋਂ ਪੈਸੇ ਕਮਾ ਕੇ ਵਾਪਿਸ ਕਰਨਾ ਪਿਆ ਕਰੇਗਾ, ਭਾਵ ਯੂਨੀਵਰਸਿਟੀਆਂ ਦੀ ਸਿੱਖਿਆ ਆਮ ਲੋਕਾਂ ਤੋਂ ਬਹੁਤ ਦੂਰ ਹੋਣ ਜਾ ਰਹੀ ਹੈ)। ਇਸ ਲਈ ਪੰਜਾਬ ਸਰਕਾਰ ਨੂੰ ਹਿੱਕ ਠੋਕ ਕੇ ਪੰਜਾਬ ਯੂਨੀਵਰਸਿਟੀ ਉੱਤੇ ਆਪਣਾ ਦਾਅਵਾ ਰੱਖਣਾ ਚਾਹੀਦਾ ਹੈ। ਜੇ ਕੇਂਦਰ ਡੇਢ-ਦੋ ਸੌ ਕਰੋੜ ਦਾ ਸੁਣਾਵੇ ਤਾਂ ਅੱਗੋਂ ਉਸ ਨੂੰ ਚੰਡੀਗੜ੍ਹ ਦੇ ਰੈਵੇਨਿਊ ਦਾ ਸਵਾਲ ਕੀਤਾ ਜਾਵੇ। ਜੇ ਬੰਗਾਲ ਦੀ ਤਰਜ਼ 'ਤੇ ਵਿਧਾਨ ਸਭਾ ਵਿਚ ਉੱਪ ਰਾਸ਼ਟਰਪਤੀ ਨੂੰ ਇਸ ਦੇ ਚਾਂਸਲਰ ਦੇ ਅਹੁਦੇ ਤੋਂ ਹਟਾ ਕੇ ਪੰਜਾਬ ਦੇ ਮੁੱਖ ਮੰਤਰੀ ਜਾਂ ਸਿੱਖਿਆ ਮੰਤਰੀ ਨੂੰ ਇਸ ਦਾ ਚਾਂਸਲਰ ਨਿਯੁੱਕਤ ਕੀਤੇ ਜਾਣ ਦਾ ਮਤਾ ਪਾਸ ਕੀਤਾ ਜਾ ਸਕੇ ਤਾਂ ਹੋਰ ਵੀ ਵਧੀਆ। ਸਿਰਫ ਇਸੇ ਤਰ੍ਹਾਂ ਹੀ ਇਹ ਯੂਨੀਵਰਸਿਟੀ ਸਹੀ ਮਾਇਨਿਆਂ ਵਿਚ 'ਪੰਜਾਬ ਯੂਨੀਵਰਸਿਟੀ' ਬਣ ਸਕਦੀ ਹੈ; ਨਹੀਂ ਤਾਂ ਇੱਥੇ ਪੰਜਾਬੀਆਂ ਦਾ ਜੋ ਹਾਲ ਹੈ, ਉਹ ਬਿਆਨ ਤੋਂ ਬਾਹਰ ਹੈ।

# ਪੰਜਾਬ ਵਿਚ ਤਕਨੀਕ ਗਾਇਬ, ਮਸ਼ੀਨਰੀ ਦੀ ਮਾਰ



ਦਵਿੰਦਰ ਸ਼ਰਮਾ

ਅਜਿਹੇ ਵਕਤ ਜਦੋਂ ਦੁਨੀਆ ਭਰ ਵਿਚ ਕਿਸਾਨ ਆਪਣੀ ਉਪਜ ਦੀ ਲਾਗਤ ਪੂਰੀ ਕਰਨ ਲਈ ਜੂਝ ਰਹੇ ਹਨ ਤਾਂ ਔਕਸਫੈਮ ਦੀ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਪਿਛਲੇ ਦੋ ਸਾਲਾਂ ਵਿਚ 62 ਨਵੇਂ ਖੁਰਾਕ ਕਾਰੋਬਾਰੀ ਅਰਬਪਤੀ ਧਨਾਢਾਂ ਦੀ ਸੂਚੀ ਵਿਚ ਸ਼ਾਮਲ ਹੋਏ ਹਨ। ਬਿਨਾਂ ਸ਼ੱਕ ਰਿਪੋਰਟ ਇਸ ਸੂਚੀ ਵਿਚ ਸ਼ਾਮਲ ਹੋਏ ਕਾਰਗਿਲ ਕੁਨਬੇ ਦੇ ਉਨ੍ਹਾਂ 12 ਅਰਬਪਤੀਆਂ ਦਾ ਵੀ ਜ਼ਿਕਰ ਕਰਦੀ ਹੈ ਜਿਨ੍ਹਾਂ ਦੀ ਗਿਣਤੀ ਕੋਵਿਡ ਮਹਾਮਾਰੀ ਤੋਂ ਪਹਿਲਾਂ ਅੱਠ ਸੀ।

ਜਿਣਸਾਂ ਦੀਆਂ ਉੱਚੀਆਂ ਕੀਮਤਾਂ, ਖੁਰਾਕ ਮਹਿੰਗਾਈ ਦਰ ਵਧਣ, ਜ਼ਮੀਨ ਦੀਆਂ ਕੀਮਤਾਂ ਵਿਚ ਰਿਕਾਰਡ ਵਾਧਾ ਹੋਣ ਅਤੇ ਲਗਾਤਾਰ ਤਕਨੀਕੀ ਕਾਢਾਂ ਕਰ ਕੇ ਖੁਰਾਕ ਸਨਅਤ ਦਾ ਮੁਨਾਫ਼ਾ ਲਗਾਤਾਰ ਵਧ ਰਿਹਾ ਹੈ ਤੇ ਇਹ ਸਭ ਕੁਝ ਉਤਪਾਦਕਤਾ ਵਧਾਉਣ ਦੇ ਨਾਂ 'ਤੇ ਕੀਤਾ ਗਿਆ ਹੈ। ਹਾਲਾਂਕਿ, ਔਕਸਫੈਮ (ਬਰਤਾਨੀਆ) ਦੇ ਮੁੱਖ ਕਾਰਜਕਾਰੀ ਡੈਨੀ ਸ੍ਰੀਸਕੰਦਰਜਾ ਦਾ ਕਹਿਣਾ ਹੈ: ''ਅਜਿਹੇ ਵਕਤ ਜਦੋਂ ਕਰੋੜਾਂ ਲੋਕਾਂ ਨੂੰ ਅਤਿ ਦੀ ਗ਼ਰੀਬੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਤਾਂ ਇਸ ਕਿਸਮ ਦੇ ਬੇਹਿਸਾਬ ਮੁਨਾਫ਼ਿਆਂ ਤੇ ਧਨ-ਦੌਲਤ ਨੂੰ ਮੁਖ਼ਾਤਬ ਹੋਣ ਲਈ ਸਰਕਾਰਾਂ ਕੋਲ ਕੋਈ ਬਹਾਨਾ ਨਹੀਂ ਹੈ ਤਾਂ ਕਿ ਇਹ ਯਕੀਨੀ ਬਣਾਇਆ ਜਾ ਸਕੇ ਕੋਈ ਪਿੱਛੇ ਨਾ ਛੁੱਟ ਜਾਵੇ'' ਪਰ ਇਹ ਗੱਲ ਸਮਝ ਨਹੀਂ ਪੈਂਦੀ ਕਿ ਫੂਡ ਸਪਲਾਈ ਚੇਨਾਂ ਦੇ ਛੜੱਪੇ ਮਾਰ ਕੇ ਵਧ ਰਹੇ ਮੁਨਾਫ਼ਿਆਂ ਦਾ ਕਿਣਕਾ ਮਾਤਰ ਵੀ ਮੁਢਲੇ ਉਤਪਾਦਕ, ਭਾਵ ਕਿਸਾਨ ਤੱਕ ਕਿਉਂ ਨਹੀਂ ਅੱਪੜ ਰਿਹਾ। ਖੁਰਾਕ ਦੇ 70 ਫ਼ੀਸਦ ਕੌਮਾਂਤਰੀ ਵਪਾਰ ਉਪਰ ਵੱਡ ਅਕਾਰੀ ਕਾਰਗਿਲ ਸਮੇਤ ਅਨਾਜ ਦੇ ਕਾਰੋਬਾਰ ਦੀਆਂ ਚਾਰ ਵੱਡੀਆਂ ਕੰਪਨੀਆਂ ਦਾ ਕੰਟਰੋਲ ਹੈ। ਅਸੀਂ ਜਾਣਦੇ ਹਾਂ ਕਿ ਦੁਨੀਆ ਭਰ ਵਿਚ ਖੇਤੀ ਜਿਣਸਾਂ ਦਾ ਜਿੰਨਾ ਵਪਾਰ ਕੀਤਾ ਜਾਂਦਾ ਹੈ, ਉਨ੍ਹਾਂ ਦੀ ਉਪਜ ਲੱਖਾਂ ਮਿਹਨਤਕਸ਼ ਕਿਸਾਨਾਂ ਵਲੋਂ ਕੀਤੀ ਜਾਂਦੀ ਹੈ ਪਰ ਉਨ੍ਹਾਂ ਲਈ ਚੰਗੀ ਜ਼ਿੰਦਗੀ ਮੁਸ਼ਕਿਲ ਹੋ ਰਹੀ ਹੈ। ਦੂਜੇ ਸ਼ਬਦਾਂ ਵਿਚ ਹੇਠਲੇ ਪੱਧਰ 'ਤੇ ਜੋ ਉਪਜ ਅਤੇ ਦੌਲਤ ਕਿਸਾਨ ਪੈਦਾ ਕਰਦੇ ਹਨ, ਉਸ ਨੂੰ ਉਪਰ ਬੈਠੇ ਲੋਕ ਆਰਾਮ ਨਾਲ ਸੜ੍ਹਾਕ ਰਹੇ ਹਨ। ਕਿਸਾਨਾਂ ਨੂੰ ਵਧੀਆਂ ਕੀਮਤਾਂ ਦਾ ਕੋਈ ਫਾਇਦਾ ਨਾ ਹੋਣ ਦਾ ਹੋਰ ਕੋਈ ਕਾਰਨ ਨਹੀਂ ਹੈ।

ਇਸੇ ਤਰ੍ਹਾਂ ਕਿਸਾਨਾਂ ਦੀਆਂ ਦਿੱਕਤਾਂ ਹੱਲ ਕਰਨ ਵਾਲੀਆਂ ਤਕਨਾਲੋਜੀ ਕੰਪਨੀਆਂ ਲਈ ਵੀ ਇਹੀ ਗੱਲ ਸੱਚ ਹੈ ਜੋ ਮਣਾਂ-ਮੂੰਹੀਂ ਮੁਨਾਫ਼ੇ ਕਮਾ ਰਹੀਆਂ ਹਨ। ਕਿਸਾਨ ਜਦੋਂ ਦੋ ਵਕਤ ਦੀ ਰੋਟੀ ਖਾਣ ਲਈ ਜੂਝ ਰਿਹਾ ਹੈ ਤਾਂ ਤਕਨਾਲੋਜੀ ਕੰਪਨੀਆਂ ਦੇ ਸ਼ੇਅਰ ਠਾਠਾਂ ਮਾਰ ਰਹੇ ਹਨ। ਕਮਾਲ ਦੀ ਗੱਲ ਇਹ ਹੈ ਕਿ ਇਨ੍ਹਾਂ ਸਭ ਤਕਨੀਕੀ ਕਾਢਾਂ ਦੇ ਬਾਵਜੂਦ ਸਨਅਤੀ ਖੇਤੀਬਾੜੀ ਨੂੰ ਦੁਨੀਆ ਭਰ ਵਿਚ ਪੈਦਾ ਹੋ ਰਹੀਆਂ ਤਾਪ-ਵਧਾਊ (ਗਰੀਨ ਹਾਊਸ) ਗੈਸਾਂ ਦੇ ਇਕ ਤਿਹਾਈ ਹਿੱਸੇ ਲਈ ਕਸੂਰਵਾਰ ਗਿਣਿਆ ਜਾ ਰਿਹਾ ਹੈ। ਇਸ ਤੋਂ ਇਲਾਵਾ ਸਸਤੀ ਖੁਰਾਕ ਪੈਦਾ ਕਰਨ ਦੀ ਅਸਲ ਲਾਗਤ ਵੀ ਆਰਾਮ ਨਾਲ ਹੋਰਨਾਂ ਦੇ ਮੋਢਿਆਂ 'ਤੇ ਪਾ ਦਿੱਤੀ ਹੈ। ਇਕ ਪਾਸੇ ਵਰਤੋਂ ਸਮੱਗਰੀ ਸਪਲਾਇਰ ਬੇਹਿਸਾਬ ਮੁਨਾਫ਼ਾ ਕਮਾ ਰਹੇ ਹਨ ਜਦਕਿ ਇਸ ਦੀ ਆਰਥਿਕ ਤੇ ਵਾਤਾਵਰਨੀ ਲਾਗਤ ਦਾ ਜ਼ਿੰਮਾ ਸਮਾਜ 'ਤੇ ਪਾਇਆ ਜਾ ਰਿਹਾ ਹੈ। ਇਹ ਚੱਕਰ ਲਗਾਤਾਰ ਚੱਲ ਰਿਹਾ ਹੈ। ਆਓ, ਦੇਖਦੇ ਹਾਂ ਕਿ ਮਸਨੂਈ ਬੌਧਿਕਤਾ/ਰੋਬੋਟ ਤਕਨੀਕ ਕਿਵੇਂ ਇਹ ਸੰਤੁਲਨ ਬਹਾਲ ਕਰਨ ਦੀ ਕੋਸ਼ਿਸ਼ ਕਰ ਰਹੀ ਹੈ।



ਇਹ ਉਹ ਸਵਾਲ ਹੈ ਜੋ ਪੈਰਿਸ ਦੇ ਪ੍ਰਾਈਵੇਟ ਨਿਵੇਸ਼ਕ ਰੂਫੋ ਕੁਇੰਟਵਲੇ ਨੇ ਆਪਣੇ ਲੇਖ ਖੁਰਾਕ 'ਫੂਡ ਡਜ਼ਨ'ਟ ਗ੍ਰੋਅ ਇਨ ਸਿਲੀਕਾਨ ਵੈਲੀ' (ਖੁਰਾਕ ਸਿਲੀਕਾਨ ਵੈਲੀ ਵਿਚ ਨਹੀਂ ਉੱਗਦੀ) ਵਿਚ ਪੁੱਛਿਆ ਹੈ ਜੋ ਸਟੈਨਫਰਡ ਇਨੋਵੇਸ਼ਨ ਰਿਵਿਊ (12 ਮਾਰਚ, 2014) ਵਿਚ ਛਪਿਆ ਸੀ। ਉਨ੍ਹਾਂ ਲਿਖਿਆ: ''ਪਿਛਲੇ ਸੌ ਸਾਲਾਂ ਦੌਰਾਨ ਖੁਰਾਕ ਪ੍ਰਣਾਲੀ ਅੰਦਰ ਜੋ ਤਕਨੀਕੀ ਕਾਢਾਂ ਦੇਖਣ ਨੂੰ ਮਿਲੀਆਂ ਹਨ, ਉਹ ਸ਼ਾਇਦ ਮਨੁੱਖੀ ਇਤਿਹਾਸ ਦੇ ਕਿਸੇ ਵੀ ਅਰਸੇ ਦੌਰਾਨ ਨਹੀਂ ਦੇਖੀਆਂ ਗਈਆਂ ਅਤੇ ਇਨ੍ਹਾਂ ਕਾਢਾਂ ਦਾ ਦਾਰੋਮਦਾਰ ਖੁਰਾਕ ਦੀਆਂ ਕੀਮਤਾਂ ਘਟਾਉਣ, ਕਿਸਾਨਾਂ ਨੂੰ ਹੋਰ ਗ਼ਰੀਬ ਕਰਨ ਅਤੇ ਵਾਤਾਵਰਨ ਦੀ ਬੇਹੁਰਮਤੀ ਕਰਨ ਦਾ ਰਿਹਾ ਹੈ।''

ਦਰਅਸਲ, ਸਾਰੀਆਂ ਤਕਨੀਕੀ ਕਾਢਾਂ ਦਾ ਮੰਤਵ ਕਾਰਜਕੁਸ਼ਲਤਾ ਵਿਚ ਸੁਧਾਰ ਲਿਆਉਣ ਅਤੇ ਉਚ ਉਤਪਾਦਕਤਾ ਹਾਸਲ ਕਰਨਾ ਰਿਹਾ ਹੈ। ਇਨ੍ਹਾਂ ਤਕਨੀਕੀ ਕਾਢਾਂ ਸਦਕਾ ਕਿਸਾਨਾਂ ਨੂੰ ਖੇਤੀਬਾੜੀ ਤੋਂ ਹੋਣ ਵਾਲੀ ਕਮਾਈ ਵਿਚ ਵੀ ਵਾਧਾ ਹੋਣਾ ਚਾਹੀਦਾ ਸੀ ਪਰ ਤੱਥ ਇਹ ਹੈ ਕਿ ਜਿੰਨੀ ਜ਼ਿਆਦਾ ਕਿਸਾਨਾਂ ਦੀ ਉਪਜ ਵਧੀ ਹੈ, ਓਨੀ ਹੀ ਉਨ੍ਹਾਂ ਦੀ ਆਮਦਨ ਘਟੀ ਹੈ। ਮਿਸਾਲ ਦੇ ਤੌਰ 'ਤੇ ਉੱਤਰੀ ਅਮਰੀਕਾ ਦਾ ਕੇਸ ਲੈਂਦੇ ਹਾਂ। ਪਿਛਲੇ 150 ਸਾਲਾਂ ਤੋਂ ਉੱਚ ਉਤਪਾਦਕਤਾ ਹਾਸਲ ਕਰਨ ਦੇ ਬਾਵਜੂਦ ਕਿਸਾਨਾਂ ਲਈ ਕਣਕ ਦੀ ਕੀਮਤ ਜੇ ਮਹਿੰਗਾਈ ਦਰ ਨਾਲ ਮਿਲਾ ਕੇ ਕੱਢੀ ਜਾਵੇ ਤਾਂ ਇਸ ਵਿਚ ਤਿੱਖੀ ਕਮੀ ਆਈ ਹੈ। ਕੈਨੇਡਾ ਵਿਚ ਕਣਕ ਦੀ ਪੈਦਾਵਾਰ ਕਰਨ ਵਾਲੇ ਕਿਸਾਨ ਨੂੰ ਅੱਜ ਜੋ ਕੁਝ ਮਿਲ ਰਿਹਾ ਹੈ, ਉਸ ਦਾ ਪੜਦਾਦਾ ਉਸ ਨਾਲੋਂ ਛੇ ਗੁਣਾ ਜ਼ਿਆਦਾ ਕਮਾ ਰਿਹਾ ਸੀ।

ਹੁਣ ਗੱਲ ਕਰਦੇ ਹਾਂ ਭਾਰਤ ਦੇ ਸਭ ਤੋਂ ਮੋਹਰੀ ਖੇਤੀਬਾੜੀ ਸੂਬੇ ਪੰਜਾਬ ਦੀ ਜਿਸ ਨੇ ਰਿਕਾਰਡ ਸਾਲਾਨਾ ਫਸਲੀ ਉਤਪਾਦਕਤਾ ਪ੍ਰਾਪਤ ਕੀਤੀ ਹੈ ਜੋ ਦੁਨੀਆ ਭਰ ਵਿਚ ਸਭ ਤੋਂ ਜ਼ਿਆਦਾ ਹੈ। ਇਸ ਦੇ ਬਾਵਜੂਦ ਪੰਜਾਬ ਵਾਤਾਵਰਨ ਦੀ ਬਰਬਾਦੀ ਦਾ ਨਮੂਨਾ ਬਣ ਗਿਆ ਹੈ। ਤਕਨਾਲੋਜੀ ਨਾਲ ਫ਼ਸਲੀ ਉਤਪਾਦਨ ਤਾਂ ਵਧ ਗਿਆ ਪਰ ਜ਼ਮੀਨ ਹੇਠਲੇ ਪਾਣੀ ਦੀ ਅੰਨ੍ਹੇਵਾਹ ਵਰਤੋਂ ਨਾਲ ਸਾਡੇ ਜਲ ਸਰੋਤ ਮੁੱਕ ਗਏ ਹਨ, ਰਸਾਇਣਕ ਖਾਦਾਂ ਦਾ ਅਸਰ ਵਿਆਪਕ ਰੂਪ ਵਿਚ ਵਾਤਾਵਰਨ ਵਿਚ ਫੈਲ ਗਿਆ ਹੈ, ਜ਼ਮੀਨ ਦਾ ਉਪਜਾਊਪਣ ਘਟ ਰਿਹਾ ਹੈ ਅਤੇ ਪਰਾਲੀ ਸਾੜਨ ਕਰ ਕੇ ਹਵਾ ਪ੍ਰਦੂਸ਼ਤ ਹੋ ਰਹੀ ਹੈ। ਮੁਲਕ ਦਾ ਅਨਾਜ ਕਟੋਰਾ ਕਿਹਾ ਜਾਣਾ ਵਾਲਾ ਸੂਬਾ ਹੁਣ ਸਿਹਤਮੰਦ ਅਤੇ ਹੰਢਣਸਾਰ ਖੇਤੀ ਪ੍ਰਣਾਲੀ ਅਪਣਾਉਣ ਲਈ ਤਰਲੇ ਲੈ ਰਿਹਾ ਹੈ।

ਪੰਜਾਬ ਨੇ ਸਾਨੂੰ ਅਜਿਹਾ ਮੌਕਾ ਦਿੱਤਾ ਹੈ ਕਿ ਅਸੀਂ ਇਹ ਸਮਝ ਸਕੀਏ ਕਿ ਤਕਨਾਲੋਜੀ ਦੀ ਸਿਆਸਤ ਕਿਵੇਂ ਚਲਦੀ ਹੈ। ਇਸ ਵੇਲੇ ਜ਼ਮੀਨ ਹੇਠਲੇ ਪਾਣੀ ਦੇ ਸਰੋਤ ਬਚਾਉਣ ਲਈ ਬਹਿਸ ਛਿੜੀ ਹੋਈ ਹੈ ਜਿਸ ਤੋਂ ਕੁਝ ਦਹਾਕੇ ਪਹਿਲਾਂ ਦੀ ਘਟਨਾ ਯਾਦ ਆਉਂਦੀ ਹੈ ਜਦੋਂ ਫਿਲਪੀਨਜ਼ ਦੀ ਕੌਮਾਂਤਰੀ ਝੋਨਾ ਖੋਜ ਸੰਸਥਾ (ਆਈ.ਆਰ.ਆਰ.ਆਈ.) ਦੇ ਦੌਰੇ ਸਮੇਂ ਇਕ ਅਧਿਐਨ 'ਤੇ ਝਾਤ ਮਾਰਨ ਦਾ ਮੌਕਾ ਮਿਲਿਆ ਸੀ। ਇਸ ਵਿਚ ਕਿਹਾ ਗਿਆ ਸੀ ਕਿ ਤੁਸੀਂ ਝੋਨੇ ਦੀ ਸਿੱਧੀ ਬਿਜਾਈ ਕਰਦੇ ਹੋ ਜਾਂ ਪਨੀਰੀ ਦੀ ਲੁਆਈ, ਉਤਪਾਦਕਤਾ ਵਿਚ ਕੋਈ ਫ਼ਰਕ ਨਹੀਂ ਆਉਂਦਾ। ਮੈਨੂੰ ਇਹ ਜਾਣ ਕੇ ਹੈਰਾਨੀ ਹੋਈ ਕਿ ਏਸ਼ੀਆ ਦੇ ਬਹੁਤ ਸਾਰੇ ਖਿੱਤਿਆਂ ਅੰਦਰ ਆਮ ਤੌਰ 'ਤੇ ਝੋਨੇ ਦੀ ਸਿੱਧੀ ਬਿਜਾਈ ਦੀ ਰਵਾਇਤ ਰਹੀ ਸੀ। ਇਸ ਬਾਰੇ ਇਕ ਉੱਘੇ ਝੋਨਾ ਵਿਗਿਆਨੀ ਤੋਂ ਪੁੱਛਿਆ ਤਾਂ ਉਨ੍ਹਾਂ ਦਾ ਜਵਾਬ ਸੀ: ''ਅਸੀਂ ਟਰੈਕਟਰ ਸਨਅਤ ਦੀ ਮਦਦ ਕਰਨ ਦੀ ਕੋਸ਼ਿਸ਼ ਕਰ ਰਹੇ ਹਾਂ। ਆਖ਼ਿਰਕਾਰ, ਝੋਨੇ ਦੀ 97 ਫ਼ੀਸਦ ਕਾਸ਼ਤ ਏਸ਼ੀਆ ਵਿਚ ਕੀਤੀ ਜਾਂਦੀ ਹੈ ਅਤੇ ਸ਼ਾਇਦ ਕਾਸ਼ਤਕਾਰੀ ਦੇ ਤਰੀਕਾਕਾਰ ਵਿਚ ਤਬਦੀਲੀ ਟਰੈਕਟਰ ਸਨਅਤ ਨੂੰ ਵਧਾਉਣ ਲਈ ਅਪਣਾਇਆ ਗਿਆ ਸੀ।''

ਆਈ.ਆਰ.ਆਰ.ਆਈ. ਦੇ ਇਕ ਹੋਰ ਅਧਿਐਨ ਵਿਚ ਕਿਹਾ ਗਿਆ ਸੀ ਕਿ ਜੇ ਤੁਸੀਂ ਖੇਤ ਵਿਚ ਪਾਣੀ ਦੇ ਵਹਾਓ ਦੇ ਸਰੋਤ ਨਾਲ ਕੀਟਨਾਸ਼ਕ ਪਾ ਦਿੰਦੇ ਹੋ ਜਾਂ ਫਿਰ ਵੱਖੋ-ਵੱਖਰੀਆਂ ਨੋਜ਼ਲਾਂ ਵਾਲੇ ਸਪ੍ਰੇਅਰਾਂ ਰਾਹੀਂ ਛਿੜਕਾਅ ਕਰਦੇ ਹੋ ਤਾਂ ਕੀਟਨਾਸ਼ਕ ਦੀ ਕਾਰਗਰਤਾ ਵਿਚ ਕੋਈ ਫ਼ਰਕ ਨਹੀਂ ਆਉਂਦਾ। ਜਦੋਂ ਅਸੀਂ ਵਿਦਿਆਰਥੀ ਹੁੰਦੇ ਸੀ ਤਾਂ ਸਾਨੂੰ ਇਵੇਂ ਨਹੀਂ ਪੜ੍ਹਾਇਆ ਜਾਂਦਾ ਸੀ।

ਨੀਤੀਗਤ ਇਮਦਾਦ, ਸਬਸਿਡੀਆਂ ਅਤੇ ਸੌਖੇ ਢੰਗ ਨਾਲ ਕਰਜ਼ ਦਿਵਾ ਕੇ ਕਿਸਾਨਾਂ ਨੂੰ ਵੱਧ ਤੋਂ ਵੱਧ ਮਸ਼ੀਨਰੀ ਖਰੀਦਣ ਵੱਲ ਧੱਕਿਆ ਗਿਆ। ਪੰਜਾਬ ਨੂੰ ਜਿੰਨੇ ਟਰੈਕਟਰਾਂ ਦੀ ਲੋੜ ਹੈ, ਉਸ ਨਾਲੋਂ ਪੰਜ ਗੁਣਾ ਵੱਧ ਟਰੈਕਟਰ ਹਨ। ਪੰਜਾਬ ਫਾਰਮਰਜ਼ ਕਮਿਸ਼ਨ ਦੇ ਇਕ ਸਾਬਕਾ ਚੇਅਰਮੈਨ ਨੇ ਬੈਂਕਾਂ ਨੂੰ ਆਖਿਆ ਸੀ ਕਿ ਟਰੈਕਟਰ ਖਰੀਦਣ ਲਈ ਰਿਆਇਤੀ ਦਰਾਂ 'ਤੇ ਹੋਰ ਕਰਜ਼ੇ ਨਾ ਦਿੱਤੇ ਜਾਣ। ਇਸ ਤੋਂ ਇਲਾਵਾ, ਪਰਾਲੀ ਸਾੜਨ ਤੋਂ ਰੋਕਣ ਦੇ ਨਾਂ 'ਤੇ 75 ਹਜ਼ਾਰ ਤੋਂ ਵੱਧ ਮਸ਼ੀਨਾਂ ਵੇਚੀਆਂ ਗਈਆਂ ਹਨ। ਪੰਜ ਤੋਂ ਛੇ ਸੈਟਾਂ ਵਿਚ ਆਉਣ ਵਾਲੀਆਂ ਇਹ ਮਸ਼ੀਨਾਂ ਵੱਧ ਤੋਂ ਵੱਧ ਤਿੰਨ ਹਫ਼ਤੇ ਲਈ ਵਰਤੀਆਂ ਜਾ ਸਕਦੀਆਂ ਹਨ। ਜਿਵੇਂ ਜਿਵੇਂ ਹੋਰ ਤਕਨੀਕੀ ਸਾਜ਼ੋ-ਸਾਮਾਨ ਤੇ ਮਸ਼ੀਨਾਂ ਦੀ ਖਰੀਦ ਨੂੰ ਹੱਲਾਸ਼ੇਰੀ ਦਿੰਦੀ ਜਾਂਦੀ ਹੈ, ਤਿਵੇਂ ਤਿਵੇਂ ਕਿਸਾਨ ਹੋਰ ਕਰਜ਼ ਜਾਲ ਵਿਚ ਫਸਦੇ ਜਾਂਦੇ ਹਨ ਜਦਕਿ ਮਸ਼ੀਨਰੀ ਨਿਰਮਾਣਕਾਰ ਹੱਥ ਰੰਗ ਰਹੇ ਹਨ।

ਅਕਸਰ ਅਜਿਹੀ ਕਿਸੇ ਤਕਨੀਕ ਦੀ ਕੋਈ ਗੱਲ ਨਹੀਂ ਕੀਤੀ ਜਾਂਦੀ ਜਿਸ ਲਈ ਕਿਸੇ ਸੰਦ ਜਾਂ ਮਸ਼ੀਨ ਵੇਚਣ ਦੀ ਲੋੜ ਨਹੀਂ ਹੁੰਦੀ। ਇੱਥੇ ਸਵਾਲ ਤਕਨਾਲੋਜੀ ਦੀ ਮੁਖ਼ਾਲਫ਼ਤ ਦਾ ਨਹੀਂ ਸਗੋਂ ਸਵਾਲ ਇਹ ਹੈ ਕਿ ਕਿਉਂ ਕੁਝ ਕੁ ਬ੍ਰਾਂਡਿਡ ਤਕਨਾਲੋਜੀ ਕਾਢਾਂ ਦੀ ਹੀ ਤਰਫ਼ਦਾਰੀ ਕੀਤੀ ਜਾਂਦੀ ਹੈ। 'ਨਿਦਾਨ' ਮਾਡਲ ਜਿਹੀ ਸਰਲ ਤੇ ਕਾਰਗਰ ਤਕਨਾਲੋਜੀ ਜਿਸ ਨੂੰ ਨਰਮੇ 'ਤੇ ਕੀਟਾਂ ਦੀ ਰੋਕਥਾਮ ਲਈ ਸੁਰਿੰਦਰ ਦਲਾਲ ਨੇ ਨਿਖਾਰਿਆ ਸੀ, ਬਾਰੇ ਬਹੁਤ ਘੱਟ ਕਿਸਾਨ ਜਾਣਦੇ ਹਨ ਜਿਸ ਦਾ ਸਾਦਾ ਜਿਹਾ ਕਾਰਨ ਇਹ ਹੈ ਕਿ ਇਸ ਲਈ ਬਹੁਤੀ ਮਸ਼ੀਨਰੀ ਦੀ ਲੋੜ ਹੀ ਨਹੀਂ ਪੈਂਦੀ। ਝੋਨੇ ਦੀ ਸਿੱਧੀ ਬਿਜਾਈ (ਐੱਸ.ਆਰ.ਆਈ.) ਇਸ ਦੀ ਇਕ ਹੋਰ ਮਿਸਾਲ ਹੈ; ਤੇ ਇਹ ਸੂਚੀ ਬਹੁਤ ਲੰਮੀ ਹੋ ਸਕਦੀ ਹੈ।

ਬਿਨਾਂ ਸ਼ੱਕ ਮਸ਼ੀਨੀਕਰਨ ਦੀ ਲੋੜ ਹੈ ਪਰ ਆਧੁਨਿਕੀਕਰਨ ਕਰਦਿਆਂ ਸਾਨੂੰ ਇਹ ਯਕੀਨੀ ਬਣਾਉਣ ਦੀ ਲੋੜ ਹੈ ਕਿ ਪੰਜਾਬ ਮਸ਼ੀਨਾਂ ਦਾ ਕਬਾੜਖ਼ਾਨਾ ਨਾ ਬਣ ਜਾਵੇ। ਉਸ ਕਿਸਮ ਦੀਆਂ ਹੰਢਣਸਾਰ ਤਕਨਾਲੋਜੀਆਂ ਅਪਣਾਉਣ ਲਈ ਮਨੋਦਸ਼ਾ ਬਣਾਉਣੀ ਪਵੇਗੀ ਜਿਨ੍ਹਾਂ ਵਾਸਤੇ ਬਾਹਰੀ ਸਮੱਗਰੀ ਅਤੇ ਮਸ਼ੀਨਾਂ ਦੀ ਬਹੁਤ ਘੱਟ ਲੋੜ ਪੈਂਦੀ ਹੈ।

# ਪੰਜਾਬ ਦੀਆਂ ਖੇਤੀ ਤਰਜੀਹਾਂ

ਗੁਰਦੀਪ ਸਿੰਘ ਢੁੱਡੀ
ਫੋਨ: +91-95010-20731

ਪਿਛਲੀ ਸਦੀ ਦੇ ਛੇਵੇਂ ਸੱਤਵੇਂ ਦਹਾਕੇ ਵਿਚ ਭਾਰਤ ਦੀਆਂ ਖਾਧ ਲੋੜਾਂ ਦੀ ਪੂਰਤੀ ਵਾਸਤੇ ਖੇਤੀ ਵਿਗਿਆਨੀਆਂ ਨੇ ਨਵੇਂ ਬੀਜ ਖੋਜੇ। ਮਨੁੱਖਾਂ ਦੁਆਰਾ ਕੀਤੇ ਜਾਣ ਵਾਲੇ ਕੰਮਾਂ ਵਿਚ ਮਸ਼ੀਨਰੀ ਨੂੰ ਅਹਿਮ ਸਥਾਨ 'ਤੇ ਲਿਆਂਦਾ ਗਿਆ। ਕੀਟਾਂ ਨਾਲ ਫ਼ਸਲਾਂ ਦੇ ਹੋਣ ਵਾਲੇ ਨੁਕਸਾਨ ਤੋਂ ਬਚਾਓ ਵਾਸਤੇ ਕੀਟਨਾਸ਼ਕਾਂ ਬਣਾਏ, ਫ਼ਸਲਾਂ ਵਿਚ ਨਦੀਨਾਂ/ਉੱਲੀਆਂ ਦਾ ਵਾਧਾ ਰੋਕਣ ਵਾਸਤੇ ਨਦੀਨਨਾਸ਼ਕ/ਉੱਲੀਨਾਸ਼ਕ ਬਣਾਏ। ਫ਼ਲਸਰੂਪ ਮੁਲਕ ਦੇ ਕਿਸਾਨਾਂ, ਵਿਸ਼ੇਸ਼ ਕਰ ਪੰਜਾਬ ਦੇ ਕਿਸਾਨਾਂ ਨੇ ਕੁਝ ਹੀ ਸਾਲਾਂ ਵਿਚ ਫ਼ਸਲਾਂ ਦੇ ਝਾੜ ਵਿਚ ਵਾਹਵਾ ਵਾਧਾ ਕਰ ਕੇ ਮੁਲਕ ਨੂੰ ਅੰਨ ਸੰਕਟ ਵਿਚੋਂ ਕੱਢਿਆ। ਇੱਥੇ ਹੀ ਇੱਕ ਹੋਰ ਵੱਡੀ ਤਬਦੀਲੀ ਆਈ, ਖੇਤੀ ਮਸ਼ੀਨਰੀ ਅਤੇ ਹੋਰ ਸਾਧਨਾਂ ਸਦਕਾ ਕਿਸਾਨ ਦਾ ਹੱਥੀਂ ਕੀਤਾ ਜਾਣ ਵਾਲਾ ਕੰਮ ਘਟਦਾ ਗਿਆ। ਇਸ ਦਾ ਦੂਜਾ ਪੱਖ ਇਹ ਸਾਹਮਣੇ ਆਇਆ ਕਿ ਖੇਤੀ ਪੈਦਾਵਾਰ ਦੀ ਲਾਗਤ ਵਧਦੀ ਗਈ, ਸਿੱਟੇ ਵਜੋਂ ਕਿਸਾਨ ਸਿਰ ਕਰਜ਼ਾ ਨਾ ਲੱਥਣ ਦੀ ਹਾਲਤ ਵੱਲ ਵਧਦਾ ਗਿਆ। ਇਸ ਤੋਂ ਅਗਲਾ ਪੱਖ ਇਹ ਦੇਖਣ ਵਿਚ ਆਇਆ ਕਿ ਰਸਾਇਣਕ ਖ਼ਾਦਾਂ ਦੀ ਵਰਤੋਂ ਸੌਖੀ ਸੀ, ਕਿਸਾਨਾਂ ਨੇ ਰੂੜੀ ਦੀ ਥਾਂ ਰਸਾਇਣਕ ਖਾਦਾਂ ਦੀ ਵਰਤੋਂ ਵਧਾ ਦਿੱਤੀ। ਇਸ ਕਰ ਕੇ ਜ਼ਮੀਨ ਦੀ ਉਪਜਾਊ ਸ਼ਕਤੀ ਘਟ ਗਈ। ਕਿਸਾਨ ਨੇ ਇਸ ਵਿਚ ਸੁਧਾਰ ਕਰਨ ਵਾਸਤੇ ਖੇਤੀ ਟੈਕਨੋਕਰੇਟਸ ਦੀ ਸਲਾਹ ਦੇ ਉਲਟ ਰਸਾਇਕਣ ਖਾਦਾਂ, ਕੀਟਨਾਸ਼ਕਾਂ, ਨਦੀਨਨਾਸ਼ਕਾਂ ਆਦਿ ਦੀ ਵਰਤੋਂ ਇੰਨੀ ਜ਼ਿਆਦਾ ਸ਼ੁਰੂ ਕਰ ਦਿੱਤੀ ਕਿ ਉਸ ਦੀ ਜ਼ਮੀਨ ਦੇ ਨਾਲ ਨਾਲ ਵਾਤਾਵਰਨ ਵੀ ਪਲੀਤ ਹੋਣਾ ਸ਼ੁਰੂ ਹੋ ਗਿਆ।

ਪੰਜਾਬ ਵਿਚ ਧਰਤੀ ਹੇਠਲਾ ਪਾਣੀ ਵੱਡੀ ਮਾਤਰਾ ਵਿਚ ਕੱਢਿਆ ਜਾਣ ਲੱਗਿਆ। ਹੁਣ ਮਾਹਿਰ ਧਰਤੀ ਹੇਠਲਾ ਪਾਣੀ ਬਹੁਤ ਜ਼ਿਆਦਾ ਘਟਣ ਦੀਆਂ ਚਿਤਾਵਨੀਆਂ ਦੇ ਰਹੇ ਹਨ ਪਰ ਕਿਸਾਨ ਹੋਰ ਜ਼ਿਆਦਾ ਖ਼ਰਚਾ ਕਰ ਕੇ ਆਪਣੇ ਖੇਤ ਵਿਚਲੇ ਟਿਊਬਵੈੱਲ ਡੂੰਘੇ ਕਰ ਕੇ ਪਾਣੀ ਕੱਢ ਰਹੇ ਹਨ। ਝੋਨੇ ਦੀਆਂ ਕਿਸਮਾਂ ਵਿਚੋਂ ਜ਼ਿਆਦਾ ਝਾੜ ਦੇਣ ਵਾਲੀਆਂ ਕਿਸਮਾਂ ਦੀ ਕਾਸ਼ਤ ਕਰ ਕੇ ਇਸ ਦੀ ਪਰਾਲ਼ੀ ਨੂੰ ਸੰਭਾਲਣ ਵਾਸਤੇ ਖੇਤਾਂ ਵਿਚ ਅੱਗ ਲਾਈ ਜਾਣ ਲੱਗੀ। ਇਸ ਨਾਲ ਜਿੱਥੇ ਜ਼ਮੀਨ ਦੀ ਉੱਪਰਲੀ ਤਹਿ ਸੜਦੀ ਹੈ, ਉੱਥੇ ਜੀਵ ਜੰਤੂਆਂ ਅਤੇ ਦਰਖ਼ਤਾਂ ਦਾ ਘਾਣ ਹੁੰਦਾ ਹੈ।

ਪੰਜਾਬ ਦੀਆਂ ਵੱਖ ਵੱਖ ਸਰਕਾਰਾਂ ਨੇ ਸਰਕਾਰੀ ਤੰਤਰ ਵਿਚੋਂ ਖ਼ਰਚਾ ਘਟਾਉਣ ਵਾਸਤੇ ਸਰਕਾਰੀ ਅਦਾਰਿਆਂ ਦਾ ਬੁਰਾ ਹਾਲ ਕਰ ਦਿੱਤਾ। ਖੇਤੀ ਟੈਕਨੋਕਰੇਟਸ ਦੀ ਭਰਤੀ ਦੀ ਥਾਂ ਡੰਗ ਟਪਾਈ ਕੀਤੀ ਜਾਣ ਲੱਗੀ। ਇਹ ਗੱਲ ਖੇਤੀਬਾੜੀ ਵਿਭਾਗ ਅਤੇ ਖੇਤੀਬਾੜੀ ਯੂਨੀਵਰਸਿਟੀ 'ਤੇ ਲਾਗੂ ਹੁੰਦੀ ਹੈ। ਖੇਤੀ ਵਿਕਾਸ ਅਫਸਰ ਦੀਆਂ ਅਸਾਮੀਆਂ ਖਾਲੀ ਹਨ ਅਤੇ ਖੇਤੀਬਾੜੀ ਯੂਨੀਵਰਸਿਟੀ ਵਿਚ ਖੋਜ ਕਾਰਜ ਸਿਮਟੇ ਹੋਇਆਂ ਵਰਗੇ ਹਨ। ਫਲਸਰੂਪ ਹੁਣ ਖੇਤੀ ਨਾਲ ਸਬੰਧਿਤ ਮਹਿਕਮਾ ਅਤੇ ਖੇਤੀਬਾੜੀ ਯੂਨੀਵਰਸਿਟੀ ਕਿਸਾਨਾਂ ਨੂੰ ਅਗਵਾਈ ਲੀਹਾਂ ਕਿਤਾਬਾਂ, ਰਸਾਲਿਆਂ ਅਤੇ ਅਖ਼ਬਾਰਾਂ ਤੱਕ ਸਿਮਟ ਕੇ ਦੇ ਰਹੇ ਹਨ। ਕਿਸਾਨਾਂ ਦੀ 'ਅਗਵਾਈ' ਆੜ੍ਹਤੀਏ ਅਤੇ ਦੁਕਾਨਦਾਰ ਕਰਨ ਲੱਗੇ। ਦੇਖਣ ਵਿਚ ਆਉਂਦਾ ਹੈ ਕਿ ਕਿਸਾਨ, ਆੜ੍ਹਤੀਏ/ਦੁਕਾਨਦਾਰ ਕੋਲ ਆ ਕੇ ਆਪਣੀ ਫ਼ਸਲ ਦੀ ਬਿਮਾਰੀ ਦੱਸਦਾ ਹੈ ਅਤੇ ਦੁਕਾਨਦਾਰ ਅਜਿਹੀਆਂ ਦਵਾਈਆਂ ਵਰਤਣ ਦੀ ਸਲਾਹ ਦਿੰਦਾ ਹੈ ਜਿਸ ਵਿਚ ਉਸ ਦਾ ਮੁਨਾਫ਼ਾ ਵਧੇਰੇ ਹੁੰਦਾ ਹੈ, ਭਾਵੇਂ ਇਸ ਵਿਚ ਕਿਸਾਨ ਦਾ ਆਰਥਿਕ ਨੁਕਸਾਨ ਹੀ ਹੋ ਜਾਵੇ।

ਹਾਕਮ ਅਤੇ ਸੱਤਾ ਤੋਂ ਬਾਹਰਲੀਆਂ ਧਿਰਾਂ ਮਿੱਟੀ, ਹਵਾ, ਪਾਣੀ ਪਲੀਤ ਹੋਣ ਵੱਲ ਧਿਆਨ ਦੇਣ ਦੀ ਥਾਂ ਵੋਟ ਬੈਂਕ ਦਾ ਧਿਆਨ ਵਧੇਰੇ ਰੱਖਦੀਆਂ ਹਨ। ਕਿਸਾਨੀ ਬਾਰੇ ਫ਼ੈਸਲੇ ਸਿਆਸੀ ਨਫ਼ਾ-ਨੁਕਸਾਨ ਧਿਆਨ ਵਿਚ ਰੱਖ ਕੇ ਕੀਤੇ ਜਾਂਦੇ ਹਨ। ਫ਼ਲਸਰੂਪ ਮਿੱਟੀ ਦੀ ਉਪਜਾਊ ਸ਼ਕਤੀ ਘਟਦੀ ਹੈ ਅਤੇ ਆਬੋ-ਹਵਾ ਪਲੀਤ ਹੁੰਦੇ ਹਨ।

ਕਹਿਣ ਨੂੰ 23 ਫ਼ਸਲਾਂ ਦਾ ਘੱਟੋ-ਘੱਟ ਸਮਰਥਨ ਮੁੱਲ ਐਲਾਨਿਆ ਜਾਂਦਾ ਹੈ ਪਰ ਹਕੀਕਤ ਵਿਚ ਕਣਕ ਅਤੇ ਝੋਨਾ ਹੀ ਇਸ ਮੁੱਲ 'ਤੇ ਖ਼ਰੀਦਿਆ ਜਾਂਦਾ ਹੈ, ਉਹ ਵੀ ਕੁਝ ਸੂਬਿਆਂ ਵਿਚ। ਇਸ ਦਾ ਨਤੀਜਾ ਇਹ ਹੋਇਆ ਕਿ ਕਿਸਾਨ ਕੇਵਲ ਦੋ ਫ਼ਸਲਾਂ ਹੀ ਪੈਦਾ ਕਰਦਾ ਹੈ। ਤੁਰੰਤ ਨਕਦੀ ਦੇਣ ਵਾਲੀਆਂ ਫ਼ਸਲਾਂ ਵਿਚੋਂ ਹਾਲਾਂਕਿ ਵਧੇਰੇ ਆਮਦਨੀ ਹੋ ਸਕਦੀ ਹੈ ਪਰ ਇਸ ਦੀ ਵਿਕਰੀ ਨੂੰ ਵਪਾਰੀ ਵਰਗ ਦੀ ਮਰਜ਼ੀ 'ਤੇ ਛੱਡਣ ਸਦਕਾ ਕਿਸਾਨਾਂ ਨੂੰ ਇਨ੍ਹਾਂ ਫ਼ਸਲਾਂ ਦਾ ਪੂਰਾ ਮੁੱਲ ਵੀ ਨਹੀਂ ਮਿਲਦਾ। ਪੰਜਾਬ ਸਰਕਾਰ ਨੇ ਇਸ ਵਾਰੀ ਮੂੰਗੀ ਦੀ ਫ਼ਸਲ ਨੂੰ ਐੱਮ.ਐੱਸ.ਪੀ. 'ਤੇ ਖ਼ਰੀਦਣ ਦਾ ਐਲਾਨ ਕੀਤਾ ਹੈ ਅਤੇ ਕਿਸਾਨਾਂ ਨੇ ਵੱਡੇ ਰਕਬੇ ਵਿਚ ਇਹ ਫ਼ਸਲ ਬੀਜੀ ਹੈ। ਕਪਾਹ ਖ਼ਰੀਦਣ ਵਾਸਤੇ ਵੀ ਸਰਕਾਰੀ ਵਿਭਾਗ ਮੰਡੀ ਵਿਚ ਆਉਂਦਾ ਹੈ ਪਰ ਦੇਖਣ ਵਿਚ ਆਉਂਦਾ ਹੈ ਕਿ ਇਹ ਮਹਿਕਮਾ ਆਮ ਤੌਰ ਅੱਧਾ ਸੀਜ਼ਨ ਲੰਘਣ ਤੋਂ ਬਾਅਦ ਹੀ ਆਉਂਦਾ ਹੈ। ਇਸੇ ਕਰ ਕੇ ਇਸ ਫ਼ਸਲ ਦੀ ਖ਼ਰੀਦ ਵਪਾਰੀ ਕਰਦੇ ਹਨ ਅਤੇ ਇਸ ਦਾ ਵੀ ਪੂਰਾ ਮੁੱਲ ਨਹੀਂ ਮਿਲਦਾ। ਪੰਜਾਬ ਦੀਆਂ ਦੂਜੀਆਂ ਰਵਾਇਤੀ ਫ਼ਸਲਾਂ (ਬਾਜਰਾ, ਮੱਕੀ, ਛੋਲੇ ਆਦਿ) ਇਸੇ ਕਰ ਕੇ ਹੀ ਪੰਜਾਬ ਦੇ ਖੇਤਾਂ ਵਿਚੋਂ ਲੋਪ ਹੋ ਗਈਆਂ ਹਨ। ਇਨ੍ਹਾਂ ਦੇ ਬੀਜਾਂ ਦੀ ਖਰੀਦ ਸਮੇਂ ਵੀ ਆਮ ਤੌਰ 'ਤੇ ਕਿਸਾਨ ਦੀ ਲੁੱਟ ਹੁੰਦੀ ਹੈ। ਸਰਕਾਰ ਦੀ ਕਿਸਾਨ ਨੂੰ ਠੀਕ ਅਗਵਾਈ ਨਾ ਮਿਲਣਾ ਵੀ ਇਨ੍ਹਾਂ ਫ਼ਸਲਾਂ ਦੇ ਲੋਪ ਹੋਣ ਦਾ ਇਕ ਕਾਰਨ ਹੈ।

ਖੇਤੀਬਾੜੀ ਵਿਚ ਸਭ ਤੋਂ ਵਧੇਰੇ ਦੋ ਵਿਭਾਗ ਸਹਾਈ ਹੋ ਸਕਦੇ ਹਨ। ਪਹਿਲਾ, ਖੇਤੀਬਾੜੀ ਵਿਭਾਗ ਅਤੇ ਦੂਜਾ ਸਹਿਕਾਰੀ ਵਿਭਾਗ। ਇਨ੍ਹਾਂ ਵਿਭਾਗਾਂ ਰਾਹੀਂ ਕਿਸਾਨਾਂ ਨੂੰ ਖਾਦਾਂ, ਸਪਰੇਆਂ ਅਤੇ ਸੰਦ ਦਿੱਤੇ ਜਾਣ ਤਾਂ ਬਾਜ਼ਾਰ ਦੀ ਲੁੱਟ ਕਿਸੇ ਹੱਦ ਤਕ ਘਟ ਸਕਦੀ ਹੈ। ਖੇਤੀਬਾੜੀ ਵਿਭਾਗ ਦੇ ਅਫਸਰ ਆਮ ਤੌਰ 'ਤੇ ਦਫ਼ਤਰਾਂ ਦੀਆਂ ਕੁਰਸੀਆਂ ਤੱਕ ਸਿਮਟੇ ਰਹਿੰਦੇ ਹਨ। ਸਹਿਕਾਰੀ ਵਿਭਾਗ ਨੂੰ ਓਨਾ ਚੁਸਤ ਨਹੀਂ ਕੀਤਾ ਗਿਆ। ਸਹਿਕਾਰੀ ਸਭਾਵਾਂ, ਸਹਿਕਾਰੀ ਬੈਂਕ ਪੰਜਾਬ ਸਰਕਾਰ ਦੇ ਅਦਾਰੇ ਹਨ ਅਤੇ ਇਨ੍ਹਾਂ ਵਿਚ ਓਨਾ ਕੰਮ ਨਹੀਂ ਹੁੰਦਾ ਹੈ ਜਿੰਨਾ ਹੋਣਾ ਚਾਹੀਦਾ ਹੈ। ਸਹਿਕਾਰੀ ਖੇਤੀ ਅਜਿਹਾ ਮਾਡਲ ਹੈ ਜਿਹੜਾ ਹਰੀ ਕ੍ਰਾਂਤੀ ਤੋਂ ਵੀ ਪਹਿਲਾਂ ਵੀ ਸੀ ਪਰ ਇੱਥੇ ਸਰਕਾਰੀ ਅਣਗਹਿਲੀ ਨੇ ਇਸ ਨੂੰ ਸਫ਼ਲਤਾਪੂਰਬਕ ਕੰਮ ਹੀ ਨਹੀਂ ਕਰਨ ਦਿੱਤਾ ਹੈ। ਕਿਸਾਨ ਦੀ ਆਰਥਿਕ ਤੰਗੀ ਦਾ ਵੱਡਾ ਕਾਰਨ ਉਸ ਕੋਲ ਵਧੇਰੇ ਸੰਦ ਹੋਣਾ ਵੀ ਹੈ। ਦੋ-ਢਾਈ ਏਕੜ ਵਾਲਾ ਕਿਸਾਨ ਵੀ ਸਾਧਾਰਨ ਸੰਦ ਤੋਂ ਲੈ ਕੇ ਵੱਡੇ ਟਰੈਕਟਰ ਤੱਕ ਰੱਖਣ ਵਿਚ ਆਪਣੀ ਸ਼ਾਨ ਸਮਝਦਾ ਹੈ। ਖੇਤੀ ਨਾਲ ਸਬੰਧਤ ਸੰਦਾਂ ਨੂੰ ਜੇ ਸਾਧਾਰਨ ਮੁਰੰਮਤ ਵਾਲੇ ਕਿਰਾਏ 'ਤੇ ਸਹਿਕਾਰੀ ਸਭਾਵਾਂ ਉਪਲਬਧ ਕਰਵਾਉਣ ਤਾਂ ਕਿਸਾਨਾਂ ਸਿਰ ਕਰਜ਼ੇ ਦੀ ਪੰਡ ਜ਼ਿਆਦਾ ਬੋਝ ਵਾਲੀ ਨਾ ਬਣੇ। ਇਸੇ ਤਰ੍ਹਾਂ ਰੇਹਾਂ, ਸਪਰੇਆਂ ਆਦਿ ਜੇ ਖੇਤੀਬਾੜੀ ਵਿਭਾਗ ਅਤੇ ਸਹਿਕਾਰੀ ਸਭਾਵਾਂ 'ਚੋਂ ਠੀਕ ਲਾਗਤ ਮੁੱਲ 'ਤੇ ਅਤੇ ਕੇਵਲ ਲੋੜ ਅਨੁਸਾਰ ਵਰਤਣ ਦੀ ਸਲਾਹ ਮਿਲੇ ਤਾਂ ਕਿਸਾਨ ਦਾ ਖੇਤੀ ਤੇ ਲਾਗਤ ਖ਼ਰਚਾ ਕੁਝ ਘਟਾਇਆ ਜਾ ਸਕਦਾ ਹੈ ਪਰ ਇਹ ਵਸਤੂਆਂ ਆਮ ਤੌਰ 'ਤੇ ਕਿਸਾਨ ਬਾਜ਼ਾਰ ਵਿਚੋਂ ਖ਼ਰੀਦਦਾ ਹੈ। ਇੱਥੇ ਉਸ ਨੂੰ ਕੀਮਤ ਵੀ ਵਧੇਰੇ ਤਾਰਨੀ ਪੈਂਦੀ ਹੈ ਅਤੇ ਖ਼ਰੀਦਣੀ ਵੀ ਲੋੜ ਨਾਲੋਂ ਵਧੇਰੇ ਪੈਂਦੀ ਹੈ।

ਜੇ ਸਰਕਾਰ ਸਚਮੁੱਚ ਹੀ ਖੇਤੀ ਨੂੰ ਸਹੀ ਲੀਹਾਂ 'ਤੇ ਲਿਆਉਣਾ ਚਾਹੁੰਦੀ ਹੈ ਅਤੇ ਕਿਸਾਨ ਦੀ ਦਸ਼ਾ ਸੁਧਾਰਨੀ ਚਾਹੁੰਦੀ ਹੈ ਤਾਂ ਪਹਿਲੀ ਤੇ ਅਖ਼ੀਰਲੀ ਲੋੜ ਖੇਤੀ ਦੀਆਂ ਅਗਵਾਈ ਲੀਹਾਂ ਨੂੰ ਰਸਤੇ 'ਤੇ ਲਿਆਉਣ ਦੀ ਹੈ। ਸਰਕਾਰੀ ਕੰਮ-ਕਾਜ ਨੂੰ ਚੁਸਤ ਕਰਨਾ ਉਂਜ ਤਾਂ ਜ਼ਿੰਦਗੀ ਦੇ ਹਰ ਸ਼ੋਅਬੇ ਵਾਸਤੇ ਜ਼ਰੂਰੀ ਹੈ ਪਰ ਕਿਉਂਕਿ ਪੰਜਾਬ ਦੀ ਖੇਤੀ ਇਸ ਦੀ ਆਰਥਿਕਤਾ ਦੀ ਰੀੜ੍ਹ ਦੀ ਹੱਡੀ ਹੈ, ਇਸ ਲਈ ਇਸ ਨੂੰ ਬਚਾਉਣ ਵਾਸਤੇ ਸਰਕਾਰ ਨੂੰ ਇਸ ਪਾਸੇ ਵਧੇਰੇ ਧਿਆਨ ਦੇਣ ਦੀ ਲੋੜ ਹੈ। ਖੇਤੀ ਨਾਲ ਪੰਜਾਬ ਦੀ ਸਰੀਰਕ ਸਿਹਤ ਦੇ ਇਲਾਵਾ ਮਾਨਸਿਕ ਸਿਹਤ ਵੀ ਜੁੜੀ ਹੋਈ ਹੈ; ਇਸ ਲਈ ਇਹ ਗੱਲ ਹੋਰ ਵੀ ਜ਼ਰੂਰੀ ਹੈ ਕਿ ਖੇਤੀ ਨੂੰ ਬਚਾਉਣ ਲਈ ਸਹੀ ਅਗਵਾਈ ਲੀਹਾਂ ਲਿਆਂਦੀਆਂ ਜਾਣ। ਗੀਤਾਂ ਅਤੇ ਫਿਲਮਾਂ ਨੇ ਖੇਤੀ ਸੱਭਿਆਚਾਰ ਵਿਚ ਕੁਝ ਵਧੇਰੇ ਹੀ ਵਿਗਾੜ ਪੈਦਾ ਕੀਤਾ ਹੋਇਆ ਹੈ। ਇਸ ਲਈ ਇੱਥੇ ਵੀ ਹਕੀਕਤ ਸਾਹਮਣੇ ਲਿਆਉਣੀ ਚਾਹੀਦੀ ਹੈ।

# 'ਖ਼ਜ਼ਾਨੇ ਦਾ ਭੇਤ' ਬਾਲ-ਨਾਵਲ ਬਹਾਨੇ...

ਬਾਲ-ਸਾਹਿਤ ਪੜ੍ਹਨ ਦਾ ਸ਼ੌਕ ਮੈਨੂੰ ਬਚਪਨ ਤੋਂ ਹੀ ਸੀ। ਮੈਂ ਐਮ. ਏ. ਕਰਨ ਤੱਕ 'ਚੰਦਾ ਮਾਮਾ' ਪੜ੍ਹਦਾ ਰਿਹਾ।

ਜਦੋਂ ਮੈਂ ਸਕੂਲ ਪੜ੍ਹਦਿਆਂ ਬਾਲ-ਕਹਾਣੀਆਂ ਪੜ੍ਹਦਾ ਤਾਂ ਮੈਨੂੰ ਲੱਗਦਾ, ਲਿਖਣ ਵਾਲਾ ਏਥੇ ਕਾਹਲੀ ਕਰ ਗਿਆ ਹੈ, ਅਜੇ ਹੋਰ ਵਿਸਤਾਰ ਚਾਹੀਦਾ ਸੀ। ਏਥੇ ਲੇਖਕ ਨੇ ਐਵੇਂ ਹੀ ਵਿਸਤਾਰ ਦੇ ਦਿੱਤਾ ਹੈ, ਇਸ ਬਿਨਾਂ ਵੀ ਸਰ ਸਕਦਾ ਸੀ।

ਜਾਸੂਸੀ ਨਾਵਲ ਪੜ੍ਹਨ ਦੀ ਲਤ ਮੈਨੂੰ ਭਜਨ ਸਿੰਘ ਦੇ ਨਾਵਲ 'ਸੂਹੀਆ' ਤੋਂ ਲੱਗੀ। ਇਹ ਨਾਵਲ ਮੈਂ ਨੌਵੀਂ-ਦਸਵੀਂ 'ਚ ਪੜ੍ਹਿਆ ਸੀ। ਸਾਡੀ ਵਾਰੀ ਦਸਵੀਂ 'ਚ 'ਤੂਤਾਂ ਵਾਲਾ ਖੂਹ' ਲੱਗ ਚੁੱਕਾ ਸੀ।



ਕਰਨਲ ਰਣਜੀਤ ਦੇ ਹਿੰਦੀ ਨਾਵਲ ਮੈਂ ਬਹੁਤ ਪੜ੍ਹੇ। ਪੰਜਾਬੀ ਵਿਚ ਵੀ ਉਸ ਦਾ 'ਚਿੜੀਏ ਦਾ ਗੋਲਾ' ਤੇ 'ਭਿਅੰਕਰ ਮੂਰਤੀ' ਅਤੇ ਨਾਨਕ ਸਿੰਘ ਦੁਆਰਾ

**ਸੁਰਿੰਦਰ ਸੋਹਲ**

ਅਨੁਵਾਦਿਤ ਨਾਵਲ 'ਫ਼ਰਾਂਸ ਦਾ ਡਾਕੂ' ਅਜੇ ਤੱਕ ਵੀ ਮੇਰੇ ਚੇਤਿਆਂ 'ਚੋਂ ਨਹੀਂ ਨਿਕਲ਼ੇ।

1992 ਦੇ ਨੇੜੇ-ਤੇੜੇ ਮੇਰੇ ਮਨ 'ਚ ਬਾਲ-ਨਾਵਲ ਤੇ ਕਹਾਣੀਆਂ ਲਿਖਣ ਦਾ ਮਨ ਬਣਿਆ। ਮੇਰੇ ਸਾਢੇ ਸਤਾਰਾਂ ਸਾਲਾਂ ਦੀ ਉਮਰ 'ਚ ਛਪੇ 'ਬਦਨਾਮ' ਨਾਵਲ ਕਰਕੇ ਅਮਿਤ ਪਾਕੇਟ ਬੁਕਸ ਵਾਲ਼ੇ ਨਾਲ ਚੰਗੀ ਸਾਂਝ ਬਣ ਚੁੱਕੀ ਸੀ। ਮੈਂ ਉਸ ਨੂੰ ਬਾਲ-ਸਾਹਿਤ ਦਾ ਆਈਡੀਆ ਦੱਸਿਆ ਤਾਂ ਉਸ ਨੇ ਕਿਹਾ, ''ਤੂੰ ਪੱਚੀ ਕਿਤਾਬਾਂ ਲਿਖ। ਛੱਬੀਵੀਂ ਕਿਤਾਬ 'ਤੇ ਮੈਂ ਤੈਨੂੰ ਰਾਇਲਟੀ ਦਿਆਂਗਾ। ਪਹਿਲਾਂ ਚਾਰ ਕਿਤਾਬਾਂ ਲਿਖ ਕੇ ਲਿਆ। ਚਾਰ ਟਾਈਟਲ ਇਕੱਠੇ ਛਾਪਾਂਗੇ।''

ਮੈਂ ਤਿੰਨ ਬਾਲ-ਨਾਵਲ 'ਬਹਾਦਰ ਬਾਂਦਰ ਦੇ ਕਾਰਨਾਮੇ', 'ਆਦਮਖ਼ੋਰ ਜਿੰਨ', ਧੋਖੇਬਾਜ਼ ਫ਼ਕੀਰ' ਅਤੇ ਇਕ ਬਾਲ-ਜਾਸੂਸੀ ਕਹਾਣੀਆਂ ਦੀ ਕਿਤਾਬ 'ਜਾਸੂਸ ਲੂੰਬੜੀ' ਲਿਖ ਕੇ ਲੈ ਗਿਆ।

ਅਮਿਤ ਨੇ ਪਹਿਲਾਂ ਉਹ ਖਰੜੇ ਆਪਣੇ ਬੱਚਿਆਂ ਨੂੰ ਪੜ੍ਹਾਏ ਤੇ ਫਿਰ ਛਾਪਣ ਲਈ ਰਾਜ਼ੀ ਹੋ ਗਿਆ।

ਸੁਖਵੰਤ ਚਿੱਤਰਕਾਰ ਨੇ ਬਹੁਤ ਖ਼ੂਬਸੂਰਤ ਟਾਈਟਲ ਬਣਾਏ।

ਚਾਰੇ ਟਾਈਟਲ ਛਪ ਗਏ। ਪਰ ਟਾਈਟਲ 'ਤੇ ਮੇਰਾ ਨਾਂ ਨਹੀਂ ਸੀ। ਸਿਰਫ਼ ਕਿਤਾਬ ਦੇ ਅੰਦਰ ਹੀ ਨਾਮ ਦੇਣ ਦਾ ਵਿਚਾਰ ਸੀ। ਇਨ੍ਹਾਂ 'ਚੋਂ ਦੋ ਕਿਤਾਬਾਂ 'ਬਹਾਦਰ ਬਾਂਦਰ ਦੇ ਕਾਰਨਾਮੇ' ਤੇ 'ਜਾਸੂਸ ਲੂੰਬੜੀ' ਛਪ ਗਈਆਂ। ਅੰਦਰ ਲੇਖਕ ਦਾ ਨਾਮ ਸਿਰਫ਼ 'ਸੋਹਲ' ਹੀ ਸੀ। ਕੁਝ ਦਿਨਾਂ ਬਾਦ ਮੈਂ ਮਹਿਸੂਸ ਕੀਤਾ ਕਿ ਦੂਜੀਆਂ ਕਿਤਾਬਾਂ 'ਤੇ ਹੋਰ ਮਿਹਨਤ ਕਰਨ ਦੀ ਲੋੜ ਸੀ। 'ਆਦਮਖ਼ੋਰ ਜਿੰਨ' ਤੇ 'ਧੋਖੇਬਾਜ਼ ਫ਼ਕੀਰ' ਦੇ ਖਰੜੇ ਮੈਂ ਅਮਿਤ ਤੋਂ ਵਾਪਿਸ ਲੈ ਆਇਆ। ਜਦੋਂ ਕੁਝ ਮਹੀਨੇ ਮੈਂ ਵਾਪਸ ਨਾ ਗਿਆ ਤਾਂ ਅਮਿਤ ਨੇ ਇਨ੍ਹਾਂ ਦੋਨਾਂ ਨੂੰ ਕਿਸੇ ਹੋਰ ਤੋਂ ਕਿਤਾਬਾਂ ਲਿਖਾ ਕੇ ਉਹ ਟਾਈਟਲ ਵਰਤ ਲਏ।

ਮੈਨੂੰ ਖ਼ੁਸ਼ੀ ਇਸ ਗੱਲ ਦੀ ਹੋਈ ਕਿ ਮੇਰੀਆਂ ਦੋਵੇਂ ਕਿਤਾਬਾਂ ਵੱਡੀ ਗਿਣਤੀ 'ਚ ਛਪੀਆਂ। ਉਹ ਹਰ ਬੱਸ-ਅੱਡੇ ਦੇ ਸਟਾਲ ਤੋਂ ਉਪਲਬਧ ਹੁੰਦੀਆਂ। ਬੱਸਾਂ 'ਚ ਦੇਸੀ ਨੁਸਖ਼ਿਆਂ ਤੇ ਚੁਟਕਲਿਆਂ ਦੀਆਂ ਕਿਤਾਬਾਂ ਵੇਚਣ ਵਾਲ਼ੇ ਵੀ ਉਹ ਕਿਤਾਬਾਂ ਵੇਚਦੇ ਦੇਖੇ ਗਏ।

ਜਦੋਂ ਮੈਂ ਅਮਰੀਕਾ ਆ ਗਿਆ ਤਾਂ ਦੇਖਿਆ, ਏਥੇ ਸਕੂਲ ਦੇ ਬੱਚੇ ਦੋ-ਢਾਈ ਸੌ ਸਫ਼ੇ ਦਾ ਨਾਵਲ ਪਾਣੀ ਵਾਂਗ ਪੀ ਜਾਂਦੇ ਨੇ। ਮੇਰੇ ਬੱਚਿਆਂ ਨੂੰ ਹਰ ਕਲਾਸ ਵਿਚ 25 ਕਿਤਾਬਾਂ ਪੜ੍ਹਨੀਆਂ ਪਈਆਂ। ਹਰ ਸਾਲ ਕਿਤਾਬਾਂ ਦੀ ਮੋਟਾਈ ਵਧਦੀ ਗਈ।


ਮੈਂ ਉਹ ਕਿਤਾਬਾਂ ਇਸ ਨਜ਼ਰੀਏ ਤੋਂ ਪੜ੍ਹੀਆਂ ਕਿ ਇਨ੍ਹਾਂ ਦੇ ਲੇਖਕ ਆਖ਼ਿਰ ਉਹ ਕਿਹੜੀਆਂ ਗਲਪੀ-ਜੁਗਤਾਂ ਵਰਤਦੇ ਨੇ ਕਿ ਬੱਚੇ ਕਿਤਾਬ ਮੁਕਾਉਣ ਤੋਂ ਪਹਿਲਾਂ ਸਾਹ ਹੀ ਨਹੀਂ ਲੈਂਦੇ। 'ਧੋਖੇਬਾਜ਼ ਫ਼ਕੀਰ' ਨੂੰ ਮੈਂ ਦੁਬਾਰਾ 'ਸੁਨਹਿਰੀ ਮਹੱਲ ਦਾ ਰਹੱਸ' ਹੇਠ ਲਿਖਿਆ।

'ਸਿੰਘਾਸਣ' ਦਾ ਪਹਿਲਾ ਵਰਸ਼ਨ ਮੈਂ ਬਾਲ-ਨਾਵਲ ਦੇ ਰੂਪ 'ਚ ਲਿਖਿਆ ਸੀ ਪਰ ਦਸ-ਬਾਰਾਂ ਸਾਲ ਦੇ ਵਕਫ਼ੇ ਦੌਰਾਨ ਉਸ ਨਾਵਲ ਦਾ ਇਕ-ਇਕ ਕਾਂਡ ਦਸ-ਬਾਰਾਂ ਵਾਰ ਹੀ ਰੀ-ਰਾਈਟ ਹੁੰਦਾ ਗਿਆ ਤੇ ਨਾਲ-ਨਾਲ ਉਸ ਦੀ ਗਹਿਰਾਈ ਵਧਦੀ ਗਈ। ਉਹ ਨਾਵਲ ਦੇਖਣ ਨੂੰ ਜਿੰਨਾਂ ਸਾਦਾ ਹੈ, 'ਡੀ-ਕੋਡ' ਕੀਤਿਆਂ ਉਸਦੀਆਂ ਪਰਤਾਂ ਤੇ ਆਯਾਮ ਓਨੇ ਹੀ ਫੈਲਦੇ ਜਾਂਦੇ ਨੇ।

'ਆਦਮਖ਼ੋਰ ਜਿੰਨ' ਦਾ ਖਰੜਾ ਅਜੇ ਵੀ ਮੇਰੇ ਕੋਲ ਹੈ, ਜਿਸ ਨੂੰ ਮੈਂ 1992 ਦੇ ਨੇੜੇ-ਤੇੜੇ ਲਿਖਿਆ ਸੀ।

ਇਸੇ ਦੌਰਾਨ 'ਖ਼ਜ਼ਾਨੇ ਦਾ ਭੇਤ' ਮੇਰੀ ਕਲਪਨਾ 'ਚ ਆਪਣੇ ਨਕਸ਼ ਉਘਾੜਨ ਲੱਗ ਪਿਆ। ਇਹ ਬਾਲ-ਨਾਵਲ ਮੈਂ ਦਸ ਸਾਲਾਂ 'ਚ ਦਸ ਤੋਂ ਵੱਧ ਵਾਰ ਰੀ-ਰਾਈਟ ਤੇ ਐਡਿਟ ਕੀਤਾ। ਕੰਪਿਊਟਰ 'ਤੇ ਲਿਖਣ ਦਾ ਇਹ ਬੜਾ ਫ਼ਾਇਦਾ ਹੈ ਕਿ ਕੋਈ ਕਾਂਡ, ਕੋਈ ਪੈਰ੍ਹਾ ਰੀ-ਰਾਈਟ ਕਰਨ ਜਾਂ ਐਡਿਟ ਕਰਨ ਦੀ ਘੌਲ ਨਹੀਂ ਹੁੰਦੀ। ਫਿਰ ਇਸ ਨੂੰ ਪਹਿਲਾ ਵਰਸ਼ਨ, ਦੂਜਾ ਵਰਸ਼ਨ, ਤੀਜਾ ਵਰਸ਼ਨ...ਦੇ ਨਾਂ ਹੇਠ ਸੇਵ ਵੀ ਕੀਤਾ ਜਾ ਸਕਦਾ ਹੈ।

ਅਮਰੀਕੀ ਬਾਲ-ਸਾਹਿਤ ਦਾ ਅਧਿਐਨ ਮੇਰੇ ਲਈ ਬਹੁਤ ਕਾਰਗਰ ਸਾਬਤ ਹੋਇਆ। 'ਖ਼ਜ਼ਾਨੇ ਦਾ ਭੇਤ' ਨਾਵਲ ਲਿਖਦਿਆਂ, ਰੌਚਿਕਤਾ, ਦਿਲਚਸਪੀ, ਸਸਪੈਂਸ, ਵਾਤਾਵਰਣ, ਦ੍ਰਿਸ਼-ਚਿਤਰਣ ਦਾ ਖ਼ਾਸ ਧਿਆਨ ਰੱਖਿਆ ਗਿਆ। ਬੱਚਿਆਂ ਦੇ ਕੋਮਲ ਦਿਮਾਗ਼ 'ਤੇ ਸੂਖਮ ਸੋਚ 'ਤੇ ਧੱਕੇ ਨਾਲ ਕੋਈ ਸਿੱਖਿਆ ਨਹੀਂ ਥੋਪੀ। ਕਹਾਣੀ 'ਚ ਨਿੱਕੇ-ਨਿੱਕੇ ਖੱਪੇ ਇਸ ਅੰਦਾਜ਼ ਨਾਲ ਰੱਖੇ ਕਿ ਇਨ੍ਹਾਂ ਦੀ ਪੂਰਤੀ ਬੱਚਾ-ਪਾਠਕ ਆਪਣੀ ਕਲਪਨਾ ਦੇ




ਸਹਾਰੇ ਕਰੇ। ਅਦਭੁਤ ਵਾਤਾਵਰਣ ਨੂੰ ਏਨੀ ਬਾਰੀਕੀ ਨਾਲ ਚਿੱਤਰਨ ਦਾ ਯਤਨ ਕੀਤਾ ਕਿ ਬੱਚਾ-ਪਾਠਕ ਆਪਣੇ-ਆਪ ਨੂੰ ਉਸ ਵਾਤਾਵਰਣ ਦਾ ਹਿੱਸਾ ਹੀ ਸਮਝਣ ਲੱਗ ਪਏ।

'ਖ਼ਜ਼ਾਨੇ ਦਾ ਭੇਤ' ਨਾਵਲ ਦੀ ਕਹਾਣੀ ਮੈਂ ਆਪਣੇ ਬੇਟੇ ਨਾਲ ਸਾਂਝੀ ਕਰਦਾ। ਉਸ ਦੀ ਰਾਏ ਲੈਂਦਾ। ਜਦੋਂ ਕਿਤੇ ਕਹਾਣੀ 'ਚ ਬਹੁਤ ਟੈਨਸ਼ਨ ਹੁੰਦੀ ਤਾਂ ਮੈਂ ਆਪਣੀ ਬੇਟੀ ਨੂੰ ਉਹ ਸਿਚੁਏਸ਼ਨ ਸੁਣਾ ਕੇ ਅੰਦਾਜ਼ਾ ਲਾਉਂਦਾ ਕਿ ਬਾਲ-ਸੋਚ ਇਹ ਟੈਨਸ਼ਨ ਝੱਲ ਲਵੇਗੀ?

'ਖ਼ਜ਼ਾਨੇ ਦਾ ਭੇਤ' ਨਾਵਲ ਦੀ ਲਿਖਣ-ਪ੍ਰਕਿਰਿਆ ਦੀ ਉਮਰ ਲਗਭਗ ਦਸ ਸਾਲ ਹੈ। ਮੈਂ ਜਦੋਂ ਵੀ ਇਸ ਨਾਵਲ ਦੀ ਫ਼ਾਈਲ ਖੋਲ੍ਹਦਾ ਤਾਂ ਕਿਸੇ ਹੋਰ ਹੀ ਸੰਸਾਰ 'ਚ ਚਲਾ ਜਾਂਦਾ। ਇਕ-ਇਕ ਦ੍ਰਿਸ਼ ਨੂੰ ਮਨ ਦੇ ਪਰਦੇ 'ਤੇ ਸਾਕਾਰ ਕਰਦਾ। ਇਕ-ਇਕ ਘਟਨਾ ਜ਼ਿਹਨ ਦੇ ਚਿੱਤਰ-ਪਟ 'ਤੇ ਘਟਦੀ ਦੇਖਦਾ। ਰਾਤ ਵੇਲੇ ਸੁੰਨ-ਸਾਨ ਟਾਪੂਆਂ ਦੀ ਚੁੱਪ, ਪਾਣੀ 'ਚ ਬੇੜੀਆਂ ਦੀ ਛਲਪ-ਛਲਪ, ਗੋਹ ਦਾ ਕਿਲੇ ਦੀ ਦੀਵਾਰ 'ਤੇ ਚੜ੍ਹ ਕੇ ਕਮੰਦ ਵਾਂਗ ਜੰਗਲਿਆਂ 'ਚ ਫਸਣਾ, ਟਾਪੂ 'ਤੇ ਉਜੜਿਆ ਹੋਇਆ ਕੈਦ-ਖ਼ਾਨਾ, ਗਰਮ ਪਾਣੀ ਦੇ ਚਸ਼ਮਿਆਂ ਵਰਗੇ ਹੋਰ ਅਨੇਕਾਂ ਵਰਤਾਰੇ ਮੈਨੂੰ ਹੂ-ਬ-ਹੂ ਵਰਤਦੇ ਦਿਸਦੇ।ਇਨ੍ਹਾਂ ਦਾ ਚਿਤਰਨ ਕਰ ਕੇ ਜਦੋਂ ਮੈਂ ਪ੍ਰਿੰਟ ਕੱਢ ਕੇ ਦੇਖਦਾ ਤਾਂ ਰੂਹ ਨਸ਼ਿਆ ਜਾਂਦੀ। ਕਦੇ-ਕਦੇ ਇਹ ਦ੍ਰਿਸ਼ ਮੇਰੇ 'ਤੇ ਏਨੇ ਭਾਰੂ ਹੋ ਜਾਂਦੇ ਕਿ ਮੈਂ ਆਪਣੇ ਦੋਸਤਾਂ ਅਮਰੀਕ, ਸੁਰਜੀਤ ਸਾਜਨ, ਓਂਕਾਰਪ੍ਰੀਤ ਨਾਲ ਸਾਂਝੇ ਕਰਨੋਂ ਨਾ ਰਹਿ ਸਕਦਾ। ਰਾਜ-ਵੈਦ ਵੱਲੋਂ ਵੈਦਗੀ ਸਹਾਰੇ ਇੱਲ ਤੇ ਬਾਜ਼ 'ਦੇ ਸੁਮੇਲ ਤੋਂ ਆਂਡਾ ਪੈਦਾ ਕਰ ਕੇ 'ਬਾਜ਼ਿੱਲਾ' ਨਾਂ ਦਾ ਪੰਛੀ ਬਣਾਉਣ ਦਾ ਖ਼ਿਆਲ ਜਦੋਂ ਮੈਨੂੰ ਆਇਆ ਤਾਂ ਮੇਰੇ ਚਿੱਤ-ਚੇਤੇ ਵੀ ਨਹੀਂ ਸੀ ਕਿ ਇਸ ਦੇ ਅਰਥ ਅਜੋਕੇ ਮਾਰੂ ਹਥਿਆਰਾਂ ਨਾਲ ਜੁੜ ਜਾਣਗੇ। ਨਵੀ ਈਜਾਦ ਮਾਨਵ-ਪੱਖੀ ਹੋਣੀ ਚਾਹੀਦੀ ਹੈ ਕਿ ਮੁਨਾਫ਼ਾ-ਪੱਖੀ, ਇਹ ਸਵਾਲ ਨਾਵਲ ਵਿਚ 'ਬਾਜ਼ਿੱਲਾ' ਦੀ ਪੈਦਾਇਸ਼ ਮਗਰੋਂ ਬੜੀ ਸ਼ਿੱਦਤ ਨਾਲ ਉਭਰਦਾ ਹੈ। ਮੈਂ ਖ਼ੁਦ ਹੈਰਾਨ ਹੁੰਦਾ, ਜਦੋਂ ਕਹਾਣੀ 'ਚ ਗੰਢ ਬੱਝ ਜਾਂਦੀ ਤੇ ਉਸ ਨੂੰ ਖੋਲ੍ਹਣ ਲਈ ਬਹੁਤ ਹੀ ਸੁਭਾਵਿਕ ਜ਼ੋਰਦਾਰ ਗਤੀਸ਼ੀਲ ਮੋਟਿਫ਼ ਆ ਮੇਰੇ ਕੰਨ 'ਚ ਫੂਕ ਮਾਰਦਾ।

ਇਉਂ 'ਖ਼ਜ਼ਾਨੇ ਦਾ ਭੇਤ' ਬਾਲ-ਨਾਵਲ ਅੱਠਵੀਂ ਤੋਂ ਦਸਵੀਂ ਤੱਕ ਦੇ ਬੱਚਿਆਂ ਦੇ ਮੱਦੇ ਨਜ਼ਰ ਲਿਖਿਆ ਗਿਆ ਹੈ। ਕਹਾਣੀ-ਰਸ ਤੇ ਉਤਸੁਕਤਾ ਸਦਕਾ ਇਹ ਨਾਵਲ ਬੱਚੇ ਪੜ੍ਹਨਗੇ ਪਰ ਇਹ ਗੱਲ ਵੀ ਯਕੀਨੀ ਹੈ ਕਿ ਇਸ ਅੰਦਰ ਛੁਪਿਆ ਦਰਸ਼ਨ ਵੱਡੀ ਉਮਰ ਵਿਚ ਵੀ ਉਨ੍ਹਾਂ ਨੂੰ ਜ਼ਿੰਦਗੀ ਦੇ ਹਰ ਮੋੜ 'ਤੇ ਯਾਦ ਆਉਂਦਾ ਰਹੇਗਾ।

ਇਉਂ 'ਖ਼ਜ਼ਾਨੇ ਦਾ ਭੇਤ' ਬਾਲ-ਨਾਵਲ ਹੋਣ ਦੇ ਬਾਵਜੂਦ ਬਾਲਗਾਂ ਲਈ ਵੀ ਦਿਲਚਸਪੀ ਦਾ ਬਾਇਸ ਬਣ ਸਕਦਾ ਹੈ। ਕੁਝ ਕਿਤਾਬਾਂ ਨੂੰ ਛੱਡ ਕੇ ਮੇਰੀਆਂ ਸਾਰੀਆਂ ਕਿਤਾਬਾਂ 'ਕੁਕਨੁਸ ਪ੍ਰਕਾਸ਼ਨ, ਜਲੰਧਰ' ਨੇ ਹੀ ਛਾਪੀਆਂ ਹਨ। ਪ੍ਰਕਾਸ਼ਕ ਰਾਜਿੰਦਰ ਬਿਮਲ ਨਾਲ ਮੇਰੀ ਸਾਂਝ ਦਹਾਕਿਆਂ ਪੁਰਾਣੀ ਹੈ। ਇਹ ਨਾਵਲ ਮੈਂ 'ਰਾਜਿੰਦਰ ਬਿਮਲ ਦੀ ਦੋਸਤੀ' ਦੇ ਨਾਮ ਹੀ ਕੀਤਾ ਹੈ। ਟਾਈਟਲ ਮੇਰੇ ਦਹਾਕਿਆਂ ਪੁਰਾਣੇ ਮਿੱਤਰ ਵਿਸ਼ਵਾਮਿੱਤਰ ਨੇ ਬਣਾਇਆ ਹੈ। ਛਪਣ ਤੋਂ ਪਹਿਲਾਂ ਇਹ ਨਾਵਲ ਸੁਰਜੀਤ ਸਾਜਨ, ਓਂਕਾਰਪ੍ਰੀਤ ਕੈਨੇਡਾ, ਡਾ. ਅਵਤਾਰ ਸਿੰਘ, ਬਲਦੇਵ ਸਿੰਘ ਗਰੇਵਾਲ, ਰਵਿੰਦਰ ਸਹਿਰਾਅ ਹੋਰਾਂ ਪੜ੍ਹਿਆ ਤੇ ਉਸਾਰੂ ਸੁਝਾਅ ਵੀ ਦਿੱਤੇ। ਮੇਰੇ ਖ਼ਿਆਲ 'ਚ ਨਾਵਲ ਛਪਣ ਮਗਰੋਂ ਗੋਸ਼ਟੀ ਕਰਵਾਉਣ ਨਾਲੋਂ ਇਹ ਉਪਰਾਲਾ ਵੱਧ ਕਾਰਗਰ ਸਾਬਿਤ ਹੋਇਆ।

# ਕਿੰਨਰ ਸਮਾਜ ਲਈ ਕੁਝ ਸੁਝਾਅ

ਪਾਠਕੋ, ਮੇਰੇ ਦਿਲ ਵਿਚ ਬਹੁਤ ਦੇਰ ਦੇ ਖਿਆਲ ਆ ਰਹੇ ਸੀ ਤੇ ਹੋ ਸਕਦਾ ਇਹੋ ਜਿਹੇ ਖਿਆਲ ਆਪ ਨੂੰ ਵੀ ਆਉਂਦੇ ਹੋਣਗੇ। ਮੈਂ ਸੋਚਦੀ ਹਾਂ ਕਿ ਆਪਾਂ ਨੂੰ ਜੋ ਸਰੀਰ ਮਿਲਿਆ, ਰੱਬ ਦੀ ਦੇਣ ਹੈ। ਇਕ ਸਰੀਰ ਔਰਤ ਦਾ ਹੈ ਇਕ ਮਰਦ ਦਾ ਤੇ ਜੋ ਤੀਸਰਾ ਉਹ ਇਨ੍ਹਾਂ ਦੋਹਾਂ ਤੋਂ ਵੱਖਰਾ ਹੈ, ਨਾ ਉਹ ਔਰਤ ਹੈ ਤੇ ਨਾਂ ਮਰਦ ਪਰ ਜਜ਼ਬਾਤ ਇੱਕੋ ਜਿਹੇ। ਇਹ ਰੱਬ ਦੀ ਕੀ ਲੀਲਾ ਹੈ? ਮੈਨੂੰ ਅਜੇ ਤੱਕ ਸਮਝ ਨਹੀਂ ਆਈ।



ਇਸ ਤੀਸਰੇ ਜੈਂਡਰ ਨੂੰ ਲੋਕ ਖੁੱਸਰੇ, ਕਿੰਨਰ ਤੇ ਹੋਰ ਵੀ ਕਈ ਨਾਂਵਾਂ ਨਾਲ ਪੁਕਾਰਦੇ ਹਨ। ਉਨ੍ਹਾਂ ਦੀਆਂ ਗਾਉਣ ਤੇ ਨੱਚਣ ਦੀਆਂ ਅਦਾਵਾਂ ਵੀ ਵਾਹਿਗੁਰੂ ਦੀ ਦੇਣ ਹੈ, ਜਿਸ ਅਦਾ ਨੂੰ ਵਰਤ ਕੇ ਉਹ ਘਰਾਂ ਵਿਚ ਵਧਾਈਆਂ

**ਦੇਵਿੰਦਰ ਕੌਰ ਧਾਲੀਵਾਲ**

ਲੈਣ ਜਾਂਦੇ ਹਨ। ਉਹ ਨੱਚਦੇ ਹਨ ਤਾਂ ਉਨ੍ਹਾਂ ਦੇ ਘੁੰਗਰੂਆਂ ਦੀ ਅਵਾਜ਼ ਨਾਲ ਘਰ 'ਚ ਖੁਸ਼ੀਆਂ ਦਾ ਖੇੜਾ ਪੈਦਾ ਹੋ ਜਾਂਦਾ ਹੈ। ਸੁਣਿਆ ਹੈ, ਖੁੱਸਰੇ ਦੀ ਬਦ-ਅਸੀਸ ਨਹੀਂ ਲੈਣੀ ਚਾਹੀਦੀ। ਇਨ੍ਹਾਂ ਦੀ ਆਹ ਲੱਗ ਜਾਂਦੀ ਹੈ। ਸ਼ਾਇਦ ਇਸ ਡਰ ਤੋਂ ਹੀ ਲੋਕ ਉਨ੍ਹਾਂ ਨੂੰ ਖੁਸ਼ ਰਖਣ ਦੀ ਕੋਸ਼ਿਸ਼ ਕਰਦੇ ਹਨ।

ਦੋਸਤੋ, ਪਹਿਲਾਂ ਖੁੱਸਰੇ, ਕਿੰਨਰ ਪੜ੍ਹੇ ਲਿਖੇ ਨਹੀਂ ਸਨ। ਉਹ ਆਪਣਾ ਗੁਜ਼ਾਰਾ ਸਿਰਫ਼ ਨੱਚ-ਗਾ ਕੇ ਕਮਾਏ ਪੈਸੇ ਨਾਲ ਹੀ ਕਰਦੇ ਰਹੇ ਹਨ। ਕਈ ਵਾਰ ਮੈਂ ਇਨ੍ਹਾਂ ਨੂੰ ਰੇਲ ਦੇ ਡੱਬਿਆਂ ਵਿਚ ਵੀ ਗਾਉਂਦੇ ਵੇਖਿਆ ਹੈ। ਇਸ ਤਰ੍ਹਾਂ ਦੀ ਕਮਾਈ ਨਾਲ ਕਿਹੋ ਜਿਹੀ ਜ਼ਿੰਦਗੀ ਇਨਸਾਨ ਜੀਅ ਸਕਦਾ ਹੈ? ਪਰ ਅੱਜ ਕੱਲ ਇਹ ਪੜ੍ਹਨਾ ਚਾਹੁੰਦੇ ਹਨ ਤੇ ਪੜ੍ਹ ਗਏ ਵੀ ਹਨ। ਲੱਕਸ਼ਮੀ ਨਾਂ ਦੀ ਇਕ ਲੜਕੀ ਬੀ ਏ ਪਾਸ NGO ਬੜੀ ਇਮਾਨਦਾਰੀ ਨਾਲ ਚਲਾ ਰਹੀ ਹੈ, ਜੋ ਬਹੁਤ ਸਫ਼ਲ ਹੈ। ਇਸੇ ਤਰ੍ਹਾਂ ਲੜਕੀ ਜਸਲੀਨ ਪਟਿਆਲਾ ਜਿਸ ਨੇ ਆਪਣੀ ਦਾਸਤਾਂ ਜੋਸ਼ ਟਾਕ 'ਤੇ ਦੱਸੀ ਕਿ ਉਹ ਮੈਡੀਕਲ ਦੀ ਪੜ੍ਹਾਈ ਕਰਕੇ ਅੱਜ ਨੌਕਰੀ ਕਰ ਰਹੀ ਹੈ ਤੇ ਇਕੱਲੀ ਪਟਿਆਲੇ ਰਹਿ ਰਹੀ ਹੈ।

ਇਸ ਤੀਸਰੇ ਜੈਂਡਰ ਨੂੰ ਸਰਕਾਰ ਵਲੋਂ ਬਹੁਤ ਸਾਰੀਆਂ ਸਹੂਲਤਾਂ ਤੋਂ ਵਾਂਝੇ ਰੱਖਿਆ ਜਾਂਦਾ ਰਿਹਾ ਹੈ। ਇਹ ਇਕ ਬਹੁਤ ਵੱਡਾ ਅਪਰਾਧ ਹੈ, ਵਿਤਕਰਾ ਹੈ ਜੋ ਨਹੀਂ ਹੋਣਾ ਚਾਹੀਦਾ। ਕਿੰਨਰ ਦਾ ਜੀਵਨ ਕਿੰਨਾਂ ਇਕੱਲਤਾ ਭਰਿਆ ਹੈ, ਇਹ ਆਪਣੇ-ਆਪ ਵਿਚ ਦੁੱਖ ਭਰੀ ਗਾਥਾ ਹੈ। ਕਿੰਨਰਾਂ ਨੂੰ ਘਰ ਦੇ ਵੀ ਠੁੱਕਰਾ ਦਿੰਦੇ ਹਨ ਜਦੋਂ ਕਿ ਇਸ ਵਿਚ ਉਨ੍ਹਾਂ ਦਾ ਕੋਈ ਦੋਸ਼ ਨਹੀਂ ਹੁੰਦਾ। ਆਪਣੇ ਬੱਚੇ ਨੂੰ ਮਾਂ-ਬਾਪ ਘਰ ਕਿਉਂ ਨਹੀਂ ਰੱਖਣਾ ਚਾਹੁੰਦੇ? ਕੀ ਉਹ ਲੋਕਾਂ ਦੀਆਂ ਗੱਲਾਂ ਤੋਂ ਡਰਦੇ ਹਨ, ਇਹ ਸਵਾਲ ਮੇਰੇ ਮਨ ਵਿਚ ਵਾਰ-ਵਾਰ ਉਠ ਰਹੇ ਹਨ। ਸਾਨੂੰ ਕਿੰਨਰ ਬੱਚਿਆਂ ਬਾਰੇ ਪੂਰਾ ਗਿਆਨ ਵੰਡਣਾ ਚਾਹੀਦਾ ਹੈ ਤਾਂ ਕਿ ਸਮਾਜ ਉਨ੍ਹਾਂ ਦੇ ਜਿਸਮ ਦੀ ਬਣਤਰ ਬਾਰੇ ਚੰਗੀ ਤਰ੍ਹਾਂ ਸਮਝ ਸਕੇ, ਨਾ ਕਿ ਮਾਂ ਬਾਪ ਆਪਣੇ ਬੱਚੇ ਨੂੰ ਆਪਣੇ-ਆਪ ਤੋਂ ਤੋੜ ਕੇ ਵੱਖ ਕਰਨ।

ਉਧਰ ਇਕ ਪੜ੍ਹੀ-ਲਿਖੀ ਕਿੰਨਰ ਲਕਸ਼ਮੀ ਜੋ ਐਨ ਜੀ ਓ ਚਲਾ ਰਹੀ ਹ, ਸੱਚ ਦਾ ਸਾਹਮਣਾ ਪ੍ਰੋਗਰਾਮ ਵਿਚ ਆਪਣੇ ਮਾਂ-ਬਾਪ ਨਾਲ ਆਈ ਸੀ। ਉਥੇ ਉਸ ਦੇ ਬਾਪ ਨੇ ਦੱਸਿਆ ਕਿ ਉਸਨੇ ਲਕਸ਼ਮੀ ਨੂੰ ਬੀ ਏ ਦੀ ਪੜ੍ਹਾਈ ਕਰਵਾਈ ਅਤੇ ਉਸ ਨੂੰ ਉਸ ਦੇ ਹਿੱਸੇ ਦੀ ਜ਼ਮੀਨ ਵੀ ਦਿਤੀ। ਇਹੋ ਜਿਹੇ ਮਾਂ-ਬਾਪ ਬਾਕੀ ਕਿੰਨਰਾਂ ਦੇ ਵੀ ਹੋਣੇ ਚਾਹੀਦੇ ਹਨ। ਉਹ ਵੀ ਮਾਂ ਬਾਪ ਦੀ ਔਲਾਦ ਹਨ, ਉਨ੍ਹਾਂ ਨੂੰ ਵੀ ਘਰੋਂ ਪੂਰਾ ਪਿਆਰ ਮਿਲਣਾ ਚਾਹੀਦੈ। ਜਸਲੀਨ ਦਾ ਕਹਿਣਾ ਹੈ ਜ਼ਿੱਥੇ ਕਿਸੇ ਦਫਤਰ ਵਿਚ ਫ਼ਾਰਮ ਭਰਨਾ ਹੁੰਦਾ, ਉਸ ਵਿਚ ਪੁੱਛਿਆ ਹੁੰਦਾ ਉਹ ਔਰਤ ਹੈ ਜਾਂ ਮਰਦ। ਉਥੇ ਕੋਈ ਤੀਸਰਾ ਖਾਨਾ ਨਹੀ,' ਜਿੱਥੇ ਲਿਖਿਆ ਜਾ ਸਕੇ ਕਿ ਉਹ ਕਿੰਨਰ ਹੈ। ਜਿਵੇਂ ਬਾਹਰਲੇ ਮੁਲਕਾਂ ਵਿਚ ਫਾਰਮ ਵਿਚ male and female ਲਿਖਿਆ ਹੁੰਦਾ ਉਥੇ ਨਾਲ ਤੀਸਰਾ ਖਾਨਾ ਵੀ ਹੁੰਦੈ, ਜਿੱਥੇ ਲਿਖਿਆ ਹੁੰਦਾ other। ਉਸ ਵਿਚ ਕਿੰਨਰ, ਗ਼ੇਅ ਤੇ ਲਿਜ਼ਵੀਅਨ ਆਪਣੇ ਬਾਰੇ ਲਿਖ ਸਕਦੇ ਹਨ ਕਿ ਉਹ ਕੌਣ ਹਨ। ਸਰਕਾਰ ਨੂੰ ਇਹ ਫ਼ਾਰਮ ਜਲਦੀ ਦਰੁੱਸਤ ਕਰਨੇ ਚਾਹੀਦੇ ਹਨ। ਇਸ ਵਿਚ ਤਬਦੀਲੀ ਦੀ ਤੁਰੰਤ ਲੋੜ ਹੈ।

ਇਸ ਤੀਸਰੇ ਜੈਂਡਰ ਦੇ ਲੋਕਾਂ ਕਿੰਨਰ ਕਮਿਊਨਿਟੀ ਲਈ ਗੋਰਮਿੰਟ ਨੂੰ ਵੱਖਰੇ ਸਕੂਲ ਬਣਾਉਣੇ ਚਾਹੀਦੇ ਹਨ, ਜਿੱਥੇ ਇਨ੍ਹਾਂ ਦੇ ਆਪਣੇ ਵੱਖਰੇ ਬਾਥਰੂਮ ਹੋਣ। ਸਿੱਖਿਆ ਇਨ੍ਹਾਂ ਦੀ



ਲਾਜ਼ਮੀ ਹੋਣੀ ਚਾਹੀਦੀ ਹੈ ਤੇ ਸਕੂਲ-ਕਾਲਜ ਬਿਲਕੁਲ ਫ਼ੀਸ ਰਹਿਤ ਹੋਣੇ ਚਾਹੀਦੇ ਹਨ, ਤਾਂ ਕਿ ਇਹ ਬੱਚੇ ਪੜ੍ਹ-ਲਿਖ ਕੇ ਆਪਣੀ ਰੋਜ਼-ਰੋਟੀ ਕਮਾ ਸਕਣ ਤੇ ਨੱਚਣ ਗਾਉਣ ਦੀ ਕਮਾਈ 'ਤੇ ਨਿਰਭਰ ਨਾ ਹੋਣ। ਕਮਾ ਕੇ ਖਾਣਗੇ ਤਾਂ ਦੇਸ਼ 'ਤੇ ਵੀ ਭਾਰ ਨਹੀਂ ਪਵੇਗਾ।

ਸਭ ਤੋਂ ਅਹਿਮ ਗੱਲ ਇਹ ਹੈ ਕਿ ਇਨ੍ਹਾਂ ਨੇ ਆਪਣੀ ਜਾਇਦਾਦ ਕਿਸੇ ਆਪਣੇ ਬੱਚੇ ਨੂੰ ਨਹੀਂ ਦੇਣੀ ਹੁੰਦੀ ਜਿਸ ਦਾ ਸਰਕਾਰ ਨੂੰ ਕੋਈ ਡਰ ਹੋਵੇ। ਇਹੋ ਜਿਹੀਆਂ ਪਵਿੱਤਰ ਰੂਹਾਂ ਨੂੰ ਸਿਆਸਤ ਵਿਚ ਵੀ ਲਿਆਉਣਾ ਚਾਹੀਦਾ ਹੈ। ਜਿਸਦੀ ਰੂਹ ਸੁੱਚੀ ਹੈ ਉਹ ਸਿਆਸਤ ਵੀ ਦਿਆਨਤਦਾਰੀ ਨਾਲ ਕਰੇਗਾ। ਸਾਡੀ ਸਰਕਾਰ ਦੀ ਡਿਊਟੀ ਬਣਦੀ ਹੈ ਕਿ ਉਹ ਕਿੰਨਰ ਸਮਾਜ ਨੂੰ ਪੜ੍ਹਾ-ਲਿਖਾ ਕੇ ਇਕ ਮਜ਼ਬੂਤ ਕਿੰਨਰ ਸਮਾਜ ਖੜਾ ਕਰੇ, ਨਾ ਕਿ ਉਨ੍ਹਾਂ ਨੂੰ ਮੰਗਤਿਆਂ ਵਾਲਾ ਜੀਵਨ ਜੀਉਣ ਲਈ ਮਜਬੂਰ ਕੀਤਾ ਜਾਵੇ। ਕਿੰਨਰਾਂ ਬਾਰੇ ਸਾਡੇ ਮਤਲਬੀ ਸਮਾਜ ਦੀ ਤੀਸਰੀ ਅੱਖ ਵਿੱਦਿਆ ਅਤੇ ਪ੍ਰਚਾਰ ਨਾਲ ਹੀ ਖੁੱਲ੍ਹ ਸਕਦੀ ਹੈ।

ਆਸ ਕਰਦੀ ਹਾਂ, ਸਾਡੇ ਦੇਸ਼ ਦੇ ਨੌਜਵਾਨ ਆਗੂ ਇਸ ਵਿਸ਼ੇ 'ਤੇ ਡੂੰਘਾ ਗੌਰ ਕਰਨਗੇ। ਕਿਉਂਕਿ ਸਮੇਂ ਦੇ ਨਾਲ ਨਾਲ ਸਾਡੀ ਨਵੀਂ ਪੀੜੀ ਦੇ ਆਗੂਆਂ ਦੀ ਸੋਚ ਵੀ ਬਦਲ ਰਹੀ ਹੈ ਜੋ ਸ਼ਲਾਘਾਯੋਗ ਕਦਮ ਹੈ।

ਮੇਰੀ ਸਰਕਾਰ ਨੂੰ ਬੇਨਤੀ ਹੈ ਕਿ ਇਸ ਤੀਸਰੇ ਜੈਂਡਰ ਨੂੰ ਪੂਰੇ ਇਨਸਾਨਾਂ ਵਾਲੇ ਹੱਕ ਦਿੱਤੇ ਜਾਣ। ਜਿਹੜੇ ਇਨ੍ਹਾਂ ਨੂੰ ਬੁਰ-ਪੱਖੀ ਨਾਂਵਾਂ ਨਾਲ ਬੁਲਾਉਂਦੇ ਹਨ, ਜਿਵੇਂ ਹਿੰਜੜਾ, ਛੱਕਾ ਬਗੈਰਾ ਬਗੈਰਾ ਉਸ ਲਈ ਕਾਨੂੰਨ ਲਾਗੂ ਹੋਣਾ ਚਾਹੀਦਾ। ਜਿਹੜਾ ਇਹੋ ਜਿਹੇ ਸ਼ਬਦ ਬੋਲੇ ਉਸ 'ਤੇ ਸਖ਼ਤ ਕਾਨੂੰਨੀ ਕਾਰਵਾਈ ਹੋਣੀ ਚਾਹੀਦੀ ਹੈ। ਤਲਵਾਰ ਦੇ ਵਾਰ ਨਾਲੋਂ ਤਿੱਖੇ ਸ਼ਬਦਾਂ ਦੇ ਵਾਰ ਨਾਲ ਬੰਦਾ ਜ਼ਿਆਦਾ ਮਰਦੈ। ਸਕੂਲਾਂ-ਕਾਲਜਾਂ ਵਿਚ ਐਜੂਕੇਸ਼ਨ ਵੰਡ ਕੇ ਪੂਰੇ ਸਮਾਜ ਨੂੰ ਸਮਝਾਓ ਕਿ ਜਿਨ੍ਹਾਂ ਨੂੰ ਅਸੀਂ ਖੁਸਰੇ ਕਹਿੰਦੇ ਹਾਂ, ਇਹ ਸਾਡੇ ਸਮਾਜ ਦਾ ਹਿੱਸਾ ਹਨ।

ਅੱਜ ਇਨ੍ਹਾਂ ਵਿਚ ਬਹੁਤ ਜਾਗਰਤੀ ਆ ਚੁੱਕੀ ਹੈ। ਇਹ ਬਹੁਤ ਮਿਹਨਤੀ ਤੇ ਲਗਨ ਨਾਲ ਪੜ੍ਹ-ਲਿਖ ਕੇ ਕੁਝ ਬਣਨਾ ਚਾਹੁੰਦੇ ਹਨ ਤੇ ਬਣੇ ਵੀ ਹਨ। ਇਹ ਆਪਣੇ ਦੇਸ਼ 'ਤੇ ਬੋਝ ਨਹੀਂ ਬਣਨਾ ਚਾਹੁੰਦੇ, ਸਗੋਂ ਆਪਣੀ ਮਿਹਨਤ ਤੇ ਨੇਕ ਕਮਾਈ ਕਰ ਕੇ ਦੇਸ਼ ਦੇ ਵਿਕਾਸ ਵਿਚ ਹਿੱਸਾ ਪਾਉਣਾ ਚਾਹੁੰਦੇ ਹਨ ਤੇ ਪਾ ਰਹੇ ਹਨ। ਨੱਚਣਾ-ਗਾਉਣਾ ਦੋਸਤੋ ਖ਼ੁਸ਼ੀ ਦੇ ਟਾਈਮ ਥੋੜ੍ਹੀ ਦੇਰ ਲਈ ਤਾਂ ਚੰਗਾ ਲਗਦੈ, ਅਗਰ ਰੋਜ਼-ਰੋਟੀ ਲਈ ਮਜਬੂਰੀ ਕਰਨਾ ਪਵੇ ਤਾਂ ਇਹ ਕਾਫ਼ੀ ਕਠਿਨ ਕੰਮ ਹੈ।

ਪਾਠਕ ਵਰਗ ਵੀ ਮੇਰੇ ਇਸ ਸੁਝਾਅ ਬਾਰੇ ਆਪਣੇ ਸ਼ੁਭ ਵਿਚਾਰ ਜ਼ਰੂਰ ਸਾਂਝੇ ਕਰਨ।

## ਫਿਰਕੂ ਦੰਗੇ ਅਤੇ ਭਾਰਤੀ ਪੁਲਿਸ-8

# ਭੀੜ ਅਤੇ ਸੁਰੱਖਿਆ ਬਲਾਂ ਦਾ ਵਿਹਾਰ

***ਵਿਭੂਤੀ ਨਰਾਇਣ ਰਾਏ ਪੁਲਿਸ ਅਫਸਰ ਰਹੇ ਹਨ। ਇਸ ਦੇ ਨਾਲ-ਨਾਲ ਉਹ ਲਿਖਾਰੀ ਵੀ ਹਨ। ਉਨ੍ਹਾਂ 5 ਨਾਵਲਾਂ ਤੋਂ ਇਲਾਵਾ ਭਾਰਤ ਵਿਚ ਫਿਰਕੂ ਸਿਆਸਤ ਨਾਲ ਸਬੰਧਤ ਦੋ ਪੁਸਤਕਾਂ ਲਿਖੀਆਂ ਹਨ। 'ਫਿਰਕੂ ਦੰਗੇ ਅਤੇ ਭਾਰਤੀ ਪੁਲਿਸ' ਨਾਂ ਦੀ ਪੁਸਤਕ ਵਿਚ ਉਨ੍ਹਾਂ ਫਿਰਕੂ ਦੰਗਿਆਂ ਦੇ ਵੱਖ-ਵੱਖ ਪਹਿਲੂਆਂ ਬਾਰੇ ਛਾਣ-ਬੀਣ ਕੀਤੀ ਹੈ। ਉਨ੍ਹਾਂ ਦਾ ਇਹ ਮੰਨਣਾ ਹੈ ਕਿ ਭਾਰਤ ਵਰਗੇ ਮੁਲਕ ਨੂੰ ਧਰਮ ਨਿਰਪੱਖ ਅਤੇ ਤਰੱਕੀ ਦੇ ਰਸਤੇ 'ਤੇ ਅੱਗੇ ਵਧਾਉਣ ਲਈ ਧਾਰਮਿਕ ਕੱਟੜਤਾ, ਗੈਰ-ਵਿਗਿਆਨਕ ਸੋਚ, ਰੂੜ੍ਹੀਵਾਦੀ ਮਾਨਸਿਕਤਾ ਤੋਂ ਬਾਹਰ ਆਉਣਾ ਪਵੇਗਾ। ਇਸ ਲਿਖਤ ਦੀ ਅੱਠਵੀਂ ਕਿਸ਼ਤ ਹਾਜ਼ਰ ਹੈ। ਇਸ ਦਾ ਹਿੰਦੀ ਤੋਂ ਪੰਜਾਬੀ ਵਿਚ ਅਨੁਵਾਦ ਤਰਸੇਮ ਲਾਲ ਨੇ ਕੀਤਾ ਹੈ।***

**ਵਿਭੂਤੀ ਨਰਾਇਣ ਰਾਏ**
**ਅਨੁਵਾਦ: ਤਰਸੇਮ ਲਾਲ**

ਬੇਕਾਬੂ ਭੀੜ ਫਿਰਕੂ ਹਿੰਸਾ ਦਾ ਮਹੱਤਵਪੂਰਨ ਕਾਰਨ ਹੈ। ਉਤੇਜਨਾ ਤੋਂ ਬਿਨਾ ਇਸ ਪ੍ਰਸੰਗ ਵਿਚ ਜਿਵੇਂ ਪਿਰਾਮਿਡ ਦੀ ਸ਼ਕਲ ਦਾ ਜ਼ਿਕਰ ਆਇਆ ਹੈ, ਉਸ ਦਾ ਸਿਖਰ ਬਿੰਦੂ (ਉਹ ਬਿੰਦੂ ਜਿੱਥੋਂ ਹਿੰਸਾ ਸ਼ੁਰੂ ਹੁੰਦੀ ਹੈ) ਉਸ ਸਮੇਂ ਤੱਕ ਨਹੀਂ ਬਣ ਸਕਦਾ ਜਦੋਂ ਤੱਕ ਬੁਖਲਾਈ ਭੀੜ ਉਸ ਬਿੰਦੂ 'ਤੇ ਮੌਜੂਦ ਨਾ ਹੋਵੇ। ਭੀੜ ਦੇ ਚਰਿੱਤਰ ਦੀਆਂ ਕੁਝ ਵਿਸ਼ੇਸ਼ਤਾਵਾਂ ਹੁੰਦੀਆਂ ਹਨ। ਇਨ੍ਹਾਂ ਵਿਸ਼ੇਸ਼ਤਾਵਾਂ ਨੂੰ ਸਮਝੇ ਬਿਨਾਂ ਭੀੜ ਦੇ ਵਿਹਾਰ



ਅਤੇ ਉਸ ਦੇ ਦੰਗਿਆਂ ਵਿਚ ਯੋਗਦਾਨ ਨੂੰ ਸਮਝਣਾ ਮੁਸ਼ਕਿਲ ਹੋਵੇਗਾ। ਫਿਰਕੂ ਦੰਗਿਆਂ ਦੇ ਪ੍ਰਸੰਗ ਵਿਚ ਭੀੜ ਬਹੁਤ ਸਾਰੇ ਵਿਅਕਤੀਆਂ ਦੇ ਅਰਾਜਕ ਸਮੂਹ ਨੂੰ ਕਿਹਾ ਜਾ ਸਕਦਾ ਹੈ।

ਇਹ ਜ਼ਰੂਰੀ ਨਹੀਂ ਕਿ ਉਸ ਵਿਚ ਸ਼ਾਮਲ ਸਾਰੇ ਲੋਕ ਇਕੋ ਜਿਹੇ ਕਾਰਨਾਂ ਕਰਕੇ ਉਸ ਵਿਚ ਸ਼ਾਮਲ ਹੋਣ। ਮਿਸਾਲ ਵਜੋਂ ਧਾਰਮਿਕ ਕੱਟੜਤਾ ਵਿਚ ਗ੍ਰਸੀ ਭੀੜ ਵਿਚ ਬਹੁਤੇ ਲੋਕ, ਹੋਰ ਕਾਰਨਾਂ ਕਰਕੇ ਵੀ ਹਾਜ਼ਰ ਹੋ ਸਕਦੇ ਹਨ। ਭੀੜ ਦੇ ਇਕ ਹਿੱਸੇ ਕੋਲ ਆਪਣੇ ਧਰਮ ਦੇ ਅਪਮਾਨ ਦਾ ਬਦਲਾ ਲੈਣ ਜਾਂ ਦੂਜੇ ਧਰਮ ਦੇ ਲੋਕਾਂ ਨੂੰ ਸਬਕ ਸਿਖਾਉਣ ਦਾ ਕਾਰਨ ਹੋ ਸਕਦਾ ਹੈ। ਭੀੜ ਦੇ ਵਿਚ ਸ਼ਾਮਲ ਕਿਸੇ ਹੋਰ ਸਮੂਹ ਦਾ ਧਿਆਨ ਭੀੜ ਦੁਆਰਾ ਕੀਤੀ ਹਿੰਸਾ ਦਾ ਆਉਣ ਵਾਲੀਆਂ ਚੋਣਾਂ 'ਤੇ ਕੀ ਅਸਰ ਪਵੇਗਾ, ਵੱਲ ਹੋ ਸਕਦਾ ਹੈ। ਬਹੁਤ ਸਾਰੇ ਲੋਕ ਕੇਵਲ ਭੀੜ ਵਧਾਉਣ ਲਈ ਵੀ ਹੋ ਸਕਦੇ ਹਨ।


ਭੀੜ ਦੀ ਬਣਤਰ ਦਾ ਦਿਲਚਸਪ ਪਹਿਲੂ ਇਹ ਵੀ ਹੈ ਕਿ ਭੀੜ ਦਾ ਬਹੁਤ ਵੱਡਾ ਹਿੱਸਾ ਬਿਨਾਂ ਕਿਸੇ ਕਾਰਨ ਵੀ ਉਥੇ ਮੌਜੂਦ ਹੋ ਸਕਦਾ ਹੈ। ਇਹ ਹਾਲਾਤ ਆਮ ਤੌਰ 'ਤੇ ਬਾਜ਼ਾਰਾਂ, ਸਰਕਾਰੀ ਦਫਤਰਾਂ, ਕਚਹਿਰੀਆਂ ਜਾਂ ਸਿੱਖਿਆ ਸੰਸਥਾਵਾਂ ਦੇ ਆਸ-ਪਾਸ ਦਿਖਾਈ ਦੇ ਸਕਦੇ ਹਨ। ਇਨ੍ਹਾਂ ਥਾਵਾਂ 'ਤੇ ਇਕ ਨਿਸ਼ਚਿਤ ਸਮੇਂ 'ਤੇ ਹਮੇਸ਼ਾ ਕਾਫੀ ਲੋਕ ਹਾਜ਼ਰ ਰਹਿੰਦੇ ਹਨ ਅਤੇ ਕੋਈ ਵੀ ਪ੍ਰਭਾਵੀ ਕੇਂਦਰ ਇਨ੍ਹਾਂ ਨੂੰ ਆਪਣੇ ਵੱਲ ਖਿੱਚ ਸਕਦਾ ਹੈ। ਭਾਰਤੀ ਪ੍ਰਸੰਗ ਵਿਚ ਇਸ ਦੀਆਂ ਦੋ ਅਹਿਮ ਮਿਸਾਲਾਂ ਹਨ। ਰਾਮ ਜਨਮ ਭੂਮੀ ਅੰਦੋਲਨ ਵਿਚ ਹਿੰਦੂਤਵੀ ਸ਼ਕਤੀਆਂ ਨੇ ਅਯੁੱਧਿਆ ਅੰਦਰ ਆਪਣੇ ਵੱਡੇ ਪ੍ਰੋਗਰਾਮਾਂ ਸਮੇਂ ਉਹੀ ਦਿਨ ਚੁਣਿਆ, ਜਦ ਕੋਈ ਮਹੱਤਵਪੂਰਨ ਹਿੰਦੂ ਤਿਉਹਾਰ ਕਾਰਨ ਵੱਡੀ ਸੰਖਿਆ ਵਿਚ ਲੋਕ ਮੌਜੂਦ ਹੋਣ। ਇਸ ਪਿੱਛੇ ਉਨ੍ਹਾਂ ਦੀ ਇਹ ਮਾਨਸਿਕਤਾ ਸੀ ਕਿ ਉਨ੍ਹਾਂ ਨੂੰ ਬਹੁਤੇ ਲੋਕਾਂ ਨੂੰ ਲਾਮਬੰਦ ਕਰਨ ਲਈ ਜ਼ਿਆਦਾ ਤਾਕਤ ਨਾ ਲਾਉਣੀ ਪਵੇ।

ਦੂਜੀ ਮਿਸਾਲ ਮੁਸਲਿਮ ਇਲਾਕਿਆਂ ਦੀ ਹੈ ਜਿੱਥੇ 24 ਘੰਟੇ ਲੋਕ ਸੜਕਾਂ 'ਤੇ ਦਿਖਾਈ ਦਿੰਦੇ ਹਨ। ਇਨ੍ਹਾਂ ਇਲਾਕਿਆਂ ਵਿਚ ਵੀ ਬਿਨਾਂ ਵਿਸ਼ੇਸ਼ ਕੋਸ਼ਿਸ਼ ਦੇ ਭੀੜ ਇਕੱਠੀ ਕੀਤੀ ਜਾ ਸਕਦੀ ਹੈ। ਬਹੁਗਿਣਤੀ ਸਮੂਹ ਮੁਸਲਮਾਨਾਂ ਵਲੋਂ ਦੰਗਾ ਕਰਨ ਦੀ ਧਾਰਨਾ ਦੇ ਪੱਖ ਵਿਚ ਇਹ ਦਲੀਲ ਵੀ ਦਿੰਦਾ ਹੈ ਕਿ ਦੰਗੇ ਉਥੇ ਹੀ ਹੁੰਦੇ ਹਨ ਜਿੱਥੇ ਮੁਸਲਮਾਨਾਂ ਦੀ ਸੰਘਣੀ ਵਸੋਂ ਹੁੰਦੀ ਹੈ। ਇਹ ਸੋਚ ਕਿਸੇ ਸਰਲੀਕਰਨ ਦਾ ਨਤੀਜਾ ਨਹੀਂ, ਇਸ ਵਿਚ ਸੱਚਾਈ ਹੈ। ਸੰਘਣੀ ਆਬਾਦੀ ਵਿਚ ਰਾਤ ਦਿਨ ਸੜਕਾਂ 'ਤੇ ਘੁੰਮ ਰਹੀ ਭੀੜ ਪਿੱਛੇ ਆਰਥਿਕ ਤੇ ਸਮਾਜਿਕ ਕਾਰਨ ਹੁੰਦੇ ਹਨ।

ਲੀਡਰਸ਼ਿਪ ਦੀ ਭੂਮਿਕਾ ਅਕਸਰ ਭੀੜ ਇਕੱਠੀ ਕਰਕੇ ਉਸ ਨੂੰ ਭੜਕਾਹਟ ਦੇ ਸਿਖਰ 'ਤੇ ਪਹੁੰਚਣ ਤੋਂ ਬਾਅਦ ਸਮਾਪਤ ਹੋ ਜਾਂਦੀ ਹੈ। ਬਹੁਤ ਘੱਟ ਮੌਕਿਆਂ 'ਤੇ ਹਿੰਸਾ ਦੌਰਾਨ ਭੀੜ ਦੀ ਲੀਡਰਸ਼ਿਪ ਦੀ ਕੜੀ ਬਰਕਰਾਰ ਰਹਿੰਦੀ ਹੈ। ਲੀਡਰਸ਼ਿਪ ਦੇ ਹਾਸ਼ੀਏ 'ਤੇ ਜਾਣ ਦੀ ਪ੍ਰਕਿਰਿਆ ਉਸ ਦੀਆਂ ਆਪਣੀਆਂ ਕਰਤੂਤਾਂ ਦਾ ਨਤੀਜਾ ਹੁੰਦੀ ਹੈ।ਭ ਇਕੱਠੇ ਹੋਏ ਲੋਕ ਤਾੜੀਆਂ ਮਾਰ ਕੇ ਅਤੇ ਨਾਅਰਿਆਂ ਰਾਹੀਂ ਲੀਡਰਸ਼ਿਪ ਪ੍ਰਤੀ ਆਪਣੀ ਮਨਜ਼ੂਰੀ ਪ੍ਰਗਟ ਕਰਦੇ ਹਨ। ਇਹ ਮਨਜ਼ੂਰੀ ਹਾਸਲ ਕਰਨ ਲਈ ਲੀਡਰਸ਼ਿਪ ਅੰਦਰ ਉਨ੍ਹਾਂ ਦੇ ਵਿਅਕਤੀਤਵ ਦੀ ਪ੍ਰੀਖਿਆ ਹੁੰਦੀ ਹੈ। ਭਇਸ ਵਿਚ ਆਗੂ ਟੀਮ ਅੰਦਰ ਆਪਸੀ ਅੰਤਰ ਵਿਰੋਧ ਉਭਰ ਕੇ ਸਾਹਮਣੇ ਆਉਂਦੇ ਹਨ। ਆਗੂ ਟੀਮ ਦੀ ਲੋਕਾਂ ਦੇ ਵੱਖ-ਵੱਖ ਹਿੱਸਿਆਂ ਵਲੋਂ ਪ੍ਰਵਾਨਗੀ ਇਸ ਗੱਲ 'ਤੇ ਨਿਰਭਰ ਕਰਦੀ ਹੈ ਕਿ ਕਿਹੜਾ ਕਿੰਨਾ ਗਰਮ ਭਾਸ਼ਣ ਦਿੰਦਾ ਹੈ। ਇਹ ਗਰਮ ਭਾਸ਼ਣ ਹੋਰ ਗਰਮ ਹੁੰਦੇ-ਹੁੰਦੇ ਭੀੜ ਨੂੰ ਹਿਸਟੀਰੀਆ ਜਾਂ ਪਾਗਲਪਨ ਦੀ ਹੱਦ ਤੱਕ ਉਤੇਜਿਤ ਕਰ ਦਿੰਦੇ ਹਨ। ਹੌਲੀ-ਹੌਲੀ ਲੀਡਰਸ਼ਿਪ ਦੀ ਭੂਮਿਕਾ ਘੱਟ ਹੁੰਦੀ ਜਾਂਦੀ ਹੈ ਜਾਂ ਉਸ ਵਿਚ ਸ਼ਾਮਲ ਸ਼ਰਾਰਤੀ ਲੋਕ ਅਗਵਾਈ ਦੀ ਭੂਮਿਕਾ ਵਿਚ ਆ ਜਾਂਦੇ ਹਨ। ਬਹੁਤ ਸਾਰੇ ਮੌਕਿਆਂ 'ਤੇ ਅਸੀਂ ਦੇਖਦੇ ਹਾਂ ਕਿ ਭੀੜ ਦੁਆਰਾ ਹਿੰਸਾ ਸ਼ੁਰੂ ਕਰਨ ਤੋਂ ਬਾਅਦ ਜਾਂ ਪੁਲਿਸ ਨਾਲ ਟੱਕਰ ਹੋਣ ਤੋਂ ਬਾਅਦ ਸਥਾਪਤ ਰਾਜਨੀਤਕ ਆਗੂ ਉੱਥੋਂ ਦੌੜ ਜਾਂਦੇ ਹਨ।

ਭੜਕਾਊ ਭੀੜ ਆਮ ਤੌਰ 'ਤੇ ਬਹੁਤ ਉਤੇਜਿਤ ਹੁੰਦੀ ਹੈ ਅਤੇ ਆਪਣੀਆਂ ਭਾਵਨਾਵਾਂ ਪ੍ਰਗਟ ਕਰਨ ਲਈ ਸ਼ੋਰ, ਮੁੱਕੇ ਲਹਿਰਾਉਂਦੀ ਜਾਂ ਬੇਨਿਯਮਤ ਉੱਛਲਦੀ ਹੈ। ਭੀੜ ਨੂੰ ਸੰਬੋਧਨ ਕਰਨ ਵਾਲੇ ਆਗੂਆਂ ਦੀ ਆਵਾਜ਼ ਭੀੜ ਵਿਚ ਗੁੰਮ ਹੋ ਜਾਂਦੀ ਹੈ ਅਤੇ ਉਸ ਥਾਂ 'ਤੇ ਮੌਜੂਦ ਹਰ ਮੈਂਬਰ, ਆਪਣੀਆਂ ਗੁਆਚੀਆਂ ਹੋਈਆਂ ਆਵਾਜ਼ਾਂ ਨੂੰ ਆਪੋ-ਆਪਣੇ ਢੰਗ ਨਾਲ ਮੁੜ ਲੋਕਾਂ ਨੂੰ ਸੁਣਾਉਣ ਦੀ ਕੋਸ਼ਿਸ਼ ਕਰਦਾ ਹੈ। ਘਟਨਾਵਾਂ ਨੂੰ ਸਮਝਣ ਲਈ ਤਰਕ ਦੀ ਥਾਂ ਸੁਝਾਅ ਵੱਧ ਕਾਰਗਰ ਸਾਬਤ ਹੁੰਦੇ ਹਨ। ਅਫਵਾਹਾਂ ਆਮ ਤੌਰ 'ਤੇ ਸਹੀ ਸੂਚਨਾਵਾਂ ਦਾ ਬਦਲ ਬਣ ਜਾਂਦੀਆਂ ਹਨ। ਭੀੜ ਵਿਚ ਜ਼ਿਆਦਾ ਸਰਗਰਮ ਮੈਂਬਰ ਆਪਣੇ ਸੁਝਾਵਾਂ ਅਤੇ ਮੂੰਹ ਜ਼ਬਾਨੀ ਸਰੀਰਕ ਸੰਕੇਤਾਂ ਨਾਲ ਆਪਣਾ ਪਿੱਛਾ ਕਰਨ ਲਈ ਬੇਵੱਸ ਕਰ ਦਿੰਦੇ ਹਨ।

ਭੀੜ ਦਾ ਇਕ ਹੋਰ ਮਹੱਤਵਪੂਰਨ ਲੱਛਣ ਹੁੰਦਾ ਹੈ ਕਰੂਰਤਾ। ਭੀੜ ਅੰਦਰ ਸਾਰੇ ਲੋਕ ਆਪਣੇ ਨਿੱਜੀ ਜੀਵਨ ਅੰਦਰ ਅਜਿਹੀ ਹਿੰਸਕ ਕਾਰਵਾਈ ਬਾਰੇ ਸੋਚ ਵੀ ਨਹੀਂ ਸਕਦੇ, ਜਿਹੋ ਜਿਹੀ ਉਹ ਭੀੜ ਵਿਚ ਸ਼ਾਮਲ ਹੋ ਕੇ ਕਰਦੇ ਹਨ। ਮਿਸਾਲ ਵਜੋਂ ਅਹਿੰਸਕ ਜਾਂ ਘੱਟ ਹਿੰਸਕ ਸਮੂਹ ਵੀ ਭੀੜ ਵਿਚ ਤਬਦੀਲ ਹੁੰਦੇ ਹੀ ਚਮਤਕਾਰੀ ਹੱਦ ਤੱਕ ਹਿੰਸਕ ਕਾਰਵਾਈਆਂ ਕਰਦੇ ਹਨ। ਭਾਰਤੀ ਪ੍ਰਸੰਗ ਵਿਚ ਔਰਤਾਂ, ਬੋਧੀਆਂ ਜਾਂ ਜੈਨੀਆਂ ਵਲੋਂ ਸਮੂਹਿਕ ਹਿੰਸਾ ਵਿਚ ਸ਼ਾਮਲ ਹੋਣ ਦੀਆਂ ਘਟਨਾਵਾਂ ਇਸ ਸ਼੍ਰੇਣੀ ਵਿਚ ਆਉਂਦੀਆਂ ਹਨ। ਜਿਵੇਂ-ਜਿਵੇਂ ਸਮਾਜ ਵਿਚ ਹਿੰਸਾ ਵਧਦੀ ਹੈ, ਉਸੇ ਅਨੁਪਾਤ ਵਿਚ ਜਾਂ ਉਸ ਤੋਂ ਵੱਧ ਹਿੰਸਾ ਸਮੂਹਿਕ ਗਤੀਵਿਧੀਆਂ ਦੌਰਾਨ ਭੀੜ ਦੀ ਹਿੰਸਾ ਵੀ ਦੇਖੀ ਜਾਂਦੀ ਹੈ। ਅੱਜ ਦੇ ਭਾਰਤ ਅੰਦਰ ਸਮਾਜ ਵਿਚ ਭੀੜ ਦੇ ਜੰਗਲੀ ਰੂਪ ਦੀ ਸਭ ਤੋਂ ਭਿਆਨਕ ਮਿਸਾਲ ਇੰਦਰਾ ਗਾਂਧੀ ਦੀ ਹੱਤਿਆ ਸਮੇਂ 31 ਅਕਤੂਬਰ 1984 ਤੋਂ ਬਾਅਦ ਦੇਖਣ ਨੂੰ ਮਿਲਦਾ ਹੈ। ਚਾਰ ਪੰਜ ਦਿਨਾਂ ਵਿਚ ਹੀ ਬਹੁਤ ਬੇਰਹਿਮੀ ਨਾਲ ਚਾਰ ਹਜ਼ਾਰ ਸਿੱਖਾਂ ਦੀ ਹੱਤਿਆ ਕਰ ਦਿੱਤੀ ਗਈ। ਇਹ ਕਤਲੇਆਮ ਹਰ ਥਾਂ ਭੜਕੀ ਭੀੜ ਨੇ ਕੀਤੇ। ਜਨਤਕ ਥਾਵਾਂ 'ਤੇ ਉਨ੍ਹਾਂ ਨੂੰ ਜਿੰਦਾ ਜਲਾਇਆ ਗਿਆ। ਜਲਦੇ ਹੋਏ ਲੋਕਾਂ ਦੇ ਚਾਰੇ



*1980 ਵਿਚ ਮੁਰਾਬਾਦ ਦੀ ਈਦਗਾਹ ਵਿਚ ਚਲਾਈ ਗੋਲੀ ਵਿਚ ਜ਼ਖਮੀ ਨੌਜਵਾਨ ਨੂੰ ਲਿਜਾ ਰਹੇ ਲੋਕ। ਇਸ ਘਟਨਾ ਵਿਚ ਮਾਰੇ ਗਏ ਲੋਕਾਂ ਦੇ 400 ਵਾਰਸਾਂ ਨੂੰ ਮੁਆਵਜ਼ਾ ਦਿੱਤਾ ਗਿਆ ਸੀ। ਅਪੁਸ਼ਟ ਸੂਤਰਾਂ ਅਨੁਸਾਰ ਇਸ ਘਟਨਾ ਵਿਚ 2500 ਮੁਸਲਮਾਨ ਮਾਰੇ ਗਏ ਸਨ।*

ਪਾਸੇ ਭੀੜ ਤਾੜੀਆਂ ਵਜਾ-ਵਜਾ ਕੇ ਨੱਚਦੀ ਰਹੀ। ਭੀੜ ਵਿਚ ਸ਼ਾਮਲ ਲੋਕ ਇਕੱਠੇ ਨਾ ਹੋਣ ਦੀ ਹਾਲਤ ਵਿਚ ਅਜਿਹੀਆਂ ਘਟਨਾਵਾਂ ਕਰਨ ਬਾਰੇ ਤਾਂ ਦੂਰ ਦੀ ਗੱਲ, ਦੇਖਣਾ ਵੀ ਪਸੰਦ ਨਾ ਕਰਦੇ।

ਸਮਾਜਵਾਦੀ ਵਿਦਵਾਨ ਡਾ. ਰਾਮ ਮਨੋਹਰ ਲੋਹੀਆ ਨੇ ਭੀੜ ਦਾ ਅੰਗ ਬਣ ਚੁੱਕੇ ਆਮ ਭਾਰਤੀ ਦੇ ਵਿਹਾਰ ਨੂੰ ਸਮਝਣ ਲਈ 'ਕਰੂਰ ਕਾਇਰਤਾ' ਸ਼ਬਦ ਵਰਤੇ ਹਨ।ਭ ਰੋਜ਼ ਆਪਣੇ ਸਮਾਜਿਕ ਜੀਵਨ ਵਿਚ ਮਿਲਦੀਆਂ ਹਨ; ਜਿਵੇਂ ਬੱਸ ਸਟੈਂਡ 'ਤੇ ਕਿਸੇ ਸ਼ੱਕੀ ਜੇਬ ਕਤਰੇ ਨੂੰ ਫੜ ਕੇ ਭੀੜ ਵਲੋਂ ਕੁੱਟ-ਕੁੱਟ ਕੇ ਮਾਰ ਦੇਣਾ ਜਾਂ ਕਿਸੇ ਪਿੰਡ ਵਿਚ ਕਿਸੇ ਔਰਤ ਨੂੰ ਡੈਣ ਕਰਾਰ ਦੇ ਕੇ ਜਿੰਦਾ ਜਲਾ ਦੇਣਾ। ਜਦੋਂ ਕੋਈ ਸਭ ਦੇ ਸਾਹਮਣੇ ਕਿਸੇ ਕਮਜ਼ੋਰ ਨਾਲ ਗੁੰਡਾਗਰਦੀ ਕਰਦਾ ਹੈ ਤਾਂ ਅਸੀਂ ਬੂਹੇ ਬਾਰੀਆਂ ਬੰਦ ਕਰਕੇ ਅੰਦਰ ਦੁਬਕ ਜਾਂਦੇ ਹਾਂ। ਇਹੀ ਲੋਕ ਮਰੀਅਲ ਜਿਹੇ ਚੋਰ ਨੂੰ ਫੜ ਕੇ ਉਸ ਦਾ ਕੁਟਾਪਾ ਕਰਨ ਲਈ ਸ਼ੇਰ ਬਣ ਜਾਂਦੇ ਹਨ। ਹਰ ਆਦਮੀ ਉਸ ਦਾ ਕੁਟਾਪਾ ਕਰਨ ਲਈ ਕਾਹਲਾ ਹੁੰਦਾ ਹੈ। ਆਮ ਭਾਰਤੀ ਦੇ ਚਰਿੱਤਰ ਵਿਚ ਛੁਪੀ ਇਹ ਕਰੂਰ ਕਾਇਰਤਾ ਭੀੜ ਵਿਚ ਸ਼ਾਮਲ ਹੁੰਦੇ ਹੀ ਭਿਆਨਕ ਕਰੂਰਤਾ ਵਿਚ ਬਦਲ ਜਾਂਦੀ ਹੈ।

ਸੰਘਣੀ ਅਬਾਦੀ ਵਾਲੇ ਰਿਹਾਇਸ਼ੀ ਮੁਸਲਿਮ ਇਲਾਕਿਆਂ ਵਿਚ ਚੌਵੀ ਘੰਟੇ ਸੜਕਾਂ ਅਤੇ ਜਨਤਕ ਥਾਵਾਂ 'ਤੇ ਲੋਕਾਂ ਦੀ ਭੀੜ ਦੇਖੀ ਜਾ ਸਕਦੀ ਹੈ। ਬਿਨਾਂ ਕਿਸੇ ਉਦੇਸ਼ ਤੋਂ ਮਟਰਗਸ਼ਤੀ ਕਰਦੇ ਲੋਕ ਹਿੰਸਾ ਲਈ ਅਸਾਨੀ ਨਾਲ ਪ੍ਰੇਰਿਤ ਕੀਤੀ ਜਾਣ ਵਾਲੀ ਭੀੜ ਦਾ ਅੰਗ ਬਣ ਜਾਂਦੇ ਹਨ। ਇਹੀ ਕਾਰਨ ਹੈ ਕਿ ਸੰਘਣੀ ਆਬਾਦੀ ਵਾਲੇ ਮੁਸਲਿਮ ਇਲਾਕਿਆਂ ਵਿਚ ਹਿੰਦੂ ਬਸਤੀਆਂ ਨਾਲੋਂ ਜ਼ਿਆਦਾ ਤੇਜ਼ੀ ਨਾਲ ਹਿੰਸਾ ਭੜਕਾਈ ਜਾ ਸਕਦੀ ਹੈ। ਹਿੰਦੂਤਵਵਾਦੀ ਸ਼ਕਤੀਆਂ ਵਲੋਂ ਮੁਸਲਿਮ ਇਲਾਕਿਆਂ ਵਿਚ ਲੋਕਾਂ ਦੇ ਸੜਕਾਂ 'ਤੇ ਰਾਤ ਦਿਨ ਮੌਜੂਦ ਰਹਿਣ ਕਾਰਨ ਅਰਾਜਕਤਾ ਅਤੇ ਹਿੰਸਾ ਦੇ ਪੈਦਾ ਹੋਣ ਦਾ ਵਿਸ਼ਵਾਸ ਸਾਬਤ ਕਰਨ ਲਈ ਪੜਚੋਲ ਕਰਨ ਦੀ ਲੋੜ ਹੈ। ਅਸਲ ਵਿਚ ਉਸ ਪਿਛੇ ਕਾਰਨ ਸਮਾਜਿਕ ਅਤੇ ਆਰਥਿਕ ਹਨ। ਇਨ੍ਹਾਂ ਕਾਰਨਾਂ ਨੂੰ ਸਮਝੇ ਬਿਨਾਂ ਮੁਸਲਿਮ ਭੀੜ ਦੇ ਵਿਹਾਰ ਨੂੰ ਸਮਝਣਾ ਮੁਸ਼ਕਿਲ ਹੈ।

ਭਾਰਤੀ ਸਮਾਜ ਵਿਚ ਰਿਹਾਇਸ਼ੀ ਬਸਤੀਆਂ ਇਤਿਹਾਸਕ ਕਾਰਨਾਂ ਕਰਕੇ ਧਰਮ ਅਤੇ ਜਾਤੀ ਦੇ ਆਧਾਰ 'ਤੇ ਵਿਕਸਿਤ ਹੁੰਦੀਆਂ ਹਨ। ਖਾਣ-ਪਾਣ, ਰੀਤੀ-ਰਿਵਾਜ ਅਤੇ ਸਮਾਜਿਕ ਸੁਰੱਖਿਆ ਵਰਗੇ ਕਾਰਨਾਂ ਕਰਕੇ ਪਿੰਡਾਂ ਅਤੇ ਸ਼ਹਿਰੀ ਖੇਤਰਾਂ ਵਿਚ ਵੱਖ-ਵੱਖ ਫਿਰਕਿਆਂ ਦੇ ਰਿਹਾਇਸ਼ੀ ਖੇਤਰਾਂ ਵਿਚ ਵੰਡ ਦੀ ਸਾਫ ਲਾਈਨ ਦਿਖਾਈ ਦਿੰਦੀ ਹੈ। ਜਿੱਥੇ ਮੁਸਲਮਾਨ ਨਹੀਂ ਸਨ, ਉਨ੍ਹਾਂ ਥਾਵਾਂ 'ਤੇ ਹਿੰਦੂ ਆਬਾਦੀ ਜਾਤੀਆਂ ਦੇ ਆਧਾਰ 'ਤੇ ਇਲਾਕੇ ਵੰਡ ਕੇ ਰਹਿੰਦੀ ਹੈ। ਕਿਸੇ ਵੱਡੀ ਮੁਸਲਿਮ ਆਬਾਦੀ ਵਿਚ ਕਿੱਤੇ, ਪੇਸ਼ੇ ਅਤੇ ਸਮਾਜਿਕ ਆਰਥਿਕ ਹੈਸੀਅਤ ਮੁਤਾਬਕ ਲੋਕ ਅਲੱਗ-ਅਲੱਗ ਟੋਲੇ ਬਣਾ ਕੇ ਰਹਿੰਦੇ ਸਨ। ਆਜ਼ਾਦੀ ਤੋਂ ਬਾਅਦ ਵੀ ਇਹੀ ਸਥਿਤੀ ਬਣੀ ਰਹੀ।

ਦੇਸ਼ ਦੀ ਵੰਡ ਸਮੇਂ ਮੁਸਲਿਮ ਮੱਧ ਵਰਗ ਦਾ ਵੱਡਾ ਹਿੰਸਾ ਚੰਗੇ ਭਵਿੱਖ ਦੀ ਆਸ ਵਿਚ ਪਾਕਿਸਤਾਨ ਚਲਿਆ ਗਿਆ। ਇਨ੍ਹਾਂ ਵਿਚ ਵਕੀਲ, ਡਾਕਟਰ, ਅਧਿਆਪਕ, ਵਪਾਰੀ, ਉਦਯੋਗਪਤੀ ਲੋਕ ਸਨ। ਇਨ੍ਹਾਂ ਪੇਸ਼ੇਵਰ ਲੋਕਾਂ ਦੇ ਪਰਵਾਸ ਨੇ ਰਿਹਾਇਸ਼ੀ ਇਲਾਕਿਆਂ ਦੀ ਬਣਤਰ 'ਤੇ ਕਾਫੀ ਅਸਰ ਪਾਇਆ। ਵੱਡਾ ਮੱਧ ਵਰਗ ਕਿਸੇ ਫਿਰਕੇ ਦੇ ਜੀਵਨ ਨੂੰ ਕਈ ਪੱਧਰਾਂ 'ਤੇ ਪ੍ਰਭਾਵਿਤ ਕਰਦਾ ਹੈ। ਇਸ ਵਿਚ ਮਕਾਨਾਂ ਦੀ ਵਸਤੂ ਕਲਾ (ਆਰਕੀਟੈਕਚਰ) ਰਿਹਾਇਸ਼ੀ ਇਲਾਕਿਆਂ ਵਿਚ ਜਲ ਨਿਕਾਸੀ ਪ੍ਰਬੰਧ, ਮਲ ਨਿਕਾਸੀ ਪ੍ਰਬੰਧ ਅਤੇ ਪਾਰਕ ਵਰਗੀਆਂ ਸਹੂਲਤਾਂ ਬਾਰੇ ਉਸ ਸਮੂਹ ਦੀ ਪਹਿਲ ਅਤੇ ਸੋਚ ਵੀ ਸ਼ਾਮਲ ਹੈ। ਮੱਧ ਵਰਗ ਦੇ ਬਿਨਾਂ ਮੁਸਲਿਮ ਇਲਾਕੇ ਕਿਸੇ ਸ਼ਹਿਰ ਦੀ ਸਭ ਤੋਂ ਗੰਦੀ, ਦੁਰਗੰਧ ਭਰੀ ਬਸਤੀ ਵਿਚ ਤਬਦੀਲ ਹੋ ਗਏ। ਗਰੀਬੀ, ਜਹਾਲਤ ਅਤੇ ਬੇਰੋਕ ਵਧਦੀ ਆਬਾਦੀ ਨਾਲ ਸਰਾਪੀਆਂ ਬਸਤੀਆਂ ਅਜੀਬ ਕਿਸਮ ਦਾ ਤਲਿਸਮ ਸਿਰਜਦੀਆਂ ਹਨ। ਅਸੁਰੱਖਿਆ ਅਤੇ ਫਿਰਕੂ ਵੈਰਭਾਵ ਕਾਰਨ ਇਨ੍ਹਾਂ ਬਸਤੀਆਂ ਵਿਚ ਰਹਿਣ ਵਾਲੇ ਮੁਸਲਿਮ ਲੋਕ ਕਿਤੇ ਹੋਰ, ਖੁੱਲ੍ਹੀਆਂ ਥਾਵਾਂ 'ਤੇ ਰਲੀਆਂ ਮਿਲੀਆਂ ਆਬਾਦੀਆਂ ਵਿਚ ਮਕਾਨ ਜਾਂ ਪਲਾਟ ਨਹੀਂ ਖਰੀਦ ਸਕਦੇ ਅਤੇ ਨਾ ਹੀ ਉੱਥੇ ਰਹਿਣ ਬਾਰੇ ਸੋਚ ਸਕਦੇ ਹਨ। ਇਸ ਲਈ ਸਾਲੋ-ਸਾਲ ਅਤੇ ਪੀੜ੍ਹੀ ਦਰ ਪੀੜ੍ਹੀ ਉਨ੍ਹਾਂ ਦੀ ਵਧਦੀ ਆਬਾਦੀ, ਮਕਾਨਾਂ ਵਿਚ ਵੰਡ ਅਤੇ ਉੱਥੇ ਹੀ ਮਾੜੀਆਂ ਮੋਟੀਆਂ ਸਹੂਲਤਾਂ ਦਾ ਪ੍ਰਬੰਧ ਕਰਕੇ ਰਹਿਣ ਲਈ ਮਜਬੂਰ ਹਨ। 1971 ਦੇ ਭਾਰਤ-ਪਾਕਿਸਤਾਨ ਯੁੱਧ ਅਤੇ ਬੰਗਲਾਦੇਸ਼ ਬਣਨ ਸਮੇਂ ਤੱਕ ਮੁਸਲਿਮ ਮੱਧ ਵਰਗ ਦੀ ਮਾਨਸਿਕਤਾ ਵਿਚ ਪਾਕਿਸਤਾਨ ਦਿਲਚਸਪ ਹੈਸੀਅਤ ਰੱਖਦਾ ਸੀ। ਅਲੀਗੜ੍ਹ ਯੂਨੀਵਰਸਿਟੀ ਦੇ ਇਕ ਅਧਿਐਨ ਅਨੁਸਾਰ 1971 ਤੱਕ ਉਸ ਯੂਨੀਵਰਸਿਟੀ ਵਿਚੋਂ ਨਿਕਲਣ ਵਾਲੇ ਬਹੁਤੇ ਵਿਦਿਆਰਥੀ ਪਾਕਿਸਤਾਨ 'ਚ ਨੌਕਰੀ ਹਾਸਲ ਕਰਨ ਦੇ ਸੁਪਨੇ ਦੇਖਦੇ ਸਨ। 1971 ਤੋਂ ਬਾਅਦ ਸਥਿਤੀ ਵਿਚ ਗੁਣਾਤਮਕ ਤਬਦੀਲੀ ਦੇਖਣ ਨੂੰ ਮਿਲੀ। ਇਹ ਕੋਈ ਸੰਜੋਗ ਨਹੀਂ ਹੈ ਕਿ ਸਰਕਾਰੀ ਨੌਕਰੀਆਂ, ਵਪਾਰ ਅਤੇ ਉਦਯੋਗ ਅੰਦਰ 1971 ਤੋਂ ਬਾਅਦ ਮੁਸਲਮਾਨਾਂ ਦੀ ਪ੍ਰਤੀਸ਼ਤ ਵਧੀ।

ਮੁਸਲਮਾਨ ਇਲਾਕਿਆਂ ਵਿਚ ਦਿਨ ਰਾਤ ਸੜਕਾਂ 'ਤੇ ਲੋਕਾਂ ਦੀ ਭੀੜ ਅਤੇ ਥੋੜ੍ਹੀ ਜਿਹੀ ਉਤਸੁਕਤਾ ਜਾਂ ਉਤੇਜਨਾ ਹੁੰਦੇ ਹੀ ਬੇਕਾਬੂ ਭੀੜ ਦੇ ਰੂਪ ਵਿਚ ਇਕੱਠੇ ਹੋਣ ਪਿੱਛੇ, ਉਨ੍ਹਾਂ ਮੁਸਲਿਮ ਇਲਾਕਿਆਂ ਵਿਚ ਜੀਵਨ ਦੀਆਂ ਮੁੱਢਲੀਆਂ ਸਹੂਲਤਾਂ ਦੀ ਘਾਟ ਹੋਣਾ ਪ੍ਰਮੁੱਖ ਹੈ। ਇਸ ਦੇ ਅਧਿਐਨ ਲਈ ਅਸੀਂ ਦੋ ਮੁਸਲਿਮ ਇਲਾਕੇ ਚੁਣੇ। ਇਹ ਇਲਾਕੇ ਸਨ ਅਲਾਹਾਬਾਦ ਦਾ ਨਖਾਸ ਕੋਨਾ ਅਤੇ ਬਨਾਰਸ (ਵਾਰਾਣਸੀ) ਵਿਚ ਮਦਨਪੁਰਾ। ਇਨ੍ਹਾਂ ਦੀ ਚੋਣ ਪਿੱਛੇ ਕਾਰਨ ਸਨ। ਦੋਵੇਂ ਇਲਾਕੇ ਸੰਘਣੀ ਮੁਸਲਿਮ ਵਸੋਂ ਵਾਲੇ ਹਨ। ਦੋਵਾਂ ਨੂੰ ਕੇਂਦਰ ਮੰਨ ਕੇ ਜੇ ਤਿੰਨ ਚਾਰ ਕਿਲੋਮੀਟਰ ਦੇ ਘੇਰੇ 'ਤੇ ਨਜ਼ਰ ਮਾਰੀਏ ਤਾਂ ਸਾਨੂੰ ਬਹੁਤ ਸਾਰੇ ਰਾਜਨੀਤਕ, ਸਮਾਜਿਕ ਅਤੇ ਆਰਥਿਕ ਕਾਰਨ ਮਿਲ ਜਾਣਗੇ ਜੋ ਫਿਰਕੂ ਦੰਗੇ ਭੜਕਾਉਣ ਲਈ ਪ੍ਰੇਰਕ ਦਾ ਕੰਮ ਕਰਦੇ ਹਨ। ਇਸ ਤੋਂ ਇਲਾਵਾ ਇਹ ਦੋਵੇਂ ਇਲਾਕੇ ਉਤਰ ਪ੍ਰਦੇਸ਼ ਦੇ ਦੋ ਸੰਵੇਦਨਸ਼ੀਲ ਜ਼ਿਲ੍ਹਿਆਂ ਦੇ ਫਿਰਕੂ ਤਣਾਓ ਦੌਰਾਨ ਮੁਸਲਿਮ ਪ੍ਰਤੀਕਿਰਿਆ ਦੇ ਕੇਂਦਰ ਰਹੇ ਹਨ।

ਨਖਾਸ ਕੋਨਾ ਅਲਾਹਾਬਾਦ ਦੀ ਪੁਰਾਣੀ ਆਬਾਦੀ ਵਾਲੇ ਇਲਾਕਿਆਂ ਵਿਚ ਮੁਸਲਿਮ ਆਬਾਦੀ ਦਾ ਕੇਂਦਰ ਹੈ। ਇਸ ਦੇ ਆਲੇ-ਦੁਆਲੇ ਸ਼ਾਹਗੰਜ, ਇਟਾਲਾ, ਚਕੀਆ, ਮੁੱਟੀਗੰਜ, ਰਾਨੀ ਮੰਡੀ, ਮਿਰਜ਼ਾ ਗਾਲਿਬ ਰੋਡ, ਨਰੂਲਾ ਰੋਡ ਵਰਗੇ ਇਲਾਕੇ ਹਨ ਜਿੱਥੇ ਸੰਘਣੀ ਮੁਸਲਿਮ ਆਬਾਦੀ ਹੈ। ਇਨ੍ਹਾਂ ਇਲਾਕਿਆਂ ਵਿਚ ਬੀੜੀ ਬਣਾਉਣ ਵਾਲੇ ਲੱਖਾਂ ਕਾਰੀਗਰ ਰਹਿੰਦੇ ਹਨ। ਅਲਾਹਾਬਾਦ ਸ਼ਹਿਰ ਵਿਚ ਟੀ.ਬੀ. ਦੀ ਪ੍ਰਤੀਸ਼ਤ ਵੀ ਸਭ ਤੋਂ ਵੱਧ ਇਨ੍ਹਾਂ ਖੇਤਰਾਂ ਵਿਚ ਹੀ ਹੈ। ਜ਼ਿਆਦਾਤਰ ਘਰਾਂ ਵਿਚ ਪਖਾਨਾ ਅਤੇ ਪੀਣ ਵਾਲੇ ਪਾਣੀ ਦੀਆਂ ਪੂਰੀਆਂ ਸਹੂਲਤਾਂ ਨਹੀਂ। ਵੱਡੇ ਪਰਿਵਾਰ ਹਨ। ਉਨ੍ਹਾਂ ਲਈ ਹਰ ਬੱਚਾ ਕਮਾਊ ਹੈ। ਇਸ ਲਈ ਬੱਚੇ ਨੂੰ ਸਕੂਲ ਭੇਜਣ ਦਾ ਮਤਲਬ ਹੈ, ਆਮਦਨ ਵਿਚ ਕਟੌਤੀ ਅਤੇ ਖਰਚ ਵਿਚ ਵਾਧਾ। ਸੁਭਾਵਿਕ ਹੈ ਕਿ ਜ਼ਿਆਦਾ ਪਰਿਵਾਰ ਬੱਚੇ ਦੇ ਵੱਡਾ ਹੁੰਦੇ ਹੀ ਉਸ ਨੂੰ ਬੀੜੀ ਦੇ ਕੰਮ ਵਿਚ ਲਗਾ ਦਿੰਦੇ ਹਨ। ਇਹ ਲੋਕ ਹੋਰ ਥਾਵਾਂ 'ਤੇ ਮਕਾਨ ਬਣਾਉਣ ਤੋਂ ਅਸਮਰੱਥ ਹਨ। ਜੇ ਕਦੇ ਕੋਈ 'ਕਰੈਲੀ ਸਕੀਮ' ਵਰਗੀ ਸਕੀਮ ਰਾਹੀਂ ਸਾਫ ਸੁਥਰੇ ਮਕਾਨ ਬਣਾਉਣ ਦੀ ਸਹੂਲਤ ਦਿੱਤੀ ਜਾਂਦੀ ਹੈ ਤਾਂ ਬਹੁਤ ਥੋੜ੍ਹੇ ਲੋਕ ਹੀ ਉਸ ਦਾ ਲਾਭ ਉਠਾ ਸਕਦੇ ਹਨ। ਇਸ ਲਈ ਸੁਭਾਵਿਕ ਹੈ ਕਿ ਬਹੁਤੇ ਲੋਕ ਇਨ੍ਹਾਂ ਬਸਤੀਆਂ ਵਿਚ ਰਹਿਣ ਲਈ ਮਜਬੂਰ ਹਨ। ਪਰਿਵਾਰ ਵਿਚ ਵਾਧਾ ਜਾਂ ਵੰਡ ਹੋਣ ਤੋਂ ਬਾਅਦ ਸਹੂਲਤਾਂ ਵਿਚ ਹੋਰ ਕਟੌਤੀ ਹੋ ਜਾਂਦੀ ਹੈ। ਸੌਣ ਲਈ, ਪਖਾਨੇ ਲਈ, ਪੀਣ ਵਾਲੇ ਪਾਣੀ ਵਰਗੀਆਂ ਮੁਢਲੀਆਂ ਸਹੂਲਤਾਂ ਤੋਂ ਵੀ ਵਾਂਝੇ ਇਹ ਲੋਕ ਬੇਹੱਦ ਤਰਸਯੋਗ ਹਾਲਾਤ ਵਿਚ ਰਹਿੰਦੇ ਹਨ।

ਸਰਵੇਖਣ ਵੇਲੇ ਸਾਨੂੰ ਬਹੁਤ ਭਿਆਨਕ ਹਕੀਕਤ ਦਾ ਸਾਹਮਣਾ ਕਰਨਾ ਪਿਆ। ਇਨ੍ਹਾਂ ਵਿਚੋਂ ਬਹੁਤੇ ਘਰਾਂ ਵਿਚ ਇੰਨੀ ਜਗ੍ਹਾ ਨਹੀਂ ਕਿ ਸਾਰੇ ਪਰਿਵਾਰ ਦੇ ਮੈਂਬਰ ਇਕ ਵੇਲੇ ਸੌਂ ਸਕਣ। ਸੈਕਸ ਵਰਗੀ ਵਿਅਕਤੀਗਤ ਗਤੀਵਿਧੀ ਲਈ ਵੀ ਕੋਈ ਅਲੱਗ ਸਨਮਾਨਯੋਗ ਸਥਿਤੀ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਜ਼ਿਆਦਾਤਰ ਘਰਾਂ ਵਿਚ ਲੋਕ ਵਾਰੀ ਬੰਨ੍ਹ ਕੇ ਸੌਂਦੇ ਹਨ; ਭਾਵ

***(ਬਾਕੀ ਅਗਲੇ ਸਫੇ 'ਤੇ)***

### ਵੱਡੀ ਵੰਗਾਰ

***ਪੁਲਿਸ ਅਫਸਰ ਵਜੋਂ ਮੈਂ ਮਹਿਸੂਸ ਕੀਤਾ ਹੈ ਕਿ ਭਾਰਤੀ ਪੁਲਿਸ ਪਹਿਲਾਂ ਹੀ ਮਨ ਬਣਾ ਕੇ ਘੱਟ-ਗਿਣਤੀ ਵਿਰੋਧੀ ਮਾਨਸਿਕਤਾ ਦੀ ਸ਼ਿਕਾਰ ਹੁੰਦੀ ਹੈ। ਉਨ੍ਹਾਂ ਦੀ ਯੋਗ ਸਿਖਲਾਈ ਅਤੇ ਘੱਟ-ਗਿਣਤੀਆਂ ਦੀ ਪੁਲਿਸ ਬਲਾਂ ਅੰਦਰ ਭਰਤੀ ਦਾ ਅਨੁਪਾਤ ਮੁੱਖ ਤੌਰ 'ਤੇ ਦੋਸ਼ੀ ਹੈ। ਤੁਹਾਡੇ ਕੋਲ ਵਧੇਰੇ ਪੁਲਿਸ ਬਲ, ਵੱਡੀ ਗਿਣਤੀ ਹਥਿਆਰ, ਵਧੇਰੇ ਗੱਡੀਆਂ, ਬਹੁਤ ਵਧੀਆ ਸੂਚਨਾ ਤੰਤਰ ਕੋਈ ਮਾਇਨੇ ਨਹੀਂ ਰੱਖਦਾ, ਜੇ ਉਨ੍ਹਾਂ ਦੀ ਸੋਚ ਪਹਿਲਾਂ ਹੀ ਵਿਸ਼ੇਸ਼ ਵਿਚਾਰ ਨਾਲ ਲੈਸ ਹੈ।***

***-ਵਿਭੂਤੀ ਨਰਾਇਣ ਰਾਏ***

# ਬੰਦੇ ਦਾ ਹਿੰਸਾ ਤੋਂ ਖਹਿੜਾ ਕਿਵੇਂ ਛੁੱਟੇ?

ਸ਼ਾਂਤੀ ਅਤੇ ਸਦਭਾਵਨਾ ਨੇ ਇਤਿਹਾਸ ਵਿਚ ਮਨੁੱਖੀ ਸਮਾਜ ਦੇ ਵਿਕਾਸ ਵਿਚ ਮਦਦ ਕੀਤੀ ਹੈ, ਹਾਲਾਂਕਿ ਕਈ ਵਾਰ ਉਨ੍ਹਾਂ ਵਿਰੁੱਧ ਹਿੰਸਾ ਦੀਆਂ ਘਟਨਾਵਾਂ ਹੋਈਆਂ ਹਨ ਜਿਨ੍ਹਾਂ ਨੇ ਸਮਾਜਿਕ ਆਰਥਿਕ ਵਿਕਾਸ ਵਿਚ ਰੁਕਾਵਟ ਪਾਈ। ਅਜਿਹੀਆਂ ਘਟਨਾਵਾਂ ਆਪ-ਮੁਹਾਰੇ ਨਹੀਂ ਵਾਪਰਦੀਆਂ। ਅਧਿਐਨਾਂ ਨੇ ਦਿਖਾਇਆ ਹੈ ਕਿ ਜ਼ਿਆਦਾਤਰ ਉਹ ਸਿਆਸੀ, ਆਰਥਿਕ, ਸਮਾਜਿਕ ਅਤੇ ਸਭਿਆਚਾਰਕ ਮਕਸਦ ਨਾਲ ਕੁਝ ਸਵਾਰਥੀ ਹਿੱਤਾਂ ਦੁਆਰਾ ਉਕਸਾਉਣ ਦੀਆਂ ਕਾਰਵਾਈਆਂ ਦਾ ਨਤੀਜਾ ਹੁੰਦੀਆਂ ਹਨ।



**ਡਾ. ਅਰੁਣ ਮਿੱਤਰਾ**
**ਫੋਨ: +91-94170-00360**

ਮਨੁੱਖ ਪ੍ਰਜਾਤੀ (ਹੋਮੋ ਸੇਪੀਅਨਸ) ਨੂੰ ਸਾਰੀਆਂ ਪ੍ਰਜਾਤੀਆਂ ਵਿਚੋਂ ਸਭ ਤੋਂ ਵੱਧ ਬੁੱਧੀਮਾਨ ਮੰਨਿਆ ਜਾਂਦਾ ਹੈ ਪਰ ਇਹ ਸਮਝ ਤੋਂ ਬਾਹਰ ਹੈ ਕਿ ਮਨੁੱਖ ਕਿਵੇਂ ਤੇ ਕਿਉਂ ਭਟਕ ਜਾਂਦੇ ਹਨ ਅਤੇ ਇਹ ਜਾਣਦੇ ਹੋਏ ਵੀ ਕਿ ਹਿੰਸਾ ਅਤਿ ਨੁਕਸਾਨਦੇਹ ਹੁੰਦੀ ਹੈ, ਕੁਰਾਹੇ ਪੈ ਕੇ ਹਿੰਸਾ ਦਾ ਸਹਾਰਾ ਲੈਂਦੇ ਹਨ। ਇੰਝ ਸਾਰੀ ਦੁਨੀਆ ਦੇ ਸਭ ਸਮਾਜਾਂ ਅਤੇ ਦੇਸ਼ਾਂ ਵਿਚ ਦੇਖਿਆ ਗਿਆ ਹੈ। ਇਸ ਵਰਤਾਰੇ ਨੂੰ ਸਮਝਣ ਅਤੇ ਉਪਾਅ ਲੱਭਣ ਲਈ ਸਾਨੂੰ ਅਜਿਹੀਆਂ ਘਟਨਾਵਾਂ ਦੇ ਕਾਰਨਾਂ ਤੇ ਮੈਡੀਕਲ ਤੌਰ 'ਤੇ ਪੈਥੋਫਿਜ਼ੀਓਲੋਜੀ (ਬਿਮਾਰੀ ਦੇ ਕਾਰਨਾਂ ਦੀ ਜਾਣਕਾਰੀ) ਅਤੇ ਮਹਾਮਾਰੀ ਵਿਗਿਆਨ ਦੀਆਂ ਖੋਜਾਂ ਦੇ ਮੁਤਾਬਕ ਜਾਣਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ।

ਗਲਤ ਜਾਣਕਾਰੀ ਦੇਣਾ, ਤੱਥਾਂ ਨੂੰ ਤੋੜ-ਮਰੋੜ ਕੇ ਪੇਸ਼ ਕਰਨਾ ਅਤੇ ਗਲਤ ਪ੍ਰਚਾਰ, ਅਜਿਹੀਆਂ ਘਟਨਾਵਾਂ ਦਾ ਆਧਾਰ ਬਣਦੇ ਹਨ। ਇਸ ਨਾਲ ਸਮਾਜ ਵਿਚ ਸਮੂਹਿਕ ਜਨੂਮਨ (ਮਾਸ ਹਿਸਟੀਰੀਆ) ਪੈਦਾ ਕੀਤਾ ਜਾਂਦਾ ਹੈ। ਹਿਟਲਰ ਦੇ ਪ੍ਰਚਾਰ ਮੰਤਰੀ ਗੋਇਬਲਜ਼ ਦਾ ਥੀਸਿਜ਼ ਕਿ 'ਝੂਠ ਨੂੰ ਹਜ਼ਾਰ ਵਾਰ ਦੁਹਰਾਓ, ਉਹ ਸੱਚ ਬਣ ਜਾਂਦਾ ਹੈ' ਬਹੁਤ ਪ੍ਰਸਿੱਧ ਹੈ। ਹਿੰਸਾ ਫੈਲਾਉਣ ਵਾਲੀਆਂ ਸ਼ਕਤੀਆਂ ਵਲੋਂ ਧਰਮ, ਜਾਤੀ, ਭਾਸ਼ਾਈ ਪਿਛੋਕੜ ਜਾਂ ਹੋਰ ਮਾਮਲਿਆਂ ਦੇ ਆਧਾਰ 'ਤੇ ਦੂਜੇ ਸਮੂਹਾਂ ਵਿਰੁੱਧ ਯੋਜਨਾਬੱਧ ਮੁਹਿੰਮ ਚਲਾਈ ਜਾਂਦੀ ਹੈ। ਵਿਰੋਧੀ ਸਮੂਹਾਂ ਨੂੰ ਉਸ ਵੇਲੇ ਚਲਦੀਆਂ ਸਾਰੀਆਂ ਬੁਰਾਈਆਂ ਲਈ ਜ਼ਿੰਮੇਵਾਰ ਠਹਿਰਾਇਆ ਜਾਂਦਾ ਹੈ।

ਅਜਿਹਾ 1930 ਦੇ ਦਹਾਕੇ ਵਿਚ ਜਰਮਨੀ ਵਿਚ ਯਹੂਦੀਆਂ ਅਤੇ ਅਸਹਿਮਤੀ ਰੱਖਣ ਵਾਲੇ ਸਾਰੇ ਲੋਕਾਂ ਦੇ ਵਿਰੁੱਧ ਦੇਖਿਆ ਗਿਆ ਹੈ। ਰਵਾਂਡਾ ਵਿਚ ਹੁਤੂ ਅਤੇ ਤੁਤਸੀ ਹਿੰਸਾ ਦੌਰਾਨ ਵੀ ਇਹੋ ਕੁਝ ਵਾਪਰਿਆ। ਦੱਖਣੀ ਅਫਰੀਕਾ ਵਿਚ, ਰੰਗਭੇਦ ਸ਼ਾਸਨ ਦੌਰਾਨ ਅਤੇ ਅਮਰੀਕਾ ਵਿਚ ਹਾਲ ਹੀ ਵਿਚ ਹੋਈਆਂ ਨਸਲੀ ਹੱਤਿਆਵਾਂ ਤੋਂ ਵੀ ਇਹੀ ਗੱਲ ਸਪਸ਼ਟ ਹੁੰਦੀ ਹੈ। ਦੱਖਣੀ ਏਸ਼ੀਆ ਵਿਚ 1947 ਵਿਚ ਭਾਰਤ ਦੀ ਵੰਡ ਵੇਲੇ ਇਹੋ ਵਰਤਾਰਾ ਵਾਪਰਿਆ, ਜਦੋਂ ਸਾਰੇ ਵੱਡੇ ਭਾਈਚਾਰਿਆਂ ਦੇ ਲਗਭਗ 25 ਲੱਖ ਲੋਕਾਂ, ਹਿੰਦੂਆਂ, ਸਿੱਖਾਂ ਅਤੇ ਮੁਸਲਮਾਨਾਂ ਨੇ ਇੱਕ ਦੂਜੇ ਦਾ ਕਤਲ ਕੀਤਾ ਅਤੇ ਉਜਾੜਿਆ। ਅਸੀਂ 1984 ਵਿਚ ਸਿੱਖਾਂ ਵਿਰੁੱਧ ਸਭ ਤੋਂ ਭੈੜੇ ਦੰਗੇ ਦੇਖੇ ਜਦੋਂ ਭੀੜਾਂ ਨੇ ਲੋਕਾਂ ਨੂੰ ਜਿਊਂਦਾ ਸਾੜ ਦਿੱਤਾ। ਗੁਜਰਾਤ 'ਚ ਵੀ 2002 ਵਿਚ ਅਜਿਹਾ ਹੀ ਹੋਇਆ ਸੀ। ਇਸ ਤੋਂ ਇਲਾਵਾ ਜੰਮੂ ਕਸ਼ਮੀਰ ਅਤੇ ਉੱਤਰ ਪੂਰਬੀ ਭਾਰਤ 'ਚ ਅਤਿਵਾਦੀ ਹਿੰਸਾ ਬੇਰੋਕ ਜਾਰੀ ਹੈ। ਪਾਕਿਸਤਾਨ ਅਤੇ ਹੋਰ ਥਾਵਾਂ 'ਤੇ ਮੁਸਲਮਾਨਾਂ ਵਿਚਕਾਰ ਸ਼ੀਆ ਅਤੇ ਸੁੰਨੀ ਦਰਮਿਆਨ ਹਿੰਸਾ ਦੀਆਂ ਘਟਨਾਵਾਂ ਰਿਕਾਰਡ 'ਤੇ ਹਨ।



ਨੈਸ਼ਨਲ ਕ੍ਰਾਈਮ ਰਿਕਾਰਡ ਬਿਊਰੋ ਦੀਆਂ ਰਿਪੋਰਟਾਂ ਦਾ ਹਵਾਲਾ ਦਿੰਦੇ ਹੋਏ ਗ੍ਰਹਿ ਰਾਜ ਮੰਤਰੀ ਸ੍ਰੀ ਨਿਤਿਆਨੰਦ ਰਾਏ ਨੇ ਸੰਸਦ ਵਿਚ ਦੱਸਿਆ ਕਿ 2020 ਵਿਚ 857 ਫਿਰਕੂ ਜਾਂ ਧਾਰਮਿਕ ਦੰਗਿਆਂ ਦੇ ਮਾਮਲੇ ਦਰਜ ਕੀਤੇ ਗਏ ਸਨ; 2019 ਵਿਚ 438, 2018 ਵਿਚ 512, 2017 ਵਿਚ 726 ਅਤੇ 2016 ਵਿਚ 869, ਭਾਵ 2016-2020 ਦੇ ਚਾਰ ਸਾਲਾਂ ਦੇ ਇਸ ਸਮੇਂ ਦੌਰਾਨ ਕੁੱਲ 3399 ਦੰਗੇ ਰਜਿਸਟਰ ਹੋਏ।

ਹਾਲ ਹੀ ਦੇ ਸਮੇਂ ਵਿਚ ਨਫਰਤੀ ਮੁਹਿੰਮ ਦੇ ਨਤੀਜੇ ਵਜੋਂ ਭੀੜਾਂ ਦੁਆਰਾ ਕੁੱਟ-ਕੁੱਟ ਕੇ ਜਾਨ ਲੈਣ (ਮੌਬ ਲਿੰਚਿੰਗ) ਦੀਆਂ ਘਟਨਾਵਾਂ ਹੋਈਆਂ ਹਨ। ਇੰਜ ਦੀਆਂ ਘਟਨਾਵਾਂ ਸਮਾਜ ਵਿਚ ਹੁਣ ਤੱਕ ਲਗਭਗ ਨਾਬਰਾਬਰ ਹੀ ਸਨ। ਮਾਰੇ ਗਏ ਜ਼ਿਆਦਾਤਰ ਮੁਸਲਮਾਨ ਹਨ, ਜਦਕਿ ਦਲਿਤ ਅਤੇ ਹੋਰ ਵੀ ਮਾਰੇ ਗਏ ਹਨ। ਇਹ ਕਾਰੇ ਅਖੌਤੀ ਚੌਕਸੀ ਸਮੂਹਾਂ ਦੁਆਰਾ ਨੈਤਿਕਤਾ ਦਾ ਬਹਾਨਾ ਦੇ ਕੇ ਕੀਤੇ ਜਾਂਦੇ ਹਨ। ਅਜਿਹੀਆਂ ਬੇਕਾਬੂ ਭੀੜਾਂ ਵੱਲੋਂ ਅਖੌਤੀ ਦੋਸ਼ੀਆਂ ਵਲੋਂ ਗਾਵਾਂ ਨੂੰ ਮਾਰਨਾ ਬਹਾਨਾ ਬਣਿਆ ਹੋਇਆ ਹੈ। ਇਹ ਗੱਲ ਸਮਝ ਲੈਣੀ ਅਤਿ ਜ਼ਰੂਰੀ ਹੈ ਕਿ ਉਹ ਲੋਕ ਕਿਸੇ ਨੂੰ ਵੀ ਨਹੀਂ ਬਖਸ਼ਦੇ ਅਤੇ ਆਪਣੇ ਸਹਿ-ਧਰਮੀਆਂ 'ਤੇ ਵੀ ਕੋਈ ਰਹਿਮ ਨਹੀਂ ਕਰਦੇ। ਇਕ ਹਿੰਦੂ ਪੁਲਿਸ ਇੰਸਪੈਕਟਰ ਸੁਬੋਧ ਕੁਮਾਰ ਨੂੰ ਬੁਲੰਦਸ਼ਹਿਰ 'ਚ ਭੀੜ ਨੇ ਕਤਲ ਕਰ ਦਿੱਤਾ ਸੀ। ਭਾਜਪਾ ਸ਼ਾਸਿਤ ਮੱਧ ਪ੍ਰਦੇਸ਼ ਦੇ ਨੀਮਚ ਜ਼ਿਲ੍ਹੇ 'ਚ ਭਾਜਪਾ ਦੀ ਸਾਬਕਾ ਕੌਂਸਲਰ ਬੀਨਾ ਖੁਸ਼ਵਾਹਾ ਦੇ ਪਤੀ ਦਿਨੇਸ਼ ਖੁਸ਼ਵਾਹਾ ਨੇ ਭਵਰਲਾਲ ਜੈਨ ਦਾ ਕੁੱਟ-ਕੁੱਟ ਕੇ ਕਤਲ ਕਰ ਦਿੱਤਾ। ਅਜਿਹੀਆਂ ਸਥਿਤੀਆਂ ਵਿਚ ਕਮਜ਼ੋਰ ਵਰਗ ਆਰਥਿਕ ਸੰਕਟ ਵਿਚ ਧੱਕੇ ਜਾਂਦੇ ਹਨ। ਉਨ੍ਹਾਂ ਨੂੰ ਦੂਜੇ ਭਾਈਚਾਰਿਆਂ ਦੇ ਧਾਰਮਿਕ ਸਥਾਨਾਂ ਦੇ ਬਾਹਰ ਆਪਣਾ ਕੰਮ ਕਰਨ ਤੋਂ ਰੋਕਿਆ ਜਾ ਰਿਹਾ ਹੈ। ਕੋਵਿਡ ਮਹਾਮਾਰੀ ਦੌਰਾਨ ਵੀ ਅਜਿਹਾ ਕੀਤਾ ਗਿਆ ਸੀ, ਜਦੋਂ ਘੱਟ ਗਿਣਤੀ ਭਾਈਚਾਰਿਆਂ ਦੇ ਵਿਕਰੇਤਾਵਾਂ ਦਾ ਮਜ਼ਾਕ ਉਡਾਇਆ ਗਿਆ ਸੀ ਅਤੇ ਕੁੱਟਿਆ ਮਾਰਿਆ ਗਿਆ ਅਤੇ ਵਿਸ਼ੇਸ਼ ਭਾਈਚਾਰੇ ਦੀਆਂ ਕਲੋਨੀਆਂ ਵਿਚ ਆਉਣਾ ਬੰਦ ਕਰ ਦਿੱਤਾ ਗਿਆ ਸੀ। ਨੌਜਵਾਨਾਂ ਜਿਨ੍ਹਾਂ ਨੂੰ ਦੇਸ਼ ਦੇ ਵਿਕਾਸ ਵਿਚ ਯੋਗਦਾਨ ਪਾਉਣਾ ਚਾਹੀਦਾ ਸੀ, ਨੂੰ ਹਿੰਸਾ ਦੇ ਕੰਮਾਂ ਵੱਲ ਧੱਕਿਆ ਜਾ ਰਿਹਾ ਹੈ। ਬਦਕਿਸਮਤੀ ਨਾਲ ਰਾਜਧਾਨੀ ਦਿੱਲੀ ਵਿਚ ਵੀ ਅਖੌਤੀ ਹਿੰਦੂ ਰਾਸ਼ਟਰਵਾਦੀਆਂ ਦੁਆਰਾ ਫਿਰਕੂ ਤੌਰ 'ਤੇ ਹਿੰਸਕ ਘਟਨਾਵਾਂ ਕੀਤੀਆਂ ਗਈਆਂ ਤੇ ਮੁਲਜ਼ਮ ਖੁੱਲ੍ਹੇ ਫਿਰਦੇ ਹਨ।

ਇਹ ਦੇਖਿਆ ਗਿਆ ਹੈ ਕਿ ਅਜਿਹੇ ਦੰਗਿਆਂ ਵਿਚ ਸ਼ਾਮਲ ਜ਼ਿਆਦਾਤਰ ਲੋਕ ਹੇਠਲੇ ਆਰਥਿਕ ਸਮੂਹਾਂ ਨਾਲ ਸਬੰਧਤ ਹਨ। ਅਮੀਰ ਜਾਂ ਉੱਚ ਮੱਧ ਵਰਗ ਦੇ ਨੌਜਵਾਨ ਕਦੇ ਵੀ ਇਨ੍ਹਾਂ ਦੰਗਈ ਭੀੜਾਂ ਵਿਚ ਨਹੀਂ ਦਿਸਦੇ। ਇਸ ਤੋਂ ਇਹ ਗੱਲ ਵੀ ਸਾਬਤ ਹੁੰਦੀ ਹੈ ਕਿ ਬੇਰੁਜ਼ਗਾਰ ਜਾਂ ਘੱਟ ਅਮਦਨ ਵਾਲੇ ਨੌਜਵਾਨਾਂ ਨੂੰ ਹਿੰਸਾ ਦੀਆਂ ਯੋਜਨਾਵਾਂ ਬਣਾਉਣ ਵਾਲਿਆਂ ਦੁਆਰਾ ਵਰਤਿਆ ਜਾਂਦਾ ਹੈ। ਲੋਕਾਂ ਦੀਆਂ ਮੰਗਾਂ ਨੂੰ ਪੂਰਾ ਕਰਨ ਵਿਚ ਨਾਕਾਮਯਾਬ, ਸੱਤਾਧਾਰੀ ਸਰਕਾਰਾਂ ਲੋਕਾਂ ਦਾ ਧਿਆਨ ਉਨ੍ਹਾਂ ਮੁੱਦਿਆਂ ਵੱਲ ਮੋੜਦੀਆਂ ਹਨ ਜਿਨ੍ਹਾਂ ਦਾ ਸਾਡੀ ਰੋਜ਼ਮੱਰਾ ਦੀ ਜ਼ਿੰਦਗੀ ਵਿਚ ਕੋਈ ਵਾ ਵਾਸਤਾ ਨਹੀਂ ਹੈ। ਅਤੀਤ ਦੀ ਵਡਿਆਈ ਅਤੇ ਇਤਿਹਾਸ ਨੂੰ ਤੋੜ-ਮਰੋੜ ਕੇ ਪੇਸ਼ ਕਰਨਾ ਸਮਾਜ ਵਿਚ ਵੰਡੀਆਂ ਪਾਉਣ ਲਈ ਵਰਤਿਆ ਜਾਂਦਾ ਹੈ। ਅਸੀਂ ਦੇਖ ਰਹੇ ਹਾਂ ਕਿ ਕਿਵੇਂ ਮੰਦਰ ਅਤੇ ਮਸਜਿਦ ਦੇ ਮੁੱਦੇ ਉਠਾਏ ਜਾ ਰਹੇ ਹਨ। ਹਰ ਰੋਜ਼ ਨਵਾਂ ਅਜਿਹਾ ਮੁੱਦਾ ਜੋੜਿਆ ਜਾਂਦਾ ਹੈ। ਅਜਿਹੀਆਂ ਘਟਨਾਵਾਂ ਦਾ ਅੰਤਿਮ ਨਤੀਜਾ ਆਰਥਿਕ ਸੰਕਟ ਦੇ ਨਾਲ-ਨਾਲ ਮਨੁੱਖਾਂ ਨੂੰ ਸਰੀਰਕ ਤੇ ਮਾਨਸਿਕ ਨੁਕਸਾਨ ਅਤੇ ਅੰਤ ਵਿਚ ਮੌਤ ਹੀ ਹੁੰਦਾ ਹੈ ਤੇ ਖਾਸਕਰ ਕੇ ਨਿਮਨ ਆਮਦਨੀ ਸਮੂਹਾਂ ਵਿਚ ਵਧੇਰੇ ਪ੍ਰਭਾਵ ਪੈਂਦਾ ਹੈ। ਇਸ ਨਾਲ ਸਿਆਸੀ ਜਾਂ ਆਰਥਿਕ ਲਾਭ ਲਈ ਕੁਝ ਸਮੂਹਾਂ ਦਾ ਲਾਭ ਤਾਂ ਹੋ ਸਕਦਾ ਹੈ ਪਰ ਅੰਤ ਵਿਚ ਇਸ ਦਾ ਮਾੜਾ ਪ੍ਰਭਾਵ ਮਨੁੱਖੀ ਜੀਵਨ 'ਤੇ ਪੈਂਦਾ ਹੈ।

ਡਾਕਟਰੀ ਪੇਸ਼ੇਵਰਾਂ ਲਈ ਜਿਨ੍ਹਾਂ ਨੂੰ ਸਿਹਤ ਨੂੰ ਸੁਰੱਖਿਅਤ ਰੱਖਣ ਲਈ ਸਿਖਲਾਈ ਦਿੱਤੀ ਜਾਂਦੀ ਹੈ, ਇਹ ਬਹੁਤ ਗੰਭੀਰ ਚਿੰਤਾ ਦਾ ਵਿਸ਼ਾ ਹੈ। ਮਨ ਵਿਚ ਦੂਸਰਿਆਂ ਪ੍ਰਤੀ ਨਿਰੰਤਰ ਨਫਰਤ ਵਿਅਕਤੀ ਨੂੰ ਡਿਪਰੈਸ਼ਨ (ਉਦਾਸੀ) ਭਰੇ ਵਿਹਾਰ ਵੱਲ ਲੈ ਜਾਂਦੀ ਹੈ ਅਤੇ ਅਜਿਹਾ ਵਿਅਕਤੀ ਅਜਿਹੀ ਸਥਿਤੀ ਵਿਚ ਆ ਪਹੁੰਚਦਾ ਹੈ, ਜਿੱਥੇ ਉਹ ਬੱਚਿਆਂ ਸਮੇਤ ਸਾਥੀ ਮਨੁੱਖਾਂ ਪ੍ਰਤੀ ਕੋਈ ਹਮਦਰਦੀ ਜਾਂ ਪਿਆਰ ਤੇ ਮੁਹੱਬਤ ਨੂੰ ਭੁੱਲ ਜਾਂਦਾ ਹੈ। ਇਸ ਲਈ ਦੁਨੀਆ ਭਰ ਦੇ ਕਈ ਮੈਡੀਕਲ ਗਰੁੱਪ ਅਜਿਹੀਆਂ ਸਥਿਤੀਆਂ ਦੇ ਰੋਕਥਾਮ ਲਈ ਲੱਗੀਆਂ ਹੋਈਆਂ ਹਨ ਕਿਉਂਕਿ ਅਖੀਰ ਡਾਕਟਰਾਂ ਨੂੰ ਹੀ ਅਜਿਹੀਆਂ ਸਥਿਤੀਆਂ ਵਿਚ ਜ਼ਖਮੀਆਂ ਦੀ ਦੇਖਭਾਲ ਕਰਨੀ ਪੈਂਦੀ ਹੈ। ਇਸ ਲਈ ਪੇਸ਼ੇਵਰ ਵਚਨਬੱਧਤਾ ਦੇ ਨਾਲ ਬੱਝੇ ਹੋਣ ਦੇ ਕਾਰਨ ਡਾਕਟਰ ਕਿਸੇ ਵੀ ਅਜਿਹੀ ਸਥਿਤੀ ਦੇ ਵਿਰੁੱਧ ਹਨ, ਜੋ ਸਮਾਜ ਵਿਚ ਵਖਰੇਵਾਂ ਪੈਦਾ ਕਰਦੇ ਹਨ। ਅਸਲ ਵਿਚ ਕਈ ਲੋਕਾਂ ਨੇ ਘਟਨਾਵਾਂ ਨੂੰ ਖਰਾਬ ਮੋੜ ਲੈਣ ਤੋਂ ਰੋਕਣ ਲਈ ਆਪਣੀ ਜਾਨ ਦਾਅ 'ਤੇ ਲਗਾ ਦਿੱਤੀ ਹੈ।

ਡਾਕਟਰਾਂ ਨੇ ਇਸ ਗੱਲ 'ਤੇ ਖੋਜ ਕੀਤੀ ਹੈ ਕਿ ਮਨੁੱਖੀ ਦਿਮਾਗ ਇਕਜੁੱਟ ਹੋਣ ਦੀ ਬਜਾਇ ਟੁੱਟਣ ਭਜਣ ਦੇ ਖਤਰਨਾਕ ਨਾਅਰਿਆਂ ਨਾਲ ਕਿਵੇਂ ਅਤੇ ਕਿਉਂ ਪ੍ਰਭਾਵਿਤ ਹੁੰਦਾ ਹੈ। ਇਹ ਕਿਵੇਂ ਹੈ ਕਿ ਇਸ ਸੱਚਾਈ ਨੂੰ ਚੰਗੀ ਤਰ੍ਹਾਂ ਜਾਣਦੇ ਹੋਏ ਵੀ ਕਿ ਅਸੀਂ ਸਾਰੇ ਮਨੁੱਖ ਹਾਂ, ਲੋਕ ਦੂਜਿਆਂ ਤੋਂ ਵੱਖਰਾ ਮਹਿਸੂਸ ਕਰਦੇ ਹਨ, ਇੱਥੋਂ ਤੱਕ ਕਿ ਉਨ੍ਹਾਂ ਤੋਂ ਵੀ ਜਿਨ੍ਹਾਂ ਨਾਲ ਉਹ ਹਰ ਰੋਜ਼ ਰਹਿੰਦੇ ਹਨ, ਇਸ ਹੱਦ ਤੱਕ ਕਿ ਉਹ ਉਨ੍ਹਾਂ ਨੂੰ ਮਾਰਨ ਤੱਕ ਪ੍ਰੇਰਿਤ ਹੋ ਜਾਂਦੇ ਹਨ। ਅਮਰੀਕਾ ਦੇ ਇੱਕ ਮਾਲ ਵਿਚ ਨਸਲੀ ਅਤੇ ਟੈਕਸਸ ਵਿਚ ਸਕੂਲੀ ਬੱਚਿਆਂ ਦੀ ਹੱਤਿਆ ਅੱਖਾਂ ਖੋਲ੍ਹਣ ਵਾਲੀਆਂ ਦਰਿੰਦਗੀ ਦੀਆਂ ਘਟਨਾਵਾਂ ਹਨ। ਡਾਕਟਰਾਂ ਨੇ ਖੋਜਾਂ ਰਾਹੀਂ ਕੁਝ ਨਸਲਾਂ, ਨਸਲੀ/ਧਾਰਮਿਕ ਸਮੂਹਾਂ ਅਤੇ ਇੱਥੋਂ ਤੱਕ ਕਿ ਲਿੰਗ ਦੇ ਸਰਵਉੱਚਤਾ ਦੇ ਸਿਧਾਂਤ ਨੂੰ ਵੀ ਰੱਦ ਕਰ ਦਿੱਤਾ ਹੈ ਅਤੇ ਇਹ ਪਾਇਆ ਹੈ ਕਿ ਜਦੋਂ ਅਸੀਂ ਇੱਕ ਦੂਜੇ ਨਾਲ ਵਧੇਰੇ ਰਲਦੇ ਮਿਲਦੇ ਹਾਂ ਤਾਂ ਅਸੀਂ ਵਧੇਰੇ ਹਮਦਰਦੀ ਅਤੇ ਪਿਆਰ ਮੁਹੱਬਤ ਵਾਲਾ ਰਵੱਈਆ ਵਿਕਸਿਤ ਕਰਦੇ ਹਾਂ।

ਸਮਾਜਿਕ ਸਦਭਾਵਨਾ ਲਈ ਕੰਮ ਕਰਨ ਲਈ ਸਮਾਂ ਸੰਘਰਸ਼ ਦੀ ਮੰਗ ਕਰਦਾ ਹੈ। ਮੈਡੀਕਲ ਸੰਸਥਾਵਾਂ ਹਮੇਸ਼ਾ ਔਰਤਾਂ, ਬੱਚਿਆਂ ਅਤੇ ਬਜ਼ੁਰਗਾਂ 'ਤੇ ਧਿਆਨ ਕੇਂਦਰਿਤ ਕਰਕੇ ਹਿੰਸਾ ਦੇ ਸਿਹਤ ਪ੍ਰਭਾਵਾਂ ਬਾਰੇ ਗੱਲ ਕਰ ਸਕਦੀਆਂ ਹਨ। ਸਾਨੂੰ ਵੱਖ-ਵੱਖ ਸਮਾਜਿਕ ਸਮੂਹਾਂ ਨੂੰ ਮਿਲਾਉਣ ਲਈ ਉਤਸ਼ਾਹਿਤ ਕਰਨਾ ਚਾਹੀਦਾ ਹੈ ਤਾਂ ਜੋ ਇੱਕ ਦੂਜੇ ਦੀਆਂ ਸਭਿਆਚਾਰਕ ਕਦਰਾਂ-ਕੀਮਤਾਂ ਨੂੰ ਸਮਝਿਆ ਜਾ ਸਕੇ ਅਤੇ ਉਨ੍ਹਾਂ ਦਾ ਸਤਿਕਾਰ ਕੀਤਾ ਜਾ ਸਕੇ। ਇਤਿਹਾਸ ਨੂੰ ਸਹੀ ਪ੍ਰਸੰਗ ਵਿਚ ਪੜ੍ਹਾਉਣ ਦੀ ਮੰਗ ਕਰਨੀ ਚਾਹੀਦੀ ਹੈ। ਕੌੜੇ ਅਤੀਤ ਨੂੰ ਭੁੱਲ ਜਾਣਾ ਚਾਹੀਦਾ ਹੈ ਤਾਂ ਜੋ ਇਕੱਠੇ ਅੱਗੇ ਵਧਿਆ ਜਾ ਸਕੇ। ਵੱਖ-ਵੱਖ ਸਮਾਜਿਕ ਸੱਭਿਆਚਾਰਕ ਸਮੂਹਾਂ ਨੂੰ ਅਲੱਗ-ਥਲੱਗ ਹੋਣ ਦੀ ਬਜਾਇ ਸਾਂਝੇ ਇਲਾਕਿਆਂ ਵਿਚ ਰਹਿਣ ਲਈ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ। ਵੱਖ-ਵੱਖ ਭਾਈਚਾਰਿਆਂ ਦੇ ਬੱਚਿਆਂ ਨਾਲ ਸਾਂਝੇ ਸਕੂਲ ਪ੍ਰਣਾਲੀ ਨੂੰ ਲਾਜ਼ਮੀ ਬਣਾਇਆ ਜਾਣਾ ਚਾਹੀਦਾ ਹੈ।

ਇੰਡੀਅਨ ਡਾਕਟਰਜ਼ ਫਾਰ ਪੀਸ ਐਂਡ ਡਿਵੈਲਪਮੈਂਟ ਇਨ੍ਹਾਂ ਮੁੱਦਿਆਂ 'ਤੇ ਲਗਾਤਾਰ ਕੰਮ ਕਰ ਰਹੀ ਹੈ ਅਤੇ ਸਮਾਜਿਕ ਸਦਭਾਵਨਾ ਲਈ ਲੋਕ ਸੰਪਰਕ ਪ੍ਰੋਗਰਾਮ ਕਰਨ ਦਾ ਫੈਸਲਾ ਕੀਤਾ ਹੈ।

ਸਰਕਾਰ ਦਾ ਫਰਜ਼ ਹੈ ਕਿ ਉਹ ਅਜਿਹੀਆਂ ਘਟਨਾਵਾਂ ਨੂੰ ਰੋਕੇ ਅਤੇ ਅਜਿਹੀਆਂ ਘਟਨਾਵਾਂ ਨੂੰ ਰੋਕਣ ਲਈ ਪ੍ਰਭਾਵੀ ਕਦਮ ਚੁੱਕੇ। ਜੇਕਰ ਅਪਰਾਧੀ ਨੂੰ ਕਿਸੇ ਹਿੰਸਕ ਕਾਰਵਾਈ ਤੋਂ ਬਾਅਦ ਸਜ਼ਾ ਨਹੀਂ ਮਿਲਦੀ ਤਾਂ ਅਪਰਾਧਿਕ ਦਿਮਾਗ ਵਾਲਾ ਵਿਅਕਤੀ ਹੋਰ ਉਤਸ਼ਾਹਿਤ ਹੋ ਜਾਂਦਾ ਹੈ ਤੇ ਹੋਰ ਅਪਰਾਧ ਕਰਦਾ ਹੈ। ਜੇਕਰ ਹਿੰਸਾ ਦੇ ਦੋਸ਼ੀਆਂ ਦੀ ਸ਼ਲਾਘਾ ਕੀਤੀ ਜਾਏ ਤਾਂ ਸਥਿਤੀ ਹੋਰ ਵਿਗੜ ਜਾਂਦੀ ਹੈ। ਇਸ ਲਈ ਇਹ ਜ਼ਰੂਰੀ ਹੈ ਕਿ ਸੱਤਾ ਵਿਚ ਰਹਿਣ ਵਾਲਿਆਂ ਨੂੰ ਅੱਗੇ ਆਉਣਾ ਚਾਹੀਦਾ ਹੈ। ਅਜਿਹੀਆਂ ਘਟਨਾਵਾਂ 'ਤੇ ਪ੍ਰਧਾਨ ਮੰਤਰੀ ਸਮੇਤ ਸਰਕਾਰ ਦੇ ਉੱਚ ਅਧਿਕਾਰੀਆਂ ਦੀ ਚੁੱਪ ਸ਼ੱਕੀ ਹੈ।

# ਭੀੜ ਅਤੇ ਸੁਰੱਖਿਆ ਬਲਾਂ ਦਾ ਵਿਹਾਰ

*(ਪਿਛਲੇ ਸਫੇ ਦੀ ਬਾਕੀ)*

ਹਰ ਵੇਲੇ ਘਰ ਦੇ ਕੁਝ ਮੈਂਬਰ ਬਾਹਰ ਰਹਿੰਦੇ ਹਨ ਅਤੇ ਬਾਕੀ ਸੌਂਦੇ ਹਨ। ਇਹੀ ਕਾਰਨ ਹੈ ਕਿ ਇਨ੍ਹਾਂ ਮੁਹੱਲਿਆਂ ਵਿਚ ਹਰ ਸਮੇਂ ਸੜਕਾਂ 'ਤੇ ਭੀੜ ਦਿਖਾਈ ਦਿੰਦੀ ਹੈ।

ਬਨਾਰਸ ਸ਼ਹਿਰ ਦੀ ਮਦਨਪੁਰਾ ਦੀ ਸਥਿਤੀ ਵੀ ਲਗਭਗ ਇਹੋ ਜਿਹੀ ਹੈ। ਉਸ ਦੇ ਆਸ ਪਾਸ ਵੀ ਸੰਘਣੀ ਆਬਾਦੀ ਵਾਲੇ ਮੁਸਲਿਮ ਮੁਹੱਲੇ ਹਨ। ਮੌਦੋਲੀਆ ਚੌਰਾਹੇ ਤੋਂ ਲੰਕਾ ਜਾਣ ਵਾਲੀ ਸੜਕ ਦੇ ਦੋਵੇਂ ਪਾਸੇ ਸ਼ਹਿਰ ਦੀ ਸਭ ਤੋਂ ਸੰਘਣੀ ਆਬਾਦੀ ਵਾਲੇ ਇਲਾਕੇ ਹਨ। ਇਨ੍ਹਾਂ ਵਿਚ ਹਿੰਦੂ ਅਤੇ ਮੁਸਲਿਮ ਦੋਵੇਂ ਇਲਾਕੇ ਹਨ। ਫਰਕ ਸਿਰਫ ਇੰਨਾ ਹੈ ਕਿ ਦੋਵੇਂ ਤਰ੍ਹਾਂ ਦੀ ਆਬਾਦੀ ਆਪੋ-ਆਪਣੇ ਇਲਾਕਿਆਂ ਵਿਚ ਸਿਮਟੀ ਹੋਈ ਹੈ। ਮੁਸਲਿਮ ਆਬਾਦੀ ਸਾੜ੍ਹੀ ਬਣਾਉਣ ਵਾਲੇ ਕਾਰਖਾਨਿਆਂ 'ਤੇ ਨਿਰਭਰ ਹੈ। ਇੱਥੇ ਵੀ ਹਰ ਬੱਚਾ ਪਰਿਵਾਰ ਲਈ ਆਮਦਨ ਦਾ ਸ੍ਰੋਤ ਹੈ। ਬੱਚੇ ਨੂੰ ਸਕੂਲ ਭੇਜਣ ਦਾ ਭਾਵ ਹੈ, ਆਮਦਨ ਵਿਚ ਕਮੀ ਅਤੇ ਖਰਚ ਵਿਚ ਵਾਧਾ। ਇਸ ਲਈ ਬਹੁਤ ਘੱਟ ਬੱਚੇ ਹੀ ਬਾਕਾਇਦਗੀ ਨਾਲ ਸਕੂਲ ਜਾਂਦੇ ਹਨ। ਕਿਸੇ ਹੋਰ ਥਾਂ 'ਤੇ ਮਕਾਨ, ਪਲਾਟ ਲੈਣ ਦੀਆਂ ਹਾਲਤਾਂ, ਇਥੇ ਵੀ ਨਖਾਸ ਕੋਨੇ ਦੀ ਤਰ੍ਹਾਂ ਘੱਟ ਹੀ ਹਨ। ਇਸ ਲਈ ਇਸ ਇਲਾਕੇ ਵਿਚ ਵੀ ਉਸੇ ਤਰ੍ਹਾਂ ਹੀ ਸੜਕਾਂ 'ਤੇ ਭੀੜ ਦੇਖੀ ਜਾ ਸਕਦੀ ਹੈ।

ਇਨ੍ਹਾਂ ਦੋਹਾਂ ਥਾਵਾਂ 'ਤੇ ਸੜਕਾਂ 'ਤੇ ਰਹਿਣ ਵਾਲੀ ਭੀੜ ਸਮਾਜ ਸ਼ਾਸਤਰ ਦੀ ਦ੍ਰਿਸ਼ਟੀ ਤੋਂ ਅਧਿਐਨ ਕਰਨ ਲਈ ਮਹੱਤਵਪੂਰਨ ਹੈ। ਇਹ ਭੀੜ ਕਈ ਤਰ੍ਹਾਂ ਨਾਲ ਸਮਾਜਿਕ ਗਤੀਵਿਧੀਆਂ ਵਿਚ ਫਿਰਕੇ ਦੀ ਸ਼ਮੂਲੀਅਤ ਨੂੰ ਦਰਸਾਉਂਦੀ ਹੈ। ਬੜਾ ਦਿਲਚਸਪ ਤੱਥ ਦੇਖਣ ਨੂੰ ਮਿਲਿਆ- ਕੈਰਮ ਬੋਰਡ ਅਤੇ ਕ੍ਰਿਕਟ (ਰਾਤ ਦੀ) ਵਿਚ ਮੁਸਲਮਾਨ ਲੜਕਿਆਂ ਦੀ ਸ਼ਮੂਲੀਅਤ ਅਤੇ ਮੁਹਾਰਤ ਹਿੰਦੂ ਲੜਕਿਆਂ ਨਾਲੋਂ ਵਧੇਰੇ ਹੈ। ਕਾਰਨ ਸਾਫ ਹੈ-ਰਾਤ ਨੂੰ ਦੁਕਾਨਾਂ ਦੇ ਬਾਹਰ ਚੌਂਤਰਿਆਂ 'ਤੇ ਉਹ ਕੈਰਮ ਖੇਡਦੇ ਰਹਿੰਦੇ ਹਨ, ਜਿੱਥੇ ਖੇਡਦੇ ਭਾਵੇਂ ਚਾਰ ਲੋਕ ਹਨ ਪਰ ਕਾਫੀ ਸੰਖਿਆ ਵਿਚ ਦਰਸ਼ਕ ਆਲੇ-ਦੁਆਲੇ ਜੁੜੇ ਰਹਿੰਦੇ ਹਨ। ਇਹ ਦ੍ਰਿਸ਼ ਦਿਨੇ ਅਤੇ ਰਾਤ ਨੂੰ ਕਦੇ ਵੀ ਦੇਖਿਆ ਜਾ ਸਕਦਾ ਹੈ। ਖਿਡਾਰੀ ਅਤੇ ਦਰਸ਼ਕ ਬਦਲਦੇ ਰਹਿੰਦੇ ਹਨ ਪਰ ਖੇਡ ਜਾਰੀ ਰਹਿੰਦੀ ਹੈ। ਅਲਾਹਾਬਾਦ ਵਿਚ ਸਾਰਾ ਸਾਲ ਕੈਰਮ ਬੋਰਡ ਦੇ ਟੂਰਨਾਮੈਂਟ ਹੁੰਦੇ ਰਹਿੰਦੇ ਹਨ ਅਤੇ ਬਹੁਤੇ ਮੁਕਾਬਲਿਆਂ ਵਿਚ ਮੁਸਲਿਮ ਲੜਕੇ ਹੀ ਜਿੱਤਦੇ ਹਨ। ਇਹੀ ਹਾਲ ਰਾਤ ਦੀ ਕ੍ਰਿਕਟ ਦਾ ਹੈ। ਸਾਰੀ ਰਾਤ ਕਿਤੇ ਨਾ ਕਿਤੇ ਕ੍ਰਿਕਟ ਚਲਦੀ ਰਹਿੰਦੀ ਹੈ।

ਮੁਸਲਿਮ ਇਲਾਕਿਆਂ ਦੀ ਇਹ ਭੀੜ ਫਿਰਕੂ ਤਣਾਓ ਸਮੇਂ, ਕੱਟੜ ਧਾਰਮਿਕ ਸਮੂਹਾਂ ਲਈ ਦੰਗਿਆਂ ਸਮੇਂ, ਭਾਵੇਂ ਉਹ ਵੋਟਾਂ ਲਈ ਹੋਣ ਜਾਂ ਧਾਰਮਿਕ ਜਲੂਸ ਲਈ, ਖਾਦ ਦਾ ਕੰਮ ਕਰਦੀ ਹੈ। ਇਹ ਭੀੜ ਮੁੱਖ ਤੌਰ 'ਤੇ ਅਨਪੜ੍ਹ ਜਾਂ ਘੱਟ ਪੜ੍ਹੇ ਲਿਖੇ ਮੁਸਲਮਾਨ ਨੌਜਵਾਨਾਂ ਦੀ ਹੁੰਦੀ ਹੈ ਜਿਨ੍ਹਾਂ ਨੂੰ ਭਾਵਨਾਤਮਕ ਤੌਰ 'ਤੇ ਸੌਖਿਆਂ ਹੀ ਭੜਕਾਇਆ ਜਾ ਸਕਦਾ ਹੈ। ਇਨ੍ਹਾਂ ਵਿਚ ਬਹੁਤੇ ਬੇਰੁਜ਼ਗਾਰ ਹੁੰਦੇ ਹਨ ਜਾਂ ਕਈਆਂ ਕੋਲ ਥੋੜ੍ਹੇ ਸਮੇਂ ਦਾ ਰੁਜ਼ਗਾਰ ਹੁੰਦਾ ਹੈ। ਰੁਜ਼ਗਾਰ ਵਾਲੇ ਲੋਕ ਵੀ ਬੀੜੀ ਜਾਂ ਸਾੜ੍ਹੀ ਬਣਾਉਣ ਵਰਗੇ ਕੰਮ ਵਿਚ ਹੀ ਲੱਗੇ ਹੁੰਦੇ ਹਨ ਜਿੱਥੇ ਕੰਮ ਦੀ ਸੁਰੱਖਿਆ ਨਾਮਾਤਰ ਹੁੰਦੀ ਹੈ। ਸਖਤ ਕੰਮ ਤੋਂ ਬਾਅਦ ਬਹੁਤ ਘੱਟ ਮਜ਼ਦੂਰੀ ਮਿਲਦੀ ਹੈ। ਇਸ ਲਈ ਉਸ ਭੀੜ ਦੇ ਮਨ ਵਿਚ ਸਮਾਜ ਪ੍ਰਤੀ ਗੁੱਸਾ ਭਰਿਆ ਹੁੰਦਾ ਹੈ। ਸਫਾਈ, ਮਨੋਰੰਜਨ ਜਾਂ ਹਰਿਆਲੀ ਵਰਗੀਆਂ ਮੁੱਢਲੀਆਂ ਸਹੂਲਤਾਂ ਤੋਂ ਵਾਂਝੇ, ਸਿੱਖਿਆ ਅਤੇ ਰੁਜ਼ਗਾਰ ਸੁਰੱਖਿਆ ਦੀ ਅਣਹੋਂਦ ਵਾਲੀ ਇਸ ਭੀੜ ਦੇ ਲੋਕ ਸੁਭਾਵਿਕ ਤੌਰ 'ਤੇ ਅਰਾਜਕ, ਚਿੜਚਿੜੇ ਅਤੇ ਗੁੱਸੇ ਨਾਲ ਭਰੇ ਹੁੰਦੇ ਹਨ। ਸਰਕਾਰ ਪ੍ਰਤੀ ਉਹ ਪੂਰੀ ਤਰ੍ਹਾਂ ਉਦਾਸੀਨ ਹੁੰਦੇ ਹਨ ਅਤੇ ਥੋੜ੍ਹੀ ਜਿਹੀ ਉਤੇਜਨਾ ਵੀ ਉਨ੍ਹਾਂ ਨੂੰ ਹਮਲਾਵਰ ਬਣਨ ਲਈ ਪ੍ਰੇਰਦੀ ਹੈ।

ਇਸ ਹਾਲਤ ਤੋਂ ਭਾਰਤੀ ਸਮਾਜ ਤਾਂ ਹੀ ਛੁਟਕਾਰਾ ਪਾ ਸਕਦਾ ਹੈ ਜੇ ਮੁਸਲਮਾਨ ਉਨ੍ਹਾਂ ਝੌਂਪੜ ਪੱਟੀਆਂ ਵਿਚੋਂ ਬਾਹਰ ਆਉਣ ਅਤੇ ਰਲੀ ਮਿਲੀ ਆਬਾਦੀ ਵਾਲੀਆਂ ਬਸਤੀਆਂ ਵਸਾਈਆਂ ਜਾਣ। ਇਸ ਤਰ੍ਹਾਂ ਦੀ ਪ੍ਰਕਿਰਿਆ 1871 ਤੋਂ ਬਾਅਦ ਸ਼ੁਰੂ ਵੀ ਹੋਈ ਲੇਕਿਨ ਇਹ ਬਹੁਤ ਧੀਮੀ ਅਤੇ ਘੱਟ ਗਿਣਤੀ ਵਿਚ ਸੀ। ਲਗਾਤਾਰ ਹੋਣ ਵਾਲੇ ਫਿਰਕੂ ਦੰਗਿਆਂ ਕਾਰਨ ਇਸ ਪ੍ਰਕਿਰਿਆ ਨੂੰ ਵੀ ਪੁੱਠਾ ਗੇੜਾ ਦੇ ਦਿੱਤਾ ਗਿਆ। ਕਈ ਥਾਵਾਂ 'ਤੇ ਮਿਸ਼ਰਤ ਆਬਾਦੀ ਵਿਚ ਰਹਿਣ ਤੋਂ ਬਾਅਦ ਅਸੁਰੱਖਿਆ ਕਾਰਨ ਉਹ ਫਿਰ ਆਪਣੀਆਂ ਪੁਰਾਣੀਆਂ ਬਸਤੀਆਂ ਵਿਚ ਚਲੇ ਗਏ। ਇੱਥੇ ਇਕ ਗੱਲ ਹੋਰ ਜੋੜੀ ਜਾ ਸਕਦੀ ਹੈ ਕਿ ਇਕ ਵਾਰ ਹਿੰਸਾ 'ਤੇ ਉਤਾਰੂ ਹੋ ਜਾਣ ਤੋਂ ਬਾਅਦ ਭੀੜ ਤਰਕ ਅਤੇ ਵਿਵੇਕ ਤੋਂ ਦੂਰ ਹੋ ਜਾਂਦੀ ਹੈ। ਉਨ੍ਹਾਂ ਦਾ ਵਰਤਾਓ ਹਿਸਟੀਰੀਆ ਰੋਗੀ ਵਰਗਾ ਹੋ ਜਾਂਦਾ ਹੈ। ਭੀੜ ਵਿਚ ਸ਼ਾਮਿਲ ਲੋਕ ਆਪਣੀ ਨਿੱਜਤਾ ਛੱਡ ਕੇ ਸਮੂਹ ਦੇ ਅੰਗ ਬਣ ਜਾਂਦੇ ਹਨ। ਗੰਧ, ਛੂਹ, ਸੁਣਨ ਸ਼ਕਤੀ ਅਤੇ ਦੇਖਣ ਵਰਗੀਆਂ ਗਿਆਨ ਇੰਦਰੀਆਂ ਵੀ ਭੀੜ ਦਾ ਅੰਗ ਬਣ ਜਾਂਦੀਆਂ ਹਨ। ਵਿਅਕਤੀ ਆਪਣੀ ਨਿੱਜੀ ਪਛਾਣ ਛੱਡ ਕੇ ਸਮੂਹ ਦੀ ਪਛਾਣ ਵਿਚ ਲੀਨ ਹੋ ਜਾਣ ਲਈ ਮਜਬੂਰ ਹੋ ਜਾਂਦਾ ਹੈ।

ਭਾਰਤੀ ਪ੍ਰਸੰਗ ਵਿਚ ਹਿੰਦੂ ਅਤੇ ਮੁਸਲਿਮ ਭੀੜ ਦਾ ਆਚਰਨ ਅਤੇ ਉਸ ਨੂੰ ਲੈ ਕੇ ਪੁਲਿਸ ਦੀ ਪ੍ਰਤੀਕਿਰਿਆ ਅਲੱਗ-ਅਲੱਗ ਹੁੰਦੀ ਹੈ। ਵਿਦਿਆਰਥੀਆਂ, ਮਜ਼ਦੂਰਾਂ ਅਤੇ ਵਪਾਰੀਆਂ ਦੇ ਸੰਗਠਨਾਂ ਦੇ ਬੇਕਾਬੂ ਸਮੂਹ ਪੁਲਿਸ 'ਤੇ ਹਮਲੇ ਕਰ ਸਕਦੇ ਹਨ ਅਤੇ ਪੁਲਿਸ ਵੀ ਉਨ੍ਹਾਂ ਨੂੰ ਕੁਚਲਣ ਲਈ ਬਹੁਤ ਜ਼ਿਆਦਾ ਤਾਕਤ ਵਰਤ ਸਕਦੀ ਹੈ ਪਰ ਦੋਨਾਂ ਦੇ ਵਰਤਾਓ ਵਿਚ ਉਸ ਸਮੇਂ ਖਾਸ ਅੰਤਰ ਦਿਖਾਈ ਦਿੰਦਾ ਹੈ ਜਦੋਂ ਭੀੜ ਮੁੱਖ ਤੌਰ 'ਤੇ ਮੁਸਲਿਮ ਵਿਦਿਆਰਥੀਆਂ, ਮਜ਼ਦੂਰਾਂ ਜਾਂ ਵਪਾਰੀਆਂ ਦੀ ਹੋਵੇ। ਦੋਵਾਂ ਵਿਚ ਹੀ ਸਪਸ਼ਟ ਦੁਸ਼ਮਣਾਂ ਵਾਲਾ ਵਤੀਰਾ ਅਤੇ ਬੇਵਿਸ਼ਵਾਸੀ ਸਾਫ ਝਲਕਦੀ ਹੈ। ਬੇਵਿਸ਼ਵਾਸੀ ਦੀ ਭਾਵਨਾ ਦਾ ਪ੍ਰਭਾਵ ਦੋਵਾਂ ਦੀ ਪ੍ਰਤੀਕਿਰਿਆ 'ਤੇ ਦਿਸਦਾ ਹੈ। ਜਿੱਥੇ ਮੁਸਲਿਮ ਭੀੜ ਪੁਲਿਸ ਦੀ ਹਰ ਕਾਰਵਾਈ ਨੂੰ ਗਲਤ ਰੂਪ ਵਿਚ ਦੇਖਦੀ ਹੈ, ਉੱਥੇ ਪੁਲਿਸ ਦੀ ਪ੍ਰਤੀਕਿਰਿਆ ਵੀ ਆਮ ਤੌਰ 'ਤੇ ਧੱਕੜ ਹੁੰਦੀ ਹੈ। ਮੁਰਾਦਾਬਾਦ (1980) ਦੀ ਈਦਗਾਹ ਵਿਚ ਹਾਜ਼ਰ ਭੀੜ ਦਾ ਵਰਤਾਓ ਅਤੇ ਉਸ ਦੀ ਪ੍ਰਤੀਕਿਰਿਆ ਵਜੋਂ ਪੁਲਿਸ ਵਲੋਂ ਕੀਤੀ ਤਾਕਤ ਦੀ ਵਰਤੋਂ ਇਸੇ ਪ੍ਰਵਿਰਤੀ ਦੀ ਮਿਸਾਲ ਹੈ। ਉੱਥੇ ਈਦ ਦੀ ਨਮਾਜ਼ ਲਈ ਇਕੱਠੇ ਸਮੂਹ ਵਲੋਂ ਈਦਗਾਹ ਅੰਦਰ ਸੂਰ ਆ ਜਾਣ ਨੂੰ ਪੁਲਿਸ ਦੀ ਜ਼ਿੰਮੇਵਾਰੀ ਸਮਝਣਾ ਅਤੇ ਕੁਝ ਨਮਾਜ਼ੀਆਂ ਅਤੇ ਪੁਲਿਸ ਮੁਲਾਜ਼ਮਾਂ ਵਿਚ ਇਸ 'ਤੇ ਹੋਈ ਬਹਿਸ ਅਤੇ ਦੋਵਾਂ ਪੱਖਾਂ ਦੀ ਤਿੱਖੀ ਪ੍ਰਤੀਕਿਰਿਆ ਨੇ ਅਜਿਹੀ ਸਥਿਤੀ ਪੈਦਾ ਕਰ ਦਿੱਤੀ ਕਿ ਪੁਲਿਸ ਨੇ ਗੋਲੀ ਚਲਾ ਦਿੱਤੀ ਜਿਸ ਵਿਚ ਸੈਂਕੜੇ ਲੋਕ (ਮੁਸਲਮਾਨ) ਮਾਰੇ ਗਏ। ਜੇ ਇਹ ਹਿੰਦੂਆਂ ਦਾ ਧਾਰਮਿਕ ਸਮੂਹ ਹੁੰਦਾ ਤਾਂ ਦੋਵਾਂ ਪੱਖਾਂ ਦੀ ਅਜਿਹੀ ਪ੍ਰਤੀਕਿਰਿਆ ਨਾ ਹੁੰਦੀ। ***(ਚੱਲਦਾ)***

# ਗੋਰਾਂ ਨਾਲ ਉਲਾਹਮੇ: ਲਹਿੰਦੇ ਪੰਜਾਬ ਦੇ ਮੁਹੱਬਤੀ ਲੇਖਕ 'ਏਜਾਜ਼' ਦੀਆਂ ਕਹਾਣੀਆਂ ਦਾ ਪਰਾਗਾ

## ਪੁਸਤਕ ਚਰਚਾ

'ਅੰਗ ਅੰਗ ਵਿਚ ਸੀਤ ਇੰਜ ਲੱਥ ਰਹੀ ਸੀ ਜਿਵੇਂ ਹੱਡਾਂ ਵਿੱਚ ਦੁੱਖ ਲੱਥਦੇ ਨੇਂ, ਟੀਸ ਉਠਦੀ ਏ। ਪੀੜ ਅਪਣਾ ਡੇਰਾ ਜਮਾਂਦੀ ਏ।' ਜਦੋਂ ਕਿਸੇ ਕਹਾਣੀ ਵਿਚ ਅਜਿਹਾ ਕਾਵਿਕ ਬਿਆਨ ਆਉਂਦਾ ਹੈ ਤਾਂ ਪਾਠਕ ਦੀ ਰੂਹ ਸ਼ਰਸ਼ਾਰ ਹੋ ਜਾਂਦੀ ਹੈ। ਇਹ ਕਾਵਿਕ ਵਾਕ ਏਜਾਜ਼ ਦੀ ਇਕ ਸਫੇ ਦੀ ਕਹਾਣੀ 'ਅੰਗੀਠੀ' ਦਾ ਹੈ। ਉਸਦੀਆਂ ਸਾਰੀਆਂ ਕਹਾਣੀਆਂ 'ਚ ਹੀ ਅਜਿਹੇ ਟੁੰਭ ਲੈਣ ਵਾਲੇ ਵਾਕ ਥਾਂ ਪੁਰ ਥਾਂ ਖਿਲਰੇ ਪਏ ਨੇ।



'ਏਜਾਜ਼' ਮੁਹੱਬਤੀ ਲੇਖਕ ਹੈ। ਜਿਹੜੇ ਲੇਖਕ ਲਹਿੰਦੇ ਪੰਜਾਬ ਵਿਚ ਪੰਜਾਬੀ ਨੂੰ ਬਣਦਾ ਰੁਤਬਾ ਦੁਆਉਣ ਲਈ

**ਗੁਰਮੀਤ ਕੜਿਆਲਵੀ**
**98726-40994**

ਫਿਕਰਮੰਦ ਰਹਿੰਦੇ ਨੇ ਏਜਾਜ਼ ਦਾ ਨਾਂ ਉਨ੍ਹਾਂ 'ਚ ਪ੍ਰਮੁੱਖ ਏ। ਉਹ ਚੜਦੇ ਤੇ ਲਹਿੰਦੇ ਪੰਜਾਬ ਵਿਚ ਇਕ ਪੁੱਲ਼ ਵਜੋਂ ਵੀ ਵਿਚਰਦਾ ਹੈ। ਏਧਰਲੇ ਲੇਖਕਾਂ ਦੀਆਂ ਚੰਗੀਆਂ ਰਚਨਾਵਾਂ ਦਾ ਸ਼ਾਹਮੁਖੀ 'ਚ ਲਿਪੀਅੰਤਰ ਕਰਕੇ ਓਧਰਲੇ ਪੰਜਾਬ ਦੇ ਪੰਜਾਬੀ ਪਾਠਕਾਂ ਤੱਕ ਪਹੁੰਚਾਂਦਾ ਰਹਿੰਦਾ ਏ। ਉਸਦੀਆਂ ਆਪਣੀਆਂ ਕਥਾ-ਕਹਾਣੀਆਂ ਵੀ ਗੁਰਮੁਖੀ 'ਚ ਵਟਾਂਦਰਾ ਹੋ ਕੇ ਆਉਂਦੀਆ ਰਹਿੰਦੀਆਂ ਨੇ ਜਿਨ੍ਹਾਂ ਨੂੰ ਏਧਰਲੇ ਪੰਜਾਬ ਦੇ ਪਾਠਕ ਪੜ੍ਹਦੇ ਤੇ ਮਾਣਦੇ ਰਹਿੰਦੇ ਨੇ।

'ਗੋਰਾਂ ਨਾਲ ਉਲਾਹਮੇ' ਏਜਾਜ਼ ਰਚਿਤ ਕਹਾਣੀਆਂ ਦਾ ਪਰਾਗਾ ਏ ਜਿਹੜਾ ਸਾਡੇ ਪ੍ਰਬੁੱਧ ਸਾਹਿਤਕਾਰ ਪਰਮਜੀਤ ਮੀਸ਼ਾ ਜੀ ਨੇ ਸ਼ਾਹਮੁਖੀ ਲਿਪੀ 'ਚੋਂ ਗੁਰਮੁਖੀ ਲਿਪੀ 'ਚ ਵਟਾਂਦਰਾ ਕਰਕੇ ਚੇਤਨਾ ਪ੍ਰਕਾਸ਼ਨ ਲੁਧਿਆਣਾ ਰਾਹੀਂ ਪੰਜਾਬੀ ਸਾਹਿਤ ਦੇ ਪਾਠਕਾਂ ਦੀ ਸੱਥ 'ਚ ਪੁੱਜਦਾ ਕੀਤਾ ਹੈ।

ਏਜਾਜ਼ ਕੋਲ ਗੱਲ ਕਹਿਣ ਦਾ ਵੱਖਰਾ ਅੰਦਾਜ਼ ਹੈ। ਉਸ ਕੋਲ ਵੱਖ ਵੱਖ ਵਿਸ਼ਿਆਂ ਦਾ ਵਸੀਹ ਗਿਆਨ ਹੈ। ਵੱਖ ਵੱਖ ਤਹਿਜ਼ੀਬਾਂ ਬਾਰੇ ਜਾਨਣ ਤੇ ਸਮਝਣ ਦੀ ਭੁੱਖ ਹੈ। ਏਸੇ ਕਰਕੇ ਉਹ ਗੱਲ ਚਾਹੇ ਲਹਿੰਦੇ ਪੰਜਾਬ ਦੇ ਸਮਾਜ ਦੀ ਕਰੇ ਜਾਂ ਭਾਰਤੀ ਸਮਾਜ, ਇਤਿਹਾਸ/ਮਿਥਿਹਾਸ ਜਾਂ ਕਿਸੇ ਹੋਰ ਬਾਹਰਲੇ ਮੁਆਸ਼ਰੇ ਦੀ, ਇਕੋ ਜਿਹੀ ਮੁਹਾਰਤ ਦਾ ਵਿਖਾਲਾ ਕਰਦਾ ਹੈ। ਉਸਦੀ ਸਮਝ ਤਾਰਕਿਕ ਹੈ। ਗੱਲ ਕਹਿਣ ਲੱਗਿਆ ਸੰਤੁਲਨ ਰੱਖਦਾ ਹੈ, ਕਿਧਰੇ ਉਲਾਰ ਨਹੀਂ ਹੁੰਦਾ। ਉਹ ਆਪਣੀਆਂ ਕਹਾਣੀਆਂ 'ਚ ਵਿਸ਼ਿਆਂ ਦੀ ਵੰਨ ਸੁਵੰਨਤਾ ਦੇ ਨਾਲ ਨਾਲ ਤਕਨੀਕ ਦੇ ਪੱਧਰ 'ਤੇ ਵੀ ਨਵੇਂ-ਨਵੇਂ ਤਜਰਬੇ ਕਰਦਾ ਹੈ।

'ਖੁੱਲ੍ਹਾ ਅਸਮਾਨ' ਇਸ ਸੰਗ੍ਰਹਿ ਦੀ ਉਹ ਕਹਾਣੀ ਹੈ ਜਿਸਨੂੰ ਪੜ੍ਹਦਿਆਂ ਏਜਾਜ਼ ਦੀ ਸਾਂਝੇ ਪੰਜਾਬ ਦੇ ਦੇਸ਼ ਭਗਤਾਂ ਨਾਲ ਭਾਵਨਾਤਮਕ ਮੁਹੱਬਤ ਦਾ ਅਹਿਸਾਸ ਹੁੰਦਾ ਹੈ। ਗੱਲ ਅੰਗਰੇਜ਼ੀ ਸਾਮਰਾਜ ਵੇਲੇ ਦੀ ਹੈ। ਗਦਰੀਆਂ ਅਤੇ ਹੋਰ ਤਹਿਰੀਕਾਂ ਦੇ ਦੇਸ਼ ਭਗਤਾਂ ਨੂੰ ਵੇਲੇ ਦੀ ਸਰਕਾਰ ਖਤਰਨਾਕ ਬਾਗੀ ਕਰਾਰ ਦੇ ਕੇ ਅੰਡੇਮਾਨ ਦੀ ਕਾਲੇ ਪਾਣੀ ਜੇਲ੍ਹ ਵਿਚ ਭੇਜਦੀ ਹੈ। ਗੋਰੀ ਸਰਕਾਰ ਇਨ੍ਹਾਂ ਯੋਧਿਆਂ ਨੂੰ ਨਿਥਾਵੇਂ, ਬੇਬੱਸ, ਲਾਚਾਰ ਤੇ ਇਕੱਲੇ ਕਰਕੇ ਮਾਨਸਿਕ ਅਤੇ ਸਰੀਰਕ ਤੌਰ 'ਤੇ ਤੋੜ ਦੇਣਾ ਚਾਹੁੰਦੀ ਹੈ। ਬਾਗੀ ਕੈਦੀਆਂ ਨੂੰ ਨਾ ਚੰਗੀ ਖੁਰਾਕ ਦਿੱਤੀ ਜਾਂਦੀ ਹੈ ਤੇ ਨਾ ਨਿਰਬਲ ਤੇ ਬਿਮਾਰ ਕੈਦੀਆਂ ਦਾ ਇਲਾਜ ਕੀਤਾ ਜਾਂਦਾ ਹੈ। ਸਾਰਿਆਂ ਕੈਦੀਆਂ ਤੋਂ ਸਖਤ ਮੁਸ਼ੱਕਤ ਕਰਵਾਈ ਜਾਂਦੀ ਹੈ। ਨਿੱਕੀ-ਨਿੱਕੀ ਗੱਲ ਦਾ ਬਹਾਨਾ ਬਣਾ ਉਨ੍ਹਾਂ 'ਤੇ ਕੋੜੇ ਵਰਸਾਏ ਜਾਂਦੇ ਹਨ। ਗਦਰੀਆਂ ਉਪਰ ਹੋਏ ਅਨਿਆਪੂਰਨ ਜ਼ੁਲਮਾਂ ਨੂੰ ਇਸ ਕਹਾਣੀ ਵਿਚ ਬੜੇ ਜਾਨਦਾਰ ਬਿਰਤਾਂਤ ਰਾਹੀਂ ਪੇਸ਼ ਕੀਤਾ ਗਿਆ ਹੈ।

'ਆਵਾਜ਼ਾਂ' ਉਨ੍ਹਾਂ ਲੋਕਾਂ ਦੀ ਗਾਥਾ ਬਿਆਨ ਕਰਦੀ ਹੈ ਜਿਹੜੇ ਦੇਸ਼ ਵੰਡ ਸਮੇਂ ਤਬਦੀਲੀ ਦੀ ਆਸ ਨਾਲ ਨਵੇਂ ਬਣੇ ਮੁਲਕ ਵਿਚ ਗਏ ਸਨ ਜਾਂ ਜਬਰਦਸਤੀ ਧੱਕ ਦਿੱਤੇ ਗਏ ਸਨ। ਉਸ ਮੁਲਕ ਦੇ ਹਾਲਾਤ ਅਤੇ ਪ੍ਰਸਥਿਤੀਆਂ ਵੇਖ ਕੇ ਨਵੇਂ ਮੁਲਕ ਜਾਣ ਵਾਲਿਆਂ ਦੇ ਸੁਪਨੇ ਕਿਵੇਂ ਟੁੱਟਦੇ ਹਨ—ਏਜਾਜ਼ ਨੇ ਬੜੀ ਕਲਾਤਮਿਕਤਾ ਨਾਲ ਪੰਜ ਆਵਾਜ਼ਾਂ ਰਾਹੀਂ ਇਸਦੀ ਤਸਵੀਰ ਪਾਠਕਾਂ ਅੱਗੇ ਰੱਖੀ ਹੈ। ਮੁਲਕ ਵਿਚ ਗੰਦੀ ਸਿਆਸਤ ਹੈ। ਨਸ਼ਾ, ਫਿਰੌਤੀਆਂ, ਆਪਾਧਾਪੀ, ਕਤਲੋਗਾਰਤ, ਚੋਰ ਬਾਜ਼ਾਰੀ ਤੇ ਬਦਅਮਨੀ ਹੈ। ਅਜਿਹੀ ਸਥਿਤੀ 'ਚ ਆਮ ਮਨੁੱਖ ਕੀ ਕਰੇਗਾ? ਇਹ ਕਹਾਣੀ ਦੋਵੇਂ ਪੰਜਾਬਾਂ ਦੀ ਹੀ ਕਹਾਣੀ ਹੈ। ਦੋਵੇਂ ਪਾਸੇ ਇਕੋ ਜਿਹੇ ਹਾਲਾਤ ਨੇ।

"ਨੈਣੋਂ ਮੇ ਬਸੇ ਨੰਦ ਲਾਲ" ਕ੍ਰਿਸ਼ਨ ਦੀ ਭਗਤ ਮੀਰਾਂ ਬਾਈ ਦੀ ਵੇਦਨਾ ਸੰਵੇਦਨਾ ਨੂੰ ਬਿਆਨ ਕਰਨ ਵਾਲੀ ਖੂਬਸੂਰਤ ਕਹਾਣੀ ਹੈ। ਏਜਾਜ਼ ਨੇ ਜਿਸ ਤਰ੍ਹਾਂ ਇਤਿਹਾਸ ਤੇ ਮਿਥਿਹਾਸ ਦੀ ਪੇਸ਼ਕਾਰੀ ਕੀਤੀ ਹੈ ਤੇ ਜਿਵੇਂ ਭਾਸ਼ਾ ਦੀ ਕਲਾਕਾਰੀ ਦਿਖਾਈ ਹੈ—ਪੜ੍ਹਦਿਆਂ ਵਾਰ-ਵਾਰ ਮੂੰਹੋਂ 'ਵਾਹ' ਨਿਕਲਦਾ ਹੈ। ਹੈਰਾਨੀ ਹੁੰਦੀ ਹੈ ਕਿ ਏਜਾਜ਼ ਨੇ ਰਾਜਸਥਾਨੀ ਜਨਮਾਨਸ ਦੀ ਬੋਲੀ ਦਾ ਇਹ ਲਹਿਜ਼ਾ ਕਿਵੇਂ ਫੜ ਲਿਆ—'ਦੂਰ ਹੋ ਜਾਓ ਮਹਾਰੇ ਸੁਏ ਮੈਂ ਉਸਨੇ ਜਾਨ ਤੇ ਮਾਰ ਦੂੰ। ਹਮ ਨਾਂ ਬੀਰਾ ਆ, ਇਸ ਤਰ੍ਹਾਂ ਕੀ ਛੋਹਰੀਆਂ ਯੂ ਨਾ ਮਾਨੇਂ। ਮੰਨੇ ਲਾਗੇ ਯੂ ਛੋਹਰੀ ਜ਼ਰੂਰ ਕਿਸੀ ਔਰ ਜਨੇ ਸੇ ਪਿਆਰ-ਵਿਆਰ ਕਰ ਰਹੀ। ਤਭੀ ਤੋ ਯੂ ਰਾਜ ਬੇਟੇ ਗੇਲ ਯੇ ਬਰਤਾਓ ਕਰ ਰਹੀ। ਦੂਰ ਹੋ ਜਾਓ ਮੈਂ ਅਭੀ ਉਸਨਾਂ ਸਿਰ ਕਲਮ ਕਰ ਦੂੰ।'

ਏਜਾਜ਼ ਦੀ ਕਥਾਕਾਰੀ ਦੀ ਇਕ ਹੋਰ ਖੂਬਸੂਰਤੀ ਹੈ ਕਿ ਉਹ ਕਥਾ 'ਚੋਂ ਕਥਾ ਕੱਢਦਾ ਜਾਂਦਾ ਹੈ। ਜਿਵੇਂ ਪਾਠਕ ਕਹਾਣੀ ਪੜ੍ਹਦਿਆਂ ਅੰਤ ਬਾਰੇ ਅੰਦਾਜ਼ਾ ਲਾਉਂਦਾ ਹੈ, ਏਜਾਜ਼ ਅੰਤ ਬਿਲਕੁਲ ਉਲਟੇ ਰੁਖ ਕਰ ਦਿੰਦਾ ਹੈ। 'ਵਲਗਣਾਂ ਵਿਚ ਘਿਰਿਆ




ਜੀਵਨ' 'ਚ ਦਲਬੀਰ ਤੇ ਨਿਰਮਲ ਇਕ ਦੂਸਰੇ ਲਈ ਤਾਂਘਦੇ ਨਜ਼ਰ ਆਉਂਦੇ ਹਨ ਪਰ ਅੰਤ ਕੁੱਝ ਹੋਰ ਹੋ ਜਾਂਦਾ ਹੈ। ਨਿਰਮਲ ਗਰਭਵਤੀ ਹੋ ਕੇ ਦੋਰਾਹੇ 'ਤੇ ਆ ਖੜੀ ਹੈ ਤੇ ਦਲਬੀਰ ਜ਼ਿੰਦਗੀ ਤੋਂ ਭਗੌੜਾ ਹੋਇਆ ਨਜ਼ਰ ਆਉਂਦਾ ਹੈ।

ਵਾਰਤਾ ਕਹਾਣੀ ਰਾਹੀਂ ਏਜਾਜ਼ ਨੇ ਦਿਨ-ਬਦਿਨ ਨੀਵਾਣਾਂ ਵੱਲ ਧਸੀ ਜਾਂਦੇ ਮੁਆਸ਼ਰੇ ਦੀ ਤਸਵੀਰਕਸ਼ੀ ਕੀਤੀ ਹੈ। ਕਹਾਣੀ ਕਾਮਰੇਡ ਵਜ਼ੀਰ ਅਲੀ, ਅਧਿਆਪਕ ਅਬਦੁੱਲ ਹੱਕ ਸਮੇਤ ਚਿੰਤਾਵਾਨ ਲੋਕਾਂ ਦੇ ਬਿਆਨ ਹਨ ਜੋ ਸਮਾਜ ਦੇ ਇਸ ਨਿਘਾਰ ਤੋਂ ਦੁਖੀ ਹੀ ਨਹੀਂ ਚਿੰਤਾਵਾਨ ਵੀ ਹਨ। ਇਹ ਲੋਕ ਇਸ ਕਰਕੇ ਵੀ ਦੁਖੀ ਹਨ ਕਿ ਕਾਲੀ-ਬੋਲੀ ਰਾਤ ਮੁਕਣ ਵਿਚ ਹੀ ਨਹੀਂ ਆ ਰਹੀ ਤੇ ਉੱਤੋਂ ਆਵਾਮ ਏ ਕਿ ਬੁੱਢੀਆਂ ਰੂਹਾਂ ਤੇ ਚੌਕੀਦਾਰਾਂ ਦੇ ਬੀਂਡੇ ਦੀ ਆਵਾਜ਼ ਜਾਂ ਜਾਗਦੇ ਰਹੋ ਦਾ ਹੋਕਾ ਸੁਣ ਕੇ ਵੀ ਜਾਗਦਾ ਨਹੀਂ ਹੈ।

ਭੁਲੇਖਾ, ਧੀ, ਹੱਥ, ਕਿਰਾਏ ਦਾ ਮਕਾਨ; ਛੋਟੇ ਅਕਾਰ ਦੀਆਂ ਕਹਾਣੀਆਂ ਨੇ। ਇਕ-ਡੂਢ ਸਫੇ ਦੀਆਂ। ਏਜਾਜ਼ ਨਿੱਕੇ ਅਕਾਰ ਦੀਆਂ ਕਹਾਣੀਆਂ ਨੂੰ ਵੀ ਵੱਡੇ ਅਰਥ ਦੇ ਕੇ ਦਿਲ ਖਿੱਚਵੇਂ ਰੰਗ ਭਰ ਦਿੰਦਾ ਹੈ। ਕਾਵਿਕ ਵਾਕ ਬਣਤਰ ਰੂਹ ਨੂੰ ਸ਼ਰਸ਼ਾਰ ਕਰਦੀ ਹੈ—ਉਹਨੂੰ ਉਨ੍ਹਾਂ ਹੱਥਾਂ ਨਾਲ ਸਖ਼ਤ ਨਫ਼ਰਤ ਏ ਜਿਹੜੇ ਰੁੱਖਾਂ ਨੂੰ ਕੱਟਣ, ਜਨੌਰਾਂ ਨੂੰ ਮਾਰਨ ਤੇ ਪੌਦਿਆਂ ਨੂੰ ਵੱਡਣ ਦਾ ਕੰਮ ਕਰਦੇ ਨੇ—ਉਹਨੂੰ ਨਿੱਕੇ ਬਾਲਾਂ ਤੇ ਔਰਤਾਂ ਦੇ ਹੱਥ ਬੜੇ ਚੰਗੇ ਲੱਗਦੇ ਨੇ। ਸਵਾਣੀਆਂ ਦੇ ਉਹ ਹੱਥ ਜਿਹੜੇ ਮੁਖ਼ਤਲਿਫ ਕੱਪੜਿਆਂ ਨੂੰ ਸੀਵਨ ਦਾ ਕੰਮ ਕਰਦੇ ਨੇਂ।'

'ਗੋਰਾਂ ਨਾਲ ਉਲਾਹਮੇ' ਇਸ ਪਰਾਗੇ ਦੀ ਸ਼ਾਹਕਾਰ ਕਿਰਤ ਹੈ ਜਿਸ ਵਿੱਚ ਲੇਖਕ ਸਾਨੂੰ ਇਤਿਹਾਸ ਦੇ ਸਾਹਵੇਂ ਲਿਜਾ ਖਲਿਆਰਦਾ ਹੈ। 1947 ਦੀ ਵੰਡ ਦਾ ਦਰਦ ਇਸ ਕਹਾਣੀ ਦੇ ਆਰ-ਪਾਰ ਫੈਲਿਆ ਪਿਆ ਹੈ। ਵੰਡ ਨੇ ਪੰਜਾਬੀਆਂ ਨੂੰ ਦਿੱਤਾ ਘੱਟ ਖੋਹਿਆ ਬਹੁਤਾ ਹੈ। ਕਤਲੋਗਾਰਤ, ਖੋਹਾ-ਖਿਚੀ, ਬਲਾਤਕਾਰਾਂ, ਉਜਾੜੇ ਤੇ ਬੇਗੁਨਾਹਾਂ ਦੇ ਵਹੇ ਖੂਨ ਨਾਲ ਇਨਸਾਨੀਅਤ ਸ਼ਰਮਸਾਰ ਹੋਈ ਸੀ। ਇਹ ਬਦਨੁਮਾ ਦਾਗ ਪੰਜਾਬੀਆਂ ਦੇ ਮੱਥੇ 'ਤੇ ਸਦਾ ਲਈ ਖੁਣਿਆ ਗਿਆ ਹੈ। ਕਹਾਣੀ 'ਚ ਮੁੱਖ ਪਾਤਰ ਦੀ ਮੌਤ ਹੋ ਗਈ ਹੈ। ਕਹਾਣੀਕਾਰ ਨੇ ਮੁੱਖ ਪਾਤਰ ਦੀ ਜ਼ਿੰਦਗੀ ਦੇ ਸੰਘਰਸ਼ ਤੇ ਟੁੱਟ-ਭੱਜ ਬਾਰੇ ਉਸਦੇ ਪੁੱਤਰ, ਪੋਤਰੇ, ਦੋਹਤਰੇ ਅਤੇ ਨੂੰਹ ਦੇ ਮੂੰਹੋਂ ਆਪਣੇ-ਆਪਣੇ ਨਜ਼ਰੀਏ ਤੋਂ ਬਿਆਨ ਕਰਵਾਇਆ ਹੈ। ਇਹ ਕਥਾ ਹਰ ਉਸ ਪੰਜਾਬਣ ਦੀ ਹੈ ਜਿਸਨੇ ਫੌਲਾਦੀ ਜਿਗਰੇ ਨਾਲ ਵੰਡ ਦੇ ਦੁਖਾਂਤ ਨੂੰ ਝੇਲਿਆ ਤੇ ਆਪਣੇ 'ਤੇ ਪਈ ਮਾਨਸਿਕ ਸੱਟ ਨੂੰ ਜਰਦਿਆਂ ਪਰਿਵਾਰ ਨੂੰ ਪੈਰਾਂ ਸਿਰ ਕੀਤਾ। ਲੇਖਕ ਦੀ ਦਮਦਾਰ ਪੇਸ਼ਕਾਰੀ ਅਤੇ ਵਾਕ ਬਣਤਰ ਸਦਕਾ ਕਹਾਣੀ ਪਾਠਕ ਦੇ ਚੇਤਿਆਂ 'ਚ ਬਣੀ ਰਹਿੰਦੀ ਹੈ।

ਲੇਖਕ ਵੰਡ ਤੋਂ ਪਹਿਲਾਂ ਅਤੇ ਪਿਛੋਂ ਦੇ ਰਾਜਨੀਤਕ ਤੇ ਸਮਾਜਿਕ ਜੀਵਨ ਨੂੰ ਬਿਨਾ ਕਿਸੇ ਧਿਰ ਵੱਲ ਉਲਾਰ ਹੋਇਆਂ ਪੇਸ਼ ਕਰਦਾ ਹੈ। ਏਜਾਜ਼ ਦੀ ਕਹਾਣੀ ਸਾਡੇ ਮੁਆਸ਼ਰੇ ਦੀ ਕਹਾਣੀ ਹੈ। ਉਹ ਹਵਾਈ ਗੱਲਾਂ ਨਹੀਂ ਕਰਦਾ। ਉਸਦੀ ਕਹਾਣੀ 'ਚ ਸਾਡੇ ਆਪਣੇ ਦੁੱਖਾਂ ਦਰਦਾਂ ਦੀ ਪੀੜ ਪਰੋਈ ਹੋਈ ਹੈ।

# ਮੇਰਾ ਮੋਬਾਈਲ

ਸਮਝ ਨਹੀਂ ਆਉਂਦੀ ਕਿ ਇਹ ਮੇਰਾ ਦੋਸਤ ਹੈ ਜਾਂ ਦੁਸ਼ਮਣ। ਇੱਕ ਮਿੱਤਰ ਵਾਂਗ ਇਹ ਮੈਨੂੰ ਹਰ ਉਹ ਚੀਜ਼ ਦਿਖਾਉਂਦਾ ਹੈ ਜਿਸ ਵਿਚ ਮੇਰੀ ਦਿਲਚਸਪੀ ਹੁੰਦੀ ਹੈ। ਮੇਰਾ ਮਨ ਪਰਚਾਵਾ ਕਰਦਾ ਹੈ। ਇਹ ਨਾਲ ਹੁੰਦਾ ਹੈ ਤਾਂ ਇੱਕਲੇ ਹੋਣ 'ਤੇ ਵੀ ਮੈਨੂੰ ਇਕੱਲੇਪਣ ਦਾ ਅਹਿਸਾਸ ਨਹੀਂ ਹੁੰਦਾ। ਇਸ ਨੂੰ ਚਲਾ ਕੇ ਮੈਂ

**ਮੀਨੂੰ ਬਾਲਾ**
**ਫੋਨ: 99882-84924**

ਇੱਕ ਨਵੀਂ ਦੁਨੀਆਂ ਵਿਚ ਵਿਚਰਨ ਲੱਗ ਜਾਂਦੀ ਹਾਂ। ਇਹ ਮੈਨੂੰ ਇਹੋ ਜਿਹੇ ਲੋਕਾਂ ਨਾਲ ਮਿਲਾਉਂਦਾ ਹੈ ਜੋ ਜਵਾਂ ਮੇਰੇ ਵਾਂਗ ਹੀ ਸੋਚਦੇ ਨੇ। ਨਵੇਂ ਦੋਸਤਾਂ ਨਾਲ ਮੁਲਾਕਾਤ ਕਰਵਾਉਂਦਾ ਹੈ ਅਤੇ ਦੂਰ ਦੂਰ ਬੈਠੇ ਲੋਕਾਂ ਨਾਲ ਨੇੜਤਾ ਵਧਾਉਂਦਾ ਹੈ। ਇਸ ਤੋਂ ਇਲਾਵਾ ਮੈਨੂੰ ਬਹੁਤ ਕੁੱਝ ਨਵਾਂ ਵੀ ਸਿਖਾਉਂਦਾ ਹੈ। ਇਸ ਲਈ ਮੈਂ ਇਸ ਨੂੰ ਅਕਸਰ ਆਪਣੇ ਨਾਲ-ਨਾਲ ਹੀ ਰੱਖਦੀ ਹਾਂ। ਪਰ ਕਈ ਵਾਰੀ ਲੱਗਦਾ ਹੈ ਕਿ ਜਿਵੇਂ ਇਸਨੇ ਮੈਨੂੰ ਇੱਕ ਜਾਲ ਵਿਚ ਫਸਾ ਲਿਆ ਹੈ। ਇਸਦੇ ਚੱਕਰ ਵਿਚ ਕਦੇ-ਕਦੇ ਮੈਂ ਆਪਣਾ ਘਰ ਦਾ ਕੰਮ ਛੱਡ ਦਿੰਦੀ ਹਾਂ, ਬੱਚਿਆਂ ਪ੍ਰਤੀ ਅਵੇਸਲੀ ਹੋ ਜਾਂਦੀ ਹਾਂ। ਆਂਢੀ-ਗੁਆਂਢੀਆਂ ਨਾਲ ਬਾਹਰ ਨਿੱਕਲ ਕੇ ਗੱਲਬਾਤ ਨਹੀਂ ਕਰਦੀ ਤੇ ਰਿਸ਼ਤੇਦਾਰੀ ਵਿਚ ਜ਼ਰੂਰੀ ਫੋਨ ਕਾਲ ਕਰਨੀਆਂ ਵੀ ਭੁੱਲ ਜਾਂਦੀ ਹਾਂ। ਮੇਰੇ ਕੋਲ ਬੈਠੇ ਲੋਕ ਮੇਰੇ ਤੋਂ ਹੀ ਦੂਰ ਹੋ ਜਾਂਦੇ ਨੇ। ਕਈ ਵਾਰੀ ਜ਼ਰੂਰੀ ਕੰਮ ਵੀ ਇਸਦੇ ਚਸਕੇ ਵਿਚ ਕਰਨੋਂ ਰਹਿ ਜਾਂਦੀ ਹਾਂ। ਫਿਰ ਇਹ ਮੈਨੂੰ ਇਹ ਇੱਕ ਧੋਖੇਬਾਜ਼ ਲੱਗਣ ਲੱਗ ਜਾਂਦਾ ਹੈ ਅਤੇ ਮੈਂ ਇਸਨੂੰ ਨਫ਼ਰਤ ਕਰਨ ਲੱਗ ਜਾਂਦੀ ਹਾਂ। ਇਸਤੋਂ ਦੂਰੀ ਬਣਾਉਂਦੀ ਹਾਂ। ਆਪਣੇ ਘਰ ਦੇ ਕੰਮਾਂ ਵੱਲ ਵਾਪਿਸ ਮੁੜਦੀ ਹਾਂ। ਬੱਚਿਆਂ ਨੂੰ ਵਧੇਰੇ ਪਿਆਰ ਕਰਦੀ ਹਾਂ। ਗਲੀ-ਗੁਆਂਢ ਤੇ ਰਿਸ਼ਤੇਦਾਰਾਂ ਲਈ ਵੀ ਵਕਤ ਕੱਢਦੀ ਹਾਂ। ਪਰ ਕਦੇ ਕਦੇ ਇਹ ਸੱਭ ਕਰਨ ਦੇ ਬਾਵਜੂਦ ਵੀ ਨਿਰਾਸ਼ ਹੋ ਜਾਂਦੀ ਹਾਂ। ਕਿਉਂਕਿ ਬਹੁਤੀ ਵਾਰੀ ਮੈਨੂੰ ਮੇਰੇ ਆਪਣੇ ਵੀ ਆਪਣੇ-ਆਪਣੇ 'ਮੋਬਾਈਲ ਮਿੱਤਰਾਂ' ਵਿਚ ਹੀ ਉਲਝੇ ਦਿਖਾਈ ਦਿੰਦੇ ਹਨ। ਇਸ ਲਈ ਮੈਨੂੰ ਫਿਰ ਦੁਬਾਰਾ ਆਪਣੇ 'ਮੋਬਾਈਲ ਮਿੱਤਰ' ਕੋਲ ਹੀ ਆਉਣਾ ਪੈਂਦਾ ਹੈ। ਇਹ ਹੱਸਦਾ ਹੈ ਮੇਰੇ 'ਤੇ। ਮਜ਼ਾਕ ਉਡਾਉਂਦਾ ਹੈ ਮੇਰਾ। ਇੰਝ ਪ੍ਰਤੀਤ ਹੁੰਦਾ ਹੈ ਜਿਵੇਂ ਕਹਿ ਰਿਹਾ ਹੋਵੇ ਕਿ ਜਿਹੋ-ਜਿਹੀ ਜ਼ਿੰਦਗੀ ਦੀ ਭਾਲ ਵਿਚ ਹੁਣ ਤੂੰ ਤੁਰੀ ਫਿਰਦੀ ਹੈ, ਉਸਦਾ ਤਾਂ ਮੈਂ ਇਸ ਦੁਨੀਆਂ ਤੋਂ ਨਾਮੋ-ਨਿਸ਼ਾਨ ਹੀ ਖਤਮ ਕਰਦੂੰ। ਮੈਨੂੰ ਇਸਦੀ ਤਾਕਤ ਤੋਂ ਡਰ ਜਿਹਾ ਲੱਗਦਾ ਹੈ। ਮੈਂ ਹੌਂਸਲਾ ਕਰ ਬਗਾਵਤੀ ਹੋ ਜਾਂਦੀ ਹਾਂ। ਕੱਲੇ-ਕੱਲੇ ਜੀਅ ਕੋਲ ਜਾ ਕੇ ਇਸਦੀ ਭੰਡੀ ਕਰਦੀ ਹਾਂ। ਪਰ ਮੇਰੀ ਗੱਲ ਤੇ ਕੋਈ ਯਕੀਨ ਨਹੀਂ ਕਰਦਾ। ਮੈਂ ਉਦਾਸ ਹੋ ਜਾਂਦੀ ਹਾਂ। ਇਕੱਲੀ ਬੈਠ ਸੋਚਦੀ ਹਾਂ ਕਿ ਗਲਤੀ ਆਖਿਰ ਕਿੱਥੇ ਹੋ ਰਹੀ ਹੈ? ਹਰ ਇੱਕ ਇਨਸਾਨ ਦੀ ਆਪਣੀ ਜ਼ਿੰਦਗੀ ਹੈ ਤੇ ਹਰ ਇੱਕ ਨੂੰ ਉਸਨੂੰ ਆਪਣੇ ਹੀ ਢੰਗ ਨਾਲ ਜਿਉਣ ਦਾ ਵੀ ਪੂਰਾ ਹੱਕ ਹੈ। ਮੈਨੂੰ ਕੋਈ ਹੱਕ ਨਹੀਂ ਕਿ ਆਪਣੇ ਆਪ ਨੂੰ ਬਾਹਲੀ ਸਿਆਣੀ ਮੰਨ ਨਸੀਹਤਾਂ ਵੰਡਦੀ ਫਿਰਾਂ। ਬਹੁਤ ਵਿਚਾਰਣ ਤੋਂ ਬਾਅਦ ਮੈਨੂੰ ਆਪਣੀ ਗਲਤੀ ਵੀ ਪਤਾ ਲੱਗਦੀ ਹੈ। ਮੋਬਾਈਲ ਮੇਰਾ ਮਿੱਤਰ ਹੈ ਜਾਂ ਦੁਸ਼ਮਣ ਇਹ ਫੈਸਲਾ ਤਾਂ ਮੈਂ ਖੁਦ ਹੀ ਕਰਨਾ ਹੈ। ਇਸਨੂੰ ਕਿੰਨਾ ਵਰਤਣਾ ਹੈ? ਕਦੋਂ ਵਰਤਣਾ ਹੈ? ਕਿਵੇਂ ਵਰਤਣਾ ਹੈ? ਇਹ ਸੱਭ ਤਾਂ ਪਹਿਲਾਂ ਮੈਂ ਖੁਦ ਸਿੱਖਣਾ ਹੈ। ਹੁਣ ਮੈਂ ਆਪਣੇ-ਆਪ 'ਤੇ ਕੰਮ ਕਰਦੀ ਹਾਂ। ਜਦੋਂ ਘਰ ਦਾ ਕੋਈ ਜੀਅ ਆਪਣਾ 'ਮੋਬਾਈਲ ਮਿੱਤਰ' ਛੱਡ ਮੇਰੇ ਕੋਲ ਆਉਂਦੈ ਤਾਂ ਮੈਂ ਵੀ ਝੱਟ ਆਪਣੇ ਵਾਲੇ ਨੂੰ ਪਾਸੇ ਰੱਖ ਦਿੰਦੀ ਹਾਂ। ਮੈਂ ਪਹਿਲ ਕਿਸ ਨੂੰ ਦੇਣੀ ਹੈ, ਇਹ ਤਾਂ ਹੁਣ ਮੈਂ ਹੀ ਸੋਚਣਾ ਹੈ। ਮੈਂ ਆਪਣੇ ਘਰ ਦੇ ਜੀਆਂ ਨੂੰ ਅਹਿਸਾਸ ਕਰਵਾਉਂਦੀ ਹਾਂ ਕਿ ਮੇਰੇ ਲਈ ਸੱਭ ਤੋਂ ਵੱਧ ਮਹੱਤਵਪੂਰਨ ਤੁਸੀਂ ਹੋ। 'ਮੋਬਾਈਲ ਮਿੱਤਰ' ਲਈ ਉਹ ਸਮਾਂ ਹੈ ਜਦੋਂ ਮੈਂ ਆਪਣੀ ਜ਼ਿੰਮੇਵਾਰੀਆਂ ਤੋਂ ਬਿਲਕੁੱਲ ਵਿਹਲੀ ਹਾਂ। ਮੇਰਾ ਇਹ ਵਿਵਹਾਰ ਹੌਲੀ ਹੌਲੀ ਮੇਰੇ ਘਰ ਦੇ ਜੀਆਂ ਦੇ ਵਿਵਹਾਰ ਵਿਚ ਵੀ ਬਦਲਾਅ ਲੈ ਕੇ ਆਉਂਦਾ ਹੈ। ਉਹ ਵੀ ਹੁਣ ਮੇਰੇ ਕਹਿਣ ਤੇ ਆਪਣੇ ਆਪਣੇ 'ਮੋਬਾਈਲ ਮਿੱਤਰ' ਤੋਂ ਦੂਰੀ ਬਣਾ ਲੈਂਦੇ ਹਨ। ਅੱਜਕਲ੍ਹ ਮੈਨੂੰ ਮੇਰਾ ਮੋਬਾਈਲ ਮੈਨੂੰ ਆਪਣਾ ਦੁਸ਼ਮਣ ਨਹੀਂ ਲੱਗਦਾ। ਦੁਸ਼ਮਣ ਤਾਂ ਮੇਰਾ ਆਪਣਾ ਮਨ ਸੀ , ਜਿਸ ਉੱਤੇ ਮੇਰਾ ਆਪਣਾ ਹੀ ਕੰਟਰੋਲ ਨਹੀਂ ਸੀ। ਮੋਬਾਈਲ ਮੇਰਾ ਖਾਸ ਮਿੱਤਰ ਹੈ। ਪਰ ਮੇਰਾ ਪਰਿਵਾਰ, ਮੇਰਾ ਆਲਾ ਦੁਆਲਾ, ਮੇਰਾ ਸਕੂਲ, ਮੇਰਾ ਆਂਢ-ਗੁਆਂਡ ਯਕੀਨਨ ਉਸਤੋਂ ਵੀ ਕੀਤੇ ਜਿਆਦਾ ਖਾਸ ਹਨ। ਆਨਲਾਈਨ ਰਹਿਣਾ ਮੇਰੇ ਲਈ ਵਧੀਆ ਹੈ, ਪਰ ਔਫਲਾਈਨ ਰਹਿਣਾ ਹੋਰ ਵੀ ਜਿਆਦਾ ਵਧੀਆ ਹੈ। ਅੱਜਕਲ੍ਹ ਜਿਹੜਾ ਦੋਹਾਂ ਵਿਚਕਾਰ ਵਧੀਆ ਬੈਲੈਂਸ ਬਣਾ ਕੇ ਚੱਲਦਾ ਹੈ, ਉਹ ਵੱਡਾ ਜੇਤੂ ਸਾਬਿਤ ਹੁੰਦਾ ਹੈ। ਹਰ ਇੱਕ ਦੇ ਵੱਸ ਦੀ ਗੱਲ ਨਹੀਂ ਹੈ ਇਹ। ਪੜ੍ਹ ਕੇ ਵਿਚਾਰ ਜ਼ਰੂਰ ਕਰਿ" ਜੀ।

# ਅਨੋਖੇ ਰਿਸ਼ਤਿਆਂ ਦੀ ਸਾਂਝ 'ਤੇ ਆਧਾਰਤ ਫ਼ਿਲਮ 'ਸ਼ੇਰ ਬੱਗਾ'

ਐਮੀ ਵਿਰਕ ਪੰਜਾਬੀ ਸਿਨਮੇ ਦਾ ਸਟਾਰ ਕਲਾਕਾਰ ਹੈ, ਜਿਸ ਨੇ ਲਗਾਤਾਰ ਇੱਕ ਤੋਂ ਬਾਅਦ ਇਕ ਹਿੱਟ ਫਿਲਮਾਂ ਨਾਲ ਦਰਸ਼ਕਾਂ ਦਾ ਮਨੋਰੰਜਨ ਕੀਤਾ ਹੈ। ਤਾਜ਼ਾ ਰਿਲੀਜ਼ ਫ਼ਿਲਮ 'ਸੌਂਕਣ-ਸੌਂਕਣੇ' ਦੀ ਬੇਮਿਸਾਲ ਸਫ਼ਲਤਾ ਤੋਂ ਬਾਅਦ ਹੁਣ ਐਮੀ ਵਿਰਕ ਆਪਣੀ ਚਹੇਤੀ ਅਦਾਕਾਰਾ ਸੋਨਮ ਬਾਜਵਾ ਨਾਲ ਨਵੀਂ ਫ਼ਿਲਮ 'ਸ਼ੇਰ ਬੱਗਾ' ਲੈ ਕੇ ਆ ਰਿਹਾ ਹੈ। ਜ਼ਿਕਰਯੋਗ ਹੈ ਕਿ ਇਸ ਫ਼ਿਲਮ ਰਾਹੀਂ ਐਮੀ ਤੇ ਸੋਨਮ ਇਕ ਸਾਲ ਬਾਅਦ ਇਕੱਠੇ ਪਰਦੇ 'ਤੇ ਨਜ਼ਰ ਆਉਣਗੇ।

ਲੇਖਕ ਨਿਰਦੇਸ਼ਕ ਜਗਦੀਪ ਸਿੱਧੂ ਦੀ ਇਹ ਫ਼ਿਲਮ ਉਸ ਦੀਆਂ ਪਹਿਲੀਆਂ ਫ਼ਿਲਮਾਂ ਤੋਂ ਬਹੁਤ ਹਟ ਕੇ ਇਕ ਨਵੇਂ ਵਿਸ਼ੇ 'ਤੇ ਆਧਾਰਤ ਹੈ। ਬੀਤੇ ਦਿਨੀਂ 'ਸ਼ੇਰ ਬੱਗਾ' ਦਾ ਟਰੇਲਰ ਰਿਲੀਜ਼ ਹੋਇਆ ਹੈ, ਜਿਸ ਵਿਚ ਐਮੀ ਵਿਰਕ ਬਹੁਤ ਹੀ ਭੋਲਾ ਭਾਲਾ, ਸਾਫ਼ ਦਿਲ ਵਿਖਾਇਆ ਗਿਆ ਹੈ। ਪਿੰਡੋਂ ਵਿਦੇਸ਼ ਆ ਕੇ ਵੀ ਉਸ ਨੂੰ ਬਾਹਰਲੀ 'ਹਵਾ' ਨਹੀਂ ਲੱਗਦੀ। ਇਸੇ ਭੋਲੇਪਣ ਕਰਕੇ ਉਸਦੀ ਜ਼ਿੰਦਗੀ ਵਿਚ ਸੋਨਮ ਬਾਜਵਾ ਆਉਂਦੀ ਹੈ ਜਿਸ ਨਾਲ ਫ਼ਿਲਮ ਦੀ ਕਹਾਣੀ ਨਵੇਂ ਮੋੜ ਲੈਂਦੀ ਹੋਈ ਦਰਸ਼ਕਾਂ ਦਾ ਖੂਬ ਮਨੋਰੰਜਨ ਕਰਦੀ ਹੈ। ਪਿੰਡ ਦੇ ਹਾਣੀ ਮੁੰਡੇ ਉਸਦੇ ਭੋਲੇਪਣ ਦਾ ਅਕਸਰ ਹੀ ਮਜ਼ਾਕ ਉਡਾਉਂਦੇ ਰਹਿੰਦੇ ਸੀ, ਇਸੇ ਕਰਕੇ ਉਹ ਵੱਖ-ਵੱਖ ਵਿਦੇਸ਼ੀ ਕੁੜੀਆਂ ਨਾਲ ਆਕਰਸ਼ਿਤ ਫੋਟੋਆਂ ਖਿਚਵਾ ਕੇ ਪਿੰਡ ਦੇ ਹਾਣੀਆਂ ਵਿਚ ਨੰਬਰ ਬਣਾਉਣ ਲਈ ਭੇਜਦਾ ਹੈ ਪਰ ਇਸ ਚੱਕਰ 'ਚ ਪੈ ਕੇ ਉਸਦੀ ਜ਼ਿੰਦਗੀ ਹੋਰ ਹਾਸੇ ਦਾ ਤਮਾਸ਼ਾ ਬਣ ਜਾਂਦੀ ਹੈ ਜਦ ਸੋਨਮ ਬਾਜਵਾ ਗਰਭਵਤੀ ਹੋ ਜਾਂਦੀ ਹੈ ਪਰ ਉਹ ਬੱਚਾ ਰੱਖਣਾ ਨਹੀਂ ਚਾਹੁੰਦੀ...ਜਦਕਿ ਐਮੀ ਆਪਣੇ 'ਸ਼ੇਰ ਬੱਗੇ' ਨੂੰ ਦੁਨੀਆ ਵਿਖਾਉਣੀ ਚਾਹੁੰਦਾ ਹੈ। ਅਖੀਰ ਇਕ



ਸਮਝੌਤੇ ਤਹਿਤ ਉਹ ਸਹਿਮਤ ਹੋ ਜਾਂਦੀ ਹੈ। ਐਮੀ ਆਪਣੇ ਭੋਲੇ ਮਾਪਿਆਂ ਤੋਂ 'ਆਂਡਿਆਂ' ਦਾ ਵਪਾਰ ਕਰਨ ਬਹਾਨੇ ਪੈਸੇ ਮੰਗਵਾਉਂਦਾ ਹੈ। ਹੁਣ ਦਰਸ਼ਕ ਇਹ ਦੇਖਣ ਲਈ ਬੇਸਬਰੀ ਨਾਲ ਇੰਤਜ਼ਾਰ ਕਰ ਰਹੇ ਹਨ ਕਿ ਜਦੋਂ ਬੱਚਾ ਯਾਨੀ 'ਸ਼ੇਰ ਬੱਗਾ' ਉਨ੍ਹਾਂ ਦੀ ਜ਼ਿੰਦਗੀ 'ਚ ਆਵੇਗਾ ਤਾਂ ਐਮੀ ਅਤੇ ਸੋਨਮ ਇਕੱਠੇ ਹੋਣਗੇ ਜਾਂ ਨਹੀਂ। ਸ਼ੇਰ ਬੱਗਾ ਦੀ ਅਸਾਧਾਰਨ ਪ੍ਰੇਮ ਕਹਾਣੀ ਦੇ ਟਰੇਲਰ ਨੂੰ ਖੂਬਸੂਰਤ ਟਿੱਪਣੀਆਂ ਤੇ ਬਹੁਤ ਪਿਆਰ ਮਿਲ ਰਿਹਾ ਹੈ।

ਫਿਲਮ ਵਿਚ ਐਮੀ ਵਿਰਕ ਤੇ ਸੋਨਮ ਬਾਜਵਾ ਤੋਂ ਇਲਾਵਾ ਦੀਪ ਸਹਿਗਲ, ਨਿਰਮਲ ਰਿਸ਼ੀ, ਸਵ. ਕਾਕਾ ਕੌਤਕੀ, ਬਨਿੰਦਰ ਬੰਨੀ, ਜਸਨੀਤ ਕੌਰ ਆਦਿ ਕਲਾਕਾਰਾਂ ਨੇ ਅਹਿਮ ਕਿਰਦਾਰ ਨਿਭਾਏ ਹਨ। ਦਲਜੀਤ ਥਿੰਦ ਅਤੇ ਐਮੀ ਵਿਰਕ ਨੇ ਇਸ ਫ਼ਿਲਮ ਦਾ ਨਿਰਮਾਣ ਕੀਤਾ ਹੈ। ਕਿਸਮਤ, 'ਛੜਾ' ਤੇ 'ਸੁਪਨਾ' ਫ਼ਿਲਮਾਂ ਦੇ ਲੇਖਕ-ਨਿਰਦੇਸ਼ਕ ਜਗਦੀਪ ਸਿੱਧੂ ਨੇ 'ਸ਼ੇਰ ਬੱਗਾ' ਨੂੰ ਬਹੁਤ ਹੀ ਖੂਬਸੂਰਤੀ ਨਾਲ ਲਿਖਿਆ ਤੇ ਨਿਰਦੇਸ਼ਿਤ ਕੀਤਾ ਹੈ। ਫ਼ਿਲਮ ਦਾ ਗੀਤ ਸੰਗੀਤ ਵੀ ਬਹੁਤ ਵਧੀਆ ਹੈ।

***-ਸੁਰਜੀਤ ਜੱਸਲ***

# ਕੰਗਣਾ ਰਣੌਤ ਦਾ ਗਰੂਰ ਟੁੱਟਿਆ



ਆਪਣੀਆਂ ਊਲ-ਜਲੂਲ ਅਤੇ ਮੋਦੀ ਸਰਕਾਰ ਪੱਖੀ ਟਿੱਪਣੀਆਂ ਕਾਰਨ ਚਰਚਾ ਵਿਚ ਰਹਿੰਦੀ ਅਦਾਕਾਰਾ ਕੰਗਨਾ ਰਣੌਤ ਦਾ ਗਰੂਰ ਟੁੱਟਦਾ-ਟੁੱਟਦਾ ਆਖਰਕਾਰ ਟੁੱਟ ਗਿਆ ਹੈ।

ਉਸ ਦੀ ਫਿਲਮ 'ਧਾਕੜ' 17 ਮਈ ਨੂੰ ਰਿਲੀਜ਼ ਹੋਈ ਅਤੇ ਬੁਰੀ ਤਰ੍ਹਾਂ ਫਲਾਪ ਹੋ ਗਈ। ਇਹ ਕੰਗਨਾ ਰਣੌਤ ਦੀ ਲਗਾਤਾਰ 9ਵੀਂ ਫਲਾਪ ਫਿਲਮ ਹੈ। ਇਸ ਤੋਂ ਪਹਿਲਾਂ ਉਸ ਦੀਆਂ 8 ਫਿਲਮਾਂ-ਆਈ ਲਵ ਨਿਊ ਯਾਰਕ (2015), ਕੱਟੀ ਬੱਟੀ (2015), ਰੰਗੂਨ (2017), ਸਿਮਰਨ (2017), ਮਣਿਕਰਨਿਕਾ: ਦਿ ਕੁਈਨ ਆਫ ਝਾਂਸੀ (2019), ਜੱਜਮੈਂਟਲ ਹੈ ਕਯਾ (2019), ਪੰਗਾ (2020) ਅਤੇ ਥਲਾਇਵੀ (2021) ਫਲਾਪ ਹੋ ਚੁੱਕੀਆਂ ਹਨ।

ਫਿਲਮ 'ਧਾਕੜ' ਉਤੇ ਕੁੱਲ 85 ਕਰੋੜ ਖਰਚ ਹੋਏ ਸਨ ਪਰ ਇਹ ਫਿਲਮ ਸਿਰਫ 3.77 ਕਰੋੜ ਹੀ ਕਮਾ ਸਕੀ। ਇਹ ਫਿਲਮ ਪਹਿਲਾਂ 2020 ਵਿਚ ਦੀਵਾਲੀ ਮੌਕੇ ਨਵੰਬਰ ਵਿਚ ਰਿਲੀਜ਼ ਹੋਣੀ ਸੀ ਪਰ ਕਰੋਨਾ ਮਹਾਮਾਰੀ ਕਾਰਨ ਇਸ ਦੀ ਰਿਲੀਜ਼ ਮੁਤਲਵੀ ਕਰ ਦਿੱਤੀ ਗਈ। ਫਿਰ ਇਸ ਦੇ 8 ਅਪਰੈਲ 2022 ਨੂੰ ਰਿਲੀਜ਼ ਹੋਣ ਦੀਆਂ ਖਬਰਾਂ ਆਈ ਪਰ ਜਦੋਂ ਇਹ ਫਿਲਮ 20 ਮਈ 2022 ਨੂੰ ਰਿਲੀਜ਼ ਹੋਈ ਤਾਂ ਇਹ ਪਹਿਲੇ ਹੀ ਦਿਨ ਦਰਸ਼ਕਾਂ ਨੂੰ ਖਿੱਚਣ ਵਿਚ ਨਾਕਾਮ ਰਹੀ। ਫਿਰ ਤਾਂ ਚਾਰ ਕੁ ਦਿਨਾਂ ਵਿਚ ਹੀ ਸਪਸ਼ਟ ਹੋ ਗਿਆ ਕਿ ਇਹ ਫਿਲਮ ਕੰਗਨਾ ਰਣੌਤ ਦੀਆਂ ਫਲਾਪ ਹੋਈਆਂ ਫਿਲਮਾਂ ਵਿਚੋਂ ਸਭ ਤੋਂ ਵੱਡੀ ਫਲਾਪ ਸਾਬਤ ਹੋਵੇਗੀ ਅਤੇ ਮਗਰੋਂ ਇਸੇ ਤਰ੍ਹਾਂ ਹੋਇਆ।

ਯਾਦ ਰਹੇ ਕਿ ਕਿਸਾਨ ਅੰਦੋਲਨ ਦੌਰਾਨ ਵੀ ਇਸ ਅਦਾਕਾਰਾ ਨੇ ਸੰਘਰਸ਼ ਕਰ ਰਹੇ ਕਿਸਾਨਾਂ, ਖਾਸਕਰ ਔਰਤਾਂ ਖਿਲਾਫ ਬੜੇ ਮਾੜੇ ਸ਼ਬਦ ਵਰਤੇ ਸਨ। ਉਦੋਂ ਇਸ ਦੀ ਬਹੁਤ ਆਲੋਚਨਾ ਹੋਈ ਸੀ ਪਰ ਉਸ ਨੇ ਆਪਣਾ ਸਰਕਾਰ ਪੱਖੀ ਰਵੱਈਆ ਜਾਰੀ ਰੱਖਿਆ ਸੀ।

ਉਧਰ, ਉਸੇ ਦਿਨ ਰਿਲੀਜ਼ ਹੋਈ ਇਕ ਹੋਰ ਫਿਲਮ 'ਭੂਲ-ਭੁਲੱਈਆ-2' ਨੇ ਖੂਬ ਕਮਾਈ ਕੀਤੀ। ਇਸ ਫਿਲਮ ਦਾ ਬਜਟ 70-75 ਕਰੋੜ ਰੁਪਏ ਦਾ ਸੀ ਅਤੇ ਇਹ ਹੁਣ ਤੱਕ 260 ਕਰੋੜ ਰੁਪਏ ਕਮਾ ਚੁੱਕੀ ਹੈ।

***-ਗੁਰਜੰਟ ਸਿੰਘ***

# ਅਕਸ਼ੈ ਕੁਮਾਰ ਦਾ 'ਪ੍ਰਿਥਵੀ ਰਾਜ' ਚੌਫਾਲ ਚਿੱਤ



ਅਦਾਕਾਰ ਅਕਸ਼ੈ ਕੁਮਾਰ ਦੀ ਨਵੀਂ ਫਿਲਮ 'ਸਮਰਾਟ ਪ੍ਰਿਥਵੀਰਾਜ' ਵੀ ਫਲਾਪ ਹੋ ਗਈ ਹੈ। ਇਹ ਫਿਲਮ 3 ਜੂਨ ਨੂੰ ਰਿਲੀਜ਼ ਹੋਈ ਸੀ। ਇਸ ਫਿਲਮ ਦਾ ਹਾਲ ਕੰਗਨਾ ਰਣੌਤ ਦੀ ਫਿਲਮ 'ਧਾਕੜ' ਵਾਲਾ ਤਾਂ ਨਹੀਂ ਹੋਇਆ ਪਰ ਇਹ ਵੀ ਕਮਾਈ ਦੇ ਪੱਖ ਤੋਂ ਬੁਰੀ ਤਰ੍ਹਾਂ ਫਲਾਪ ਰਹੀ। ਇਸ ਫਿਲਮ ਦਾ ਬਜਟ 150 ਕਰੋੜ ਤੋਂ ਉਪਰ ਦਾ ਸੀ ਪਰ ਇਹ ਹੁਣ ਤੱਕ ਸਿਰਫ 85 ਕਰੋੜ ਰੁਪਏ ਹੀ ਕਮਾ ਸਕੀ ਹੈ। ਇਹ ਫਿਲਮ ਆਪਣਾ ਪੂਰਾ ਖਰਚਾ ਵੀ ਕੱਢ ਲਵੇਗੀ, ਲਗਦਾ ਨਹੀਂ ਹੈ। ਯਾਦ ਰਹੇ ਕਿ ਅਕਸ਼ੈ ਕੁਮਾਰ ਵੀ ਅਦਾਕਾਰਾ ਕੰਗਨਾ ਰਣੌਤ ਵਾਂਗ ਮੋਦੀ ਸਰਕਾਰ ਦਾ ਵੱਡਾ ਮੱਦਾਹ ਹੈ।

ਫਿਲਮ 'ਸਮਰਾਟ ਪ੍ਰਿਥਵੀਰਾਜ' ਉਤੇ ਇਤਿਹਾਸ ਨਾਲ ਛੇੜ-ਛਾੜ ਕਰਨ ਦੇ ਦੋਸ਼ ਲੱਗੇ ਹਨ। ਅਸਲ ਵਿਚ ਮੋਦੀ ਸਰਕਾਰ ਭਾਰਤ ਦਾ ਇਤਿਹਾਸ ਨਵੇਂ ਸਿਰਿਓਂ ਲਿਖਣ ਲਈ ਅੱਡੀ-ਚੋਟੀ ਦਾ ਜ਼ੋਰ ਲਾ ਰਹੀ ਹੈ ਅਤੇ ਇਸ ਨੇ ਇਸ ਕੰਮ ਕਰਨ ਦਾ ਇਕ ਜ਼ਰੀਆ ਫਿਲਮਾਂ ਨੂੰ ਬਣਾਇਆ ਹੋਇਆ ਹੈ। ਫਿਲਮ ਆਲੋਚਕਾਂ ਨੇ ਵੀ ਇਸ ਫਿਲਮ ਦਾ ਬਹੁਤਾ ਮੁੱਲ ਨਹੀਂ ਪਾਇਆ ਹੈ। ਆਲੋਚਕਾਂ ਨੇ ਇਸ ਫਿਲਮ ਨੂੰ ਬੇਹੱਦ ਸਾਧਾਰਨ ਕਰਾਰ ਦਿੱਤਾ ਹੈ ਅਤੇ ਕਿਹਾ ਹੈ ਕਿ ਕਹਿਣ ਨੂੰ ਤਾਂ ਇਸ ਨੂੰ ਇਤਿਹਾਸਕ ਫਿਲਮ ਦੱਸਿਆ ਜਾ ਰਿਹਾ ਹੈ ਪਰ ਫਿਲਮ ਦੀ ਕਹਾਣੀ ਕਿਤੇ ਜੁੜਦੀ ਹੀ ਨਹੀਂ ਹੈ। ***-ਆਮਨਾ ਕੌਰ***

# ਮਾਹੀ ਨਾਲ ਪਿਆਰ ਵਾਲੀ ਸਦਾਕਾਰਾ ਸ਼ਾਂਤੀ ਮਧੋਕ

ਸ਼ਾਂਤੀ ਉਰਫ ਸ਼ਾਂਤੀ ਮਧੋਕ ਦੀ ਪੈਦਾਇਸ਼ 15 ਜਨਵਰੀ 1931 ਨੂੰ ਗੁੱਜਰਾਂਵਾਲਾ ਦੇ ਪੰਜਾਬੀ ਪੰਡਤ ਪਰਿਵਾਰ ਵਿਚ ਹੋਈ। ਮੁੱਢਲਾ ਵੇਲਾ ਉਸ ਨੇ ਰਿਆਸਤ ਜੰਮੂ ਵਿਚ ਲੰਘਾਇਆ ਤੇ ਤਾਲੀਮ ਵੀ ਉੱਥੋਂ ਹੀ ਹਾਸਲ ਕੀਤੀ। ਫਿਰ ਉਹ ਲਾਹੌਰ ਆ ਗਈ ਜਿੱਥੋਂ ਉਸ ਨੇ ਦਸਵੀਂ ਤੱਕ ਤਾਲੀਮ ਪ੍ਰਾਪਤ ਕੀਤੀ। ਬਾਲ ਉਮਰੇ ਹੀ ਉਸ ਨੂੰ ਫਿਲਮਾਂ ਨਾਲ ਮੁਹੱਬਤ ਹੋ ਗਈ। 9 ਸਾਲਾਂ ਦੀ ਉਮਰ ਵਿਚ ਉਹ ਰਾਤਾਂ ਨੂੰ ਤਾਰਿਆਂ ਦੀ ਲੋਅ ਵਿਚ ਫਿਲਮਾਂ ਬਾਰੇ ਸੋਚਦੀ ਰਹਿੰਦੀ ਸੀ। ਉਹ ਅੰਗਰੇਜ਼ੀ ਫਿਲਮਾਂ ਦੇਖਣ ਦੀ ਸ਼ੌਕੀਨ ਅਤੇ ਨਾਚ ਕਲਾ ਦੀ ਬੜੀ ਦੀਵਾਨੀ ਸੀ।

ਸਤੰਬਰ 1944 ਵਿਚ ਫਿਲਮਸਾਜ਼ ਦਲਸੁਖ ਐੱਮ. ਪੰਚੋਲੀ ਨੇ ਫਿਲਮ 'ਸ਼ੀਰੀਂ ਫਰਹਾਦ' (1945) ਸ਼ੁਰੂ ਕੀਤੀ। ਫਿਲਮ ਦੇ ਮਰਕਜ਼ੀ ਕਿਰਦਾਰ ਵਿਚ ਰਾਗਿਨੀ (ਸ਼ੀਰੀਂ) ਤੇ ਜੇਯੰਤ (ਫਰਹਾਦ) ਸਨ। ਫਿਲਮ ਦੇ ਨਗਮਾਨਿਗਾਰ ਪੰਡਤ ਦੀਨਾ ਨਾਥ ਮਧੋਕ ਨੇ ਆਪਣੇ ਸ਼ਹਿਰ ਗੁੱਜਰਾਂਵਾਲਾ ਦੀ 14 ਸਾਲਾ ਕੁੜੀ ਸ਼ਾਂਤੀ ਮਧੋਕ ਨੂੰ ਨਵੇਂ ਚਿਹਰੇ ਵਜੋਂ ਮੁਤਆਰਿਫ ਕਰਵਾਇਆ। ਸ਼ਾਂਤੀ ਨੇ ਫਿਲਮ ਵਿਚ ਛੋਟਾ ਜਿਹਾ ਕਿਰਦਾਰ ਤਾਂ ਜ਼ਰੂਰ ਨਿਭਾਇਆ ਪਰ ਉਹ ਇਸ ਸਿਲਸਿਲੇ ਨੂੰ ਕਾਇਮ ਨਾ ਰੱਖ ਸਕੀ। ਇਸ ਤੋਂ ਬਾਅਦ ਉਹ ਐੱਫ.ਡੀ.ਐੱਸ. ਵਿਚ ਭਰਤੀ ਹੋ ਕੇ ਡਾਂਸਿੰਗ ਪਾਰਟੀ ਨਾਲ ਭਾਰਤ ਦੇ ਦੌਰੇ ਉੱਤੇ ਨਿਕਲ ਗਈ।

ਜਦੋਂ ਉਸ ਦਾ ਨਾਚ ਕਲਾ ਤੋਂ ਦਿਲ ਭਰ ਗਿਆ ਤਾਂ ਲਾਹੌਰ ਛੱਡ ਕੇ ਬੰਬਈ ਵਿਚ ਪੱਕੀ ਰਿਹਾਇਸ਼ ਕਰ ਲਈ ਕਿਉਂਕਿ ਉਸ ਵੇਲੇ ਬੰਬਈ ਫਿਲਮਾਂ ਦਾ ਸਭ ਤੋਂ ਵੱਡਾ ਮਰਕਜ਼ ਸੀ। ਲਿਹਾਜ਼ਾ ਫਿਲਮਾਂ ਨਾਲ ਦਿਲਚਸਪੀ ਦੇ ਚੱਲਦਿਆਂ ਉਹ ਦੁਬਾਰਾ ਫਿਲਮਾਂ ਨਾਲ ਆ ਜੁੜੀ। ਫਿਲਮਾਂ ਵਿਚ ਸ਼ਾਂਤੀ ਮਧੋਕ ਸਾਥੀ ਅਦਾਕਾਰਾ, ਰੱਕਾਸਾ (ਡਾਂਸਰ) ਅਦਾਕਾਰਾ ਦੀ ਹੈਸੀਅਤ ਨਾਲ ਕੰਮ ਕਰਦੀ ਰਹੀ।

ਜਦੋਂ ਗੁਜਰਾਂਵਾਲਾ ਦੇ ਜੈਮਿਨੀ ਦੀਵਾਨ (ਭਰਾ ਕਰਨ ਦੀਵਾਨ) ਨੇ ਫਿਲਮ 'ਗਾਓਂ' (1947) ਬਣਾਈ ਤਾਂ ਮਿਸ ਸ਼ਾਂਤੀ ਨੂੰ ਸਾਥੀ ਅਦਾਕਾਰਾ ਵਜੋਂ ਪੇਸ਼ ਕੀਤਾ। ਫਿਲਮ ਦੇ ਮਰਕਜ਼ੀ ਕਿਰਦਾਰ ਵਿਚ ਅਦਾਕਾਰਾ ਇੰਦੂ ਤੇ ਕਰਨ ਦੀਵਾਨ ਆਪਣੇ ਫਨ ਦੀ ਨੁਮਾਇਸ਼ ਕਰ ਰਹੇ ਸਨ। 1946 ਵਿਚ ਫਿਲਮਸਾਜ਼ ਐੱਮ.ਐੱਲ. ਗੁਪਤਾ ਨੇ ਹਿੰਦੀ ਫਿਲਮ 'ਬਿਰਹਨ' (1948) ਸ਼ੁਰੂ ਕੀਤੀ। ਫਿਲਮ ਵਿਚ ਅਦਾਕਾਰਾ ਰੂਪਾ ਨੇ ਕਿਰਨ, ਪ੍ਰਾਣ ਨੇ ਮੁਣਸ਼ੀ, ਬੇਗਮ ਪਰਵੀਨ ਨੇ ਨਿਰਮਲਾ ਦੇ ਕਿਰਦਾਰ ਨਿਭਾਏ ਜਦੋਂਕਿ ਸਹਾਇਕ ਅਦਾਕਾਰਾ ਵਜੋਂ ਸ਼ਾਂਤੀ ਮਧੋਕ ਮੌਜੂਦ ਸੀ।



1947 ਵਿਚ ਪੰਜਾਬ 'ਚ ਸ਼ੁਰੂ ਹੋਏ ਫਿਰਕੂ-ਫਸਾਦ ਤੋਂ ਪਰੇਸ਼ਾਨ ਹੋਇਆ ਗੁਪਤਾ ਇਸ ਦਾ ਮੁਕੰਮਲ ਨੈਗੇਟਿਵ ਲੈ ਕੇ ਬੰਬਈ ਟੁਰ ਗਿਆ। ਬੰਬਈ ਵਿਚ ਇਸ ਫਿਲਮ ਦੇ ਪ੍ਰਿੰਟ ਕਢਵਾਏ। ਇਸ ਤਰ੍ਹਾਂ ਇਹ ਫਿਲਮ 25 ਅਪਰੈਲ 1947 ਨੂੰ ਕਰਾਚੀ ਵਿਚ ਨੁਮਾਇਸ਼ ਲਈ ਪੇਸ਼ ਕੀਤੀ ਗਈ।

ਡੀ.ਡੀ. ਕਸ਼ਯਪ ਨਿਰਦੇਸ਼ਿਤ ਫਿਲਮ 'ਬੜੀ ਬਹਿਨ' (1949) ਵਿਚ ਸ਼ਾਂਤੀ ਨੇ ਨਾਚ ਅਦਾਕਾਰਾ ਦਾ ਸੋਹਣਾ ਪਾਰਟ ਅਦਾ ਕੀਤਾ। ਪੰਡਤ ਹੁਸਨ ਲਾਲ-ਭਗਤ ਰਾਮ ਦੇ ਸੰਗੀਤ ਵਿਚ ਰਜਿੰਦਰ ਕ੍ਰਿਸ਼ਨ (ਜਲਾਲਪੁਰ ਜੱਟਾਂ) ਦੇ ਲਿਖੇ ਤੇ ਸ਼ਾਂਤੀ ਮਧੋਕ 'ਤੇ ਫਿਲਮਾਏ 'ਚੁੱਪ-ਚੁੱਪ ਖੜ੍ਹੇ ਹੋ ਜ਼ਰੂਰ ਕੋਈ ਬਾਤ ਹੈ ਪਹਿਲੀ ਮੁਲਕਾਤ ਹੈ ਯੇ ਪਹਿਲੀ ਮੁਲਾਕਾਤ ਹੈ' (ਪ੍ਰੇਮ ਲਤਾ, ਲਤਾ ਮੰਗੇਸ਼ਕਰ) ਤੇ ਦੂਸਰਾ 'ਜੋ ਦਿਲ ਮੇਂ ਖੁਸ਼ੀ ਬਨ ਕਰ ਆਏ ਵੋਹ ਦਰਦ ਬਸਾ ਕਰ ਚਲੇ ਗਏ' (ਲਤਾ ਮੰਗੇਸ਼ਕਰ) ਗੀਤਾਂ ਨੇ ਹੱਦ ਦਰਜਾ ਮਕਬੂਲੀਅਤ ਹਾਸਲ ਕੀਤੀ।

ਇਸ ਤੋਂ ਇਲਾਵਾ ਸ਼ਾਂਤੀ ਮਧੋਕ ਨੇ 'ਅਜੀਤ' ਉਰਫ 'ਰੰਗੀਨ ਜ਼ਮਾਨਾ' (1948), 'ਜੀਵਨ ਜਿਓਤੀ' (1949), 'ਝਰਨਾ' (1948), 'ਜੰਨਤ' ਉਰਫ 'ਗੁਲਸ਼ਨ' ਉਰਫ 'ਚਿਲਮਨ' (1949), 'ਬਾਨੋ' (1949), 'ਬਾਂਸਰੀਆ' (1949), 'ਭੋਲੇ ਪੀਆ' (1949), 'ਹਮਾਰੀ ਮੰਜ਼ਿਲ' (1949), 'ਨਮੂਨਾ' (1949), 'ਨਾਰਦ ਮੁਨੀ' (1949), 'ਸਰੋਜਿਨੀ' (1949), 'ਨਜ਼ਾਰੇ' (1949), 'ਪਰਦਾ' (1949), 'ਚਾਕਲੇਟ' (1950), 'ਚੋਰ' (1950), 'ਮਾਂਗ' (1950), 'ਨਿਰਾਲਾ' (1950), 'ਮਨ ਕਾ ਮੀਤ' (1950), 'ਦੀਪਕ' (1951), 'ਸ਼ਮਸ਼ੀਰਬਾਜ਼' (1953), 'ਗੁਲ ਬਹਾਰ' (1954), 'ਕਾਰਨੀਵਾਲ ਕਵੀਨ' (1955), 'ਸ਼ਾਹ ਬਹਰਾਮ' (1955), 'ਸਿਲਵਰ ਕਿੰਗ' (1957) ਆਦਿ ਫਿਲਮਾਂ ਵਿਚ ਸਾਥੀ ਅਦਾਕਾਰਾ, ਨਾਚ ਅਦਾਕਾਰਾ ਵਜੋਂ ਆਪਣੇ ਫਨ ਦੀ ਬਿਹਤਰੀਨ ਨੁਮਾਇਸ਼ ਕੀਤੀ। ਇਨ੍ਹਾਂ ਫਿਲਮਾਂ 'ਚੋਂ ਕੁਝ ਕੁ ਫਿਲਮਾਂ 'ਚ ਉਸ 'ਤੇ ਫਿਲਮਾਏ ਗੀਤ ਬੜੇ ਹਿੱਟ ਹੋਏ ਜੋ ਅੱਜ ਵੀ ਸੰਗੀਤ ਮੱਦਾਹਾਂ ਦੀ ਪਸੰਦ ਹਨ।

ਹਿੰਦੀ ਤੋਂ ਇਲਾਵਾ ਸ਼ਾਂਤੀ ਮਧੋਕ ਨੇ ਪੰਜਾਬੀ ਫਿਲਮਾਂ ਵਿਚ ਵੀ ਅਦਾਕਾਰੀ ਕੀਤੀ। ਜਦੋਂ ਆਰ.ਐੱਲ. ਭਾਖੜੀ ਤੇ ਕੁਲਦੀਪ ਸਹਿਗਲ ਨੇ ਪੰਜਾਬੀ ਫਿਲਮ 'ਲੱਛੀ' (1949) ਬਣਾਈ ਤਾਂ ਸ਼ਾਂਤੀ ਮਧੋਕ ਨੂੰ ਵੀ ਸਾਥੀ ਅਦਾਕਾਰਾ ਦਾ ਅਹਿਮ ਕਿਰਦਾਰ ਮਿਲਿਆ। ਟਾਈਟਲ ਰੋਲ ਲਾਹੌਰ ਦੀ ਪੰਜਾਬਣ ਮੁਟਿਆਰ ਮਨੋਰਮਾ ਅਦਾ ਕਰ ਰਹੀ ਸੀ ਜਿਸ ਦੇ ਹਮਰਾਹ ਵਾਸਤੀ ਮੌਜੂਦ ਸੀ। ਮੰਜ਼ਰਨਾਮਾ ਤੇ ਮੁਕਾਲਮੇ ਮੁਲਕਰਾਜ ਭਾਖੜੀ, ਗੀਤ ਵਰਮਾ ਮਲਿਕ, ਐੱਮ.ਆਰ. ਭਾਖੜੀ ਤੇ ਨਾਜ਼ਿਮ ਪਾਣੀਪਤੀ ਤੇ ਮੌਸੀਕੀ ਹੰਸ ਰਾਜ ਬਹਿਲ ਨੇ ਦਿੱਤੀ। 158 ਮਿੰਟ ਦੀ ਇਹ ਫਿਲਮ 8 ਅਪਰੈਲ 1949 ਨੂੰ ਮੋਗੇ ਦੇ ਰੀਗਲ ਸਿਨਮਾ 'ਚ ਨੁਮਾਇਸ਼ ਹੋਈ। ਫਿਲਮ 'ਛਈ' (1950) 'ਚ ਸ਼ਾਂਤੀ ਮਧੋਕ ਨੇ ਸਾਥੀ ਅਦਾਕਾਰਾ ਵਜੋਂ ਗੁਲਾਬੋ ਦਾ ਕਿਰਦਾਰ ਅਦਾ ਕੀਤਾ ਜਿਸ ਦੇ ਰੂਬਰੂ ਖਰੈਤੀ ਭੈਂਗਾ ਨੇ ਪਸ਼ੌਰੀ ਮੱਲ ਦਾ ਪਾਰਟ ਅਦਾ ਕੀਤਾ।

ਹੰਸ ਰਾਜ ਬਹਿਲ ਦੇ ਸੰਗੀਤ ਵਿਚ ਵਰਮਾ ਮਲਿਕ ਦੇ ਲਿਖੇ 'ਅਜੀ ਓਹ ਮੁੰਡਾ ਮੋਹ ਲਿਆ ਤਵੀਤਾਂ ਵਾਲਾ ਨੀਂ ਦੱਮੜੀ ਦਾ ਸੱਕ ਮਲ ਕੇ' (ਮੁਹੰਮਦ ਰਫੀ) ਤੇ ਕੱਵਾਲੀ ਗੀਤ 'ਮੈਨੂੰ ਮਾਹੀ ਨਾਲ ਹੋ ਗਿਆ ਪਿਆਰ ਹੌਲੀ-ਹੌਲੀ' (ਸ਼ਮਸ਼ਾਦ ਬੇਗਮ, ਐੱਸ. ਡੀ. ਬਾਤਿਸ਼) ਗੀਤ ਸ਼ਾਂਤੀ ਮਧੋਕ ਤੇ ਸਾਥੀ ਅਦਾਕਾਰਾਂ 'ਤੇ ਫਿਲਮਾਏ ਗਏ ਸਨ। 121 ਮਿੰਟ ਦੀ ਇਹ ਫਿਲਮ 30 ਜੂਨ 1950 ਨੂੰ ਅੰਮ੍ਰਿਤ ਟਾਕੀਜ਼, ਅੰਮ੍ਰਿਤਸਰ ਵਿਚ ਪਰਦਾਪੇਸ਼ ਹੋਈ। ਫਿਲਮ 'ਜੁਗਨੀ' (1953) 'ਚ ਸ਼ਾਂਤੀ ਮਧੋਕ ਨੇ ਕੋਠੇ ਵਾਲੀ ਨਾਚੀ ਲੱਛੀ ਦਾ ਖੂਬਸੂਰਤ ਪਾਰਟ ਨਿਭਾਇਆ ਜਿਸ ਦੇ ਸਨਮੁੱਖ ਮਜਨੂੰ ਉਰਫ ਹੈਰੋਲਡ ਲੂਈਸ ਛਾਂਗਾ ਦਾ ਪਾਤਰ ਅਦਾ ਕਰ ਰਿਹਾ ਸੀ। ਫਿਲਮ ਦਾ ਪਹਿਲਾ ਦਿਲਕਸ਼ ਗੀਤ 'ਅੱਗ ਪਿਆਰ ਦੀ ਕਿਤੇ ਨਾ ਬੁਝ ਜਾਵੇ ਤੇ ਹੌਕਿਆਂ 'ਚ ਝੱਲਾਂ ਪੱਖੀਆਂ' (ਸ਼ਮਸ਼ਾਦ ਬੇਗਮ) ਸ਼ਾਂਤੀ ਮਧੋਕ 'ਤੇ ਫਿਲਮਾਇਆ ਗਿਆ ਸੀ। ਇਹ ਫਿਲਮ 28 ਜਨਵਰੀ 1955 ਨੂੰ ਸਿਟੀਲਾਈਟ ਸਿਨਮਾ, ਅੰਮ੍ਰਿਤਸਰ ਵਿਖੇ ਰਿਲੀਜ਼ ਹੋਈ।

ਹਿੰਦੀ ਤੇ ਪੰਜਾਬੀ ਫਿਲਮਾਂ ਤੋਂ ਇਲਾਵਾ ਪੰਜਾਬਣ ਅਦਾਕਾਰਾ ਸ਼ਾਂਤੀ ਮਧੋਕ ਨੇ 2 ਗੁਜਰਾਤੀ ਫਿਲਮਾਂ 'ਸੱਤਯਾਵਾਦੀ ਰਾਜਾ ਹਰੀਸ਼ਚੰਦਰ' (1948) ਤੇ 'ਮੰਗਲ ਫੇਰਾ' (1949) ਵਿਚ ਵੀ ਅਦਾਕਾਰੀ ਕੀਤੀ। ਫਿਲਮ 'ਮੰਗਲਾ ਫੇਰਾ' ਵਿਚ ਨਿਭਾਏ 'ਮੀਨਾ' ਦੇ ਸ਼ਾਨਦਾਰ ਕਿਰਦਾਰ ਸਦਕਾ ਉਸ ਨੂੰ ਸੋਨੇ ਦੇ ਮੈਡਲ ਨਾਲ ਨਿਵਾਜਿਆ ਗਿਆ।

ਸ਼ਾਂਤੀ ਮਧੋਕ ਬੜੀ ਹਲੀਮਨਿਵਾਜ਼ ਅਦਾਕਾਰਾ ਸੀ ਜੋ ਸਾਫ ਜ਼ੁਬਾਨ ਲੋਕਾਂ ਨੂੰ ਬੜਾ ਪਸੰਦ ਕਰਦੀ ਸੀ। ਉਹ ਫਿਲਮਾਂ ਵਿਚ ਕੰਮ ਤਾਂ ਜ਼ਰੂਰ ਕਰਦੀ ਸੀ ਪਰ ਇੰਟਰਵਿਊਜ਼ ਦੇਣ ਤੋਂ ਬੜਾ ਘਬਰਾਉਂਦੀ ਸੀ। ਉਹ ਅਣਜਾਣ ਲੋਕਾਂ ਨੂੰ ਮਿਲਣਾ ਪਸੰਦ ਨਹੀਂ ਕਰਦੀ ਸੀ। ਫਿਲਮਾਂ 'ਚੋਂ ਵਿਹਲ ਮਿਲਦਿਆਂ ਹੀ ਉਹ ਕਸੀਦਾਕਾਰੀ ਕਰਦੀ। ਉਹ ਮੋਟਰਕਾਰਾਂ ਦੀ ਵੀ ਬੜੀ ਦੀਵਾਨੀ ਸੀ। ਉਹ ਅਕਸਰ ਕਹਿੰਦੀ ਹੁੰਦੀ ਸੀ ਕਿ ਨਵੀਂ ਮੋਟਰ ਹੋਵੇ ਸਿੱਧੀ ਤੇ ਸਾਫ ਸੜਕ ਹੋਵੇ ਤਾਂ ਬੜਾ ਲੁਤਫ ਆਉਂਦਾ ਹੈ। ਸ਼ਾਂਤੀ ਮਧੋਕ ਦੀ ਆਖਰੀ ਹਿੰਦੀ ਫਿਲਮ 'ਚੀਨੀ ਜਾਦੂਗਰ' (1959) ਸੀ। ਫਿਲਮ ਦੀ ਮੁੱਖ ਭੂਮਿਕਾ ਵਿਚ ਕਾਮਰਾਨ ਤੇ ਕ੍ਰਿਸ਼ਨਾ ਕੁਮਾਰੀ ਉਰਫ ਰਜਿੰਦਰ ਕੌਰ ਤੇ ਸਾਥੀ ਅਦਾਕਾਰਾ ਵਜੋਂ ਸ਼ਾਂਤੀ ਮੌਜੂਦ ਸੀ।

ਇਸ ਫਿਲਮ ਦੀ ਨੁਮਾਇਸ਼ ਤੋਂ ਬਾਅਦ ਸ਼ਾਂਤੀ ਮਧੋਕ ਨਾ ਕਿਸੇ ਹਿੰਦੀ ਤੇ ਨਾ ਹੀ ਕਿਸੇ ਪੰਜਾਬੀ ਫਿਲਮ ਵਿਚ ਦਿਖਾਈ ਦਿੱਤੀ। ਫਿਰ ਉਹ ਕਿੱਥੇ ਚਲੀ ਗਈ? ਉਸ ਦਾ ਪਰਿਵਾਰ ਕਿੱਥੇ ਹੈ? ਕਾਫੀ ਤਹਿਕੀਕਾਤ ਕਰਨ ਤੋਂ ਬਾਅਦ ਵੀ ਕੁਝ ਪਤਾ ਨਹੀ ਲੱਗ ਸਕਿਆ। ਫਿਲਮ ਤਾਰੀਖ ਵਿਚ ਉਹ ਆਪਣੀ ਨਾਚ ਕਲਾ ਅਤੇ ਅਦਾਕਾਰੀ ਕਾਰਨ ਹਮੇਸ਼ਾ ਯਾਦ ਕੀਤੀ ਜਾਂਦੀ ਰਹੇਗੀ।

***-ਮਨਦੀਪ ਸਿੰਘ ਸਿੱਧੂ***

# Golden State Realty

**Real Estate and Loans Under One Roof**

ਘਰਾਂ ਦੀ ਵਧੀਆ ਡੀਲ ਤੇ ਘਟ ਤੋਂ ਘਟ ਵਿਆਜ ਦਰਾਂ 'ਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

**Selling Homes from Gilroy to Sacramento, CA**
Call us before visiting new model homes to save big time.

ਪਿਛਲੇ 35 ਸਾਲਾਂ ਤੋਂ ਬਿਜ਼ਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ

**Time to buy new home in Tracy, Manteca, Lothrop and Stockton**

Pinnacle Award Winner 2014, 2015, 2016 & 2017
Grand Master Award Winner: 2018-2021

## *Call for Listing Special 2022*

## Ph: 510-304-9292 or 408-666-8279



Anmol Singh Gill
REALTOR
Bre. # 02062952



Jaswinder (Jassi) Gill
M.Sc (PAU)
CA BRE# 00966763
Broker/Owner/Notary



Harjot Singh Gill
REALTOR
Bre. # 02036421
Ph: 408.413.8350



Rakesh Pabla
REALTOR
Lic no: 01507068
Ph: 408.531.5464

Fremont Office: 86 Pilgrim Loop, Fremont CA 94539
Tel: 510-440-9292

Visit us @ www.jassigill.com for hot listings

## Recent Sales

1. 32320 Jacklynn dr Union City CA, 94587
2. 3315 Mount Everest dr San Jose ca 95127
3. 16765 oak view Cir Morgan hill ca 95037
4. 4732 Zinnia ct Livermore CA 94551
5. 1977 Westport St Manteca, CA, 95337
6. 24552, Karina Ct Hayward,CA,94542
7. 36738 Matiz Cmn Fremont, CA, 94536
8. 1465 Veteran St Manteca, CA, 95337
9. 1441 Divine Ln Tracy, CA, 95376
10. 415 W Cupertino Ave Mountain House, CA, 95391
11. 36401 Bridgepointe Dr Newark, CA, 94560
12. 27490 Mangrove rd Hayward CA 94544
13. 5177 Roycroft Way Fremont, CA, 94538
14. 2447 Remy Cantos Dr Tracy, CA, 95376

Market is hot. Do not wait any more to buy home of your dreams. There are multiple offer situations on all under market homes. Act now before it is too late. Master of winners in multiple offer situation is waiting for your call.

## Purchase Loan and Refinance

15 & 30 Yr Fixed Rates Are Still Better!!! Refinance Now At Zero Cost

Call Sukhveer (Sukhi) Gill Ph: 510-207-9067
DHMS, Loan Broker
CA BRE Lic.#01180969
NMLS# 352095